**Golden State Realty** JASSI GILL Broker/Owner

Listing and Selling Homes From San Jose to Sacramento

Ph:510-304-9292

**Refinance Now** @ZERO COST

Call Sukhi Gill:510-207-9067

CA DRE Lic.#01180969 CA DRE# 00966763



**Moving to Indiana?**

Contact Ray Dhaliwal @ 317-993-4987



Ray Dhaliwal
Real Estate Broker

for Free Consultation!!!
Listing and Selling Homes in Indianapolis Area.
Good relations with all the well reputed leading Builders in the Area.
CENTURY 21 SCHEETZ
RAYD@C21Scheetz.com

COVERED CALIFORNIA Certified Insurance Agent **Global Green** INSURANCE AGENCY



Gurdawar Singh Mann

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM



Gurcharan Singh Mann

**Mann Insurance Brokers Inc.**
4123 Dyer St., #230, Union City, CA 94587



Twenty First Year of Publication ਕੈਲੀਫੋਰਨੀਆ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 21, Issue 44, October 31, 2020 20451 N. Plum Grove Rd., Palatine, IL 60074 Ph:847-359-0746, Fax:847-705-9388


# ਖੇਤੀ ਕਾਨੂੰਨ: ਮੋਦੀ ਸਰਕਾਰ ਟਕਰਾਅ ਵਾਲੇ ਰਾਹ ਤੁਰੀ

## ਪੰਜਾਬ 'ਚੋਂ ਉਠੇ ਕਿਸਾਨ ਅੰਦੋਲਨ ਨੇ ਦਿੱਲੀ ਨੂੰ ਸਿੱਧੀ ਵੰਗਾਰ ਪਾਈ

**ਚੰਡੀਗੜ੍ਹ:** ਨਵੇਂ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਸਣੇ ਪੂਰੇ ਮੁਲਕ ਵਿਚ ਉਠੇ ਰੋਹ ਨੂੰ ਠੰਢਾ ਕਰਨ ਦੀ ਥਾਂ ਮੋਦੀ ਸਰਕਾਰ ਟਕਰਾਅ ਵਾਲੇ ਰਾਹ ਤੁਰ ਪਈ ਹੈ। ਪੰਜਾਬ ਵਿਚ ਰੇਲਾਂ ਦਾ ਦਾਖਲਾ ਬੰਦ ਕਰਨ ਤੋਂ ਬਾਅਦ ਇਹ ਮਸਲਾ ਹੋਰ ਭਖ ਗਿਆ ਹੈ। ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਪੰਜਾਬ ਦੀ ਆਰਥਿਕ ਘੇਰਾਬੰਦੀ ਵਜੋਂ ਵੇਖਿਆ ਜਾ ਰਿਹਾ ਹੈ। ਜਿਸ ਪਿੱਛੋਂ ਕਿਸਾਨ ਜਥੇਬੰਦੀਆਂ ਦੇ ਨਾਲ-ਨਾਲ ਪੰਜਾਬ ਦੀਆਂ ਸਿਆਸੀ ਧਿਰਾਂ ਵੀ ਕੇਂਦਰ ਸਰਕਾਰ ਦੀ ਇਸ ਧੱਕੇਸ਼ਾਹੀ ਖਿਲਾਫ ਖੁੱਲ੍ਹ ਕੇ ਨਿੱਤਰ ਆਈਆਂ ਹਨ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਰੇਲਵੇ ਮੰਤਰੀ ਨੂੰ ਚਿਤਾਵਨੀ ਦੇ ਦਿੱਤੀ ਹੈ ਕਿ ਰੇਲਵੇ ਦਾ ਇਹ ਫੈਸਲਾ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਹੋਰ ਉਤੇਜਤ ਕਰ ਸਕਦਾ ਹੈ। ਦੂਜੇ ਪਾਸੇ, ਦਿੱਲੀ ਵਿਚ 22 ਸੂਬਿਆਂ ਦੀਆਂ 346 ਕਿਸਾਨ ਜਥੇਬੰਦੀਆਂ ਨੇ ਅੰਦੋਲਨ ਨੂੰ ਸਮੁੱਚੇ ਦੇਸ਼ ਵਿਚ ਫੈਲਾਉਣ ਲਈ ਰਣਨੀਤੀ ਘੜ ਲਈ ਹੈ ਜਿਸ ਦੇ ਪਹਿਲੇ ਪੜਾਅ ਵਜੋਂ 5 ਨਵੰਬਰ ਨੂੰ ਦੇਸ਼ ਭਰ ਵਿਚ ਸੜਕਾਂ ਜਾਮ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਕਿਸਾਨ ਧਿਰਾਂ ਨੂੰ ਇਸ ਦਿਨ ਆਪੋ-ਆਪਣੇ ਸੂਬੇ ਵਿਚ ਕਿਸੇ ਵੀ ਕੌਮੀ ਸ਼ਾਹਰਾਹ ਨੂੰ ਖਾਲੀ ਨਾ ਛੱਡਣ ਦੇਣ ਦਾ ਸੱਦਾ ਦਿੱਤਾ ਗਿਆ ਹੈ। ਅਸਾਮ ਤੋਂ ਜੰਮੂ ਕਸ਼ਮੀਰ ਤੱਕ ਸੜਕਾਂ ਜਾਮ ਕੀਤੀਆਂ ਜਾਣਗੀਆਂ। ਅੰਦੋਲਨ ਦੇ

(ਬਾਕੀ ਸਫਾ 6 ਉਤੇ)



## ਪੰਜਾਬ ਦੀਆਂ ਸਿਆਸੀ ਧਿਰਾਂ ਨੂੰ ਡਰਾਵਾ!

ਕੇਂਦਰ ਸਰਕਾਰ ਨੇ ਖੇਤੀ ਕਾਨੂੰਨਾਂ ਖਿਲਾਫ ਕਿਸਾਨੀ ਸੰਘਰਸ਼ ਦੀ ਹਮਾਇਤ ਕਰਨ ਵਾਲਿਆਂ ਪੰਜਾਬ ਦੀਆਂ ਸਿਆਸੀ ਧਿਰਾਂ ਖਿਲਾਫ ਵੀ ਰਣਨੀਤੀ ਬਣਾ ਲਈ ਹੈ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ) ਵਲੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਨੂੰ ਵਿਦੇਸ਼ੀ ਮੁਦਰਾ ਉਲੰਘਣਾ ਦੇ ਇਕ ਕੇਸ 'ਚ ਸੰਮਨ ਭੇਜਣ ਨੂੰ ਇਸ ਮੁਹਿੰਮ ਦੀ ਸ਼ੁਰੂਆਤ ਸਮਝਿਆ ਜਾ ਰਿਹਾ ਹੈ। ਰਣਇੰਦਰ ਤੋਂ ਸਾਲ 2016 'ਚ ਇਸ ਕੇਸ ਸਬੰਧੀ ਪੁੱਛਗਿੱਛ ਕੀਤੀ ਸੀ ਤੇ ਹੁਣ ਇੰਨੇ ਲੰਮੇ ਵਕਫੇ ਪਿੱਛੋਂ ਏਜੰਸੀ ਮੁੜ ਸਰਗਰਮ ਹੋ ਗਈ ਹੈ। ਮੰਨਿਆ ਜਾ ਰਿਹਾ ਹੈ ਕਿ ਕੇਂਦਰੀ ਏਜੰਸੀ ਪੰਜਾਬ ਦੇ ਕੁਝ ਹੋਰ ਸਿਆਸੀ ਆਗੂਆਂ ਨੂੰ ਵੀ ਲਪੇਟੇ ਵਿਚ ਲੈਣ ਦੀ ਤਿਆਰੀ ਕਰ ਰਹੀ ਹੈ ਤੇ ਇਸ ਤੋਂ ਬਾਅਦ ਬਹੁਕਰੋੜੀ ਡਰੱਗ ਤਸਕਰੀ ਕੇਸ ਵਿਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਵੀ ਵਾਰੀ ਆ ਸਕਦੀ ਹੈ। ਇਸ ਕੇਸ ਦੀ ਜਾਂਚ ਕਾਫੀ ਨੇੜੇ ਲੱਗੀ ਹੋਈ ਸੀ ਪਰ ਕੇਂਦਰ ਵਿਚ ਅਕਾਲੀ ਦਲ ਦੇ ਭਾਈਵਾਲਾਂ ਦੀ ਸਰਕਾਰ ਆਉਣ ਪਿੱਛੋਂ ਇਸ ਕੇਸ ਵਿਚ ਕਾਰਵਾਈ ਉਥੇ ਹੀ ਰੁਕ ਗਈ ਸੀ।

# ਮੋਦੀ ਸਰਕਾਰ ਦੀ ਨਵੀਂ ਮੁਹਿੰਮ ਕਾਰਨ ਵਿਦੇਸ਼ੀ ਸਿੱਖਾਂ 'ਚ ਸਹਿਮ

**ਨਵੀਂ ਦਿੱਲੀ:** ਭਾਰਤ ਸਰਕਾਰ ਵਲੋਂ ਵਿਦੇਸ਼ਾਂ ਵਿਚ ਵੱਸੇ ਸਿੱਖਾਂ ਬਾਰੇ ਅੰਕੜੇ ਇਕੱਠੇ ਕਰਨ ਦੇ ਚੁੱਪ-ਚਪੀਤੇ ਦਿੱਤੇ ਹੁਕਮਾਂ ਪਿੱਛੋਂ ਭਾਈਚਾਰੇ ਵਿਚ ਸਹਿਮ ਦਾ ਮਾਹੌਲ ਬਣ ਰਿਹਾ ਹੈ। ਇਹ ਗੱਲ ਉਸ ਸਮੇਂ ਸਾਹਮਣੇ ਆਈ ਜਰਮਨੀ 'ਚ ਭਾਰਤੀ ਕੌਂਸਲ ਵਲੋਂ ਉਥੇ ਰਹਿੰਦੇ ਸਿੱਖਾਂ ਦੀ ਸੂਚੀ ਤਿਆਰ ਕਰਨ ਦੀ ਗੱਲ ਸਾਹਮਣੇ ਆਈ। ਮਾਮਲਾ ਭਖਦਾ ਵੇਖ ਸਰਕਾਰ ਨੂੰ ਦੱਸਣਾ ਪਿਆ ਕਿ ਇਹ ਕਵਾਇਦ ਸਿਰਫ ਜਰਮਨੀ 'ਚ ਨਹੀਂ ਸਗੋਂ ਵਿਸ਼ਵ ਭਰ ਵਿਚ ਚਲਾਈ ਜਾ ਰਹੀ ਹੈ। ਸਾਰੇ ਭਾਰਤੀ ਦੂਤਘਰਾਂ ਅਤੇ ਕੌਂਸਲਾਂ ਨੂੰ ਉਨ੍ਹਾਂ ਦੇ ਇਲਾਕਿਆਂ ਦੇ ਸਿੱਖਾਂ ਦੀ ਸੂਚੀ ਬਣਾਉਣ ਨੂੰ ਕਿਹਾ ਹੈ।



ਵਿਦੇਸ਼ ਮੰਤਰਾਲੇ ਦਾ ਭਾਵੇਂ ਇਹ ਕਹਿਣਾ ਹੈ ਕਿ ਇਸ ਸੂਚੀ ਦਾ ਮਕਸਦ ਲੋੜ ਪੈਣ 'ਤੇ ਉਨ੍ਹਾਂ ਦੀ ਮਦਦ ਕਰਨਾ ਹੈ, ਪਰ ਸਿੱਖ ਭਾਈਚਾਰਾ ਇਸ ਨੂੰ ਸ਼ੱਕ ਦੀ ਨਜ਼ਰ ਨਾਲ ਵੇਖ ਰਿਹਾ ਹੈ। ਭਾਈਚਾਰੇ ਵਲੋਂ ਇਸ ਮੁਹਿੰਮ ਨੂੰ ਸਿੱਖਾਂ ਖਿਲਾਫ ਬਣਾਈ ਕਾਲੀ ਸੂਚੀ ਨਾਲ ਜੋੜ ਕੇ ਵੀ ਵੇਖਿਆ ਜਾ ਰਿਹਾ ਹੈ। ਕੌਂਸਲ ਵਲੋਂ ਭੇਜੀ ਈ-ਮੇਲ 'ਚ ਕਿਹਾ ਗਿਆ ਕਿ ਮੰਤਰਾਲਾ ਜਰਮਨੀ ਵਿਚ ਰਹਿ ਰਹੇ ਸਿੱਖ ਭਾਈਚਾਰੇ ਦੇ ਅੰਕੜੇ ਇਕੱਠੇ ਕਰ ਰਿਹਾ ਹੈ। ਕੌਂਸਲ ਨੇ ਸਬੰਧਤ ਸੰਸਥਾ ਨੂੰ ਉਨ੍ਹਾਂ ਦੇ ਇਲਾਕੇ 'ਚ ਰਹਿ ਰਹੇ ਸਿੱਖਾਂ ਦੇ ਨਾਂ ਅਤੇ ਪਤੇ ਦੀ ਸੂਚੀ ਬਣਾਉਣ ਨੂੰ ਕਿਹਾ ਜੋ ਕਿ ਅੱਗੇ ਮੰਤਰਾਲੇ ਨੂੰ ਭੇਜੀ ਜਾ ਸਕੇ। 19 ਅਕਤੂਬਰ ਨੂੰ ਈ-ਮੇਲ 'ਚ ਇਸ ਸੂਚੀ ਨੂੰ ਉਚ ਤਰਜੀਹ ਉਤੇ ਰੱਖਦਿਆਂ ਇਸ ਦਾ ਜਵਾਬ ਦੇਣ ਨੂੰ ਕਿਹਾ ਗਿਆ।

ਇਹ ਮਾਮਲਾ ਉਸ ਸਮੇਂ ਸੁਰਖੀਆਂ 'ਚ ਆਇਆ ਜਦੋਂ ਯੂਰਪ 'ਚ ਰਹਿਣ ਵਾਲੀ, ਪੇਸ਼ੇ ਤੋਂ ਵਕੀਲ ਅਤੇ ਸਮਾਜਿਕ ਕਾਰਕੁਨ ਡਾ. ਰਿਤੁਮਬਰਾ ਮਾਨਵੀ ਨੇ ਇਸ ਈ-ਮੇਲ ਉਤੇ ਸਵਾਲ ਉਠਾਏ ਜਿਸ ਈ-ਮੇਲ ਦੇ ਪੁਸ਼ਟ ਹੋਣ ਬਾਰੇ ਹੈਮਬਰਗ ਦੇ ਕੌਂਸਲ ਜਨਰਲ ਮਦਨ ਲਾਲ ਰੋਜ਼ਰ ਨੇ ਵੀ ਤਸਦੀਕ ਕੀਤੀ। ਰਿਤੁਮਬਰਾ ਨੇ ਲੜੀਵਾਰ ਟਵੀਟਾਂ ਰਾਹੀਂ ਬਿਨਾਂ ਸਬੰਧਤ ਲੋਕਾਂ ਦੀ ਇਜਾਜ਼ਤ ਦੇ, ਉਨ੍ਹਾਂ ਨਾਲ ਸਬੰਧਤ ਅੰਕੜੇ ਇਕੱਠੇ ਕਰਨ ਬਾਰੇ ਸਵਾਲ ਉਠਾਏ। ਉਸ ਨੇ ਇਹ ਵੀ ਪੁੱਛਿਆ ਕਿ ਇਨ੍ਹਾਂ ਅੰਕੜਿਆਂ ਦੀ ਵਰਤੋਂ ਕਿਸ ਕੰਮ ਲਈ ਕੀਤੀ ਜਾਵੇਗੀ ਅਤੇ ਅਜਿਹੇ ਅੰਕੜਿਆਂ ਦੀ ਸੁਰੱਖਿਆ ਸਬੰਧੀ ਕਿਹੜੇ ਨੇਮ ਅਪਣਾਏ ਜਾ ਰਹੇ ਹਨ? ਉਨ੍ਹਾਂ ਨੇ ਨਾਗਰਿਕਤਾ ਦੀ ਨਿੱਜਤਾ ਦੇ ਅਧਿਕਾਰ ਨੂੰ ਸੰਵਿਧਾਨਕ ਅਧਿਕਾਰ ਕਰਾਰ ਦਿੰਦਿਆਂ 2017 'ਚ ਸੁਪਰੀਮ

(ਬਾਕੀ ਸਫਾ 6 ਉਤੇ)


**Harmit Toor**
*Your Realtor® For Life!*



Broker Associate
BRE Lic.# 01462579
NMLS ID 358820

Help you Buy or Sell:
- Residential Property
- Commercial property
- Business Opportunity

Financing:
- Residential Loans
- Commercial Loans
- SBA Loans


Commercial Leasing

2015-19 Awarded Grand Master Achievement Club Certificate

BEB BAY EAST BROKERS EQUAL HOUSING OPPORTUNITY

Ph: 925-202-7027
HDtoor@gmail.com
WWW.BayEastBrokers.Com

Raja SWEETS & CATERING Presents
PARADISE BALLROOMS banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of **Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra
Attorny At Law

Criminal Defense (DUI, simple battery, domestic violence, immigration post-conviction relief)

Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਖੇਤੀ ਕਾਨੂੰਨ: ਦਸਹਿਰੇ 'ਤੇ ਰਾਵਣ ਦੀ ਥਾਂ ਮੋਦੀ ਦੇ ਪੁਤਲੇ ਫੂਕੇ

**ਚੰਡੀਗੜ੍ਹ:** ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਖਿਲਾਫ ਦਸਹਿਰੇ ਮੌਕੇ ਸਮੁੱਚਾ ਪੰਜਾਬ ਇਕ ਮੰਚ ਉਤੇ ਖੜ੍ਹਾ ਨਜ਼ਰ ਆਇਆ। ਕਿਸਾਨ ਅੰਦੋਲਨ ਦੇ ਰੰਗ 'ਚ ਰੰਗੇ ਤਿਉਹਾਰ ਮੌਕੇ ਰਾਵਣ, ਮੇਘਨਾਦ ਤੇ ਕੁੰਭਕਰਨ ਦੇ ਪੁਤਲਿਆਂ ਦੀ ਥਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅੰਬਾਨੀ ਤੇ ਅਡਾਨੀ ਜਿਹੇ ਕਾਰਪੋਰੇਟ ਘਰਾਣਿਆਂ ਦੇ ਆਦਮਕੱਦ ਪੁਤਲੇ ਪਿੰਡਾਂ ਤੇ ਸ਼ਹਿਰਾਂ ਦੇ ਮੈਦਾਨਾਂ 'ਚ ਸਜਾਏ ਗਏ। ਇਸ ਤੋਂ ਬਾਅਦ ਸ਼ਾਮ ਨੂੰ ਮੁਰਦਾਬਾਦ ਦੇ ਨਾਅਰਿਆਂ ਦੀ ਗੂੰਜ ਵਿਚ ਇਨ੍ਹਾਂ ਪੁਤਲਿਆਂ ਨੂੰ ਸਾੜਿਆ ਗਿਆ। ਇੰਝ ਪਹਿਲੀ ਵਾਰ ਹੋਇਆ ਕਿ ਪ੍ਰਧਾਨ ਮੰਤਰੀ ਦੇ ਪੁਤਲੇ ਕਿਸੇ ਤਿਉਹਾਰ ਮੌਕੇ ਸਾੜੇ ਗਏ ਹੋਣ।



ਇਕੱਠਾਂ ਵਿਚ ਸ਼ਹਿਰੀਆਂ ਅਤੇ ਕਾਰੋਬਾਰੀ ਲੋਕਾਂ ਦੀ ਸ਼ਮੂਲੀਅਤ ਨੇ ਕੇਂਦਰ ਸਰਕਾਰ ਨੂੰ ਸਪੱਸ਼ਟ ਸੁਨੇਹਾ ਦਿੱਤਾ ਕਿ ਕਿਸਾਨ ਅੰਦੋਲਨ ਇਕੱਲੇ ਕਿਸਾਨਾਂ-ਮਜ਼ਦੂਰਾਂ ਦਾ ਨਹੀਂ ਬਲਕਿ ਸਮੁੱਚੇ ਪੰਜਾਬ ਦਾ ਹੈ। ਤੀਹ ਕਿਸਾਨ ਧਿਰਾਂ ਦੀ ਅਗਵਾਈ ਵਿਚ ਅੱਜ ਪੰਜਾਬ ਭਰ 'ਚ ਕਰੀਬ 1100 ਪਿੰਡਾਂ ਅਤੇ ਕਰੀਬ ਇਕ ਸੌ ਸ਼ਹਿਰਾਂ ਤੇ ਕਸਬਿਆਂ ਵਿਚ ਇਸ ਢੰਗ ਨਾਲ ਦਸਹਿਰਾ ਮਨਾਇਆ ਗਿਆ। ਕਈ ਥਾਵਾਂ ਉਤੇ ਔਰਤਾਂ ਨੇ ਵੈਣ ਵੀ ਪਾਏ। ਟੌਲ ਪਲਾਜ਼ਿਆਂ, ਰਿਲਾਇੰਸ ਪੰਪਾਂ ਅਤੇ ਕੌਮੀ ਮਾਰਗਾਂ 'ਤੇ ਦਰਜਨਾਂ ਥਾਈਂ ਮੋਦੀ-ਅੰਬਾਨੀ-ਅਡਾਨੀ ਦੇ ਦਿਓ ਕੱਦ ਪੁਤਲੇ ਸਾੜੇ ਗਏ। ਝੋਨੇ ਦਾ ਸੀਜ਼ਨ ਸਿਖਰਾਂ ਉਤੇ ਹੋਣ ਦੇ ਬਾਵਜੂਦ ਖੇਤੀ ਅਰਥਚਾਰੇ ਨਾਲ ਜੁੜੇ ਹਰ ਤਬਕੇ ਨੇ ਸੰਘਰਸ਼ ਦੇ ਰੰਗ 'ਚ ਰੰਗੇ ਦਸਹਿਰੇ ਦੇ ਪ੍ਰੋਗਰਾਮਾਂ ਵਿਚ ਹਾਜ਼ਰੀ ਲਵਾਈ।

ਬੀ.ਕੇ.ਯੂ. (ਉਗਰਾਹਾਂ) ਨੇ ਪੰਜਾਬ ਦੇ 14 ਜ਼ਿਲ੍ਹਿਆਂ ਦੇ 42 ਸ਼ਹਿਰਾਂ ਵਿਚ ਦਸਹਿਰੇ ਮੌਕੇ 'ਤਿੱਕੜੀ' ਦੇ ਪੁਤਲੇ ਜਲਾਏ ਤੇ ਇਨ੍ਹਾਂ ਪ੍ਰੋਗਰਾਮਾਂ 'ਚ ਕੇਸਰੀ ਚੁੰਨੀਆਂ ਲੈ ਕੇ ਵੱਡੀ ਗਿਣਤੀ ਔਰਤਾਂ ਵੀ ਪੁੱਜੀਆਂ। ਪੰਜਾਬ-ਹਰਿਆਣਾ ਸਰਹੱਦ ਉਤੇ ਮੰਡੀ ਕਿੱਲਿਆਂਵਾਲੀ 'ਚ ਦਸਹਿਰੇ ਮੌਕੇ ਜੁੜੇ ਸੰਘਰਸ਼ੀ ਇਕੱਠ 'ਚ ਹਰਿਆਣਾ ਅਤੇ ਰਾਜਸਥਾਨ ਦੇ ਪਿੰਡਾਂ ਤੋਂ ਸੈਂਕੜੇ ਕਿਸਾਨ ਸ਼ਾਮਲ ਹੋਏ। ਇਸ ਮੌਕੇ ਕਾਨੂੰਨਾਂ ਖਿਲਾਫ ਕਿਸਾਨ, ਮਜ਼ਦੂਰ, ਮੁਲਾਜ਼ਮ, ਤਰਕਸ਼ੀਲ, ਕਲਮਕਾਰ, ਰੰਗਕਰਮੀ, ਕਲਾਕਾਰ, ਆੜ੍ਹਤੀਏ, ਵਪਾਰੀ, ਪੱਲੇਦਾਰ, ਟਰਾਂਸਪੋਰਟਰ, ਔਰਤਾਂ, ਵਿਦਿਆਰਥੀ ਅਤੇ ਨੌਜਵਾਨ ਇਕੋ ਮੰਚ 'ਤੇ ਖੜ੍ਹੇ ਨਜ਼ਰ ਆਏ। ਨਰਿੰਦਰ ਮੋਦੀ ਦੀ ਅਰਥੀ ਪਹਿਲਾਂ ਬਾਜ਼ਾਰਾਂ ਵਿਚੋਂ ਟਰੈਕਟਰ ਪਿੱਛੇ ਪਾ ਕੇ ਘੜੀਸੀ ਅਤੇ ਮਗਰੋਂ ਕੂੜੇ ਦੇ ਢੇਰ 'ਤੇ ਸੁੱਟ ਦਿੱਤੀ।

ਇਸੇ ਦੌਰਾਨ ਪੰਜਾਬ, ਹਰਿਆਣਾ ਤੇ ਰਾਜਸਥਾਨ ਦੀ ਹੱਦ 'ਤੇ ਪੈਂਦੀ ਮੰਡੀ ਕਿੱਲਿਆਂਵਾਲੀ (ਡੱਬਵਾਲੀ) ਵਿਖੇ ਇਸ ਤਿੱਕੜੀ ਦੇ ਪੁਤਲੇ ਫੂਕ ਕੇ ਦੁਸਹਿਰਾ ਮਨਾਉਣ ਸਮੇਂ ਜਿਥੇ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਤੇ ਹੋਰਨਾਂ ਵਰਗਾਂ ਦਾ ਜੁੜਿਆ ਲਾਮਿਸਾਲ ਇਕੱਠ ਅੰਤਰਰਾਜੀ ਏਕਤਾ ਦੀ ਪ੍ਰਤੀਕ ਹੋ ਨਿੱਬੜਿਆ ਉਥੇ ਸੰਗਰੂਰ ਜ਼ਿਲ੍ਹੇ 'ਚ ਮਲੇਰਕੋਟਲਾ ਦੇ ਪ੍ਰਦਰਸ਼ਨ ਸਮੇਂ ਕਿਸਾਨਾਂ ਅਤੇ ਸ਼ਹਿਰ ਦੀ ਜਨਤਾ ਸਮੇਤ ਮੁਸਲਿਮ ਭਾਈਚਾਰੇ ਦੇ ਮਰਦ ਔਰਤਾਂ ਵਲੋਂ ਹਜ਼ਾਰਾਂ ਦੀ ਤਦਾਦ 'ਚ ਸ਼ਾਮਲ ਹੋ ਕੇ ਕਿਸਾਨਾਂ ਦੇ ਉਤਸ਼ਾਹ ਤੇ ਜੋਸ਼-ਖਰੋਸ਼ ਨੂੰ ਦੁੱਗਣਾ ਕਰ ਦਿੱਤਾ।

## ਹਰਿਆਣਾ 'ਚ ਵੀ ਸਾੜੇ ਮੋਦੀ ਦੇ ਪੁਤਲੇ

**ਅੰਬਾਲਾ:** ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਨੇ ਹਰਿਆਣਾ ਦੀਆਂ ਵੱਖ-ਵੱਖ ਥਾਵਾਂ 'ਤੇ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ ਕੀਤਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕੇ। ਕੁਰੂਕਸ਼ੇਤਰ ਦੇ ਸ਼ਾਹਬਾਦ 'ਚ ਬੀ.ਕੇ.ਯੂ. ਦੇ ਵਰਕਰਾਂ ਨੇ ਹਰਿਆਣਾ ਦੇ ਸਾਬਕਾ ਮੰਤਰੀ ਤੇ ਭਾਜਪਾ ਨੇਤਾ ਕ੍ਰਿਸ਼ਨ ਕੁਮਾਰ ਬੇਦੀ ਦੇ ਘਰ ਨੇੜੇ ਪ੍ਰਦਰਸ਼ਨ ਕੀਤਾ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੂੰ ਖਦੇੜਨ ਲਈ ਪੁਲਿਸ ਵਲੋਂ ਪਾਣੀ ਦੀਆਂ ਬੁਛਾੜਾਂ ਵੀ ਕੀਤੀਆਂ ਗਈਆਂ। ਇਸ ਮੌਕੇ ਕੇਂਦਰ ਸਰਕਾਰ ਤੇ ਭਾਜਪਾ ਦੀ ਅਗਵਾਈ ਵਾਲੀ ਸੂਬਾ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਤੇ ਮੰਗ ਕੀਤੀ ਕਿ ਹਾਲ ਹੀ 'ਚ ਬਣਾਏ ਖੇਤੀ ਕਾਨੂੰਨਾਂ ਨੂੰ ਵਾਪਸ ਲਿਆ ਜਾਵੇ।

ਇਨ੍ਹਾਂ ਇਕੱਠਾਂ ਨੂੰ ਸੰਬੋਧਨ ਕਰਦਿਆਂ ਬੀ.ਕੇ.ਯੂ. (ਏਕਤਾ ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਆਖਿਆ ਕਿ ਪ੍ਰਧਾਨ ਮੰਤਰੀ ਤੇ ਭਾਜਪਾ ਸਰਕਾਰ ਦੇਸ਼ ਦੀ ਰੀੜ੍ਹ ਦੀ ਹੱਡੀ ਖੇਤੀ ਖੇਤਰ ਨੂੰ ਅਡਾਨੀਆਂ, ਅੰਬਾਨੀਆਂ ਅਤੇ ਮੈਨਸੈਂਟੋ, ਬਾਇਰ ਤੇ ਕਾਰਗਿਲ ਵਰਗੀਆਂ ਵਿਦੇਸ਼ੀ ਤੇ ਧੜਵੈਲ ਕੰਪਨੀਆਂ ਹਵਾਲੇ ਕਰ ਕੇ ਕਿਸਾਨੀ ਨੂੰ ਉਜਾੜਨ ਉਤੇ ਤੁਲੀ ਹੋਈ ਹੈ। ਉਨ੍ਹਾਂ ਆਖਿਆ ਕਿ ਮੋਦੀ ਹਕੂਮਤ ਵਲੋਂ ਪਾਸ ਕੀਤੇ ਖੇਤੀ ਵਿਰੋਧੀ ਕਾਨੂੰਨ ਕਿਸਾਨਾਂ ਦੀ ਮੌਤ ਦੇ ਵਾਰੰਟ ਹੋਣ ਦੇ ਨਾਲ-ਨਾਲ ਜਨਤਕ ਵੰਡ ਪ੍ਰਣਾਲੀ ਦਾ ਭੋਗ ਪਾਉਣ ਰਾਹੀਂ ਪੇਂਡੂ ਤੇ ਸ਼ਹਿਰੀ ਗਰੀਬਾਂ ਨੂੰ ਭੁੱਖਮਰੀ ਦੇ ਜਬਾੜਿਆਂ 'ਚ ਤੁੰਨਣ ਵਾਲੇ ਹਨ।

ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਆਖਿਆ ਕਿ ਕੇਂਦਰੀ ਹਕੂਮਤ ਦਾ ਠੇਕਾ ਖੇਤੀ ਕਾਨੂੰਨ ਜਿਥੇ ਕਿਸਾਨਾਂ ਨੂੰ ਖੇਤਾਂ 'ਚੋਂ ਬਾਹਰ ਕੱਢੇਗਾ ਉਥੇ ਦੇਸ਼ੀ-ਵਿਦੇਸ਼ੀ ਧੜਵੈਲ ਕੰਪਨੀਆਂ ਵਲੋਂ ਵੀ ਵੱਡੀ ਮਸ਼ੀਨਰੀ ਤੇ ਰਸਾਇਣਾਂ ਦੇ ਜ਼ੋਰ ਆਪਣੇ ਮੁਨਾਫੇ ਦੀ ਹਵਸ ਤਹਿਤ ਕੀਤੀ ਜਾਣ ਵਾਲੀ ਖੇਤੀ ਬੇਰੁਜ਼ਗਾਰੀ ਦਾ ਹੜ੍ਹ ਲਿਆਉਣ ਤੋਂ ਇਲਾਵਾ ਖਾਧ ਖੁਰਾਕ ਤੇ ਵਾਤਾਵਰਨ ਨੂੰ ਹੋਰ ਵੀ ਜ਼ਹਿਰੀਲੇ ਕਰਨ ਰਾਹੀਂ ਦੇਸ਼ ਦੇ ਅੰਦਰ ਮਹਾਂਮਾਰੀਆਂ ਦਾ ਸਾਧਨ ਬਣੇਗੀ।

## 19 ਰਾਜਾਂ ਦੀਆਂ ਹਕੂਮਤਾਂ ਨੂੰ ਖੇਤੀ ਕਾਨੂੰਨਾਂ ਖਿਲਾਫ ਡਟਣ ਦਾ ਸੱਦਾ

**ਮਾਨਸਾ:** ਮਾਲਵਾ ਖੇਤਰ ਦੀਆਂ 30 ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦਸਹਿਰੇ ਵਾਲੇ ਦਿਨ ਨੇਕੀ ਅਤੇ ਬਦੀ ਦਾ ਫਰਕ ਸਮਝਦਿਆਂ ਦੇਸ਼ ਦੇ 19 ਰਾਜਾਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵਾਂਗ ਨਰਿੰਦਰ ਮੋਦੀ ਦੀ ਹਕੂਮਤ ਵਲੋਂ ਧੱਕੇ ਨਾਲ ਪਾਸ ਕੀਤੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਆਪੋ-ਆਪਣੀਆਂ ਵਿਧਾਨ ਸਭਾਵਾਂ ਵਿਚ ਮਤੇ ਪਾਸ ਕਰਨ।

ਜਥੇਬੰਦੀਆਂ ਦਾ ਕਹਿਣਾ ਹੈ ਕਿ ਇਸ ਕੌਮੀ ਤਿਉਹਾਰ ਵਾਲੇ ਦਿਨ ਲਏ ਹੋਏ ਸੰਕਲਪ ਨੂੰ ਲਾਜ਼ਮੀ ਜਿੱਤ ਹਾਸਲ ਹੋਵੇਗੀ ਅਤੇ ਮੋਦੀ ਦਾ ਲੋਕਤੰਤਰ ਨੂੰ ਦਰੜਨ ਵਿਰੁੱਧ ਹੰਕਾਰ ਦਾ ਕਿਲਾ ਢਹਿ-ਢੇਰੀ ਹੋ ਜਾਵੇਗਾ। ਮਾਨਸਾ ਦੇ ਰੇਲਵੇ ਸਟੇਸ਼ਨਾਂ ਉਤੇ ਇਨ੍ਹਾਂ ਜਥੇਬੰਦੀਆਂ ਦੇ ਆਗੂਆਂ ਨੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਦੀ ਅਗਵਾਈ ਹੇਠ ਸੰਕਲਪ ਲਿਆ ਕਿ ਦੇਸ਼ ਦੇ ਅੰਨਦਾਤਾ ਨੂੰ ਬਚਾਉਣ ਲਈ ਮਾਲਵਾ ਦੀ ਧਰਤੀ ਤੋਂ ਵਿੱਢੀ ਜੰਗ ਨੇ ਮੋਦੀ ਦੀ ਹਿੰਡ ਨੂੰ ਹਰਾ ਦੇਣਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਕੇਵਲ 10 ਰਾਜਾਂ ਵਿਚ ਹੀ ਮੋਦੀ ਪੱਖੀ ਹਕੂਮਤਾਂ ਹਨ, ਪਰ ਉਸ ਵਲੋਂ ਧੱਕੇ ਨਾਲ ਲੋਕ ਸਭਾ ਅਤੇ ਰਾਜ ਸਭਾ ਵਿਚ ਇਨ੍ਹਾਂ ਬਿੱਲਾਂ ਨੂੰ ਪਾਸ ਕਰ ਦਿੱਤਾ ਹੈ, ਜਿਸ ਕਰਕੇ ਦੇਸ਼ ਵਿਚ ਪੱਗੜੀ ਸੰਭਾਲ ਜੱਟਾ ਵਰਗੀਆਂ ਲਹਿਰਾਂ ਦੇ ਮੁੜ ਖੜ੍ਹਾ ਹੋਣ ਲਈ ਮਾਹੌਲ ਬਣਨ ਲੱਗਿਆ ਹੈ।












# ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣਾਂ 'ਚ ਛਾ ਗਏ ਪੰਜਾਬੀ

**ਵੈਨਕੂਵਰ:** ਕੈਨੇਡਾ ਦੇ ਪੱਛਮੀ ਤੱਟੀ ਸੂਬੇ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਲਈ ਹੋਈਆਂ ਮੱਧਕਾਲੀ ਚੋਣਾਂ ਵਿਚ ਸੱਤਾਧਾਰੀ ਐਨ.ਡੀ.ਪੀ. ਨੂੰ ਸਪੱਸ਼ਟ ਬਹੁਮਤ ਮਿਲ ਗਿਆ ਹੈ। 87 ਮੈਂਬਰੀ ਵਿਧਾਨ ਸਭਾ ਲਈ ਪਈਆਂ ਵੋਟਾਂ ਦੀ ਗਿਣਤੀ ਵਿਚ ਐਨ.ਡੀ.ਪੀ. ਨੇ ਪਿਛਲੀ ਵਾਰ ਦੇ ਮੁਕਾਬਲੇ 14 ਸੀਟਾਂ ਦੇ ਵਾਧੇ ਨਾਲ 55 ਸੀਟਾਂ ਉਤੇ ਜਿੱਤ ਹਾਸਲ ਕੀਤੀ। ਰਿਚਮੰਡ ਕੁਈਨਬਰੋ ਹਲਕੇ ਤੋਂ ਜੇਤੂ ਰਹੇ ਅਮਨ ਸਿੰਘ ਵਿਧਾਨ ਸਭਾ 'ਚ ਬੈਠਣ ਵਾਲੇ ਪਹਿਲੇ ਦਸਤਾਰਧਾਰੀ ਵਿਧਾਇਕ ਹੋਣਗੇ। ਉਹ ਪੇਸ਼ੇ ਵਜੋਂ ਵਕੀਲ ਹਨ ਤੇ ਮਨੁੱਖੀ ਹੱਕਾਂ ਦੀ ਰਾਖੀ ਵਾਲੇ ਕੇਸ ਲੜਨ ਨੂੰ ਪਹਿਲ ਦਿੰਦੇ ਹਨ।

ਲਿਬਰਲ ਪਾਰਟੀ ਦੇ ਪ੍ਰਧਾਨ ਐਂਡ੍ਰਿਊ ਵਿਲਕਿਨਸਨ ਨੇ ਕਈ ਹਲਕਿਆਂ ਵਿਚ ਐਨ.ਡੀ.ਪੀ. ਦੇ ਵਿਧਾਇਕਾਂ ਦੇ ਮੁਕਾਬਲੇ ਇਸ ਵਾਰ ਤਕੜੇ ਸਮਝੇ ਜਾਂਦੇ ਉਮੀਦਵਾਰ ਉਤਾਰੇ ਸਨ ਪਰ ਉਨ੍ਹਾਂ ਦੀ ਪਾਰਟੀ ਵਿਰੋਧੀਆਂ ਦੇ ਕਿਸੇ ਵੀ ਵਿਧਾਇਕ ਨੂੰ ਹਰਾਉਣ ਵਿਚ ਸਫਲ ਨਹੀਂ ਹੋਈ ਜਦਕਿ ਐਨ.ਡੀ.ਪੀ. ਨੇ ਲਿਬਰਲਾਂ ਦੇ 14 ਵਿਧਾਇਕਾਂ ਨੂੰ ਹਰਾਇਆ ਹੈ। ਸਰੀ ਦੀਆਂ 9 ਸੀਟਾਂ ਤੋਂ ਪਿਛਲੀ ਵਾਰ ਜੇਤੂ ਰਹੇ ਪੰਜ ਪੰਜਾਬੀਆਂ ਦੀ ਝੋਲੀ ਇਸ ਵਾਰ ਵੀ ਜਿੱਤ ਪਈ ਹੈ। ਗਰੀਨ ਟਿੰਬਰ ਤੋਂ ਰਚਨਾ ਸਿੰਘ ਇਸ ਵਾਰ ਪਿਛਲੀ ਵਾਰ ਤੋਂ ਵੀ ਵੱਧ ਫਰਕ ਨਾਲ ਜਿੱਤੀ ਹੈ।

ਰਚਨਾ ਸਿੰਘ ਮਰਹੂਮ ਤੇਰਾ ਸਿੰਘ ਚੰਨ ਦੀ ਦੋਹਤੀ ਅਤੇ ਪ੍ਰੋ. ਰਘੁਬੀਰ ਸਿਰਜਣਾ ਦੀ ਧੀ ਹੈ। ਪੈਨੋਰਮਾ ਹਲਕੇ ਤੋਂ ਜਿੰਨੀ ਸਿਮਜ਼ ਨੇ ਡਾਕਟਰ ਗੁਲਜ਼ਾਰ ਚੀਮਾ ਨੂੰ ਹਰਾਇਆ ਹੈ। ਜਗਰੂਪ ਸਿੰਘ ਬਰਾੜ ਲਗਾਤਾਰ ਚੌਥੀ ਵਾਰ ਜੇਤੂ ਰਹੇ। ਕਿਰਤ ਮੰਤਰੀ ਹੈਰੀ ਬੈਂਸ (ਹਰਬਖਸ਼ ਸਿੰਘ) ਵੀ ਪਿਛਲੀ ਵਾਰ ਤੋਂ ਵੱਧ ਫਰਕ ਨਾਲ ਜਿੱਤੇ ਹਨ। ਬਰਨਬੀ ਐਡਮੰਡ ਹਲਕੇ ਤੋਂ ਰਾਜ ਚੌਹਾਨ ਵੀ ਪੰਜਵੀਂ ਵਾਰ ਜਿੱਤੇ ਹਨ। ਉਸ ਨੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਦੀ ਧੀ ਤ੍ਰਿਪਤ ਅਟਵਾਲ ਨੂੰ ਹਰਾਇਆ। ਪੰਜਾਬੀਆਂ ਦੀ ਵੱਡੀ ਆਬਾਦੀ ਵਾਲੇ ਐਬਟਸਫੋਰਡ ਦੇ ਤਿੰਨਾਂ



ਖੱਬਿਓਂ: ਅਮਨ ਸਿੰਘ, ਰਾਜ ਚੌਹਾਨ, ਰਵੀ ਕਾਹਲੋਂ ਤੇ ਜਗਰੂਪ ਬਰਾੜ।



ਖੱਬਿਓਂ: ਰਚਨਾ ਸਿੰਘ, ਨਿੱਕੀ ਸ਼ਰਮਾ, ਜਿੰਨੀ ਸਿੰਮਜ਼ ਤੇ ਹੈਰੀ ਬੈਂਸ।

ਹਲਕਿਆਂ ਵਿਚੋਂ ਕੋਈ ਪੰਜਾਬੀ ਨਹੀਂ ਜਿੱਤ ਸਕਿਆ। ਸੂਬੇ ਦੇ ਅੰਦਰੂਨੀ ਖੇਤਰ ਦੇ ਕਈ ਹਲਕਿਆਂ ਵਿਚ ਵੀ ਕਈ ਪੰਜਾਬੀਆਂ ਨੇ ਚੋਣ ਮੈਦਾਨ 'ਚ ਜ਼ੋਰ-ਅਜ਼ਮਾਈ ਕੀਤੀ ਪਰ ਜਿੱਤ ਦੇ ਨੇੜੇ ਕੋਈ ਵੀ ਨਹੀਂ ਪਹੁੰਚ ਸਕਿਆ।

ਪੰਜਾਬੀ ਲੇਖਕ ਡਾ. ਰਘਬੀਰ ਸਿੰਘ ਦੀ ਧੀ ਰਚਨਾ ਸਿੰਘ ਨੂੰ ਐਨ.ਡੀ.ਪੀ. ਦੀ ਟਿਕਟ ਉਤੇ ਸਰੀ ਗ੍ਰੀਨ ਟਿੰਬਰਲੈਂਡ ਤੋਂ ਚੁਣਿਆ ਗਿਆ ਹੈ। ਉਨ੍ਹਾਂ ਲਿਬਰਲ ਪਾਰਟੀ ਦੇ ਦਿਲਰਾਜ ਅਟਵਾਲ ਨੂੰ ਹਰਾਇਆ। ਹੈਰੀ ਬੈਂਸ ਸਰੀ ਨਿਊਟਨ ਤੋਂ ਐਨ.ਡੀ.ਪੀ. ਦੀ ਟਿਕਟ ਉਤੇ ਪੰਜਵੀਂ ਵਾਰ ਮੁੜ ਚੁਣੇ ਗਏ। ਉਨ੍ਹਾਂ ਲਿਬਰਲ ਪਾਰਟੀ ਦੇ ਪਾਲ ਬੋਪਾਰਾਏ ਨੂੰ ਹਰਾਇਆ।

ਐਨ.ਡੀ.ਪੀ. ਦੇ ਉਮੀਦਵਾਰ ਅਮਨ ਸਿੰਘ ਨੇ ਕੁਈਨਜ਼ਬਰੋ ਦੇ ਰਿਚਮੰਡ ਤੋਂ ਲਿਬਰਲ ਪਾਰਟੀ ਦੇ ਜੱਸ ਜੌਹਲ ਨੂੰ ਹਰਾਇਆ। ਐਨ.ਡੀ.ਪੀ. ਦੇ ਜਿੰਨੀ ਸਿਮਜ਼ ਅਤੇ ਨਿੱਕੀ ਸ਼ਰਮਾ ਕ੍ਰਮਵਾਰ ਸਰੀ ਪੈਨੋਰੋਮਾ ਅਤੇ ਵੈਨਕੂਵਰ ਹੇਸਟਿੰਗਜ਼ ਤੋਂ ਜਿੱਤੇ। ਜਿੰਨੀ ਦੁਬਾਰਾ ਚੁਣੇ ਗਏ ਹਨ ਅਤੇ ਉਸਨੇ ਲਿਬਰਲ ਪਾਰਟੀ ਦੀ ਗੁਲਜ਼ਾਰ ਚੀਮਾ ਨੂੰ ਹਰਾਇਆ। ਬੀ.ਸੀ. ਵਿਧਾਨ ਸਭਾ ਦੀਆਂ 87 ਸੀਟਾਂ ਲਈ ਭਾਰਤੀ ਮੂਲ ਦੇ 22 ਉਮੀਦਵਾਰ ਚੋਣ ਮੈਦਾਨ ਵਿਚ ਸਨ। 2017 'ਚ 7 ਪੰਜਾਬੀਆਂ ਨੂੰ ਬੀਸੀ ਵਿਧਾਨ ਸਭਾ ਲਈ ਚੁਣਿਆ ਗਿਆ ਸੀ।

## ਮੁਲਤਾਨੀ ਕੇਸ: ਸੁਮੇਧ ਸੈਣੀ ਸਿੱਟ ਅੱਗੇ ਪੇਸ਼ ਹੋਇਆ

**ਮੁਹਾਲੀ:** ਸਿਟਕੋ ਦੇ ਜੇਈ ਬਲਵੰਤ ਸਿੰਘ ਮੁਲਤਾਨੀ ਮਾਮਲੇ ਵਿਚ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਪੁਲਿਸ ਜਾਂਚ ਵਿਚ ਸ਼ਾਮਲ ਹੋਣ ਲਈ ਆਪਣੇ ਵਕੀਲਾਂ ਨਾਲ ਮਟੌਰ ਥਾਣੇ ਪਹੁੰਚੇ। ਪਿਛਲੇ ਦਿਨੀਂ ਮਟੌਰ ਥਾਣੇ ਦੇ ਐਸ.ਐਚ.ਓ. ਵਲੋਂ ਸੈਣੀ ਨੂੰ ਜਾਂਚ ਵਿਚ ਸ਼ਾਮਲ ਹੋਣ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

ਸਾਬਕਾ ਡੀ.ਜੀ.ਪੀ. ਵਕੀਲਾਂ ਅਤੇ ਸੁਰੱਖਿਆ ਅਮਲੇ ਨਾਲ ਸਵੇਰੇ ਕਰੀਬ ਸਵਾ 11 ਵਜੇ ਮਟੌਰ ਥਾਣੇ ਪਹੁੰਚੇ। ਉਨ੍ਹਾਂ ਨੇ ਆਪਣੀ ਇਨੋਵਾ ਗੱਡੀ ਥਾਣੇ ਦੇ ਬਾਹਰ ਖੜੀ ਕੀਤੀ ਅਤੇ ਪੈਦਲ ਚੱਲ ਕੇ ਅੰਦਰ ਗਏ। ਥਾਣੇ ਵਿਚ ਸਿੱਟ ਦੇ ਮੁਖੀ ਤੇ ਐਸਪੀ (ਡੀ) ਹਰਮਨਦੀਪ ਸਿੰਘ ਹਾਂਸ, ਡੀ.ਐਸ.ਪੀ. (ਡੀ) ਬਿਕਰਮਜੀਤ ਸਿੰਘ ਬਰਾੜ ਅਤੇ ਥਾਣਾ ਮੁਖੀ ਇੰਸਪੈਕਟਰ ਰਾਜੀਵ ਕੁਮਾਰ ਨੇ ਸੈਣੀ ਤੋਂ ਪੁੱਛਗਿੱਛ ਕੀਤੀ।

ਹਾਲਾਂਕਿ ਸੈਣੀ ਨੂੰ ਜਾਂਚ ਵਿਚ ਸ਼ਾਮਲ ਹੋਣ ਲਈ ਚਾਰ ਵਾਰ ਨੋਟਿਸ ਭੇਜਿਆ ਗਿਆ, ਪਰ ਉਹ ਸਿਰਫ ਦੋ ਵਾਰ ਹੀ ਸਿੱਟ ਅੱਗੇ ਪੇਸ਼ ਹੋਏ ਹਨ।

# ਹੁਸ਼ਿਆਰਪੁਰ ਜਬਰ ਜਨਾਹ ਮਾਮਲੇ ਉਤੇ ਸਿਆਸਤ ਭਖੀ

**ਨਵੀਂ ਦਿੱਲੀ:** ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ 'ਚ ਪਰਵਾਸੀ ਦਲਿਤ ਬੱਚੀ ਦੇ ਜਬਰ ਜਨਾਹ ਅਤੇ ਹੱਤਿਆ ਦੀ ਘਟਨਾ ਨੂੰ ਲੈ ਕੇ ਭਾਜਪਾ ਅਤੇ ਕਾਂਗਰਸ ਆਹਮੋ-ਸਾਹਮਣੇ ਹਨ। ਭਾਜਪਾ ਨੇ ਹੁਸ਼ਿਆਰਪੁਰ ਦੇ ਟਾਂਡਾ 'ਚ ਪਰਵਾਸੀ ਬੱਚੀ ਦੇ ਜਬਰ ਜਨਾਹ ਅਤੇ ਹੱਤਿਆ 'ਤੇ ਕਾਂਗਰਸ ਨੇਤਾਵਾਂ ਦੀ ਚੁੱਪੀ ਉਤੇ ਸਵਾਲ ਉਠਾਉਂਦਿਆਂ ਉਨ੍ਹਾਂ ਨੂੰ ਨਿਸ਼ਾਨੇ ਉਤੇ ਲਿਆ। ਕੇਂਦਰੀ ਮੰਤਰੀ ਨਿਰਮਲਾ ਸੀਤਾਰਮਨ ਅਤੇ ਪ੍ਰਕਾਸ਼ ਜਾਵੜੇਕਰ ਨੇ ਵਿਸ਼ੇਸ਼ ਤੌਰ 'ਤੇ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਹਾਥਰਸ 'ਤੇ ਅੰਦੋਲਨ ਕਰਨ ਵਾਲੇ ਰਾਹੁਲ ਗਾਂਧੀ ਹੁਸ਼ਿਆਰਪੁਰ ਕਿਉਂ ਨਹੀਂ ਜਾਂਦੇ, ਜਿਸ 'ਤੇ ਪੰਜਾਬ ਕਾਂਗਰਸ ਨੇ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਦੋਹਾਂ ਘਟਨਾਵਾਂ ਦੀ ਕੋਈ ਤੁਲਨਾ ਨਹੀਂ ਕੀਤੀ ਜਾ ਸਕਦੀ। ਜਿਥੇ ਉਤਰ ਪ੍ਰਦੇਸ਼ ਪ੍ਰਸ਼ਾਸਨ ਹਾਥਰਸ ਮਾਮਲਾ ਦਬਾ ਰਹੀ ਸੀ, ਉਥੇ ਪੰਜਾਬ ਸਰਕਾਰ ਪੀੜਤ ਪਰਿਵਾਰ ਦੇ ਨਾਲ ਖੜ੍ਹੀ ਹੈ ਅਤੇ ਉਸ ਨੂੰ ਹਰ ਸੰਭਵ ਮਦਦ ਮੁਹੱਈਆ ਕਰਵਾ ਰਹੀ ਹੈ।

ਸੂਚਨਾ ਅਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਰਾਹੁਲ ਗਾਂਧੀ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਸਿਆਸੀ ਰੈਲੀਆਂ ਦੀ ਥਾਂ 'ਤੇ ਪੀੜਤ ਪਰਿਵਾਰ ਨਾਲ ਮੁਲਾਕਾਤ ਕਰਨੀ ਚਾਹੀਦੀ ਹੈ। ਜਾਵੜੇਕਰ ਨੇ ਕਿਹਾ ਕਿ ਜੋ ਲੋਕ ਹਾਥਰਸ ਦੀ ਘਟਨਾ ਨੂੰ ਲੈ ਕੇ ਅੰਦੋਲਨ ਕਰ ਰਹੇ ਸਨ, ਉਹ ਟਾਂਡਾ ਦੀ ਘਟਨਾ ਉਤੇ ਚੁੱਪ ਕਿਉਂ ਹਨ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵੀ ਸ਼ਬਦੀ ਹਮਲਾ ਬੋਲਦਿਆਂ ਕਿਹਾ ਕਿ ਗੱਲ-ਗੱਲ 'ਤੇ ਟਵੀਟ ਕਰਨ ਵਾਲੇ ਨੇਤਾ ਰਾਹੁਲ ਗਾਂਧੀ ਦਾ ਇਸ ਮਾਮਲੇ 'ਚ ਕੋਈ ਟਵੀਟ ਤੱਕ ਨਹੀਂ ਆਇਆ। ਉਨ੍ਹਾਂ ਤਨਜ਼ ਕਰਦਿਆਂ ਕਿਹਾ ਕਿ ਕਾਂਗਰਸ ਸ਼ਾਸਿਤ ਰਾਜਾਂ 'ਚ ਹੋ ਰਹੇ ਜੁਰਮਾਂ ਨੂੰ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਵੇਖਣਾ ਹੀ ਨਹੀਂ ਚਾਹੁੰਦੇ। ਸੀਤਾਰਮਨ ਨੇ ਤਲਖ ਲਫਜ਼ਾਂ ਦੀ ਵਰਤੋਂ ਕਰਦਿਆਂ ਕਿਹਾ ਕਿ ਇਸ ਮਾਮਲੇ 'ਤੇ ਨਾ ਕੋਈ ਟਵੀਟ, ਨਾ ਨਾਰਾਜ਼ਗੀ ਨਾ ਕੋਈ ਪਿਕਨਿਕ। ਵਿੱਤ ਮੰਤਰੀ ਨੇ ਬਿਹਾਰ 'ਚ ਕਾਂਗਰਸ ਨਾਲ ਗੱਠਜੋੜ ਵਿਚ ਚੋਣਾਂ ਲੜ ਰਹੇ ਆਰ.ਜੇ.ਡੀ. ਨੇਤਾ ਤੇਜਸਵੀ ਯਾਦਵ ਨੂੰ ਵੀ ਸੁਆਲੀਆ ਲਹਿਜ਼ੇ 'ਚ ਪੁੱਛਿਆ ਕੀ ਉਹ ਉਸ ਪਰਿਵਾਰ ਪ੍ਰਤੀ ਜਵਾਬਦੇਹ ਨਹੀਂ ਹਨ?

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੁਸ਼ਿਆਰਪੁਰ ਅਤੇ ਹਾਥਰਸ ਮਾਮਲੇ ਦੀ ਤੁਲਨਾ ਨੂੰ ਬੇਮਾਅਨੀ ਕਰਦਿਆਂ ਕਿਹਾ ਕਿ ਜਿਥੇ ਉੱਤਰ ਪ੍ਰਦੇਸ਼ ਸਰਕਾਰ ਅਤੇ ਪੁਲਿਸ ਨੇ ਉਚੀ ਜਾਤ ਦੇ ਦੋਸ਼ੀਆਂ ਨੂੰ ਬਚਾਉਣ ਲਈ ਹਾਥਰਸ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ, ਉਥੇ ਪੰਜਾਬ ਪੁਲਿਸ ਨੇ ਫੌਰੀ ਕਾਰਵਾਈ ਕਰ ਕੇ ਦੋਸ਼ੀਆਂ ਨੂੰ ਹਿਰਾਸਤ 'ਚ ਲਿਆ ਹੈ। ਮੁੱਖ ਮੰਤਰੀ ਨੇ ਡੀ.ਜੀ.ਪੀ. ਨੂੰ ਇਸ ਮਾਮਲੇ ਨੂੰ ਫਾਸਟਟ੍ਰੈਕ ਦੇ ਆਧਾਰ 'ਤੇ ਸੁਣਵਾਈ ਕਰਨ ਦੇ ਆਦੇਸ਼ ਦਿੱਤੇ ਹਨ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!
For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

# Moving to Indiana?

**Contact Ray Dhaliwal @ 317-993-4987**



*Ray Dhaliwal*
*Real Estate Broker*

**for Free Consultation!!!**

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.
Helpful in Easy and Accessible Home Loans at low Interest Rates.

CENTURY 21 SCHEETZ RAYD@C21Scheetz.com

# ਲਾਪਤਾ ਸਰੂਪ: ਧਰਨਾਕਾਰੀ ਸਿੱਖਾਂ ਤੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਵਿਚਾਲੇ ਝੜਪ



**ਅੰਮ੍ਰਿਤਸਰ:** 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਧਰਨਾ ਦੇ ਰਹੀਆਂ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਵਲੋਂ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਦੇ ਗੇਟ ਨੂੰ ਤਾਲਾ ਲਾਉਣ ਤੋਂ ਬਾਅਦ ਦੋਵੇਂ ਧਿਰਾਂ ਭਿੜ ਗਈਆਂ ਜਿਸ ਮਗਰੋਂ ਕਈ ਵਿਅਕਤੀ ਜਖਮੀ ਹੋ ਗਏ। ਹਾਲਾਤ ਉਸ ਸਮੇਂ ਵਿਗੜੇ ਜਦੋਂ ਸੁਖਜੀਤ ਸਿੰਘ ਖੋਸਾ ਤੇ ਉਸ ਦੇ ਕੁਝ ਸਾਥੀਆਂ ਨੇ ਸ਼੍ਰੋਮਣੀ ਕਮੇਟੀ ਦੇ ਮੁੱਖ ਗੇਟ ਨੂੰ ਤਾਲਾ ਲਾ ਦਿੱਤਾ ਅਤੇ ਦੂਜੇ ਛੋਟੇ ਗੇਟ ਸਾਹਮਣੇ ਖੁਦ ਧਰਨਾ ਉਤੇ ਬੈਠ ਗਏ।

ਰੋਟੀ ਦੇ ਸਮੇਂ ਜਦੋਂ ਸ਼੍ਰੋਮਣੀ ਕਮੇਟੀ ਕਰਮਚਾਰੀ ਦਫਤਰ ਤੋਂ ਬਾਹਰ ਜਾ ਰਹੇ ਸਨ ਤਾਂ ਉਸ ਵੇਲੇ ਹੋਈ ਤਕਰਾਰ ਤੋਂ ਬਾਅਦ ਇਹ ਮਾਮਲਾ ਹਿੰਸਕ ਰੂਪ ਲੈ ਗਿਆ, ਜਿਸ ਵਿਚ ਕਿਰਪਾਨਾਂ ਤੇ ਡਾਂਗਾਂ ਵੀ ਚੱਲੀਆਂ ਅਤੇ ਕਈ ਵਿਅਕਤੀਆਂ ਦੀਆਂ ਦਸਤਾਰਾਂ ਦੀ ਬੇਅਦਬੀ ਵੀ ਹੋਈ। ਧਰਨਾਕਾਰੀਆਂ ਵਿਚ ਸ਼ਾਮਲ ਇਕ ਔਰਤ ਦੀ ਵੀ ਮਾਰਕੁੱਟ ਕੀਤੀ ਗਈ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਧਰਨੇ ਵਾਲੀ ਥਾਂ ਖਾਲੀ ਕਰਵਾ ਲਈ ਹੈ।

ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਗੁਰਬਚਨ ਸਿੰਘ ਖਾਲਸਾ, ਜਨਰਲ ਸਕੱਤਰ ਹਰਜਿੰਦਰ ਸਿੰਘ ਧਾਮੀ ਤੇ ਹੋਰਨਾਂ ਨੇ ਦੱਸਿਆ ਕਿ ਸਿੱਖ ਧਰਨਾਕਾਰੀਆਂ ਵਿਚੋਂ ਕੁਝ ਨੇ ਸ਼੍ਰੋਮਣੀ ਕਮੇਟੀ ਦੇ ਗੇਟ ਨੂੰ ਤਾਲਾ ਲਾ ਕੇ ਕੰਮਕਾਜ ਵਿਚ ਵਿਘਨ ਪਾਉਣ ਦਾ ਯਤਨ ਕੀਤਾ ਸੀ। ਉਨ੍ਹਾਂ ਕਿਹਾ ਕਿ ਦੁਪਹਿਰ ਵੇਲੇ ਜਦੋਂ ਕਰਮਚਾਰੀ ਭੋਜਨ ਲਈ ਬਾਹਰ ਨਿਕਲੇ ਤਾਂ ਕੁਝ ਧਰਨਾਕਾਰੀਆਂ ਨੇ ਤਕਰਾਰ ਮਗਰੋਂ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਉਤੇ ਹਮਲਾ ਕਰ ਦਿੱਤਾ। ਹਮਲੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਹੋਰ ਕਰਮਚਾਰੀ ਅਤੇ ਟਾਸਕ ਫੋਰਸ ਪੁੱਜ ਗਈ, ਜਿਨ੍ਹਾਂ ਹਮਲਾ ਕਰਨ ਵਾਲਿਆਂ ਕੋਲੋਂ ਕਿਰਪਾਨਾਂ ਆਦਿ ਖੋਹ ਲਈਆਂ। ਉਨ੍ਹਾਂ ਦੱਸਿਆ ਕਿ ਹਮਲੇ ਵਿਚ ਸ਼੍ਰੋਮਣੀ ਕਮੇਟੀ ਦਾ ਸਕੱਤਰ ਬਿਜੈ ਸਿੰਘ ਅਤੇ ਇਕ ਕਰਮਚਾਰੀ ਸਰਬਜੀਤ ਸਿੰਘ ਜ਼ਖ਼ਮੀ ਹੋਏ ਹਨ।

ਕੁਝ ਹੋਰ ਕਰਮਚਾਰੀਆਂ ਨੂੰ ਵੀ ਸੱਟਾਂ ਲੱਗਣ ਦਾ ਦਾਅਵਾ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਰਾਤ ਵੇਲੇ ਸ੍ਰੀ ਹਰਿਮੰਦਰ ਸਾਹਿਬ ਦੇ ਇਸ਼ਨਾਨ ਦੀ ਸੇਵਾ ਸਮੇਂ ਵੀ ਇਨ੍ਹਾਂ ਸਿੱਖ ਕਾਰਕੁਨਾਂ ਨੇ ਉਥੇ ਦਾਖਲ ਹੋ ਕੇ ਮਰਿਆਦਾ ਵਿਚ ਦਖਲਅੰਦਾਜ਼ੀ ਕਰਦਿਆਂ ਬੇਅਦਬੀ ਕੀਤੀ ਸੀ। ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਇਸ ਸਬੰਧੀ ਸ੍ਰੀ ਅਕਾਲ ਤਖਤ ਉਤੇ ਇਕ ਪੱਤਰ ਦੇ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਦੀ ਉਲੰਘਣਾ ਅਤੇ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਅਪੀਲ ਕੀਤੀ ਹੈ ਕਿ ਇਸ ਮਾਮਲੇ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਪੰਜ ਸਿੰਘ ਸਾਹਿਬਾਨ ਦੀ ਹੰਗਾਮੀ ਮੀਟਿੰਗ ਸੱਦਣ ਅਤੇ ਮਰਿਆਦਾ ਅਨੁਸਾਰ ਕਾਰਵਾਈ ਕਰਨ।

ਦੂਜੇ ਪਾਸੇ ਧਰਨਾਕਾਰੀਆਂ ਵਿਚ ਸ਼ਾਮਲ ਸਿੱਖ ਕਾਰਕੁਨਾਂ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਅਤੇ ਹੋਰਨਾਂ ਵਲੋਂ ਡਾਂਗਾਂ ਤੇ ਕਿਰਪਾਨਾਂ ਨਾਲ ਉਨ੍ਹਾਂ ਉਤੇ ਹਮਲਾ ਕੀਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਸੁਖਜੀਤ ਸਿੰਘ ਖੋਸਾ, ਬਲਬੀਰ ਸਿੰਘ ਮੁੱਛਲ, ਦਿਲਬਾਗ ਸਿੰਘ, ਪਰਮਜੀਤ ਸਿੰਘ ਅਕਾਲੀ, ਮਨਜੀਤ ਸਿੰਘ ਝਬਾਲ, ਲਖਬੀਰ ਸਿੰਘ ਆਦਿ ਸਮੇਤ ਹੋਰ ਕਈ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਮਾਰਕੁੱਟ ਕਰਦੇ ਹੋਏ ਦਫਤਰ ਕੰਪਲੈਕਸ ਅੰਦਰ ਲੈ ਗਏ। ਬੰਦੀ ਬਣਾ ਕੇ ਰੱਖੇ ਗਏ ਕੁਝ ਕਾਰਕੁਨਾਂ ਨੂੰ ਦੇਰ ਸ਼ਾਮ ਪੁਲਿਸ ਆਪਣੇ ਨਾਲ ਲੈ ਗਈ। ਇਸ ਦੌਰਾਨ ਸਿਖ ਕਾਰਕੁਨਾਂ ਦੇ ਸਮਰਥਕਾਂ ਵਲੋਂ ਸ਼੍ਰੋਮਣੀ ਕਮੇਟੀ ਖਿਲਾਫ ਨਾਅਰੇਬਾਜ਼ੀ ਵੀ ਕੀਤੀ ਗਈ।

### ਸਿੱਖ ਜਥੇਬੰਦੀਆਂ ਵਲੋਂ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਦੀ ਨਿੰਦਾ

**ਅੰਮ੍ਰਿਤਸਰ :** ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ, ਅਕਾਲ ਫੈਡਰੇਸ਼ਨ ਦੇ ਨਰਾਇਣ ਸਿੰਘ ਆਦਿ ਨੇ ਹਿੰਸਕ ਘਟਨਾ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਦੋਸ਼ੀਆਂ ਖਿਲਾਫ ਕੇਸ ਦਰਜ ਕਰਾਉਣ ਤੋਂ ਕੰਨੀ ਕਤਰਾਉਣ ਕਾਰਨ ਇਹ ਸਥਿਤੀ ਬਣੀ ਹੈ। ਉਨ੍ਹਾਂ ਮੀਡੀਆ ਕਰਮੀਆਂ ਨਾਲ ਕੀਤੀ ਮਾਰਕੁੱਟ ਅਤੇ ਬਦਸਲੂਕੀ ਦੀ ਵੀ ਨਿੰਦਾ ਕੀਤੀ ਹੈ। ਦੱਸਣਯੋਗ ਹੈ ਕਿ ਇਹ ਧਰਨਾਕਾਰੀ ਪਿਛਲੇ ਲਗਭਗ 40 ਦਿਨਾਂ ਤੋਂ ਸ਼੍ਰੋਮਣੀ ਕਮੇਟੀ ਦਫਤਰ ਸਾਹਮਣੇ ਧਰਨਾ ਦੇ ਕੇ ਬੈਠੇ ਹੋਏ ਹਨ। ਉਨ੍ਹਾਂ ਦੀ ਮੰਗ ਹੈ ਕਿ ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਦੋਸ਼ੀਆਂ ਖਿਲਾਫ ਪੁਲਿਸ ਕਾਰਵਾਈ ਕੀਤੀ ਜਾਵੇ ਅਤੇ ਲਾਪਤਾ ਸਰੂਪਾਂ ਬਾਰੇ ਦੱਸਿਆ ਜਾਵੇ। ਸਿੱਖ ਕਾਰਕੁਨਾਂ ਨੇ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਦੇ ਦਫਤਰ ਕੰਪਲੈਕਸ ਦੇ ਗੇਟ ਨੂੰ ਤਾਲਾ ਲਾ ਦਿੱਤਾ ਸੀ, ਜੋ ਦੋ-ਤਿੰਨ ਬਾਅਦ ਖੋਲ੍ਹਿਆ ਗਿਆ ਸੀ।

### ਹਮਲੇ ਲਈ ਪੰਜਾਬ ਸਰਕਾਰ ਜ਼ਿੰਮੇਵਾਰ: ਲੌਂਗੋਵਾਲ

**ਤਲਵੰਡੀ ਸਾਬੋ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੋਸ਼ ਲਾਏ ਹਨ ਕਿ ਧਰਨਾਕਾਰੀਆਂ ਵਲੋਂ ਤੇਜ਼ਧਾਰ ਹਥਿਆਰਾਂ ਨਾਲ ਕਮੇਟੀ ਮੁਲਾਜ਼ਮਾਂ 'ਤੇ ਹਮਲਾ ਕੀਤਾ ਗਿਆ ਹੈ, ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੈ। ਲੌਂਗੋਵਾਲ ਨੇ ਕਿਹਾ ਕਿ ਸਰਕਾਰ ਨੂੰ ਕਈ ਵਾਰ ਜਾਣੂ ਕਰਵਾਇਆ ਸੀ ਕਿ ਕਈ ਧਰਨਾਕਾਰੀਆਂ ਕੋਲ ਹਥਿਆਰ ਹਨ ਅਤੇ ਇਸ ਕਾਰਨ ਕਿਸੇ ਸਮੇਂ ਵੀ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ ਪਰ ਸਰਕਾਰ ਵਲੋਂ ਕੋਈ ਧਿਆਨ ਨਾ ਦੇਣ ਦਾ ਹੀ ਨਤੀਜਾ ਹੈ ਕਿ ਅਜਿਹੀ ਘਟਨਾ ਵਾਪਰੀ।ਉਨ੍ਹਾਂ ਨੇ ਉਕਤ ਘਟਨਾ ਲਈ ਪੂਰੀ ਤਰ੍ਹਾਂ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ 'ਤੇ ਹਮਲਾ ਕਰਨ ਵਾਲੇ ਧਰਨਾਕਾਰੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

## ਦਲ ਖਾਲਸਾ ਪੰਜਾਬ ਦਿਵਸ ਮੌਕੇ ਰੈਲੀ ਕਰੇਗਾ

**ਅੰਮ੍ਰਿਤਸਰ:** ਪਹਿਲੀ ਨਵੰਬਰ ਨੂੰ 'ਪੰਜਾਬ ਦਿਵਸ' ਮੌਕੇ ਦਲ ਖਾਲਸਾ ਨੇ ਸਿੱਖ ਸੰਘਰਸ਼ ਬਾਰੇ ਇਕ ਰੈਲੀ ਕਰਨ ਅਤੇ ਨਵੰਬਰ 1984 ਸਿੱਖ ਨਸਲਕੁਸ਼ੀ ਦਾ ਸ਼ਿਕਾਰ ਸਿੱਖਾਂ ਦੀ ਯਾਦ ਵਿਚ ਮਸ਼ਾਲ ਮਾਰਚ ਕੱਢਣ ਦਾ ਫੈਸਲਾ ਕੀਤਾ ਹੈ। ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਲਏ ਫੈਸਲੇ ਬਾਰੇ ਗੱਲਬਾਤ ਕਰਦਿਆਂ ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਅਤੇ ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ ਨੇ ਦੱਸਿਆ ਕਿ ਰੈਲੀ ਨੂੰ ਅਕਾਲੀ ਦਲ (ਅੰਮ੍ਰਿਤਸਰ) ਸਮੇਤ ਹਮ-ਖਿਆਲੀ ਜਥੇਬੰਦੀਆਂ ਦੇ ਆਗੂ ਅਤੇ ਨਾਮਵਰ ਸ਼ਖਸੀਅਤਾਂ ਸੰਬੋਧਨ ਕਰਨਗੀਆਂ।

ਸਮਾਗਮ ਮੌਕੇ ਭਾਰਤ-ਨੇਪਾਲ ਦੀ ਤਰਜ਼ (ਵੀਜ਼ਾ ਫ੍ਰੀ) ਉਤੇ ਪੰਜਾਬ ਨਾਲ ਲੱਗਦੇ ਅੰਤਰਰਾਸ਼ਟਰੀ ਸਰਹੱਦ ਨੂੰ ਖੁੱਲ੍ਹੇ ਵਪਾਰ ਲਈ ਖੋਲ੍ਹਣ ਸਬੰਧੀ ਮੰਗ ਉਠਾਈ ਜਾਵੇਗੀ। ਕਿਸਾਨ ਅੰਦੋਲਨ ਦਾ ਪੂਰਨ ਸਮਰਥਨ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨ ਸੰਗਠਨਾਂ ਵਲੋਂ ਦਿੱਤੇ ਪ੍ਰੋਗਰਾਮਾਂ ਵਿਚ ਹਿੱਸਾ ਲੈ ਰਹੇ ਹਨ।

# ਪੰਜਾਬ 'ਚ ਤੀਜੇ ਸਿਆਸੀ ਬਦਲ ਦੀ ਗੱਲ ਇਕ ਵਾਰ ਫਿਰ ਤੁਰੀ



**ਅੰਮ੍ਰਿਤਸਰ:** ਪੰਜਾਬ ਵਿਚ ਇਕ ਵਾਰ ਫਿਰ ਤੀਜੇ ਬਦਲ ਦੀ ਗੱਲ ਤੁਰੀ ਹੈ। ਅਕਾਲੀ ਦਲ ਟਕਸਾਲੀ ਨੇ ਆਖਿਆ ਹੈ ਕਿ ਆਉਂਦੀਆਂ ਵਿਧਾਨ ਸਭਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਅਕਾਲੀ ਦਲ ਬਾਦਲ ਅਤੇ ਕਾਂਗਰਸ ਨੂੰ ਛੱਡ ਕੇ ਪੰਜਾਬ ਵਿਚ ਹਮਖਿਆਲੀ ਪਾਰਟੀਆਂ ਦਾ ਤੀਜਾ ਸਿਆਸੀ ਫਰੰਟ ਕਾਇਮ ਕਰਨ ਦੀ ਜ਼ਰੂਰਤ ਹੈ ਅਤੇ ਇਸ ਲਈ ਲਈ ਉਨ੍ਹਾਂ ਦੀ ਪਾਰਟੀ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਹੈ।

ਅਕਾਲੀ ਦਲ ਟਕਸਾਲੀ ਦੀ ਕੋਰ ਕਮੇਟੀ ਅਤੇ ਜ਼ਿਲ੍ਹਾ ਜਥੇਦਾਰਾਂ ਦੀ ਇਥੇ ਪਾਰਟੀ ਦੇ ਮੁੱਖ ਦਫਤਰ ਵਿਖੇ ਹੋਈ ਇਕੱਤਰਤਾ ਉਪਰੰਤ ਪਾਰਟੀ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਪੰਜਾਬ 'ਚ ਬਾਦਲ ਪਰਿਵਾਰ ਅਤੇ ਕਾਂਗਰਸ ਦਾ ਤੀਜਾ ਸਿਆਸੀ ਬਦਲ ਚਾਹੀਦਾ ਹੈ ਅਤੇ ਇਸ ਲਈ ਹਮਖਿਆਲ ਪਾਰਟੀਆਂ ਦੀ ਏਕਤਾ ਹੋਣੀ ਲਾਜ਼ਮੀ ਹੈ।

ਉਨ੍ਹਾਂ ਕਿਹਾ ਕਿ ਇਸ ਸਬੰਧੀ ਉਨ੍ਹਾਂ ਦੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਅਕਾਲੀ ਦਲ (ਡੈਮੋਕ੍ਰੇਟਿਕ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨਾਲ ਬੜੇ ਚੰਗੇ ਮਾਹੌਲ 'ਚ ਗੱਲਬਾਤ ਵੀ ਹੋ ਚੁੱਕੀ ਹੈ ਤੇ ਉਹ ਇਕ ਦੂਜੇ ਦਾ ਬਹੁਤ ਸਤਿਕਾਰ ਕਰਦੇ ਹਨ।

ਬ੍ਰਹਮਪੁਰਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦੀ ਸੁਖਦੇਵ ਸਿੰਘ ਢੀਂਡਸਾ ਨਾਲ ਮੁਲਾਕਾਤ ਹੋਈ ਹੈ ਅਤੇ ਦੋਵਾਂ ਵਿਚਾਲੇ ਜਥੇਬੰਦੀਆਂ ਦੀ ਆਪਸੀ ਏਕਤਾ ਬਾਰੇ ਵੀ ਵਿਚਾਰ ਚਰਚਾ ਹੋਈ ਸੀ। ਉਨ੍ਹਾਂ ਦਾਅਵਾ ਕੀਤਾ ਕਿ ਦੋਵੇਂ ਜਥੇਬੰਦੀਆਂ ਆਪਸੀ ਏਕਤਾ ਲਈ ਰਜ਼ਾਮੰਦ ਹਨ ਅਤੇ ਦੋਵਾਂ ਦਾ ਟੀਚਾ ਵੀ ਇਕ ਹੈ। ਇਸ ਲਈ ਜਲਦੀ ਹੀ ਆਪਸੀ ਗਠਜੋੜ ਦਾ ਐਲਾਨ ਕੀਤਾ ਜਾਵੇਗਾ। ਇਹ ਗਠਜੋੜ ਦਾ ਐਲਾਨ ਦੀਵਾਲੀ ਦੇ ਆਸ-ਪਾਸ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਪੰਜਾਬ ਦੀ ਸਿਆਸਤ ਵਿਚ ਬਦਲਾਅ ਲਈ ਤੀਜਾ ਫਰੰਟ ਬਣਾਉਣਾ ਸਮੇਂ ਦੀ ਲੋੜ ਹੈ। ਇਸ ਸਬੰਧੀ ਹਮਖਿਆਲੀ ਪਾਰਟੀਆਂ ਵਿਚਾਲੇ ਏਕਤਾ ਹੋਣੀ ਚਾਹੀਦੀ ਹੈ। ਇਸ ਸਬੰਧੀ ਕਈ ਜਥੇਬੰਦੀਆਂ ਨਾਲ ਗੈਰਰਸਮੀ ਗੱਲਬਾਤ ਵੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਗਠਜੋੜ ਸਾਂਝੇ ਤੌਰ 'ਤੇ ਵਿਧਾਨ ਸਭਾ ਚੋਣਾਂ ਲੜੇਗਾ।

ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਾਸਤੇ ਵੀ ਇਕ ਸਾਂਝਾ ਗਠਜੋੜ ਤਿਆਰ ਕੀਤਾ ਜਾਵੇਗਾ, ਜਿਸ ਵਿਚ ਹਮਖਿਆਲੀ ਪਾਰਟੀਆਂ ਸ਼ਾਮਲ ਹੋਣਗੀਆਂ। ਇਸ ਦੌਰਾਨ ਉਨ੍ਹਾਂ ਨੇ ਕਿਸਾਨ ਸੰਘਰਸ਼ ਦੀ ਹਮਾਇਤ ਕਰਦਿਆਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਖੇਤੀ ਕਾਨੂੰਨਾਂ ਨੂੰ ਰੱਦ ਕਰੇ। ਇਸ ਮੌਕੇ ਇਕੱਠ ਵਲੋਂ ਗੁਰਦੁਆਰਾ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਗਈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਪਾਰਦਰਸ਼ਤਾ ਲਈ ਵੋਟਾਂ ਸਿਰਫ ਫੋਟੋ ਸ਼ਨਾਖਤੀ ਕਾਰਡ ਰਾਹੀਂ ਹੀ ਪਾਈਆਂ ਜਾਣ, ਇਸ ਲਈ ਲੋੜੀਂਦੇ ਕਦਮ ਚੁੱਕੇ ਜਾਣ।

ਜਥੇਬੰਦੀ ਨੇ ਇਕ ਮਤੇ ਰਾਹੀਂ ਸੂਬੇ ਨੂੰ ਵਧੇਰੇ ਅਧਿਕਾਰਾਂ ਦੀ ਮੰਗ ਕੀਤੀ ਹੈ ਅਤੇ ਇਕ ਹੋਰ ਮਤੇ ਰਾਹੀਂ ਬਰਗਾੜੀ ਤੇ ਬਹਿਬਲ ਕਲਾ ਕਾਂਡ ਅਤੇ 328 ਪਾਵਨ ਸਰੂਪਾਂ ਦੇ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।

# ਹੋਂਦ ਚਿੱਲੜ: ਹਰਿਆਣਾ 'ਤੇ ਦੋਸ਼ੀਆਂ ਨੂੰ ਬਚਾਉਣ ਦੇ ਦੋਸ਼

**ਚੰਡੀਗੜ੍ਹ:** ਹੋਂਦ ਚਿੱਲੜ ਤਾਲਮੇਲ ਕਮੇਟੀ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਨਿਵਾਸ ਦਾ 2 ਨਵੰਬਰ ਨੂੰ ਘਿਰਾਓ ਕਰਨ ਦਾ ਫੈਸਲਾ ਕੀਤਾ ਹੈ। 2 ਨਵੰਬਰ 1984 ਦੀ ਸਵੇਰ ਨੂੰ ਹਰਿਆਣਾ ਦੇ ਜ਼ਿਲ੍ਹਾ ਰਿਵਾੜੀ ਦੀ ਤਹਿਸੀਲ ਪਟੌਦੀ ਦੇ ਹੱਸਦੇ-ਵੱਸਦੇ ਪਿੰਡ ਹੋਂਦ ਚਿੱਲੜ, ਗੁੜਗਾਂਵਾ ਅਤੇ ਪਟੌਦੀ ਅੰਦਰ 79 ਸਿੱਖਾਂ ਨੂੰ ਜਿਉਂਦਿਆਂ ਤੇਲ ਪਾ ਕੇ ਅੱਗ ਦੇ ਹਵਾਲੇ ਕਰਨ ਤੋਂ ਬਾਅਦ ਉਨ੍ਹਾਂ ਨੂੰ ਇਕ ਖੂਹ 'ਚ ਸੁੱਟ ਕੇ ਸਮੁੱਚੀ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੇ ਇਸ ਘਿਨਾਉਣੇ ਕਾਰੇ ਨੂੰ 27 ਸਾਲਾਂ ਬਾਅਦ 2011 ਨੂੰ ਉਜਾਗਰ ਕਰਦਿਆਂ ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਪ੍ਰਧਾਨ ਇੰਜ. ਮਨਵਿੰਦਰ ਸਿੰਘ ਗਿਆਸਪੁਰਾ ਨੇ ਮਨੁੱਖੀ ਅਧਿਕਾਰਾਂ ਦੇ ਦਿਨ ਦਿਹਾੜੇ ਹੋਏ ਇਸ ਘਾਣ ਸਬੰਧੀ 2016 ਨੂੰ ਜਸਟਿਸ ਟੀ.ਪੀ. ਗਰਗ ਦੀ ਰਿਪੋਰਟ ਦੇ ਆਧਾਰ ਉਤੇ ਇਸ ਵਹਿਸ਼ੀਆਨਾ ਕਾਰਵਾਈ ਦੀ ਪੁਸ਼ਤ ਪਨਾਹੀ ਕਰਨ ਵਾਲੇ ਤਤਕਾਲੀਨ ਪੁਲਿਸ ਅਧਿਕਾਰੀਆਂ ਖਿਲਾਫ ਨਵੰਬਰ 2017 ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਅੰਦਰ ਰਿੱਟ ਪਾ ਕੇ ਇਨਸਾਫ ਦੀ ਮੰਗ ਕੀਤੀ ਸੀ।

ਗਰਗ ਰਿਪੋਰਟ 'ਚ ਇਕੱਲੇ ਹੋਂਦ ਚਿੱਲੜ 'ਚ ਉਸ ਸਮੇਂ ਮੌਜੂਦ ਪੁਲਿਸ ਅਧਿਕਾਰੀਆਂ ਉਤੇ ਇਸ ਕਤਲੇਆਮ ਨੂੰ ਨਾ ਰੋਕਣ ਦੇ ਦੋਸ਼ ਹਨ, ਪਟੌਦੀ ਅਤੇ ਗੁੜਗਾਂਵਾ ਦੀ ਰਿਪੋਰਟ 'ਚ ਦੋਸ਼ੀਆਂ ਦਾ ਜ਼ਿਕਰ ਨਹੀਂ ਹੈ।

ਗਿਆਸਪੁਰਾ ਨੇ ਆਖਿਆ ਕਿ ਹਰਿਆਣਾ ਸਰਕਾਰ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਬਚਾਉਣ ਲਈ ਆਪਣਾ ਪੂਰਾ ਜ਼ੋਰ ਲਗਾ ਰਹੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਵਲੋਂ ਹਾਈਕੋਰਟ ਨੂੰ ਭੇਜੇ ਜਵਾਬ 'ਚ ਆਖਿਆ ਹੈ ਕਿ ਇੰਨੇ ਪੁਰਾਣੇ ਕੇਸ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਹੋ ਸਕਦੀ ਅਤੇ ਹਰਿਆਣਾ ਸਰਕਾਰ ਪੀੜਤਾਂ ਨੂੰ ਮੁਆਵਜ਼ਾ ਦੇ ਚੁੱਕੀ ਹੈ।

ਗਿਆਸਪੁਰਾ ਨੇ ਆਖਿਆ ਕਿ ਹਰਿਆਣਾ ਸਰਕਾਰ ਸ਼ਰੇਆਮ ਦੋਸ਼ੀ ਪੁਲਿਸ ਅਧਿਕਾਰੀਆਂ ਦੇ ਪੱਖ 'ਚ ਭੁਗਤਦੀ ਨਜ਼ਰ ਆ ਰਹੀ ਹੈ, ਜਦਕਿ ਕੋਹ-ਕੋਹ ਕੇ ਮਾਰੇ ਗਏ ਇਨਸਾਨਾਂ ਦੇ ਪਰਿਵਾਰਾਂ ਦਾ ਦਰਦ ਸਰਕਾਰ ਨੂੰ ਵਿਖਾਈ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਦੇ ਇਸ ਵਤੀਰੇ ਤੋਂ ਤੰਗ ਆ ਕੇ ਹੋਂਦ ਚਿੱਲੜ ਤਾਲਮੇਲ ਕਮੇਟੀ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਨਿਵਾਸ ਦਾ 2 ਨਵੰਬਰ ਨੂੰ ਚੰਡੀਗੜ੍ਹ ਵਿਖੇ ਘਿਰਾਓ ਕਰਨ ਦਾ ਫੈਸਲਾ ਕੀਤਾ ਹੈ, ਜਿਸ 'ਚ ਵੱਡੀ ਗਿਣਤੀ 'ਚ ਪੰਥਕ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਦੇ ਕਾਰਕੁਨ ਵੀ ਸ਼ਾਮਲ ਹੋਣਗੇ ਤਾਂ ਕਿ ਸਿੱਖ ਕਤਲੇਆਮ 'ਚ ਜਾਨਾਂ ਗੁਆ ਚੁੱਕੇ ਵਿਅਕਤੀਆਂ ਦੇ ਪਰਿਵਾਰਾਂ ਨੂੰ ਇਨਸਾਫ ਮਿਲ ਸਕੇ। ਉਨ੍ਹਾਂ ਕਿਹਾ ਕਿ ਇੰਨਾ ਸਮਾਂ ਲੰਘ ਜਾਣ ਦੇ ਬਾਵਜੂਦ ਪੀੜਤਾਂ ਨੂੰ ਇਨਸਾਫ ਨਹੀਂ ਮਿਲ ਸਕਿਆ ਹੈ ਪਰ ਇਸ ਸਬੰਧੀ ਸੰਘਰਸ਼ ਹਰ ਹਾਲ ਵਿਚ ਜਾਰੀ ਰੱਖਿਆ ਜਾਵੇਗਾ।

# ਬੱਬਰ ਤੇ ਪਾਰੋਵਾਲ ਦੀਆਂ ਤਸਵੀਰਾਂ ਅਜਾਇਬ ਘਰ 'ਚ ਲਾਈਆਂ



### ਬਾਬਾ ਕਰਤਾਰ ਸਿੰਘ ਦੀ ਤਸਵੀਰ ਸਥਾਪਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵਲੋਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਬਾਬਾ ਕਰਤਾਰ ਸਿੰਘ ਬਰਿਆਰਾਂ ਵਾਲਿਆਂ ਦੀ ਤਸਵੀਰ ਸਥਾਪਤ ਕੀਤੀ ਗਈ। ਤਸਵੀਰ ਤੋਂ ਪਰਦਾ ਹਟਾਉਣ ਦੀ ਰਸਮ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਨਿਭਾਈ। ਉਨ੍ਹਾਂ ਕਿਹਾ ਕਿ ਕੇਂਦਰੀ ਸਿੱਖ ਅਜਾਇਬ ਘਰ ਸਿੱਖ ਇਤਿਹਾਸ ਦਾ ਅਨਮੋਲ ਖਜ਼ਾਨਾ ਹੈ। ਇਥੇ ਉਨ੍ਹਾਂ ਸ਼ਖਸੀਅਤਾਂ ਦੀਆਂ ਤਸਵੀਰਾਂ ਲਾਈਆਂ ਜਾਂਦੀਆਂ ਹਨ, ਜਿਨ੍ਹਾਂ ਨੇ ਕੌਮ ਦੀ ਚੜ੍ਹਦੀਕਲਾ ਲਈ ਘਾਲਣਾ ਘਾਲੀ ਹੋਵੇ। ਉਨ੍ਹਾਂ ਬਾਬਾ ਕਰਤਾਰ ਸਿੰਘ ਬਰਿਆਰਾਂ ਵਾਲਿਆਂ ਦੇ ਜੀਵਨ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਉਹ ਨਾਮ ਰਸੀਏ ਗੁਰਸਿਖ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸਿੱਖੀ ਪ੍ਰਚਾਰ ਲਈ ਲਗਾਇਆ।

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵਲੋਂ ਕੇਂਦਰੀ ਸਿੱਖ ਅਜਾਇਬ ਘਰ 'ਚ ਖਾੜਕੂ ਸਿੰਘ ਭਾਈ ਮਹਿੰਗਾ ਸਿੰਘ ਬੱਬਰ ਅਤੇ ਕੀਰਤਨੀਏ ਭਾਈ ਅਵਤਾਰ ਸਿੰਘ ਪਾਰੋਵਾਲ ਦੀ ਤਸਵੀਰ ਪੰਥਕ ਰਵਾਇਤਾਂ ਨਾਲ ਸਥਾਪਤ ਕੀਤੀ ਗਈ ਹੈ। ਇਨ੍ਹਾਂ ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤੀ। ਭਾਈ ਮਹਿੰਗਾ ਸਿੰਘ ਬੱਬਰ, ਖਾੜਕੂ ਜਥੇਬੰਦੀ ਬੱਬਰ ਖਾਲਸਾ ਨਾਲ ਸਬੰਧਤ ਸੀ ਅਤੇ ਜੂਨ 1984 ਨੂੰ ਫੌਜੀ ਹਮਲੇ ਤੋਂ ਪਹਿਲਾਂ ਮਾਰੇ ਗਏ ਸਨ। ਉਨ੍ਹਾਂ ਦੇ ਅੰਤਿਮ ਸੰਸਕਾਰ ਵੇਲੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਹੋਰ ਉਸ ਵੇਲੇ ਦੇ ਅਹਿਮ ਆਗੂ ਸ਼ਾਮਲ ਹੋਏ ਸਨ। ਲੌਂਗੋਵਾਲ ਨੇ ਆਖਿਆ ਕਿ ਜੂਨ 1984 ਵਿਚ ਹੋਏ ਫੌਜੀ ਹਮਲੇ ਨੂੰ ਸਿੱਖ ਕੌਮ ਕਦੇ ਭੁੱਲ ਨਹੀਂ ਸਕਦੀ। ਇਸ ਹਮਲੇ ਦੌਰਾਨ ਭਾਈ ਮਹਿੰਗਾ ਸਿੰਘ ਬੱਬਰ ਅਤੇ ਕੀਰਤਨੀਏ ਭਾਈ ਅਵਤਾਰ ਸਿੰਘ ਪਾਰੋਵਾਲ ਸ਼ਹੀਦ ਹੋਏ ਸਨ। ਉਨ੍ਹਾਂ ਦੱਸਿਆ ਕਿ ਭਾਈ ਮਹਿੰਗਾ ਸਿੰਘ ਇਸ ਹਮਲੇ ਦੇ ਸਭ ਤੋਂ ਪਹਿਲੇ ਸ਼ਹੀਦ ਸਨ। ਉਨ੍ਹਾਂ ਦਾ ਸਸਕਾਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਹੀ ਕੀਤਾ ਗਿਆ ਸੀ ਅਤੇ ਉਹ ਖੁਦ ਵੀ ਉਸ ਮੌਕੇ ਸ਼ਾਮਲ ਸਨ। ਇਸ ਮੌਕੇ ਭਾਈ ਪਾਰੋਵਾਲ ਅਤੇ ਭਾਈ ਮਹਿੰਗਾ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਉ ਦੇ ਕੇ ਸਨਮਾਨਿਆ ਗਿਆ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਨੇ ਭਾਰਤ ਸਰਕਾਰ ਕੋਲੋਂ ਗੁਰਦੁਆਰਾ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਮੰਗ ਵੀ ਕੀਤੀ। ਦੂਜੇ ਪਾਸੇ ਅਖੰਡ ਕੀਰਤਨੀ ਜਥੇ ਨੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਭਾਈ ਮਹਿੰਗਾ ਸਿੰਘ ਬੱਬਰ ਦੀ ਤਸਵੀਰ ਲਾਉਣ ਦੀ ਸ਼ਲਾਘਾ ਕੀਤੀ ਹੈ।

# XPressCargo

**Tel.: 317-426-5410**
**Ext. 2001 & 2403**

100% ਓਨਰ ਆਪਰੇਟਰ ਕੰਪਨੀ

**Pay Every Week**

Pay Single 48 Cent + Team 58 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




**ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ**

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

**ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ**

**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

**Online Application @ www.xpresscargoinc.com**

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਬੇਅਦਬੀ ਕਾਂਡ: ਤਿੰਨ ਡੇਰਾ ਪ੍ਰੇਮੀਆਂ ਦੇ ਵਾਰੰਟ ਜਾਰੀ

**ਫਰੀਦਕੋਟ:** ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਪਹਿਲੀ ਜੂਨ 2015 ਨੂੰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰ ਕੇ ਉਸ ਦੀ ਬੇਅਦਬੀ ਕਰਨ ਦੇ ਮਾਮਲੇ ਦੀ ਇਥੇ ਇਲਾਕਾ ਮੈਜਿਸਟ੍ਰੇਟ ਸੁਰੇਸ਼ ਕੁਮਾਰ ਦੀ ਅਦਾਲਤ ਵਿਚ ਸੁਣਵਾਈ ਹੋਈ। ਇਸ ਮਾਮਲੇ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਡੇਰਾ ਸਿਰਸਾ ਦੀ ਕੌਮੀ ਕਾਰਜਕਾਰੀ ਕਮੇਟੀ ਦੇ ਤਿੰਨ ਮੈਂਬਰਾਂ ਹਰੀਸ਼ ਧੂਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬੱਤਰਾ ਦੀ ਗ੍ਰਿਫਤਾਰੀ ਲਈ ਅਦਾਲਤ ਨੂੰ ਇਕ ਵਾਰ ਫਿਰ ਵਾਰੰਟ ਜਾਰੀ ਕਰਨ ਦੀ ਬੇਨਤੀ ਕੀਤੀ।

ਅਦਾਲਤ ਨੇ ਇਨ੍ਹਾਂ ਤਿੰਨਾਂ ਮੁਲਜ਼ਮਾਂ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰਦਿਆਂ ਜਾਂਚ ਟੀਮ ਨੂੰ ਆਦੇਸ਼ ਦਿੱਤਾ ਹੈ ਕਿ ਇਨ੍ਹਾਂ ਨੂੰ 20 ਨਵੰਬਰ ਤੱਕ ਗ੍ਰਿਫਤਾਰ ਕਰ ਕੇ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਨੂੰ ਦੱਸਿਆ ਕਿ ਤਿੰਨਾਂ ਡੇਰਾ ਪ੍ਰੇਮੀਆਂ ਦੀ ਗ੍ਰਿਫਤਾਰੀ ਲਈ ਪੰਜਾਬ, ਚੰਡੀਗੜ੍ਹ ਅਤੇ ਹਰਿਆਣਾ ਵਿਚ ਛਾਪੇ ਮਾਰੇ ਜਾ ਰਹੇ ਹਨ ਪਰ ਮੁਲਜ਼ਮ ਅਜੇ ਤੱਕ ਪੁਲਿਸ ਦੀ ਗ੍ਰਿਫਤ ਵਿਚ ਨਹੀਂ ਆਏ। ਮੁੱਖ ਮਾਮਲੇ ਦੀ ਸੁਣਵਾਈ ਅਦਾਲਤ ਨੇ ਪਹਿਲੀ ਦਸੰਬਰ ਤੱਕ ਮੁਲਤਵੀ ਕਰ ਦਿੱਤੀ।

ਸੁਣਵਾਈ ਦੌਰਾਨ ਕੋਈ ਵੀ ਡੇਰਾ ਪ੍ਰੇਮੀ ਅਦਾਲਤ ਵਿਚ ਹਾਜ਼ਰ ਨਹੀਂ ਸੀ। ਇਸ ਕੇਸ ਵਿਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵੀ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ। 6 ਜੁਲਾਈ ਨੂੰ ਵਿਸ਼ੇਸ਼ ਜਾਂਚ ਟੀਮ ਨੇ ਡੇਰਾ ਮੁਖੀ 'ਤੇ ਬੇਅਦਬੀ ਦੀ ਸਾਜਿਸ਼ ਰਚਣ ਦੇ ਦੋਸ਼ ਹੇਠ ਚਲਾਨ ਵੀ ਅਦਾਲਤ ਵਿਚ ਪੇਸ਼ ਕਰ ਦਿੱਤਾ ਸੀ। ਡੇਰੇ ਦੇ ਮੁੱਖ ਮੈਂਬਰ ਮਹਿੰਦਰਪਾਲ ਬਿੱਟੂ ਨੂੰ ਵੀ ਇਸ ਮਾਮਲੇ ਵਿਚ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ। ਹਾਲਾਂਕਿ ਉਸ ਦਾ ਨਾਭਾ ਜੇਲ੍ਹ ਵਿਚ ਅਦਾਲਤੀ ਹਿਰਾਸਤ 'ਚ ਕਤਲ ਹੋ ਗਿਆ ਸੀ।

# ਲਾਪਤਾ ਸਰੂਪ: ਜਥੇਦਾਰ ਵਲੋਂ ਸ਼੍ਰੋਮਣੀ ਕਮੇਟੀ ਨੂੰ ਦੋਸ਼ੀਆਂ ਵਿਰੁਧ ਕਾਰਵਾਈ ਲਈ ਹਦਾਇਤਾਂ

**ਅੰਮ੍ਰਿਤਸਰ:** 328 ਲਾਪਤਾ ਪਾਵਨ ਸਰੂਪ ਮਾਮਲੇ 'ਚ ਡਾ. ਈਸ਼ਰ ਸਿੰਘ ਜਾਂਚ ਕਮਿਸ਼ਨ ਦੀ ਰਿਪੋਰਟ 'ਚ ਦੋਸ਼ੀ ਪਾਏ ਗਏ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਨੂੰ ਸਜ਼ਾਵਾਂ ਦੇਣ ਦਾ ਮਾਮਲਾ ਇਕ ਵਾਰ ਫਿਰ ਅਕਾਲ ਤਖਤ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਕੋਲ ਹੀ ਵਾਪਸ ਪੁੱਜ ਜਾਣ ਦੀ ਸੂਚਨਾ ਮਿਲੀ ਹੈ।

ਭਰੋਸੇਯੋਗ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸਬੰਧੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਮੋੜਵਾਂ ਪੱਤਰ ਲਿਖ ਕੇ ਲਾਪਤਾ ਪਾਵਨ ਸਰੂਪ ਮਾਮਲੇ 'ਚ ਦੋਸ਼ੀ ਪਾਏ ਗਏ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਦੇ ਅਦਾਲਤ 'ਚ ਜਾਣ ਤੇ ਉਨ੍ਹਾਂ ਖਿਲਾਫ ਤਜਰਬੇਕਾਰ ਵਕੀਲਾਂ ਰਾਹੀਂ ਪੁਖਤਾ ਢੰਗ ਨਾਲ ਕੇਸ ਲੜਨ ਤੇ ਇਨ੍ਹਾਂ ਕੇਸਾਂ ਦੀ ਨਿਰੰਤਰ ਪੈਰਵਾਈ ਲਈ ਇਕ ਸਬ ਕਮੇਟੀ ਬਣਾਏ ਜਾਣ ਦਾ ਆਦੇਸ਼ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ 13 ਅਕਤੂਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੀ ਹੋਈ ਇਕੱਤਰਤਾ 'ਚ ਇਕ ਮਤਾ ਪਾਸ ਕਰਕੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਭੇਜਿਆ ਗਿਆ ਸੀ, ਜਿਸ 'ਚ ਦੋਸ਼ੀ ਪਾਏ ਗਏ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਅਕਾਲ ਤਖਤ ਸਾਹਿਬ ਤੋਂ ਪੰਥਕ ਰਵਾਇਤਾਂ ਅਨੁਸਾਰ ਮਿਸਾਲੀ ਸਜ਼ਾਵਾਂ ਦੇਣ ਦੀ ਅਪੀਲ ਕੀਤੀ ਗਈ ਸੀ।

ਜਾਣਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਸੋਚ ਵਿਚਾਰ ਤੋਂ ਬਾਅਦ ਇਹ ਮਾਮਲਾ ਕੇਵਲ ਧਾਰਮਿਕ ਮਰਿਆਦਾ ਨਾਲ ਜੁੜਿਆ ਨਾ ਹੋਣ ਕਰਕੇ ਮੁੜ ਸ਼੍ਰੋਮਣੀ ਕਮੇਟੀ ਵਲ ਹੀ ਮੋੜ ਦਿੱਤਾ ਗਿਆ ਹੈ, ਜਿਸ 'ਚ ਹਦਾਇਤ ਕੀਤੀ ਗਈ ਹੈ ਕਿ ਦੋਸ਼ੀ ਪਾਏ ਗਏ ਕਰਮਚਾਰੀ ਜੇਕਰ ਦੁਨਿਆਵੀ ਅਦਾਲਤ 'ਚ ਜਾਂਦੇ ਹਨ ਜਾਂ ਗਏ ਹਨ ਤਾਂ ਉਥੇ ਤਜਰਬੇਕਾਰ ਵਕੀਲਾਂ ਰਾਹੀਂ ਪੁਖਤਾ ਢੰਗ ਨਾਲ ਕੇਸ ਲੜਨ ਅਤੇ ਇਨ੍ਹਾਂ ਕੇਸਾਂ ਦੀ ਨਿਰੰਤਰ ਪੈਰਵਾਈ ਲਈ ਇਕ ਸਬ ਕਮੇਟੀ ਬਣਾਈ ਜਾਵੇ, ਜਿਸ 'ਚ ਕੁਝ ਮੈਂਬਰ ਸਿੱਖ ਜਥੇਬੰਦੀਆਂ ਦੇ ਵੀ ਸ਼ਾਮਲ ਹੋਣ।

## ਚੰਦ 'ਤੇ ਪਾਣੀ ਹੋਣ ਦੀ ਪੁਸ਼ਟੀ

**ਵਾਸ਼ਿੰਗਟਨ:** ਵਿਗਿਆਨੀਆਂ ਨੇ ਪਹਿਲੀ ਵਾਰ ਚੰਦ ਦੀ ਥਾਂ 'ਤੇ ਪਾਣੀ ਹੋਣ ਦੀ ਪੁਸ਼ਟੀ ਕੀਤੀ ਹੈ ਜਿਹੜੇ ਪਾਸੇ 'ਤੇ ਸੂਰਜ ਦੀ ਰੌਸ਼ਨੀ ਪੈਂਦੀ ਹੈ। ਇਹ ਖੋਜ ਸੰਕੇਤ ਦਿੰਦੀ ਹੈ ਕਿ ਚੰਦ ਉਤੇ ਹਰ ਜਗ੍ਹਾ ਪਾਣੀ ਦੇ ਅਣੂ ਹੋ ਸਕਦੇ ਹਨ ਅਤੇ ਉਹ ਸਿਰਫ ਠੰਢੇ ਅਤੇ ਛਾਂ ਵਾਲੇ ਸਥਾਨਾਂ ਉਤੇ ਹੀ ਨਹੀਂ ਹੁੰਦੇ ਜਿਵੇਂ ਪਹਿਲਾਂ ਸੋਚਿਆ ਜਾਂਦਾ ਸੀ।

ਅਮਰੀਕਾ ਦੀ ਹਵਾਈ ਯੂਨੀਵਰਸਿਟੀ ਸਮੇਤ ਹੋਰ ਅਦਾਰਿਆਂ ਦੇ ਖੋਜੀਆਂ ਨੇ ਕਲੇਵੀਅਸ ਕ੍ਰੇਟਰ ਵਿਚ ਪਾਣੀ ਦੇ ਅਣੂਆਂ (ਐੱਚ 2 ਓ) ਦਾ ਪਤਾ ਲਗਾਇਆ। ਇਹ ਕ੍ਰੇਟਰ ਚੰਦ 'ਤੇ ਸਥਿਤ ਸਭ ਤੋਂ ਵੱਡੇ ਟੋਇਆਂ ਵਿਚੋਂ ਇਕ ਹੈ ਅਤੇ ਉਸ ਦੇ ਦੱਖਣੀ ਧਰੁਵ ਉਤੇ ਸਥਿਤ ਹੈ। ਇਸ ਨੂੰ ਧਰਤੀ ਤੋਂ ਦੇਖਿਆ ਜਾ ਸਕਦਾ ਹੈ।

# ਖੇਤੀ ਕਾਨੂੰਨ: ਮੋਦੀ ਸਰਕਾਰ ਟਕਰਾਅ ਵਾਲੇ ਰਾਹ ਤੁਰੀ

*(ਸਫਾ ਇਕ ਦੀ ਬਾਕੀ)*

ਦੂਜੇ ਪੜਾਅ ਤਹਿਤ 26 ਅਤੇ 27 ਨਵੰਬਰ ਨੂੰ 'ਦਿੱਲੀ ਚੱਲੋ' ਪ੍ਰੋਗਰਾਮ ਦਾ ਐਲਾਨ ਹੋਇਆ ਹੈ।

ਯਾਦ ਰਹੇ ਕਿ ਕੇਂਦਰ ਦੇ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਜਥੇਬੰਦੀਆਂ ਵਲੋਂ ਪਿਛਲੇ 20 ਦਿਨਾਂ ਤੋਂ ਰੇਲ ਆਵਾਜਾਈ ਬੰਦ ਕੀਤੀ ਹੋਈ ਸੀ ਜਿਸ ਕਾਰਨ ਪੰਜਾਬ ਵਿਚ ਕੋਲੇ ਸਣੇ ਹੋਰ ਜ਼ਰੂਰੀ ਵਸਤਾਂ ਦੀ ਵੱਡੀ ਘਾਟ ਹੋ ਗਈ ਸੀ। ਇਸ ਪਿੱਛੋਂ ਪੰਜਾਬ ਦੇ ਮੁੱਖ ਮੰਤਰੀ ਨੇ ਕਿਸਾਨ ਜਥੇਬੰਦੀਆਂ ਦਾ ਤਰਲਾ-ਮਿੰਨਤ ਕਰ ਕੇ ਮਾਲ ਗੱਡੀਆਂ ਨੂੰ ਲਾਂਘਾ ਦੇਣ ਲਈ ਰਾਜ਼ੀ ਕਰ ਲਿਆ ਸੀ ਪਰ ਇਸ ਦੇ ਤੁਰਤ ਪਿੱਛੋਂ ਕੇਂਦਰ ਸਰਕਾਰ ਨੇ ਜ਼ਬਾਨੀ ਹੁਕਮਾਂ ਨਾਲ ਹੀ ਪੰਜਾਬ ਵਿਚ ਰੇਲਾਂ ਦਾ ਦਾਖਲਾ ਰੋਕ ਦਿੱਤਾ। ਰੇਲ ਵਿਭਾਗ ਨੇ ਹੁਣ ਇਹ ਸ਼ਰਤ ਲਗਾ ਦਿੱਤੀ ਕਿ ਮਾਲ ਗੱਡੀਆਂ ਤਾਂ ਹੀ ਚੱਲਣਗੀਆਂ, ਜੇਕਰ ਮੁਸਾਫਰ ਗੱਡੀਆਂ ਨੂੰ ਵੀ ਚੱਲਣ ਦੀ ਇਜਾਜ਼ਤ ਦਿੱਤੀ ਜਾਵੇਗੀ ਤੇ ਪਲੇਟਫਾਰਮ 'ਤੇ ਬੈਠੇ ਕਿਸਾਨ ਇਥੋਂ ਹਟ ਜਾਣਗੇ।

ਕੇਂਦਰ ਦੇ ਇਸ ਫੈਸਲੇ ਨੂੰ ਜਿਥੇ ਪੰਜਾਬ ਦੀ ਵਿੱਤੀ ਘੇਰਾਬੰਦੀ ਵਜੋਂ ਵੇਖਿਆ ਜਾ ਰਿਹਾ ਹੈ, ਉਥੇ ਪੰਜਾਬ ਸਰਕਾਰ ਨੂੰ ਕਿਸਾਨਾਂ ਖਿਲਾਫ ਸਖਤੀ ਵਰਤਣ ਲਈ ਮਜਬੂਰ ਕਰਨ ਦੀ ਰਣਨੀਤੀ ਮੰਨਿਆ ਜਾ ਰਿਹਾ ਹੈ। ਹਾਲਾਂਕਿ ਪੰਜਾਬ ਸਰਕਾਰ ਵਲੋਂ ਤਰਕ ਦਿੱਤਾ ਜਾ ਰਿਹਾ ਹੈ ਕਿ ਰੇਲਵੇ ਕੋਲ ਆਪਣੀ ਪੁਲਿਸ ਫੋਰਸ ਹੈ ਤੇ ਇਹ ਕੇਂਦਰ ਸਰਕਾਰ ਅਧੀਨ ਹੈ, ਕੇਂਦਰ ਹੁਕਮ ਦੇ ਕੇ ਰੇਲ ਟਰੈਕਾਂ ਉਤੇ ਪਹਿਰਾ ਬਿਠਾ ਸਕਦਾ ਹੈ ਪਰ ਇਸ ਦੇ ਉਲਟ ਸਾਰੀ ਜ਼ਿੰਮੇਵਾਰੀ ਸੂਬਾ ਸਰਕਾਰ ਉਤੇ ਸੁੱਟੀ ਜਾ ਰਹੀ ਹੈ।

ਦਰਅਸਲ, ਕੇਂਦਰ ਸਰਕਾਰ ਪਿਛਲੇ ਇਕ ਮਹੀਨੇ ਤੋਂ ਖੇਤੀ ਕਾਨੂੰਨਾਂ ਖਿਲਾਫ ਡਟੀਆਂ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਵਾਲਾ ਰਾਹ ਅਪਣਾਉਣ ਲਈ ਤਿਆਰ ਨਹੀਂ ਹੈ। ਮੋਦੀ ਸਰਕਾਰ ਸਾਰਾ ਜ਼ੋਰ ਇਹ ਗੱਲ ਸਾਬਤ ਕਰਨ ਉਤੇ ਲਾ ਰਹੀ ਹੈ ਕਿ ਧਰਨਾ ਦੇ ਰਹੇ ਲੋਕ ਕਿਸਾਨ ਨਹੀਂ, ਸਗੋਂ ਦਲਾਲ ਹਨ ਜੋ ਭਾਜਪਾ ਵਿਰੋਧੀ ਸਿਆਸੀ ਧਿਰਾਂ ਦੇ ਇਸ਼ਾਰੇ ਉਤੇ ਕੰਮ ਕਰ ਰਹੇ ਹਨ। ਅਸਲ ਵਿਚ, ਪੂਰੇ ਮੁਲਕ ਵਿਚ ਫੈਲ ਰਹੇ ਇਸ ਰੋਹ ਨੂੰ ਡੱਕਣ ਲਈ ਕੇਂਦਰ ਸਰਕਾਰ ਅਜੇ ਤੱਕ ਕਿਸਾਨ ਧਿਰਾਂ ਨਾਲ ਗੱਲਬਾਤ ਵਾਲੇ ਪਈ ਹੀ ਨਹੀਂ ਹੈ। ਇਥੋਂ ਤੱਕ ਕਿ ਕਿਸਾਨ ਜਥੇਬੰਦੀਆਂ ਨੂੰ ਦਿੱਲੀ ਬੁਲਾ ਕੇ ਗੱਲਬਾਤ ਦੀ ਥਾਂ ਖੇਤੀ ਕਾਨੂੰਨਾਂ ਦੇ ਫਾਇਦੇ ਗਿਣਵਾਉਣ ਦੀ ਰਣਨੀਤੀ ਨੇ ਰੋਹ ਹੋਰ ਭਖਾ ਦਿੱਤਾ। ਅਸਲ ਵਿਚ, ਕੇਂਦਰ ਸਰਕਾਰ ਹੁਣ ਪਾਸੇ ਖੜ੍ਹ ਕੇ ਤਮਾਸ਼ਾ ਵੇਖਣ ਵਾਲੀ ਸੋਚ ਨਾਲ ਚੱਲ ਰਹੀ ਹੈ। ਪੰਜਾਬ ਵਿਚ ਹਾਲਾਤ ਲਗਾਤਾਰ ਵਿਗੜ ਰਹੇ ਹਨ। ਪੂਰੇ ਮੁਲਕ ਦਾ ਪੰਜਾਬ ਨਾਲੋਂ ਸੰਪਰਕ ਟੁੱਟਦਾ ਜਾ ਰਿਹਾ ਹੈ। ਹਾਲਾਤ ਇਹ ਰਹੇ ਤਾਂ ਨਾ ਸਿਰਫ ਪੰਜਾਬ ਨੂੰ ਆਰਥਿਕ ਗਤੀਵਿਧੀਆਂ ਤੇ ਜ਼ਰੂਰੀ ਵਸਤਾਂ ਦੀ ਘਾਟ ਨਾਲ ਜੂਝਣਾ ਪਵੇਗਾ ਸਗੋਂ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਜੰਮੂ, ਕਸ਼ਮੀਰ, ਲੇਹ ਤੇ ਲੱਦਾਖ ਨੂੰ ਵੀ ਡੂੰਘੇ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਵੇਗਾ। ਕੇਂਦਰ ਸਰਕਾਰ ਇਸ ਸਮੇਂ ਮਸਲੇ ਦੇ ਹੱਲ ਦੀ ਥਾਂ ਪੰਜਾਬ ਸਰਕਾਰ ਹੱਥੋਂ ਕਿਸਾਨਾਂ ਖਿਲਾਫ ਸਖਤੀ ਦੀ ਰਣਨੀਤੀ ਬਣਾ ਰਿਹਾ ਹੈ।

ਚੇਤੇ ਰਹੇ, ਕਿਸਾਨ ਸੰਘਰਸ਼ ਨੂੰ ਮਿਲੇ ਹੁੰਗਾਰੇ ਪਿੱਛੋਂ ਜਿਥੇ ਪੰਜਾਬ ਦੀਆਂ ਸਿਆਸੀ ਧਿਰਾਂ ਵੀ ਸੰਘਰਸ਼ ਨਾਲ ਜੁੜ ਗਈਆਂ ਹਨ, ਉਥੇ ਕੇਂਦਰ ਸਰਕਾਰ ਇਸ ਨੂੰ ਵੱਡੀ ਚੁਣੌਤੀ ਵਜੋਂ ਵੇਖ ਰਿਹਾ ਹੈ। ਪੰਜਾਬ ਵਿਧਾਨ ਸਭਾ ਵਲੋਂ ਖੇਤੀ ਮੰਡੀ, ਕੰਟਰੈਕਟ ਫਾਰਮਿੰਗ ਅਤੇ ਜ਼ਰੂਰੀ ਵਸਤਾਂ ਸਬੰਧੀ ਬਿੱਲ ਸਰਬਸੰਮਤੀ ਨਾਲ ਪਾਸ ਕਰਨ ਅਤੇ ਰਾਜਪਾਲ ਦੇ ਸਾਹਮਣੇ ਇਕਜੁਟਤਾ ਦਿਖਾਉਣ ਨਾਲ ਦੇਸ਼ ਭਰ 'ਚ ਇਹ ਸੁਨੇਹਾ ਗਿਆ ਕਿ ਸਮੁੱਚਾ ਪੰਜਾਬ ਕੇਂਦਰੀ ਖੇਤੀ ਕਾਨੂੰਨਾਂ ਦੇ ਖਿਲਾਫ ਹੈ।

## ਭਾਰਤ ਤੇ ਅਮਰੀਕਾ ਵਿਚਾਲੇ ਅਹਿਮ ਰੱਖਿਆ ਸਮਝੌਤੇ 'ਤੇ ਦਸਤਖਤ

**ਨਵੀਂ ਦਿੱਲੀ:** ਇਥੇ ਭਾਰਤ ਤੇ ਅਮਰੀਕਾ ਵਿਚਾਲੇ ਤੀਜੀ 'ਟੂ ਪਲੱਸ ਟੂ' ਵਾਰਤਾ ਦੌਰਾਨ ਦੋਵਾਂ ਮੁਲਕਾਂ ਨੇ ਅਹਿਮ ਰੱਖਿਆ ਸਮਝੌਤੇ ਤੇ ਬੇਸਿਕ ਐਕਸਚੇਂਜ ਐਂਡ ਕੋ-ਆਪਰੇਸ਼ਨ ਐਗਰੀਮੈਂਟ (ਬੀ.ਈ.ਸੀ.ਏ.) ਉਤੇ ਦਸਤਖਤ ਕੀਤੇ। ਮੀਟਿੰਗ ਪਿਛੋਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਦੋਵਾਂ ਮੁਲਕਾਂ ਵਿਚਾਲੇ ਕਈ ਅਹਿਮ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ।

ਅਮਰੀਕਾ ਨਾਲ ਬੀ.ਈ.ਸੀ.ਏ. ਸਮਝੌਤਾ ਅਹਿਮ ਕਦਮ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨਾਲ ਭਾਰਤ ਦਾ ਫੌਜੀ ਪੱਧਰ ਉਤੇ ਸਹਿਯੋਗ ਬਹੁਤ ਵਧੀਆ ਢੰਗ ਨਾਲ ਅੱਗੇ ਵਧ ਰਿਹਾ ਹੈ। ਰੱਖਿਆ ਸਾਜੋ ਸਾਮਾਨ ਦੇ ਸਾਂਝੇ ਵਿਕਾਸ ਲਈ ਪ੍ਰੋਜੈਕਟਾਂ ਦੀ ਪਛਾਣ ਕੀਤੀ ਗਈ ਹੈ। ਦੋਵੇਂ ਮੁਲਕ ਹਿੰਦ-ਪ੍ਰਸ਼ਾਂਤ ਖੇਤਰ ਵਿਚ ਸ਼ਾਂਤੀ ਤੇ ਸੁਰੱਖਿਆ ਲਈ ਮੁੜ ਤੋਂ ਪ੍ਰਤੀਬੱਧ ਪ੍ਰਗਟਾ ਰਹੇ ਹਨ। ਇਸ ਦੌਰਾਨ ਅਮਰੀਕਾ ਦੇ ਰੱਖਿਆ ਮੰਤਰੀ ਮਾਰਕ ਐਸਪਰ ਨੇ ਕਿਹਾ ਕਿ ਦੋਵਾਂ ਮੁਲਕਾਂ ਵਿਚ ਰੱਖਿਆ ਸਹਿਯੋਗ ਲਗਾਤਾਰ ਵਧਦਾ ਰਹੇਗਾ। ਇਸ ਦੌਰਾਨ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਕਿਹਾ ਕਿ ਦੋਵਾਂ ਮੁਲਕਾਂ ਵਿਚਾਲੇ ਜਮਹੂਰੀ ਤੇ ਸਾਂਝੀਆਂ ਕਦਰਾ ਕੀਮਤਾਂ ਦੀ ਰੱਖਿਆ ਲਈ ਬਿਹਤਰ ਤਾਲਮੇਲ ਹੈ।

## ਮੋਦੀ ਸਰਕਾਰ ਦੀ ਨਵੀਂ ਮੁਹਿੰਮ ਕਾਰਨ ਵਿਦੇਸ਼ੀ ਸਿੱਖਾਂ 'ਚ ਸਹਿਮ

*(ਸਫਾ ਇਕ ਦੀ ਬਾਕੀ)*

ਕੋਰਟ ਵਲੋਂ ਦਿੱਤੇ ਫੈਸਲੇ ਦਾ ਵੀ ਹਵਾਲਾ ਦਿੱਤਾ ਹੈ। ਉਂਜ, ਇਸ ਪਿੱਛੇ ਭਾਰਤ ਸਰਕਾਰ ਦਾ ਮਕਸਦ ਭਾਵੇਂ ਕੁਝ ਵੀ ਹੋਵੇ ਪਰ ਪਿਛਲੇ ਕੁਝ ਸਮੇਂ ਤੋਂ ਦੇਸ਼-ਵਿਦੇਸ਼ ਵਿਚ ਸਿੱਖਾਂ ਖਿਲਾਫ ਬਹਾਨੇ ਬਣਾ ਕੇ ਕੀਤੀ ਜਾ ਰਹੀ ਸਖਤੀ ਕਾਰਨ ਭਾਈਚਾਰਾ ਇਸ ਕਾਰਵਾਈ ਨੂੰ ਸ਼ੱਕ ਦੀ ਨਜ਼ਰ ਨਾਲ ਵੇਖ ਰਿਹਾ ਹੈ।

## ਅਧਿਆਪਕਾਂ ਦੇ ਸਤਿਕਾਰ 'ਚ ਭਾਰਤੀ ਛੇਵੇਂ ਨੰਬਰ ਉਤੇ

**ਲੰਡਨ:** ਭਾਰਤ ਆਪਣੇ ਅਧਿਆਪਕਾਂ ਦੇ ਮਾਣ-ਸਨਮਾਨ ਦੇ ਮਾਮਲੇ ਵਿਚ ਦੁਨੀਆਂ ਦੇ ਸਿਖਰਲੇ ਦਸ ਮੁਲਕਾਂ ਵਿਚ ਸ਼ੁਮਾਰ ਹੈ। 35 ਮੁਲਕਾਂ ਦਾ ਇਕ ਸਰਵੇਖਣ ਕਰਵਾਇਆ ਗਿਆ ਹੈ ਤੇ ਭਾਰਤ ਦਾ ਇਸ ਵਿਚ ਛੇਵਾਂ ਨੰਬਰ ਹੈ। ਯੂਕੇ ਅਧਾਰਿਤ ਵਾਰਕੀ ਫਾਊਂਡੇਸ਼ਨ ਵਲੋਂ ਕਰਵਾਏ ਸਰਵੇਖਣ 'ਰੀਡਿੰਗ ਬਿਟਵੀਨ ਦੀ ਲਾਈਨਜ਼...' ਮੁਤਾਬਕ ਜੇ ਲੋਕਾਂ ਦੇ ਉਨ੍ਹਾਂ ਦੇ ਮੁਲਕ ਵਿਚਲੇ ਅਧਿਆਪਕਾਂ ਪ੍ਰਤੀ ਵਿਚਾਰਾਂ ਦੀ ਗੱਲ ਕਰੀਏ ਤਾਂ ਭਾਰਤ ਵਿਚ ਸਿੱਖਿਆ ਕਰਮੀਆਂ ਦਾ ਬਹੁਤ ਸਨਮਾਨ ਕੀਤਾ ਜਾਂਦਾ ਹੈ।

ਅਧਿਆਪਕਾਂ ਦੇ ਦਰਜੇ ਬਾਰੇ ਕਰਵਾਏ ਇਸ ਸਰਵੇਖਣ ਵਿਚ ਚੀਨ, ਘਾਨਾ, ਸਿੰਗਾਪੁਰ, ਕੈਨੇਡਾ ਤੇ ਮਲੇਸ਼ੀਆ ਭਾਰਤ ਤੋਂ ਅੱਗੇ ਹਨ। ਇਸ ਸਰਵੇਖਣ ਦੌਰਾਨ ਲੋਕਾਂ ਤੋਂ ਅਚਾਨਕ ਸਵਾਲ ਪੁੱਛੇ ਗਏ ਹਨ ਤੇ ਉਨ੍ਹਾਂ ਉਸੇ ਵੇਲੇ ਸੁਭਾਵਿਕ ਜਵਾਬ ਦਿੱਤਾ ਹੈ। ਸਰਵੇਖਣ ਵਿਚ ਲੋਕਾਂ ਤੋਂ ਪੁੱਛਿਆ ਗਿਆ ਕਿ ਕੀ ਉਹ ਆਪਣੇ ਅਧਿਆਪਕਾਂ 'ਤੇ ਭਰੋਸਾ ਕਰਦੇ ਹਨ, ਉਹ ਉਨ੍ਹਾਂ ਨੂੰ ਪ੍ਰੇਰਿਤ ਕਰਦੇ ਹਨ, ਖਿਆਲ ਰੱਖਦੇ ਹਨ ਜਾਂ ਫਿਰ ਉਹ ਬੌਧਿਕ ਤੌਰ 'ਤੇ ਉਨ੍ਹਾਂ ਨੂੰ ਹੰਢੇ ਹੋਏ ਲੱਗਦੇ ਹਨ ਜਾਂ ਨਹੀਂ। ਇਸ ਤਰ੍ਹਾਂ ਦੇ ਕਈ ਹੋਰ ਸਵਾਲ ਵੀ ਪੁੱਛੇ ਗਏ ਹਨ।

## -ਕੋਲਾ ਘੁਟਾਲਾ-
## ਸਾਬਕਾ ਕੇਂਦਰੀ ਮੰਤਰੀ ਦਿਲੀਪ ਰੇਅ ਨੂੰ ਕੈਦ


**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਝਾਰਖੰਡ ਵਿਚ 1999 ਵਿਚ ਕੋਲਾ ਖਾਣਾਂ ਦੀ ਵੰਡ ਮਾਮਲੇ ਵਿਚ ਬੇਨਿਯਮੀਆਂ ਦੇ ਇਕ ਮਾਮਲੇ ਵਿਚ ਸਾਬਕਾ ਕੇਂਦਰੀ ਮੰਤਰੀ ਦਿਲੀਪ ਰੇਅ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਟਲ ਬਿਹਾਰੀ ਵਾਜਪਾਈ ਸਰਕਾਰ ਵਿਚ ਦਿਲੀਪ ਰੇਅ ਕੋਲਾ ਮੰਤਰੀ ਸਨ। ਵਿਸ਼ੇਸ਼ ਜੱਜ ਭਰਤ ਪ੍ਰਾਸ਼ਰ ਨੇ ਕੋਲਾ ਮੰਤਰਾਲੇ ਦੇ ਤਤਕਾਲੀ ਸੀਨੀਅਰ ਅਧਿਕਾਰੀ ਪ੍ਰਦੀਪ ਕੁਮਾਰ ਬੈਨਰਜੀ ਅਤੇ ਨਿਤਿਆਨੰਦ ਗੌਤਮ ਤੇ ਕੈਸਟ੍ਰਾਨ ਟੈਕਨਾਲੋਜੀ ਲਿਮਟਿਡ ਦੇ ਡਾਇਰੈਕਟਰ ਮਹਿੰਦਰ ਕੁਮਾਰ ਅਗਰਵਾਲ ਨੂੰ ਵੀ ਤਿੰਨ-ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਸਭਨਾਂ ਨੂੰ 10-10 ਲੱਖ ਰੁਪਏ ਜੁਰਮਾਨਾ ਵੀ ਲਗਾਇਆ ਹੈ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸਫਲ ਰਹੀ ਵਿਪਸਾ ਦੀ ਮਾਸਿਕ ਜ਼ੂਮ ਮੀਟਿੰਗ

**ਸੈਕਰਾਮੈਂਟੋ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤਕ ਅਕਾਦਮੀ (ਵਿਪਸਾ) ਵਲੋਂ ਲੰਘੇ ਐਤਵਾਰ ਨੂੰ ਕਰਾਈ ਗਈ ਮਾਸਕ ਜ਼ੂਮ ਮੀਟਿੰਗ ਇਕ ਅਹਿਮ ਸਾਹਿਤਕ ਮੀਟਿੰਗ ਹੋ ਨਿੱਬੜੀ। ਅਕਾਦਮੀ ਦੇ ਪ੍ਰਧਾਨ ਸੁਰਿੰਦਰ ਸੀਰਤ ਨੇ ਮੀਟਿੰਗ ਵਿਚ ਸ਼ਾਮਲ ਹੋਏ ਸਾਰੇ ਲੇਖਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਸੰਜੀਦਗੀ ਭਰੇ ਲਹਿਜੇ ਵਿਚ ਸਤਿਕਾਰਯੋਗ ਲੇਖਕ ਮਹਿੰਦਰ ਸਿੰਘ ਘੱਗ ਦੇ ਅਕਾਲ ਚਲਾਣਾ ਕਰ ਜਾਣ ਦੇ ਸੰਤਾਪ ਵਿਚ ਸ਼ਰਧਾ ਦੇ ਫੁੱਲ ਅਰਪਣ ਕਰਦਿਆਂ ਕਿਹਾ ਕਿ ਸ. ਘੱਗ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਰੂਹੇ-



ਰਵਾਂ ਰਹੇ ਹਨ ਅਤੇ ਸਭਾ ਦਾ ਪਹਿਲਾ ਪ੍ਰਧਾਨ ਹੋਣ ਦਾ ਸ਼ਰਫ ਹਾਸਿਲ ਹੈ। ਉਹ ਮੋਢੀ ਸਾਹਿਤਕਾਰਾਂ 'ਚੋਂ ਇਕ ਸਨ, ਜਿਨ੍ਹਾਂ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਅਹਿਮ ਭੂਮਿਕਾ ਨਿਭਾਈ ਹੈ। ਸਿਰਫ ਉਹ ਹੀ ਇਕ ਅਜਿਹੇ ਮੋਢੀ ਮੈਂਬਰ ਸਨ, ਜੋ ਆਪਣੇ ਅੰਤਿਮ ਸਾਹਾਂ ਤੀਕ ਸਭਾ ਦੇ ਮੈਂਬਰ ਬਣੇ ਰਹੇ।

ਇਸ ਤੋਂ ਪਹਿਲਾਂ ਕਿ ਬੈਠਕ ਦੇ ਏਜੰਡੇ ਅਨੁਸਾਰ ਕਾਰਵਾਈ ਸ਼ੁਰੂ ਕੀਤੀ ਜਾਂਦੀ। ਹਾਜ਼ਰ ਮੈਂਬਰਾਂ ਨੇ ਸ. ਘੱਗ ਪ੍ਰਤੀ ਸ਼ਰਧਾ ਅਤੇ ਸੁਨੇਹ ਪ੍ਰਗਟ ਕੀਤਾ। ਪ੍ਰੋ. ਸੁਖਵਿੰਦਰ ਕੰਬੋਜ ਨੇ ਉਨ੍ਹਾਂ ਨਾਲ ਬਿਤਾਏ ਪਲਾਂ ਦੀ ਨੇੜਤਾ ਦਾ ਵਰਣਨ ਕੀਤਾ। ਉਨ੍ਹਾਂ ਦੀ ਪ੍ਰਧਾਨਗੀ ਵਿਚ ਸਭਾ ਦੀ ਪਹਿਲੀ ਕਾਨਫਰੰਸ 1993 ਵਿਚ, ਉਨ੍ਹਾਂ ਦੇ ਇਲਾਕੇ ਲਾਈਵ ਓਕ ਵਿਖੇ ਕਰਵਾਈ ਗਈ, ਜਿਸ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਉਸ ਕਾਨਫਰੰਸ ਵਿਚ ਫਿਲਮੀ ਜਗਤ ਦੇ ਉਸਤਾਦ ਗਾਇਕ ਜਨਾਬ ਸੁਰੇਸ਼ ਵਾਡਿਕਰ ਅਤੇ ਉਨ੍ਹਾਂ ਦੀ ਟੀਮ ਨੇ ਅਹਿਮ ਭੂਮਿਕਾ ਨਿਭਾਈ। ਪੰਜਾਬੀ ਫਿਲਮਾਂ ਦੇ ਮਸ਼ਹੂਰ ਸੰਗੀਤਕਾਰ ਸਰਦੂਲ ਕਵਾਤਰਾ ਅਤੇ ਕਰੀਬ 500 ਸਾਹਿਤਕਾਰਾਂ, ਸਰੋਤਿਆਂ ਅਤੇ ਸ਼ਰਧਾਲੂਆਂ ਨੇ ਇਸ ਨੂੰ ਇਕ ਬਹੁਤ ਕਾਮਯਾਬ ਕਾਨਫਰੰਸ ਬਣਾ ਦਿੱਤਾ।

ਪ੍ਰੋ. ਕੰਬੋਜ ਨੇ ਦੱਸਿਆ ਕਿ ਇਸ ਕਾਨਫਰੰਸ ਵਿਚ ਉਸ ਨੂੰ ਸੰਚਾਲਕ ਦੀ ਭੂਮਿਕਾ ਨਿਭਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ। ਇੰਜ ਹੀ ਪਿਆਰਾ ਸਿੰਘ ਕੁੱਦੋਵਾਲ, ਤਾਰਾ ਸਾਗਰ, ਬੀਬੀ ਸੁਰਜੀਤ ਕੌਰ, ਲਾਜ ਨੀਲਮ ਸੈਣੀ, ਚਰਨਜੀਤ ਸਿੰਘ ਪੰਨੂ, ਅਮਰਜੀਤ ਕੌਰ ਪੰਨੂ, ਗੁਲਸ਼ਨ ਦਿਆਲ, ਡਾ. ਗੁਰਪ੍ਰੀਤ ਸਿੰਘ ਧੁੱਗਾ ਸਮੇਤ ਹੋਰਾਂ ਨੇ ਵੀ ਆਪੋ ਆਪਣੇ ਜਜ਼ਬਾਤੀ ਸ਼ਬਦਾਂ ਨਾਲ ਸਾਂਝ ਪਾਈ।

ਬੈਠਕ ਦੀ ਕਾਰਵਾਈ ਨੂੰ ਅੱਗੇ ਤੋਰਨ ਲਈ, ਗੁਲਸ਼ਨ ਦਿਆਲ ਨੇ ਸਤੰਬਰ ਮਹੀਨੇ ਦੀ ਸਾਹਿਤਕ ਰਿਪੋਰਟ ਪੜ੍ਹੀ ਅਤੇ ਕੌਂਸਲੇਟ ਜਨਰਲ ਆਫ ਇੰਡੀਆ, ਸੈਨ ਫਰਾਂਸਿਸਕੋ ਨੂੰ ਭੇਜਿਆ ਗਿਆ ਰੈਜ਼ੋਲੂਸ਼ਨ ਵੀ ਸਾਂਝਾ ਕੀਤਾ। ਤਾਰਾ ਸਾਗਰ ਨੇ ਵਿਪਸਾ ਦੇ ਸਰਗਰਮ ਮੈਂਬਰਾਂ ਦੀ ਸੂਚੀ ਤੋਂ ਜਾਣੂੰ ਕਰਵਾਇਆ ਅਤੇ ਸੁਰਿੰਦਰ ਸੀਰਤ ਨੇ 15 ਨਵੰਬਰ ਨੂੰ ਕਰਵਾਈ ਜਾ ਰਹੀ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੀ ਇਕ ਰੋਜ਼ਾ ਜ਼ੂਮ-ਕਾਨਫਰੰਸ ਸਬੰਧੀ ਵਿਚਾਰ ਪ੍ਰਗਟਾਏ। ਇਸ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਸ ਦੀ ਰੂਪ-ਰੇਖਾ ਨਿਸ਼ਚਿਤ ਕੀਤੀ ਗਈ। ਕਾਨਫਰੰਸ ਪ੍ਰਤੀ ਪ੍ਰੋਗਰਾਮ ਦੀ ਸੂਚਨਾ ਛੇਤੀ ਹੀ ਜਾਰੀ ਕੀਤੀ ਜਾਏਗੀ।

ਬੈਠਕ ਦਾ ਅੰਤਿਮ ਭਾਗ ਲਾਜ ਨੀਲਮ ਸੈਣੀ ਦੀ ਸੰਚਾਲਨਾ ਹਿਤ, ਅਦਬੀ ਪੈੜਾਂ ਵਿਚ ਢਲਣ ਲਈ ਤਤਪਰ ਹੋ ਉਠਿਆ। ਤਾਰਾ ਸਾਗਰ ਨੇ ਇਸ ਦੌਰ ਦਾ ਆਗਾਜ਼ ਕਰਦਿਆਂ ਚਿੰਤਾ ਪ੍ਰਗਟਾਈ ਕਿ 'ਅੱਕ ਸੋਚਣੀ ਇਨ੍ਹਾਂ ਦੀ, ਕਿਰਤੀ ਦਾ ਦਿਲ ਹੈ ਰੋਇਆ; ਅਜ ਕੌਣ ਜੋ ਕਿਸਾਨਾਂ ਦੇ ਨਾਲ ਹੈ ਖਲੋਇਆ?' ਇਸ ਪੜਾਅ 'ਤੇ ਲਾਜ ਨੀਲਮ ਸੈਣੀ ਨੇ ਡਾ. ਜਗਤਾਰ ਦਾ ਇਹ ਸ਼ਿਅਰ ਸੁਣਾਇਆ, "ਹਨੇਰਾ ਹੀ ਹਨੇਰਾ ਸੀ, ਕਿਤੇ ਚਾਨਣ ਨ ਸੀ; ਖੁਦਾਵਾਂ ਦੇ ਨਗਰ ਵਿਚ ਸਭ ਖੁਦਾ ਸਨ, ਪਰ ਖੁਦਾ ਨ ਸੀ।"

ਇਸੇ ਹਨੇਰਗਰਦੀ ਦੇ ਆਲਮ ਵਿਚ ਗੁਰਮੀਤ ਬਰਸਾਲ ਨੇ ਦਿਲ 'ਤੇ ਛਾਅ ਗਏ ਹਨੇਰੇ ਦੇ ਕਾਰਨ ਵਲ ਸੰਕੇਤ ਕੀਤਾ, "ਮਾਸਕ ਹਾਲਾਤਾਂ ਨੇ ਮੂੰਹ ਉਪਰ ਲਗਵਾਈ ਸੀ, ਦਿਲ ਉਪਰ ਕਿਓਂ ਬੈਠਾ ਮਾਸਕ ਪਾ ਸਜਣਾ।" ਮਹਿੰਦਰ ਸਿੰਘ ਸੰਘੇੜਾ ਇਸ ਸੰਤਾਪ ਨੂੰ ਹੰਢਾ ਰਿਹਾ ਹੈ, "ਕਿਸਾਨਾਂ ਦਾ ਕੋਈ ਨਹੀਂ ਹੈ ਦਰਦੀ ਲੋਕੋ, ਕੋਟਾਂ ਵੀ ਨਈਂ ਸੁਣਨਗੀਆਂ ਉਨ੍ਹਾਂ ਦੀ ਅਰਜ਼ੀ ਲੋਕੋ।" ਅਗਲੇ ਚਰਣ ਵਿਚ ਲਾਜ ਨੀਲਮ ਸੈਣੀ ਨੇ ਚਰਨਜੀਤ ਸਿੰਘ ਪੰਨੂ ਨੂੰ ਸੁਖਨਵਰ ਹੋਣ ਲਈ ਸੱਦਾ ਦਿੱਤਾ। ਮਿਰਜ਼ਾ-ਤਾਨ ਵਿਚ ਉਨ੍ਹਾਂ ਨੇ ਇਕ ਲੰਮੀ ਕਵਿਤਾ 'ਧਰਤ ਪੰਜਾਬ ਦੀ' ਦਾ ਗਾਇਨ ਕੀਤਾ, "ਸੋਨ ਚਿੜੀ ਕਹਾਂਵਦੀ ਸਾਂ ਮੈਂ, ਸੰਨ ਲਾ ਗਏ ਡਾਕੂ ਚੋਰ; ਜਾਗੋ ਪੰਜਾਬ ਦੇ ਸੁੱਤੇ ਵਾਰਸੋ, ਲੁਟ ਗਿਆ ਪੰਨੂ ਦਾ ਸ਼ਹਿਰ ਭੰਬੋਰ।"

ਸ਼ਾਇਰੀ ਦੀ ਮਘ ਰਹੀ ਲੋਅ ਵਿਚ ਡਾ. ਗੁਰਪ੍ਰੀਤ ਸਿੰਘ ਧੁੱਗਾ ਨੇ ਇਕ ਮਾਰਮਿਕ ਗਜ਼ਲ ਸੁਣਾਈ, ਜਿਸ ਦਾ ਮਤਲਾ ਇੰਜ ਸੀ, "ਨਾ ਪਾ ਤੂੰ ਪਿਆਰ ਦੀ ਗਲਵੱਕੜੀ, ਮਾਰੀਂ ਤੂੰ ਖਿਚ ਕੇ ਖੰਜਰ; ਸਿੰਜਣਾ ਖੂਨ ਨਾਲ ਪੈਣਾ, ਦਿਲ ਹੋਇਆ ਏ ਬੰਜਰ।"

ਪਿਆਰਾ ਸਿੰਘ ਕੁੱਦੋਵਾਲ ਦਾ ਸੁਖਨਵਰ ਹੋਣਾ ਆਪਣੇ ਆਪ ਵਿਚ ਇਕ ਜਲਵਾਤੂਰ ਏ। ਹਿਰਦੇ ਦੀਆਂ ਗਹਿਰਾਈਆਂ 'ਚੋਂ ਪੰਜਾਬ ਪ੍ਰਤੀ ਕਾਮਨਾ, "ਗਰੀਬ ਕਿਸਾਨ ਖੁਦਕਸ਼ੀਆਂ ਕਰਦੇ, ਲੀਡਰ ਮਾਰਨ ਵੱਡੀਆਂ ਬਾਤਾਂ; ਸ਼ਾਲਾ ਮੁੜ ਪੰਜਾਬ 'ਚ ਆਵਣ ਹੱਕ ਸੱਚ ਦੀਆਂ ਪ੍ਰਭਾਤਾਂ।" ਫਿਰ ਇਕ ਮੁਹੱਬਤ ਦੇ ਨਾਂ ਕਵਿਤਾ ਅਤੇ ਤਰੰਨਮ ਵਿਚ ਗਜ਼ਲ-ਮਤਲਾ ਪੇਸ਼ ਕੀਤਾ, "ਮੇਰੇ ਮਨ ਵਿਚ ਚੜ੍ਹ ਗਿਆ ਸੂਰਜ, ਮੇਰੇ ਮੋਹਰੇ ਖੜ੍ਹ ਗਿਆ ਸੂਰਜ।"

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੀ ਸੂਝ ਭਰਪੂਰ ਸ਼ਾਇਰੀ ਵੀ ਇਸ ਕਵੀ ਦਰਬਾਰ ਦੀ ਪ੍ਰਾਪਤੀ ਰਹੀ। ਉਨ੍ਹਾਂ ਦੋ ਕਵਿਤਾਵਾਂ ਦਾ ਪਾਠ ਕੀਤਾ। ਇਕ ਸੰਦੇਸ਼ ਜੋ ਗ੍ਰਹਿਣ ਕਰਨ ਦਾ ਮੁਤਲਾਸ਼ੀ ਹੈ, ਉਨ੍ਹਾਂ ਨੇ ਇੰਜ ਫਰਮਾਇਆ ਹੈ, "ਸੂਰਜ, ਚੰਨ, ਸਿਤਾਰਿਆਂ ਵਾਂਗੂ ਰੌਸ਼ਨੀਆਂ ਜੇਕਰ ਨਹੀਂ ਸਕਦੇ, ਵਾਂਗ ਜੁਗਨੂਆਂ ਟਿੰਮ ਟਿੰਮ ਕਰ ਕੇ ਬਿਖੜੇ ਰਾਹੀਂ ਚਾਨਣ ਕਰੀਏ।"

ਸੀਰਤ ਨੇ ਦੋ ਗਜ਼ਲਾਂ ਸਾਂਝੀਆਂ ਕੀਤੀਆਂ। ਤਰੰਨਮ ਵਿਚ ਕਹੀ ਗਈ ਗਜ਼ਲ ਦਾ ਮਤਲਾ ਸੀ, "ਤਲੀ ਸੀਸ ਧਰ ਮੈਂ ਗਲੀ ਯਾਰ ਆਇਆ, ਤੂੰ ਕਰਨਾ ਏ ਕਰ ਜੋ ਵੀ ਹੈ ਵਾਰ ਕਰ ਲੈ; ਮੈਂ ਕੱਚੇ ਘੜੇ 'ਤੇ ਝਨਾ ਪਾਰ ਕਰਨੀ, ਤੂੰ ਕਰ ਲੈ ਮਿਰਾ ਯਾਰ ਇਤਬਾਰ ਕਰ ਲੈ।" ਕਵਿਤਾ ਪਾਠ ਦੇ ਅੰਤਿਮ ਚਰਣ ਵਿਚ ਲਾਜ ਨੀਲਮ ਸੈਣੀ ਨੂੰ ਦਾਵਤ-ਏ-ਕਲਾਮ ਦਿੱਤੀ ਗਈ। ਉਨ੍ਹਾਂ ਨੇ 'ਪੰਜਾਬ ਦਾ ਕਿਸਾਨ' ਨਾਂ ਹੇਠ ਕਿਸਾਨ ਦੇ ਜਾਗਰੂਕ ਕਿਰਦਾਰ ਦੇ ਪੱਕ ਰਹੇ ਅਜ਼ਮ ਵਲ ਇਸ਼ਾਰਾ ਕਰਦਿਆਂ ਕਿਹਾ, "ਹੁਣ ਮੈਂ ਜੱਟ ਬੂਟ ਨਹੀਂ ਸਗੋਂ ਜਾਗਿਆ ਹੋਇਆ ਕਿਸਾਨ ਹਾਂ, ਕਿਰਤੀ ਵਰਗ ਸੰਗ ਇਕ ਝੰਡੇ ਹੇਠ ਖੜੋ, ਪਗੜੀ ਸੰਭਾਲ ਵੇ ਜੱਟਾ, ਸੁਰ ਨਾਲ ਸੁਰ ਮਿਲਾ ਕੇ, ਦਿੱਲੀ ਵੱਲ ਵਧਦਾ ਜਾ ਰਿਹਾ ਹਾਂ...ਦਿੱਲੀ ਵੱਲ...।"

*To Advertise with Punjab Times*
***Call: 847-359-0746***

# Matrimonials

## ਲੜਕੀ ਦੀ ਲੋੜ ਹੈ

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com

44-

ਅਮਰੀਕਾ ਵਿਚ ਵੈੱਲ ਸੈਟਲਡ ਬਿਜਨਸਮੈਨ 38 ਸਾਲਾ, 5'-6", ਗੁਰ ਸਿੱਖ ਲੜਕੇ ਲਈ ਗੁਰ ਸਿੱਖ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 317-989-4241 ਜਾਂ 317-797-1811

42-45

ਸਰਸਵਤ ਬ੍ਰਾਹਮਣ (ਤਲਾਕਸ਼ੁਦਾ), ਉਮਰ 35 ਸਾਲ, 5'-8", ਯੂ. ਐਸ. ਏ. ਵਿਚ ਵਰਕ ਪਰਮਿਟ 'ਤੇ, ਟਰੱਕ ਡਰਾਈਵਰ ਲੜਕੇ ਲਈ ਕੈਨੇਡੀਅਨ-ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਭਾਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। 15 ਏਕੜ ਕਮਰਸ਼ੀਅਲ ਜ਼ਮੀਨ ਤੇ ਚਾਰ ਦੁਕਾਨਾਂ ਹਨ। ਸੰਪਰਕ ਕਰੋ, ਫੋਨ: 91-85095 80002 (ਇੰਡੀਆ) ਜਾਂ 785-213-2555 (ਅਮਰੀਕਾ)।

37-40

## ਲੜਕੇ ਦੀ ਲੋੜ ਹੈ

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102

40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com

36-39

*Visit us on the web:*
***www.punjabtimesusa.com***

# ਸੁਰਜੀਤ ਸਿੰਘ ਨਾਗੀ ਸੁਰਗਵਾਸ

**ਫਰਿਜ਼ਨੋ (ਬਿਊਰੋ):** ਸਥਾਨਕ ਨਿਵਾਸੀ ਸੁਰਜੀਤ ਸਿੰਘ ਨਾਗੀ ਲੰਘੀ 23 ਅਕਤੂਬਰ ਨੂੰ ਅਕਾਲ ਚਲਾਣਾ ਕਰ ਗਏ। ਉਹ 80 ਸਾਲਾਂ ਦੇ ਸਨ ਅਤੇ ਪਿਛੋਂ ਜਿਲਾ ਮੋਗਾ ਦੇ ਪਿੰਡ ਜਨੇਰ ਤੋਂ ਸਨ। ਸਵਰਗੀ ਨਾਗੀ ਪਿਛਲੇ 22 ਸਾਲਾਂ ਤੋਂ ਆਪਣੇ ਪਰਿਵਾਰ ਸਮੇਤ ਫਰਿਜ਼ਨੋ ਰਹਿੰਦੇ ਸਨ। ਉਹ ਆਪਣੇ ਪਿੱਛੇ ਧਰਮ ਪਤਨੀ ਕੁਲਵੰਤ ਕੌਰ, ਦੋ ਪੁੱਤਰ ਅਤੇ ਤਿੰਨ ਧੀਆਂ ਦਾ ਭਰਿਆ ਪਰਿਵਾਰ ਛੱਡ ਗਏ। ਉਹ ਇਲਾਕੇ ਵਿਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਸਨ।

ਸਵਰਗੀ ਨਾਗੀ ਦਾ ਅੰਤਿਮ ਸਸਕਾਰ 31 ਅਕਤੂਬਰ, ਸਨਿਚਰਵਾਰ ਨੂੰ 'ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ' (4800 E. Clayton Ave, Fowler, CA 93625) ਵਿਖੇ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ ਇਕ ਵਜੇ ਦਰਮਿਆਨ ਹੋਵੇਗਾ। ਉਪਰੰਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਨਾਨਕਸਰ, ਚੈਰੀ ਐਵਨਿਊ (3060 S. Cherry Ave.) ਫਰਿਜ਼ਨੋ ਵਿਖੇ ਦੁਪਹਿਰ 2



ਵਜੇ ਤੋਂ 4 ਵਜੇ ਤੱਕ ਹੋਣਗੇ। ਪਰਿਵਾਰ ਨਾਲ ਸੰਪਰਕ ਸਵਰਗੀ ਨਾਗੀ ਦੇ ਪੁੱਤਰ ਦਵਿੰਦਰ ਸਿੰਘ ਨਾਗੀ ਨਾਲ ਫੋਨ 559-476-6791 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ
ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ
ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਬਿਹਾਰ ਚੋਣਾਂ: ਫਿਰਕੂ ਰਣਨੀਤੀ ਤਹਿਤ ਬੇੜੀ ਪਾਰ ਲਾਉਣ 'ਚ ਜੁਟੀ ਭਾਜਪਾ

**ਪਟਨਾ:** ਬਿਹਾਰ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਵਿਕਾਸ ਦੀ ਬਾਤ ਪਾਉਣ ਦੀ ਥਾਂ ਆਪਣੇ ਤੈਅ ਏਜੰਡੇ ਮੁਤਾਬਕ ਫਿਰਕੂਵਾਦ ਨੂੰ ਹਵਾ ਦੇਣ ਉਤੇ ਆਪਣਾ ਸਾਰਾ ਟਿੱਲ ਲਾ ਰਹੀ ਹੈ। ਕੇਂਦਰ ਦੀ ਮੋਦੀ ਸਰਕਾਰ ਅਤੇ ਰਾਜ ਦੀ ਨਿਤਿਸ਼ ਕੁਮਾਰ ਸਰਕਾਰ ਦੇ ਕੰਮਕਾਜ ਦਾ ਪ੍ਰਚਾਰ ਆਪਣੀ ਜਗ੍ਹਾ ਹੈ ਪਰ ਭਾਜਪਾ ਲਈ ਅਸਲੀ ਮੁੱਦਾ ਮੁਸਲਮਾਨ, ਪਾਕਿਸਤਾਨ, ਅਤਿਵਾਦ ਸਮੇਤ ਗੁਆਂਢੀ ਮੁਲਕ ਹੀ ਹਨ।

ਭਾਜਪਾ ਦੇ ਨੇਤਾ, ਇਥੋਂ ਤੱਕ ਕਿ ਕੇਂਦਰੀ ਮੰਤਰੀ ਵੀ ਆਪਣੇ ਭਾਸ਼ਣਾਂ ਵਿਚ ਇਨ੍ਹਾਂ ਮੁੱਦਿਆਂ ਨੂੰ ਚੁੱਕਣ ਵਿਚ ਗੁਰੇਜ਼ ਨਹੀਂ ਕਰ ਰਹੇ। ਕੇਂਦਰ ਸਰਕਾਰ ਵਲੋਂ ਬਿਹਾਰ ਵਿਚ ਮੁਫਤ ਕਰੋਨਾ ਦਵਾਈ ਦੇਣ ਦੇ ਐਲਾਨ ਪਿੱਛੋਂ ਵੀ ਭਾਜਪਾ ਦੀ ਤਿੱਖੀ ਅਲੋਚਨਾ ਹੋ ਰਹੀ ਹੈ।

ਪਿਛਲੀਆਂ ਚੋਣਾਂ ਵਿਚ ਵੀ ਭਾਜਪਾ ਨੇ ਇਸ ਤਰ੍ਹਾਂ ਦੇ ਮੁੱਦਿਆਂ ਨੂੰ ਕਾਫੀ ਹਵਾ ਦਿੱਤੀ ਸੀ। ਅਮਿਤ ਸ਼ਾਹ ਨੇ ਪਿਛਲੀ ਵਾਰ ਆਖਰੀ ਦੋ ਪੜਾਵਾਂ ਦੌਰਾਨ ਇਥੋਂ ਤੱਕ ਕਹਿ ਦਿੱਤਾ ਸੀ ਕਿ ਜੇਕਰ ਬਿਹਾਰ ਵਿਚ ਭਾਜਪਾ ਹਾਰ ਗਈ ਤਾਂ ਪਾਕਿਸਤਾਨ ਵਿਚ ਪਟਾਕੇ ਚੱਲਣਗੇ। ਇਸ ਵਾਰ ਬਿਮਾਰ ਹੋਣ ਕਾਰਨ ਅਮਿਤ ਸ਼ਾਹ ਬਿਹਾਰ ਨਹੀਂ ਆਏ ਪਰ ਉਨ੍ਹਾਂ ਦੀ ਤਰਜ਼ 'ਤੇ ਕੇਂਦਰੀ ਮੰਤਰੀ ਨਿਤਿਆਨੰਦ ਰਾਏ ਨੇ ਇਕ ਰੈਲੀ ਵਿਚ ਕਿਹਾ ਕਿ ਜੇਕਰ ਐਨ.ਡੀ.ਏ. ਬਿਹਾਰ ਵਿਚ ਹਾਰ ਗਈ ਤਾਂ ਕਸ਼ਮੀਰ ਤੋਂ ਭੱਜਣ ਵਾਲੇ ਅਤਿਵਾਦੀ ਬਿਹਾਰ ਵਿਚ ਸ਼ਰਨ ਲੈਣਗੇ। ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਕਾਂਗਰਸ ਦੇ ਪ੍ਰਧਾਨ ਮੰਤਰੀਆਂ ਨੂੰ ਜਿਨਾਹ ਦਾ ਭਗਤ ਦੱਸਿਆ ਹੈ।

ਦੱਸ ਦਈਏ ਕਿ ਬਿਹਾਰ ਦੀਆਂ ਤਿੰਨ ਪੜਾਵੀ ਚੋਣਾਂ 7 ਨਵੰਬਰ ਨੂੰ ਸਿਰੇ ਚੜ੍ਹਨਗੀਆਂ। 10 ਨਵੰਬਰ ਨੂੰ ਨਤੀਜਿਆਂ ਦਾ ਐਲਾਨ ਕਰ




ਦਿੱਤਾ ਜਾਏਗਾ। ਇਸ ਸਮੇਂ ਇਨ੍ਹਾਂ ਚੋਣਾਂ ਦੀ ਕਈ ਪੱਖਾਂ ਤੋਂ ਵੱਡੀ ਮਹੱਤਤਾ ਹੈ। ਬਿਹਾਰ ਪਹਿਲਾ ਰਾਜ ਹੈ ਜਿਥੇ ਕਰੋਨਾ ਮਹਾਮਾਰੀ ਦੌਰਾਨ ਚੋਣਾਂ ਹੋ ਰਹੀਆਂ ਹਨ। ਇਹ ਚੋਣਾਂ ਇਹ ਵੀ ਤੈਅ ਕਰਨਗੀਆਂ ਕਰੋਨਾ ਖਿਲਾਫ ਮੋਦੀ ਦੀ ਮੁਹਿੰਮ ਕਿੰਨੀ ਕੁ ਅਸਰਦਾਰ ਰਹੀ। ਇਸ ਸੂਬੇ ਵਿਚ 2 ਲੱਖ ਤੋਂ ਵਧੇਰੇ ਕਰੋਨਾ ਬਿਮਾਰ ਹਨ ਅਤੇ ਹੁਣ ਤੱਕ ਇਕ ਹਜ਼ਾਰ ਤੋਂ ਵਧੇਰੇ ਮੌਤਾਂ ਹੋ ਚੁੱਕੀਆਂ ਹਨ। ਮਹਾਮਾਰੀ ਸਮੇਂ ਬਿਹਾਰ ਕਈ ਪੱਖਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਦੇਸ਼ ਵਿਚ ਬਹੁਤ ਸਾਰੇ ਸੂਬਿਆਂ ਵਿਚ ਬਿਹਾਰੀ ਕਾਮੇ ਕੰਮ ਕਰਨ ਜਾਂਦੇ ਹਨ। ਪ੍ਰਧਾਨ ਮੰਤਰੀ ਵਲੋਂ ਮਾਰਚ ਦੇ ਮਹੀਨੇ 'ਚ ਕੀਤੇ ਤਾਲਾਬੰਦੀ ਦੇ ਐਲਾਨ ਕਾਰਨ ਲੋਕ ਜੀਵਨ ਦੇ ਰੁਕ ਜਾਣ ਨਾਲ ਇਕ ਵਾਰ ਤਾਂ ਤਰਥੱਲੀ ਮਚ ਗਈ ਸੀ। ਦੂਜੇ ਸੂਬਿਆਂ ਵਿਚ ਕੰਮ ਕਰ ਰਹੇ ਮਜ਼ਦੂਰ ਆਪਣੇ ਘਰਾਂ ਨੂੰ ਪਰਤਣਾ ਚਾਹੁੰਦੇ ਸਨ। ਰਸਤੇ ਦੇ ਸਾਰੇ ਆਵਾਜਾਈ ਸਾਧਨ ਬੰਦ ਹੋਣ ਕਾਰਨ ਇਕ ਵੱਡਾ ਦੁਖਾਂਤ ਪੈਦਾ ਹੋਇਆ ਸੀ। ਲੱਖਾਂ ਹੀ ਕਾਮਿਆਂ ਨੂੰ ਆਪੋ-ਆਪਣੇ ਘਰਾਂ ਨੂੰ ਪਰਤਣ ਲਈ ਬੇਹੱਦ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ ਸੀ। ਇਨ੍ਹਾਂ 'ਚੋਂ ਲੱਖਾਂ ਹੀ ਮਜ਼ਦੂਰ ਬਿਹਾਰ ਨਾਲ ਸਬੰਧਤ ਸਨ। ਇਕ ਪਾਸੇ ਇਹ ਕਾਮੇ ਦਰ-ਦਰ ਠੋਕਰਾਂ ਖਾਂਦੇ ਹੋਏ ਆਪਣੇ ਘਰਾਂ ਨੂੰ ਪੁੱਜਣਾ ਚਾਹੁੰਦੇ ਸਨ, ਦੂਜੇ ਪਾਸੇ ਬਿਹਾਰ ਸਰਕਾਰ ਵਲੋਂ ਇਨ੍ਹਾਂ ਨੂੰ ਸੂਬੇ ਅੰਦਰ ਦਾਖਲ ਕਰਨ ਤੋਂ ਵੱਖ-ਵੱਖ ਕਾਰਨਾਂ ਕਰਕੇ ਵੱਡੀ ਹਿਚਕਿਚਾਹਟ ਦਿਖਾਈ ਜਾ ਰਹੀ ਸੀ, ਜਿਸ ਕਰਕੇ ਇਹ ਦੁਖਾਂਤ ਹੋਰ ਵੀ ਵਧਦਾ ਨਜ਼ਰ ਆਇਆ। ਉਸ ਸਮੇਂ ਲੋਕਾਂ ਨੂੰ ਨਿਤਿਸ਼ ਸਰਕਾਰ 'ਤੇ ਇਹ ਗਿਲਾ ਰਿਹਾ ਸੀ ਕਿ ਉਨ੍ਹਾਂ ਨੂੰ ਆਪਣੇ ਹੀ ਘਰਾਂ ਨੂੰ ਪਰਤਣ ਉਤੇ ਰੁਕਾਵਟਾਂ ਪਾ ਰਹੀ ਹੈ।

ਇਸ ਮਹਾਂਮਾਰੀ ਨੇ ਦੇਸ਼ ਦੀ ਆਰਥਿਕਤਾ ਉਤੇ ਵੱਡਾ ਅਸਰ ਪਾਇਆ ਹੈ। ਇਸ ਸੂਬੇ ਦੀ ਆਰਥਿਕਤਾ ਇਕ ਤਰ੍ਹਾਂ ਨਾਲ ਚਰਮਰਾ ਗਈ ਹੈ। ਅਜਿਹੀ ਸਥਿਤੀ ਵਿਚ ਚੋਣ ਹੋਣਾ ਸਰਕਾਰ ਦੇ ਖਿਲਾਫ ਜਾ ਸਕਦਾ ਹੈ ਕਿਉਂਕਿ ਪਿਛਲੇ 15 ਸਾਲ ਤੋਂ ਨਿਤਿਸ਼ ਕੁਮਾਰ ਦੀ ਅਗਵਾਈ ਵਿਚ ਭਾਜਪਾ ਦੇ ਸਹਿਯੋਗ ਨਾਲ ਇਥੇ ਸਰਕਾਰ ਚੱਲ ਰਹੀ ਹੈ। ਇੰਨੇ ਲੰਮੇ ਸਮੇਂ ਵਿਚ ਸਰਕਾਰ ਦੀ ਅਨੇਕਾਂ ਪੱਖਾਂ ਤੋਂ ਆਲੋਚਨਾ ਹੋਣੀ ਕੁਦਰਤੀ ਹੈ। ਸਰਵੇਖਣਾਂ ਮੁਤਾਬਕ ਜਨਤਾ ਦਲ (ਯੂ) ਅਤੇ ਭਾਜਪਾ ਇਹ ਚੋਣਾਂ ਜਿੱਤ ਰਹੇ ਹਨ। ਸੂਬੇ ਵਿਚ ਵਿਧਾਨ ਸਭਾ ਦੀਆਂ 243 ਸੀਟਾਂ ਹਨ। ਇਨ੍ਹਾਂ ਸਰਵੇਖਣਾਂ 'ਚੋਂ ਮੋਦੀ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਨੂੰ ਬਹੁਮਤ ਪ੍ਰਾਪਤ ਹੋ ਰਿਹਾ ਹੈ। ਦੂਜੇ ਪਾਸੇ ਰਾਸ਼ਟਰੀ ਜਨਤਾ ਦਲ, ਕਾਂਗਰਸ ਅਤੇ ਖੱਬੇ ਪੱਖੀ ਪਾਰਟੀਆਂ ਨੇ ਮਹਾਂਗੱਠਜੋੜ ਬਣਾਇਆ ਹੈ ਜੋ ਹਾਲੇ ਤੱਕ ਵੀ ਦੂਜੇ ਨੰਬਰ ਉਤੇ ਚਲਦਾ ਦਿਖਾਈ ਦੇ ਰਿਹਾ ਹੈ।

ਬਿਹਾਰ ਦੇ ਉਘੇ ਆਗੂ ਰਾਮ ਵਿਲਾਸ ਪਾਸਵਾਨ, ਜੋ ਕੌਮੀ ਜਮਹੂਰੀ ਗੱਠਜੋੜ ਸਰਕਾਰ ਵਿਚ ਕੇਂਦਰੀ ਮੰਤਰੀ ਸਨ, ਦੇ ਦਿਹਾਂਤ ਪਿੱਛੋਂ ਉਨ੍ਹਾਂ ਦੇ ਬੇਟੇ ਚਿਰਾਗ ਪਾਸਵਾਨ ਨੇ ਲੋਕ ਜਨਸ਼ਕਤੀ ਪਾਰਟੀ ਦੀ ਕਮਾਨ ਸੰਭਾਲੀ ਹੈ। ਚਾਹੇ ਰਾਮ ਵਿਲਾਸ ਪਾਸਵਾਨ ਕੇਂਦਰੀ ਸਰਕਾਰ ਦਾ ਹਿੱਸਾ ਸਨ ਪਰ ਚਿਰਾਗ ਪਾਸਵਾਨ ਨੇ ਇਨ੍ਹਾਂ ਚੋਣਾਂ ਵਿਚ ਨਿਤਿਸ਼ ਕੁਮਾਰ ਦੇ ਖਿਲਾਫ ਮੋਰਚਾ ਖੋਲ੍ਹ ਲਿਆ ਹੈ ਅਤੇ ਉਹ ਸਾਰੀਆਂ ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰ ਰਿਹਾ ਹੈ। ਟਿਕਟਾਂ ਦੀ ਵੰਡ ਵਿਚ ਨਿਤਿਸ਼ ਕੁਮਾਰ ਦੀ ਪਾਰਟੀ ਨੂੰ 122 ਸੀਟਾਂ ਅਤੇ ਭਾਜਪਾ ਦੇ ਹਿੱਸੇ 121 ਸੀਟਾਂ ਆਈਆਂ ਹਨ। ਇਸ ਤੋਂ ਇਲਾਵਾ ਜਾਤੀ ਆਧਾਰਿਤ ਕੁਝ ਹੋਰ ਗੱਠਜੋੜ ਵੀ ਸਾਹਮਣੇ ਆਏ ਹਨ, ਜਿਨ੍ਹਾਂ ਦਾ ਇਨ੍ਹਾਂ ਚੋਣਾਂ ਉਤੇ ਬਹੁਤਾ ਪ੍ਰਭਾਵ ਪੈਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਹੁਣ ਜਦੋਂ ਕਿ ਚੋਣ ਪ੍ਰਚਾਰ ਸਿਖਰ 'ਤੇ ਹੈ ਤਾਂ ਸਾਰੀਆਂ ਹੀ ਪਾਰਟੀਆਂ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਵੱਡੇ-ਵੱਡੇ ਵਾਅਦੇ ਕਰਕੇ ਵੋਟਰਾਂ ਨੂੰ ਭਰਮਾਉਣ ਦਾ ਯਤਨ ਕਰ ਰਹੀਆਂ ਹਨ।

## 'ਬਿਹਾਰ ਲਈ ਮੁਫਤ ਟੀਕਾ, ਤੇ ਬਾਕੀ...?'

**ਮੁੰਬਈ:** ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਭਾਜਪਾ ਵਲੋਂ ਬਿਹਾਰ ਲਈ ਕੀਤੇ ਮੁਫਤ ਕਰੋਨਾ ਟੀਕੇ ਦੇ ਵਾਅਦੇ 'ਤੇ ਵਿਅੰਗ ਕਸਦਿਆਂ ਕਿਹਾ ਕਿ ਕੀ ਭਾਜਪਾ ਸਮਝਦੀ ਹੈ ਕਿ ਬਾਕੀ ਸੂਬਿਆਂ ਦੇ ਲੋਕ ਬੰਗਲਾਦੇਸ਼ ਤੇ ਕਜ਼ਾਖਸਤਾਨ ਤੋਂ ਆਏ ਹਨ। ਸੈਨਾ ਦੀ ਸਾਲਾਨਾ ਦਸਹਿਰਾ ਰੈਲੀ ਮੌਕੇ ਊਧਵ ਨੇ ਕਿਹਾ 'ਜਿਹੜੇ ਅਜਿਹਾ ਬਿਆਨ ਦੇ ਰਹੇ ਹਨ, ਉਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ, ਤੁਸੀਂ ਕੇਂਦਰ ਵਿਚ ਬੈਠੇ ਹੋ।' ਅਦਾਕਾਰਾ ਕੰਗਨਾ ਰਣੌਤ 'ਤੇ ਲੁਕਵਾਂ ਵਾਰ ਕਰਦਿਆਂ ਠਾਕਰੇ ਨੇ ਕਿਹਾ ਕਿ ਕੁਝ ਲੋਕ ਰੋਟੀ-ਰੋਜ਼ੀ ਕਮਾਉਣ ਲਈ ਮੁੰਬਈ ਆਉਂਦੇ ਹਨ ਤੇ ਫਿਰ 'ਪੀਓਕੇ' ਕਹਿ ਕੇ ਸ਼ਹਿਰ ਦਾ ਨਿਰਾਦਰ ਵੀ ਕਰਦੇ ਹਨ। ਠਾਕਰੇ ਨੇ ਨਾਲ ਹੀ ਕਿਹਾ ਕਿ ਸਮਾਂ ਆ ਗਿਆ ਹੈ ਕਿ ਮੌਜੂਦਾ ਜੀ.ਐਸ.ਟੀ. ਢਾਂਚੇ 'ਤੇ ਮੁੜ ਵਿਚਾਰ ਕੀਤਾ ਜਾਵੇ ਕਿਉਂਕਿ ਰਾਜਾਂ ਨੂੰ ਇਸ ਤੋਂ ਕੋਈ ਲਾਭ ਨਹੀਂ ਹੋ ਰਿਹਾ।

# 50 ਦੇਸ਼ਾਂ ਵਲੋਂ ਪਰਮਾਣੂ ਹਥਿਆਰਾਂ 'ਤੇ ਪਾਬੰਦੀ ਲਈ ਸੰਯੁਕਤ ਸੰਧੀ ਨੂੰ ਪ੍ਰਵਾਨਗੀ

**ਸਾਨ ਫਰਾਂਸਿਸਕੋ:** ਸੰਯੁਕਤ ਰਾਸ਼ਟਰ ਨੇ ਐਲਾਨ ਕੀਤਾ ਹੈ ਕਿ 50 ਦੇਸ਼ਾਂ ਨੇ ਪਰਮਾਣੂ ਹਥਿਆਰਾਂ ਉਤੇ ਪਾਬੰਦੀ ਲਗਾਉਣ ਲਈ ਇਕ ਸੰਯੁਕਤ ਸੰਧੀ ਨੂੰ ਪ੍ਰਵਾਨਗੀ ਦਿੱਤੀ ਹੈ ਜਦਕਿ ਅਮਰੀਕਾ ਸਮੇਤ ਪਰਮਾਣੂ ਸ਼ਕਤੀ ਵਾਲੇ ਪ੍ਰਮੁੱਖ ਦੇਸ਼ ਰੂਸ, ਚੀਨ, ਬ੍ਰਿਟੇਨ ਤੇ ਫਰਾਂਸ ਨੇ ਇਸ ਦਾ ਵਿਰੋਧ ਕੀਤਾ ਹੈ। ਆਉਣ ਵਾਲੇ 90 ਦਿਨਾਂ 'ਚ ਇਸ ਸੰਧੀ ਉਤੇ ਕੰਮ ਸ਼ੁਰੂ ਕੀਤਾ ਜਾਵੇਗਾ। ਇਸ ਸੰਧੀ ਉਤੇ 49 ਹਸਤਾਖਰ ਹੋਏ ਹਨ ਤੇ ਸੰਯੁਕਤ ਰਾਸ਼ਟਰ ਨੇ ਕਿਹਾ ਕਿ ਹੋਂਡੁਰਸ ਤੋਂ 50ਵੀਂ ਪ੍ਰਵਾਨਗੀ ਮਿਲ ਗਈ ਹੈ। ਸੰਯੁਕਤ ਰਾਸ਼ਟਰ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਸ ਨੇ 50 ਦੇਸ਼ਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੰਧੀ ਦਾ 22 ਜਨਵਰੀ ਨੂੰ ਹੋਂਦ 'ਚ ਆਉਣਾ



ਵਿਸ਼ਵਵਿਆਪੀ ਅੰਦੋਲਨ ਦੀ ਸ਼ੁਰੂਆਤ ਹੈ ਤਾਂ ਕਿ ਪਰਮਾਣੂ ਹਥਿਆਰਾਂ ਦੀ ਕਿਸੇ ਵੀ ਵਰਤੋਂ ਦੇ ਭਿਆਨਕ ਮਾਨਵਤਾਵਾਦੀ ਨਤੀਜਿਆਂ ਵਲ ਸਭ ਦਾ ਧਿਆਨ ਖਿੱਚਿਆ ਜਾ ਸਕੇ। ਇਹ ਪਰਮਾਣੂ ਵਿਸਫੋਟਕਾਂ ਤੇ ਪ੍ਰੀਖਣਾਂ ਤੋਂ ਬਚੇ ਲੋਕਾਂ ਨੂੰ ਸਮਰਪਿਤ ਹੈ। ਗੁਟਰੇਸ ਨੇ ਕਿਹਾ ਕਿ ਇਹ ਸੰਧੀ ਪਰਮਾਣੂ ਹਥਿਆਰਾਂ ਦੇ ਮੁਕੰਮਲ ਖਾਤਮੇ ਲਈ ਸਾਰਥਕ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਜੰਮੂ ਕਸ਼ਮੀਰ: ਹੁਣ ਸਿਆਸੀ ਧਿਰਾਂ ਨੂੰ ਦੇਸ਼ਧ੍ਰੋਹ ਦਾ ਫਤਵਾ!

**ਸ੍ਰੀਨਗਰ:** ਭਾਜਪਾ ਨੇ ਜੰਮੂ ਕਸ਼ਮੀਰ ਨੂੰ ਮਿਲੇ ਵਿਸ਼ੇਸ਼ ਰਾਜ ਦੇ ਦਰਜੇ ਦੀ ਬਹਾਲੀ ਲਈ ਇਕਜੁਟ ਹੋਈਆਂ ਸਿਆਸੀ ਧਿਰ ਨੂੰ ਦੇਸ਼ਧ੍ਰੋਹੀ ਐਲਾਨਣ ਲਈ ਸਾਰਾ ਜ਼ੋਰ ਲਾਇਆ ਹੋਇਆ ਹੈ। ਭਾਰਤੀ ਜਨਤਾ ਪਾਰਟੀ ਦਾ ਦਾਅਵਾ ਹੈ ਕਿ ਇਹ ਧਿਰਾਂ ਦੇਸ਼ ਵਿਰੋਧੀ ਏਜੰਡੇ ਉਤੇ ਚੱਲ ਰਹੀਆਂ ਹਨ।

ਜੰਮੂ ਕਸ਼ਮੀਰ ਭਾਜਪਾ ਨੇ ਮੰਗ ਕੀਤੀ ਹੈ ਕਿ ਕੌਮੀ ਝੰਡੇ ਬਾਰੇ ਟਿੱਪਣੀ ਕਰਨ ਦੇ ਦੋਸ਼ ਹੇਠ ਜੰਮੂ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੂੰ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਹੈ। ਮਹਿਬੂਬਾ ਮੁਫਤੀ ਨੇ ਬੀਤੇ ਦਿਨ ਕਿਹਾ ਸੀ ਕਿ ਉਹ ਤਿਰੰਗਾ ਝੰਡਾ ਤਾਂ ਹੀ ਲਹਿਰਾਏਗੀ ਜੇਕਰ ਜੰਮੂ ਕਸ਼ਮੀਰ ਦਾ ਪਹਿਲਾਂ ਵਾਲਾ ਝੰਡਾ ਬਹਾਲ ਕੀਤਾ ਜਾਵੇਗਾ। ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲ੍ਹਾ ਨੇ ਕਿਹਾ ਕਿ ਹਾਲ ਹੀ 'ਚ ਕਾਇਮ ਕੀਤਾ ਗਿਆ 'ਪੀਪਲਜ਼ ਅਲਾਇੰਸ ਫਾਰ ਗੁਪਕਾਰ ਡੈਕਲੇਰੇਸ਼ਨ' (ਪੀ.ਏ.ਜੀ.ਡੀ.) ਇਕ ਭਾਜਪਾ ਵਿਰੋਧੀ ਮੰਚ ਹੈ ਨਾ ਕਿ ਦੇਸ਼ ਵਿਰੋਧੀ। ਉਨ੍ਹਾਂ ਕਿਹਾ, 'ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਭਾਜਪਾ ਵਲੋਂ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪੀ.ਏ.ਜੀ.ਡੀ. ਇਕ ਦੇਸ਼ ਵਿਰੋਧੀ ਮੰਚ ਹੈ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ




ਸੱਚ ਨਹੀਂ ਹੈ। ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਇਹ ਭਾਜਪਾ ਵਿਰੋਧੀ ਹੈ ਪਰ ਇਹ ਦੇਸ਼ ਵਿਰੋਧੀ ਨਹੀਂ ਹੈ।'

ਫਾਰੂਕ ਅਬਦੁੱਲ੍ਹਾ ਨੇ ਕਿਹਾ ਕਿ ਭਾਜਪਾ ਨੇ ਧਾਰਾ 370 ਰੱਦ ਕਰਕੇ ਤੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਵੰਡ ਕੇ ਸੰਘੀ ਢਾਂਚੇ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦਾ ਟੀਚਾ ਹੈ ਕਿ ਜੰਮੂ ਕਸ਼ਮੀਰ ਤੇ ਲੱਦਾਖ ਦੇ ਲੋਕਾਂ ਦੇ ਅਧਿਕਾਰ ਸੁਰੱਖਿਅਤ ਹੋਣ।

ਇਸ ਐਲਾਨਨਾਮੇ ਮੁਤਾਬਕ ਇਨ੍ਹਾਂ ਸਿਆਸੀ ਧਿਰਾਂ ਨੇ ਜੰਮੂ ਕਸ਼ਮੀਰ ਵਿਚ ਧਾਰਾ-370 ਅਤੇ 35 ਏ ਦੀ ਬਹਾਲੀ ਤੱਕ ਸੰਘਰਸ਼ ਜਾਰੀ ਰੱਖਣ ਦਾ ਅਹਿਦ ਕੀਤਾ ਹੈ। ਭਾਰਤੀ ਜਨਤਾ ਪਾਰਟੀ ਨੇ ਇਸ ਐਲਾਨਨਾਮੇ ਨੂੰ ਦੇਸ਼ ਵਿਰੋਧੀ ਕਰਾਰ ਦੇ ਦਿੱਤਾ ਹੈ। ਫਾਰੂਕ ਅਬਦੁੱਲਾ ਨੇ ਸਪੱਸ਼ਟ ਕੀਤਾ ਹੈ ਕਿ ਗੁਪਕਾਰ ਐਲਾਨਨਾਮੇ ਬਾਰੇ ਬਣਾਇਆ ਸੰਗਠਨ ਭਾਜਪਾ ਵਿਰੋਧੀ ਹੈ, ਦੇਸ਼ ਵਿਰੋਧੀ ਨਹੀਂ ਹੈ।

## ਮੱਧ ਪ੍ਰਦੇਸ਼ ਜ਼ਿਮਨੀ ਚੋਣਾਂ: 18 ਫੀਸਦੀ ਉਮੀਦਵਾਰਾਂ ਖਿਲਾਫ ਅਪਰਾਧਕ ਕੇਸ

**ਨਵੀਂ ਦਿੱਲੀ:** ਮੱਧ ਪ੍ਰਦੇਸ਼ 'ਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਵਿਚ ਖੜ੍ਹੇ 355 ਉਮੀਦਵਾਰਾਂ ਵਿਚੋਂ 63 (18 ਫੀਸਦੀ) ਉਮੀਦਵਾਰਾਂ ਨੇ ਆਪਣੇ ਹਲਫਨਾਮਿਆਂ 'ਚ ਉਨ੍ਹਾਂ ਖਿਲਾਫ ਅਪਰਾਧਕ ਕੇਸ ਦਰਜ ਹੋਣ ਦੀ ਗੱਲ ਕਬੂਲੀ ਹੈ। ਇਹ ਗੱਲ ਚੋਣ ਅਧਿਕਾਰ ਗਰੁੱਪ ਐਸੋਸੀਏਸ਼ਨ ਆਫ ਡੈਮੋਕ੍ਰੇਟਿਕ ਰਿਫਾਰਮਜ਼ (ਏ.ਡੀ.ਆਰ.) ਦੀ ਰਿਪੋਰਟ 'ਚ ਕਹੀ ਗਈ ਹੈ। ਸੂਬੇ 'ਚ 28 ਵਿਧਾਨ ਸਭਾ ਸੀਟਾਂ ਉਤੇ ਜ਼ਿਮਨੀ ਚੋਣ 3 ਨਵੰਬਰ ਨੂੰ ਹੋਣੀ ਹੈ।

ਰਿਪੋਰਟ ਮੁਤਾਬਕ 11 ਫੀਸਦੀ ਜਾਂ 39 ਉਮੀਦਵਾਰਾਂ ਨੇ ਉਨ੍ਹਾਂ ਖਿਲਾਫ ਗੰਭੀਰ ਅਪਰਾਧਕ (ਗੈਰ-ਜ਼ਮਾਨਤੀ) ਕੇਸ ਦਰਜ ਹੋਣ ਦੀ ਗੱਲ ਵੀ ਕਹੀ ਹੈ। ਏ.ਡੀ.ਆਰ. ਨੇ ਕਿਹਾ ਕਿ ਉਮੀਦਵਾਰਾਂ ਵਲੋਂ ਦਾਖਲ ਹਲਫਨਾਮਿਆਂ ਮੁਤਾਬਕ ਕਾਂਗਰਸ ਦੇ 28 ਵਿਚੋਂ 14 (50 ਫੀਸਦੀ), ਭਾਜਪਾ ਦੇ 28 'ਚੋਂ 12 (43 ਫੀਸਦੀ), ਬਸਪਾ ਦੇ 28 'ਚੋਂ 8 (29 ਫੀਸਦੀ), ਸਮਤਾ ਪਾਰਟੀ ਦੇ 14 ਵਿਚੋਂ 4 (29 ਫੀਸਦੀ), ਜਦਕਿ 178 ਆਜ਼ਾਦ ਉਮੀਦਵਾਰਾਂ ਵਿਚੋਂ 16 (9 ਫੀਸਦੀ) ਉਮੀਦਵਾਰਾਂ ਖਿਲਾਫ ਅਪਰਾਧਕ ਕੇਸ ਦਰਜ ਹਨ।

# ਭਾਗਵਤ ਵਲੋਂ ਇਕ ਵਾਰ ਮੁੜ 'ਹਿੰਦੂ ਰਾਸ਼ਟਰ' ਦਾ ਹੋਕਾ

**ਨਾਗਪੁਰ:** ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਭਾਰਤ ਇਕ 'ਹਿੰਦੂ ਰਾਸ਼ਟਰ' ਹੈ ਤੇ ਹਿੰਦੂਤਵ ਮੁਲਕ ਦੀ ਸ਼ਖਸੀਅਤ ਦਾ ਸਾਰ-ਤੱਤ ਹੈ। ਆਰ.ਐਸ.ਐਸ. ਦੀ ਸਾਲਾਨਾ 'ਵਿਜੈਦਸ਼ਮੀ ਰੈਲੀ' ਮੌਕੇ ਉਨ੍ਹਾਂ ਕਿਹਾ ਕਿ ਜਦ ਸੰਘ ਕਹਿੰਦਾ ਹੈ ਕਿ ਹਿੰਦੁਸਤਾਨ ਇਕ 'ਹਿੰਦੂ ਰਾਸ਼ਟਰ' ਹੈ, ਇਸ ਦੇ ਮਨ ਵਿਚ ਕੋਈ ਸਿਆਸੀ ਜਾਂ ਤਾਕਤ ਉਤੇ ਕੇਂਦਰਤ ਸੰਕਲਪ ਨਹੀਂ ਹੁੰਦਾ। ਭਾਗਵਤ ਨੇ ਕਿਹਾ ਕਿ ਅਸੀਂ ਸਿੱਧੇ ਤੌਰ ਉਤੇ ਮੁਲਕ ਦੀ ਸ਼ਖਸੀਅਤ ਨੂੰ ਹਿੰਦੂ ਇਸ ਲਈ ਗਰਦਾਨ ਰਹੇ ਹਾਂ ਕਿਉਂਕਿ ਸਾਡੀਆਂ ਸਾਰੀਆਂ ਸਭਿਆਚਾਰਕ ਤੇ ਸਮਾਜੀ ਰਵਾਇਤਾਂ ਇਸ ਦੇ ਸਿਧਾਂਤਾਂ ਤੋਂ ਹੀ ਸੇਧ ਲੈਂਦੀਆਂ ਹਨ। ਆਰ.ਐਸ.ਐਸ. ਮੁਖੀ ਨੇ ਕਿਹਾ ਕਿ ਹਿੰਦੂਤਵ ਸ਼ਬਦ ਨੂੰ 'ਤੋੜ-ਮਰੋੜ' ਲਿਆ ਗਿਆ ਹੈ। ਇਸ ਨਾਲ ਕਰਮਕਾਂਡ (ਵਿਧੀ-ਵਿਧਾਨ) ਸੰਕੇਤਕ ਤੌਰ 'ਤੇ ਜੋੜ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੰਘ ਇਸ ਸ਼ਬਦ ਦੀ ਵਰਤੋਂ ਮੌਕੇ ਇਸ ਗਲਤਫਹਿਮੀ ਵਲ ਸੰਕੇਤ ਨਹੀਂ ਕਰਦਾ। ਭਾਗਵਤ ਨੇ ਕਿਹਾ



'ਸਾਡੇ ਲਈ, ਇਹ ਉਹ ਸ਼ਬਦ ਹੈ ਜਿਸ ਰਾਹੀਂ ਪਛਾਣ ਨੂੰ ਦਰਸਾਇਆ ਗਿਆ ਹੈ, ਇਸ ਦੇ ਨਾਲ ਹੀ ਰੂਹਾਨੀਅਤ ਨਾਲ ਜੁੜੀਆਂ ਰਵਾਇਤਾਂ ਹਨ ਜਿਨ੍ਹਾਂ ਦੀ ਨਿਰੰਤਰਤਾ ਨੂੰ ਪ੍ਰਗਟ ਕੀਤਾ ਜਾਂਦਾ ਹੈ ਅਤੇ ਭਾਰਤ ਦੀ ਧਰਤੀ 'ਚ ਪੈਦਾ ਹੋਈਆਂ ਸਮੁੱਚੀਆਂ ਕਦਰਾਂ-ਕੀਮਤਾਂ ਦਾ ਸਰਮਾਇਆ ਵੀ ਹੈ ਜਿਸ ਨੂੰ ਪ੍ਰਤੱਖ ਕੀਤਾ ਗਿਆ ਹੈ।'

ਇਸ ਲਈ ਸੰਘ ਮੰਨਦਾ ਹੈ ਕਿ ਇਹ ਸ਼ਬਦ ਭਾਰਤ ਦੀ ਸਾਰੀ 130 ਕਰੋੜ ਦੀ ਆਬਾਦੀ ਉਤੇ ਲਾਗੂ ਹੁੰਦਾ ਹੈ। ਉਨ੍ਹਾਂ ਸਾਰਿਆਂ 'ਤੇ ਜੋ ਖੁਦ ਨੂੰ ਭਾਰਤਵਰਸ਼ ਦੇ ਧੀਆਂ ਤੇ ਪੁੱਤਰ ਮੰਨਦੇ ਹਨ। ਭਾਗਵਤ ਨੇ ਕਿਹਾ ਕਿ ਉਹ ਸਾਰੇ ਜੋ ਆਪਣੇ ਵੱਡੇ-ਵਡੇਰਿਆਂ ਦੀ ਵਿਰਾਸਤ ਉਤੇ ਮਾਣ ਕਰਦੇ ਹਨ, ਉਨ੍ਹਾਂ ਸਾਰਿਆਂ ਉਤੇ ਹਿੰਦੂਤਵ ਸ਼ਬਦ ਢੁੱਕਦਾ ਹੈ। ਆਰ.ਐਸ.ਐਸ. ਮੁਖੀ ਨੇ ਕਿਹਾ ਕਿ ਇਸ ਸ਼ਬਦ ਦੇ ਅਸਲ ਮਤਲਬ ਤੋਂ ਅਣਜਾਣ ਰਹਿਣ ਨਾਲ ਦੇਸ਼ ਤੇ ਸਮਾਜ ਨੂੰ ਏਕੇ ਵਿਚ ਬੰਨ੍ਹਣ ਵਾਲੇ ਧਾਗੇ ਕਮਜ਼ੋਰ ਪੈਂਦੇ ਹਨ ਕਿਉਂਕਿ ਦੇਸ਼-ਸਮਾਜ ਨੂੰ ਵੰਡਣ ਵਾਲੇ ਪਹਿਲਾਂ ਇਸੇ ਸ਼ਬਦ ਨੂੰ ਨਿਸ਼ਾਨਾ ਬਣਾ ਕੇ ਫਿਰਕਿਆਂ 'ਚ ਤਕਰਾਰ ਖੜ੍ਹਾ ਕਰਦੇ ਹਨ। ਉਨ੍ਹਾਂ ਕਿਹਾ ਕਿ ਵਿਭਿੰਨਤਾ ਨੂੰ ਹਿੰਦੂ ਦਰਸ਼ਨ ਸ਼ਾਸਤਰ ਵਿਚ ਸਵੀਕਾਰ ਕਰ ਕੇ ਸਨਮਾਨ ਦਿੱਤਾ ਗਿਆ ਹੈ। ਆਨਲਾਈਨ ਪ੍ਰਸਾਰਿਤ ਭਾਸ਼ਣ ਵਿਚ ਭਾਗਵਤ ਨੇ ਕਿਹਾ 'ਹਿੰਦੂ ਕਿਸੇ ਡੇਰੇ ਜਾਂ ਪੰਥ ਦਾ ਨਾਂ ਨਹੀਂ ਹੈ, ਨਾ ਇਹ ਕਿਸੇ ਸੂਬਾਈ ਦਾਇਰੇ ਵਿਚ ਬੱਝਿਆ ਹੈ, ਨਾ ਇਹ ਕਿਸੇ ਇਕ ਜਾਤੀ ਜਾਂ ਖਾਸ ਭਾਸ਼ਾ ਬੋਲਣ ਵਾਲੇ ਦਾ ਹੱਕ ਹੈ।'

## ਕੀ ਭਾਗਵਤ ਨੂੰ ਪਤਾ ਹੈ?: ਰਾਹੁਲ

**ਨਵੀਂ ਦਿੱਲੀ:** ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਵਲੋਂ ਭਾਰਤ ਨੂੰ ਚੀਨ ਤੋਂ ਤਾਕਤਵਰ ਹੋਣ ਦੇ ਬਿਆਨ ਉਤੇ ਪ੍ਰਤੀਕਿਰਿਆ ਦਿੰਦੇ ਹੋਏ ਕਿ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਸੰਘ ਸੁਪਰੀਮੋ ਇਸ ਤੱਥ ਨੂੰ ਜਾਣਦੇ ਹਨ ਕਿ ਕਮਿਊਨਿਸਟ ਦੇਸ਼ ਨੇ ਭਾਰਤੀ ਧਰਤੀ 'ਤੇ ਕਬਜ਼ਾ ਕਰ ਲਿਆ ਹੈ ਪਰ ਉਹ ਇਸ ਸੱਚਾਈ ਦਾ ਸਾਹਮਣਾ ਕਰਨ ਤੋਂ ਡਰ ਰਹੇ ਹਨ। ਕਾਂਗਰਸ ਨੇਤਾ ਨੇ ਟਵੀਟ ਕਰਦਿਆਂ ਕਿਹਾ, 'ਸ੍ਰੀ ਭਾਗਵਤ ਸੱਚ ਨੂੰ ਜਾਣਦੇ ਹਨ ਪਰ ਉਹ ਇਸ ਦਾ ਸਾਹਮਣਾ ਕਰਨ ਤੋਂ ਡਰਦੇ ਹਨ। ਸੱਚਾਈ ਇਹ ਹੈ ਕਿ ਚੀਨ ਨੇ ਸਾਡੀ ਧਰਤੀ 'ਤੇ ਕਬਜ਼ਾ ਕੀਤਾ ਹੋਇਆ ਹੈ। ਇਹ ਕਬਜ਼ਾ ਭਾਰਤ ਦੀ ਸਰਕਾਰ ਅਤੇ ਆਰ.ਐਸ.ਐਸ. ਇਹ ਸਭ ਹੋਣ ਦਿੱਤਾ।'

# ਪ੍ਰਧਾਨ ਮੰਤਰੀ ਫਸਲ ਬੀਮਾ ਸਕੀਮ ਨੇ ਕਾਰਪੋਰੇਟ ਘਰਾਣਿਆਂ ਦੇ ਘਰ ਭਰੇ

## ਫਸਲੀ ਨੁਕਸਾਨ ਝੱਲਣ ਵਾਲੇ ਕਿਸਾਨਾਂ ਦੇ ਹੱਥ ਖਾਲੀ



**ਚੰਡੀਗੜ੍ਹ:** ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਨਾਲ ਪ੍ਰਾਈਵੇਟ ਬੀਮਾ ਕੰਪਨੀਆਂ ਨੇ ਮੋਟੀ ਕਮਾਈ ਕੀਤੀ ਹੈ ਪਰ ਫਸਲੀ ਨੁਕਸਾਨ ਝੱਲਣ ਵਾਲੇ ਕਿਸਾਨਾਂ ਦੇ ਹੱਥ ਖਾਲੀ ਹਨ। ਦੇਸ਼ ਭਰ ਦੇ 27 ਸੂਬਿਆਂ ਵਿਚ ਇਹ ਫਸਲ ਬੀਮਾ ਯੋਜਨਾ ਲਾਗੂ ਹੈ, ਪੰਜਾਬ ਨੇ ਇਸ ਸਕੀਮ ਨੂੰ ਘਾਟੇ ਦਾ ਸੌਦਾ ਮੰਨਿਆ ਹੈ। ਕੇਂਦਰੀ ਖੇਤੀ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਵਿਚ 11 ਬੀਮਾ ਕੰਪਨੀਆਂ ਸੇਵਾਵਾਂ ਦੇ ਰਹੀਆਂ ਹਨ। ਇਨ੍ਹਾਂ ਵਲੋਂ ਸਾਲ 2016-17 ਤੋਂ 2019-20 ਦੇ ਚਾਰ ਵਰ੍ਹਿਆਂ ਦੌਰਾਨ 28,068 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਇਸ ਵਿਚੋਂ ਚਾਰ ਸਾਲਾਂ ਵਿਚ ਰਿਲਾਇੰਸ ਜਨਰਲ ਬੀਮਾ ਕੰਪਨੀ ਵਲੋਂ ਸੱਤ ਸੂਬਿਆਂ ਵਿਚੋਂ 4068 ਕਰੋੜ ਰੁਪਏ ਦਾ ਮੁਨਾਫਾ ਖੱਟਿਆ ਗਿਆ ਹੈ।

ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ 18 ਫਰਵਰੀ 2016 ਨੂੰ 'ਵਨ ਨੇਸ਼ਨ ਵਨ ਸਕੀਮ' ਤਹਿਤ ਲਾਗੂ ਕੀਤਾ ਗਿਆ ਸੀ। 27 ਸੂਬਿਆਂ ਵਿਚ ਲਾਗੂ ਇਸ ਸਕੀਮ ਤਹਿਤ ਤਕਰੀਬਨ ਸਾਰੀਆਂ ਫਸਲਾਂ ਨੂੰ ਕਵਰ ਕੀਤਾ ਗਿਆ ਹੈ। ਇਨ੍ਹਾਂ ਵਲੋਂ ਕਿਸਾਨਾਂ ਨੂੰ ਜਦੋਂ ਫਸਲੀ ਕਰਜ਼ਾ ਦਿੱਤਾ ਜਾਂਦਾ ਹੈ ਤੇ ਉਸ ਨਾਲ ਹੀ ਕਿਸਾਨਾਂ ਤੋਂ ਬੀਮਾ ਸਕੀਮ ਦਾ ਪ੍ਰੀਮੀਅਮ ਕੱਟ ਲਿਆ ਜਾਂਦਾ ਹੈ।

ਕੇਂਦਰੀ ਕੈਬਨਿਟ ਵਲੋਂ ਹੁਣ 19 ਫਰਵਰੀ 2020 ਤੋਂ ਇਹ ਫਸਲੀ ਬੀਮਾ ਯੋਜਨਾ ਸਵੈ-ਇੱਛੁਕ ਕਰ ਦਿੱਤੀ ਹੈ। ਵੇਰਵਿਆਂ ਅਨੁਸਾਰ ਦੇਸ਼ ਵਿਚ 5.75 ਕਰੋੜ ਕਿਸਾਨਾਂ ਦਾ 5.24 ਕਰੋੜ ਹੈਕਟੇਅਰ ਰਕਬਾ ਕਵਰ ਕੀਤਾ ਗਿਆ ਹੈ। ਇਸ ਸਕੀਮ ਤਹਿਤ ਸਾਲ 2018-19 ਦੌਰਾਨ 2.08 ਕਰੋੜ ਕਿਸਾਨਾਂ ਨੂੰ ਲਾਭ ਮਿਲਿਆ ਸੀ। ਕਿਸਾਨਾਂ ਦਾ ਸ਼ਿਕਵਾ ਹੈ ਕਿ ਫਸਲ ਦੇ ਖਰਾਬੇ ਮਗਰੋਂ ਉਨ੍ਹਾਂ ਨੂੰ ਸਮੇਂ ਸਿਰ ਤੇ ਪੂਰਾ ਮੁਆਵਜ਼ਾ ਨਹੀਂ ਮਿਲਦਾ ਹੈ।

ਪੰਜਾਬ ਸਰਕਾਰ ਨੇ ਤਿੰਨ ਸਾਲ ਪਹਿਲਾਂ ਇਹ ਸਕੀਮ ਇਹ ਆਖ ਕੇ ਰੱਦ ਕਰ ਦਿੱਤੀ ਸੀ ਕਿ ਰਾਜ ਸਰਕਾਰ ਖੁਦ ਕਾਰਪੋਰੇਸ਼ਨ ਬਣਾ ਕੇ ਸਕੀਮ ਲਾਗੂ ਕਰੇਗੀ। ਖੇਤੀ ਮੰਤਰਾਲੇ ਦੇ ਤੱਥਾਂ ਅਨੁਸਾਰ ਪ੍ਰਾਈਵੇਟ ਬੀਮਾ ਕੰਪਨੀਆਂ ਨੇ ਸਾਲ 2019-20 ਵਿਚ 17,877 ਕਰੋੜ, ਸਾਲ 2018-19 ਵਿਚ 2608 ਕਰੋੜ, ਸਾਲ 2017-18 ਵਿਚ 2591 ਕਰੋੜ ਅਤੇ ਸਾਲ 2016-17 ਵਿਚ 4912 ਕਰੋੜ ਰੁਪਏ ਕਮਾਏ ਹਨ। ਇਨ੍ਹਾਂ ਚਾਰੋਂ ਵਰ੍ਹਿਆਂ ਵਿਚ ਕਿਸਾਨਾਂ ਨੇ 17,450 ਕਰੋੜ ਰੁਪਏ ਆਪਣੀ ਹਿੱਸੇਦਾਰੀ ਵਜੋਂ ਪ੍ਰੀਮੀਅਮ ਭਰਿਆ ਹੈ ਜਦੋਂਕਿ ਕੇਂਦਰ ਸਰਕਾਰ ਨੇ 44,144 ਕਰੋੜ ਅਤੇ ਰਾਜ ਸਰਕਾਰਾਂ ਨੇ 45,843 ਕਰੋੜ ਰੁਪਏ ਪ੍ਰੀਮੀਅਮ ਵਜੋਂ ਭਰੇ ਹਨ। ਕੁੱਲ ਮਿਲਾ ਕੇ ਇਨ੍ਹਾਂ ਚਾਰਾਂ ਸਾਲਾਂ ਵਿਚ 1,07,441 ਕਰੋੜ ਰੁਪਏ ਬੀਮਾ ਕੰਪਨੀਆਂ ਨੂੰ ਪ੍ਰੀਮੀਅਮ ਵਜੋਂ ਤਾਰੇ ਗਏ ਹਨ। ਇਨ੍ਹਾਂ 'ਚੋਂ ਕਿਸਾਨਾਂ ਨੂੰ ਨੁਕਸਾਨੀ ਫਸਲ ਦਾ 79,369 ਕਰੋੜ ਰੁਪਏ ਮੁਆਵਜ਼ਾ ਮਿਲਿਆ ਹੈ।

ਰਿਲਾਇੰਸ ਜਨਰਲ ਬੀਮਾ ਕੰਪਨੀ ਨੇ ਸਾਲ 2019-20 'ਚ 2045 ਕਰੋੜ, 2018-19 ਵਿਚ 487 ਕਰੋੜ, 2017-18 ਵਿਚ 585 ਕਰੋੜ ਤੇ 2016-17 ਵਿਚ 951 ਕਰੋੜ ਰੁਪਏ ਕਮਾਏ ਹਨ। ਪੰਜਾਬ ਸਰਕਾਰ ਨੇ ਇਸ ਸਕੀਮ ਵਲ ਮੁੜ ਕਦੇ ਗੌਰ ਨਹੀਂ ਕੀਤੀ। ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਦਾ ਇਹ ਮਾੜਾ ਪੱਖ ਹੈ ਕਿ ਇਸ ਸਕੀਮ ਤਹਿਤ ਬਲਾਕ ਨੂੰ ਇਕਾਈ ਮੰਨਿਆ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਇਕ ਬਲਾਕ ਦੇ ਪੂਰੇ ਪਿੰਡਾਂ ਵਿਚ ਖਰਾਬਾ ਹੋਣ ਦੀ ਸੂਰਤ ਵਿਚ ਹੀ ਮੁਆਵਜ਼ਾ ਮਿਲਦਾ ਹੈ। ਜੇ ਕੁਝ ਪਿੰਡਾਂ ਵਿਚ ਹੀ ਫਸਲ ਕੁਦਰਤੀ ਆਫਤ ਦੀ ਭੇਟ ਚੜ੍ਹਦੀ ਹੈ ਤਾਂ ਬੀਮਾ ਕੰਪਨੀਆਂ ਮੁਆਵਜ਼ਾ ਰਕਮ ਨਹੀਂ ਦਿੰਦੀਆਂ ਹਨ। ਮਾਹਿਰਾਂ ਅਨੁਸਾਰ ਪਿੰਡ ਨੂੰ ਇਕਾਈ ਮੰਨਿਆ ਜਾਵੇ ਜਾਂ ਫਿਰ ਖਰਾਬੇ ਦੇ ਲਿਹਾਜ ਨਾਲ ਮੁਆਵਜ਼ਾ ਦਿੱਤਾ ਜਾਵੇ।

# ਅਮਰੀਕਾ ਤੋਂ ਡਿਪੋਰਟ ਕੀਤੇ 69 ਭਾਰਤੀ ਵਾਪਸ ਵਤਨ ਪੁੱਜੇ

**ਰਾਜਾਸਾਂਸੀ:** ਅਮਰੀਕਾ ਤੋਂ ਡਿਪੋਰਟ ਕੀਤੇ 69 ਭਾਰਤੀ ਵਾਪਸ ਵਤਨ ਪੁੱਜੇ ਹਨ। ਇਹ ਨੌਜਵਾਨ ਕਰਜ਼ਾ ਚੁੱਕ ਅਮਰੀਕਾ ਗਏ ਪਰ ਉਥੋਂ ਦੀ ਪੁਲਿਸ ਦੇ ਹੱਥੇ ਚੜ੍ਹ ਗਏ। ਲੰਮਾ ਸਮਾਂ ਜੇਲ੍ਹ ਕੱਟਣ ਪਿਛੋਂ 69 ਭਾਰਤੀ ਅਮਰੀਕਾ ਤੋਂ ਸਿੱਧੀ ਆਈ ਇਕ ਵਿਸ਼ੇਸ਼ ਉਡਾਣ ਰਾਹੀਂ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਪੁੱਜੇ।

ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਜੌੜੇ ਛੱਤਰਾਂ ਦੇ ਵਾਸੀ ਹਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਅਮਰਬੀਰ ਸਿੰਘ (20) 12ਵੀਂ ਪਾਸ ਕਰਨ ਉਪਰੰਤ ਤਕਰੀਬਨ ਦੋ ਕੁ ਵਰ੍ਹੇ ਪਹਿਲਾਂ 50 ਲੱਖ ਰੁਪਏ ਸੋਹੀਆਂ ਕਲਾਂ ਮਜੀਠਾ ਦੇ ਇਕ ਏਜੰਟ ਰਾਹੀਂ ਅਮਰੀਕਾ ਵਲ ਰਵਾਨਾ ਹੋਇਆ ਸੀ।

ਅਮਰਬੀਰ ਮੈਕਸੀਕੋ ਦੀ ਸਰਹੱਦ ਰਾਹੀਂ ਅਮਰੀਕਾ 'ਚ ਦਾਖਲ ਹੋਇਆ ਸੀ ਅਤੇ ਜਾਂਦਾ ਹੀ ਉਹ ਪੁਲਿਸ ਦੇ ਢਾਹੇ ਚੜ੍ਹ ਗਿਆ। ਕੁਝ ਨੌਜਵਾਨਾਂ ਨੇ ਦੱਸਿਆ ਕਿ ਸਫਰ ਦੌਰਾਨ ਉਨ੍ਹਾਂ ਨੂੰ ਹੱਥਕੜੀਆਂ ਤੇ ਬੇੜੀਆਂ ਲਗਾ ਕੇ ਲਿਆਂਦਾ ਗਿਆ। ਉਨ੍ਹਾਂ ਵਲੋਂ ਪਾਏ ਬੂਟਾਂ ਦੇ ਤਸਮੇ ਤੱਕ ਕੱਢ ਦਿੱਤੇ ਗਏ ਅਤੇ ਇਹੀ ਹਾਲ ਉਨ੍ਹਾਂ ਨਾਲ ਆਈਆਂ ਔਰਤਾਂ ਨਾਲ ਵੀ ਕੀਤਾ ਗਿਆ ਹੈ।



ਅਮਰੀਕਾ ਤੋਂ ਡਿਪੋਰਟ ਹੋ ਕੇ ਆਉਣ ਵਾਲੇ ਵਿਅਕਤੀਆਂ 'ਚ ਰਮਨਪ੍ਰੀਤ ਸੰਧੂ, ਅਮਰਬੀਰ ਸਿੰਘ, ਅੰਮ੍ਰਿਤਪਾਲ ਸਿੰਘ, ਦਿਲਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਹਰਜੀਤ ਸਿੰਘ, ਹਰਪ੍ਰੀਤ ਸਿੰਘ, ਜਗਮੀਤ ਸਿੰਘ, ਜਸਦੀਪ ਸਿੰਘ, ਕੰਵਲਦੀਪ ਸਿੰਘ, ਕੁਲਦੀਪ ਸਿੰਘ, ਮੇਜਰ ਸਿੰਘ, ਕੁਲਦੀਪ ਸਿੰਘ, ਮਨਜਿੰਦਰ ਸਿੰਘ, ਮਨਮਿੰਦਰ ਸਿੰਘ, ਨਰਿੰਦਰ ਸਿੰਘ, ਪਰਵਿੰਦਰ ਸਿੰਘ, ਰਵਿੰਦਰ ਸਿੰਘ, ਸਹਿਜਪਾਲ ਸਿੰਘ, ਸਰਪ੍ਰੀਤ ਸਿੰਘ, ਸਤਵਿੰਦਰ ਸਿੰਘ, ਸੁਖਦੀਪ ਸਿੰਘ, ਸੁਪਨੀਤ ਸਿੰਘ, ਸੁਰਿੰਦਰ ਸਿੰਘ, ਸੁਰਿੰਦਰ ਸਿੰਘ, ਵਿਕਰਮ ਸਿੰਘ, ਵਿਪਨਜੀਤ ਸਿੰਘ, ਅਕਸ਼ੇ ਸਿੰਘ, ਸਹਿਜਦੀਪ ਸਿੰਘ, ਜਤਵਿੰਦਰ ਸਿੰਘ, ਕਾਲੀ ਸੰਨਟੋਕੇ, ਸਚਿਨ ਕੁਮਾਰ, ਵਿੱਕੀ, ਹਰਜੀਤ ਕੌਰ, ਸਰਬਜੀਤ ਕੌਰ, ਹੀਤ ਪਟੇਲ, ਪਰਾਗਨਾ ਪਟੇਲ, ਮਹੇਸ਼ ਪਟੇਲ, ਅੰਕੁਸ਼, ਸਾਇਮਾਲਾ ਗੱਟੂ, ਸੇਜਲ ਪਟੇਲ, ਅਨੀਤਾਬੇਨ ਪਟੇਲ, ਦਿਨੇਸ਼ ਬਲਵਾਨ, ਮਨੋਜ ਭੰਡਾਰੀ, ਧਰੁਵ ਚੌਧਰੀ, ਅਰਹਿਤ ਦਾਸ ਗੁਪਤਾ, ਗੁਰਚਰਨ ਦਾਸ, ਲਵਪ੍ਰੀਤ ਦਾਸ, ਸੁਸ਼ੀਲ ਧੁੱਲ, ਸੰਤੋਸ਼, ਅਕਸ਼ੇ ਕੁਮਾਰ, ਕਿ?ਸ਼ਨ ਕੁਮਾਰ, ਮੁਕਲ ਕੁਮਾਰ, ਨੀਰਜ ਕੁਮਾਰ, ਰੋਹਿਤ ਕੁਮਾਰ, ਰਵੀ ਕੁਮਾਰ, ਸ਼ਾਹਿਲ, ਮਨਦੀਪ, ਰੋਹਿਤ ਮਨਹਾਸ, ਸਾਹਜਾਦ ਮਨਹਾਸ, ਤਪੱਸਵੀ, ਟਿੰਕੂ ਨਰਵਾਲ, ਗਿਰੀਸ਼, ਗੋਵਿੰਦ ਪੱਪੂ, ਅਮਿਤ ਕੁਮਾਰ ਪਟੇਲ, ਜਤਿੰਦਰ ਕੁਮਾਰ ਪਟੇਲ, ਰਾਕੇਸ਼ ਕੁਮਾਰ ਪਟੇਲ ਤੇ ਸਚਿਨ ਆਦਿ ਸ਼ਾਮਲ ਹਨ।

## ਐਚ-1ਬੀ ਪੇਸ਼ੇਵਰਾਂ ਨੂੰ ਆਰਜ਼ੀ ਵੀਜ਼ਾ ਨਾ ਦੇਣ ਦੀ ਤਜਵੀਜ਼

**ਵਾਸ਼ਿੰਗਟਨ:** ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਐਚ1ਬੀ ਹੁਨਰਮੰਦ ਪੇਸ਼ੇਵਰਾਂ ਨੂੰ ਆਰਜ਼ੀ ਕਾਰੋਬਾਰੀ ਵੀਜ਼ਾ ਨਾ ਜਾਰੀ ਕਰਨ ਦੀ ਤਜਵੀਜ਼ ਪੇਸ਼ ਕੀਤੀ ਹੈ। ਇਸ ਵੀਜ਼ੇ ਤਹਿਤ ਕਈ ਕੰਪਨੀਆਂ ਆਪਣੇ ਤਕਨੀਕੀ ਮਾਹਿਰਾਂ ਨੂੰ ਘੱਟ ਮਿਆਦ ਲਈ ਅਮਰੀਕਾ 'ਚ ਰਹਿ ਕੇ ਆਪਣੀ ਨੌਕਰੀ ਪੂਰੀ ਕਰਨ ਲਈ ਭੇਜਦੀਆਂ ਹਨ। ਅਮਰੀਕਾ ਸਰਕਾਰ ਦੇ ਇਸ ਕਦਮ ਨਾਲ ਵੱਡੀ ਗਿਣਤੀ 'ਚ ਭਾਰਤੀ ਪ੍ਰਭਾਵਿਤ ਹੋਣਗੇ। ਜੇਕਰ ਇਹ ਤਜਵੀਜ਼ ਪ੍ਰਵਾਨ ਹੋ ਜਾਂਦੀ ਹੈ ਤਾਂ ਇਹ ਭਰਮ ਖਤਮ ਹੋ ਜਾਵੇਗਾ ਕਿ 'ਐਚ ਨੀਤੀ ਦੀ ਥਾਂ ਬੀ-1 ਵੀਜ਼ਾ' ਦੀ ਮਦਦ ਨਾਲ ਵਿਦੇਸ਼ੀ ਪੇਸ਼ੇਵਰਾਂ ਨੂੰ ਅਮਰੀਕਾ 'ਚ ਦਾਖਲ ਹੋਣ ਦਾ ਰਾਹ ਮਿਲ ਸਕਦਾ ਹੈ। ਵਿਦੇਸ਼ ਵਿਭਾਗ ਨੇ ਕਿਹਾ ਕਿ ਇਹ ਕਦਮ ਅਮਰੀਕੀ ਕਾਮਿਆਂ ਦੀਆਂ ਨੌਕਰੀਆਂ ਸੁਰੱਖਿਅਤ ਕਰਨ ਲਈ ਚੁੱਕਿਆ ਜਾ ਰਿਹਾ ਹੈ। ਟਰੰਪ ਪ੍ਰਸ਼ਾਸਨ ਨੇ 3 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਕੁਝ ਦਿਨ ਪਹਿਲਾਂ ਹੀ ਇਸ ਬਾਰੇ ਜਨਤਕ ਐਲਾਨ ਕੀਤਾ ਹੈ।

## ਸ੍ਰੀ ਦਰਬਾਰ ਸਾਹਿਬ ਦੀ ਮੀਨਾਕਾਰੀ ਦੀ ਸੰਭਾਲ ਨਿਸ਼ਕਾਮ ਸੇਵਕ ਜਥੇ ਨੂੰ ਸੌਂਪੀ


**ਅੰਮ੍ਰਿਤਸਰ:** ਦਰਬਾਰ ਸਾਹਿਬ ਵਿਚ ਹੋਈ ਮੀਨਾਕਾਰੀ ਦੀ ਸੰਭਾਲ ਅਤੇ ਹੋਰ ਕਾਰਜਾਂ ਦੀ ਕਾਰ ਸੇਵਾ ਸ਼੍ਰੋਮਣੀ ਕਮੇਟੀ ਵਲੋਂ ਬਾਬਾ ਮਹਿੰਦਰ ਸਿੰਘ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਵਾਲਿਆਂ ਨੂੰ ਸੌਂਪੀ ਗਈ ਹੈ। ਇਸ ਸਬੰਧੀ ਵਫਦ ਵਲੋਂ ਦੌਰਾ ਵੀ ਕੀਤਾ ਗਿਆ ਹੈ। ਇਹ ਸੇਵਾ ਸੌਂਪਣ ਦਾ ਫੈਸਲਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵਲੋਂ ਕੀਤਾ ਗਿਆ ਹੈ।



ਇਸ ਸਬੰਧੀ ਜਥੇ ਦੇ ਭਾਰਤੀ ਪ੍ਰਤੀਨਿਧ ਭਾਈ ਇੰਦਰਜੀਤ ਸਿੰਘ, ਪ੍ਰੋਫੈਸਰ ਆਈ.ਆਈ.ਟੀ. ਰੁੜਕੀ ਡਾ. ਭੁਪਿੰਦਰ ਸਿੰਘ ਅਤੇ ਇੰਜੀਨੀਅਰ ਡਾ. ਕਾਇਜ਼ਾਕ ਨੇ ਦੌਰਾ ਕਰ ਕੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਅਤੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਵੀ ਕੀਤਾ। ਇੰਦਰਜੀਤ ਸਿੰਘ ਨੇ ਦੱਸਿਆ ਕਿ ਇਹ ਮੀਨਾਕਾਰੀ ਅਦਭੁਤ ਹੈ ਅਤੇ ਇਸ ਦੀ ਸੇਵਾ ਸੰਭਾਲ ਸਿੱਖ ਰਵਾਇਤ ਅਨੁਸਾਰ ਕੀਤੀ ਜਾਵੇਗੀ।

# ਗੈਰਕਾਨੂੰਨੀ ਨਾਲ ਰਹਿ ਰਹੇ ਭਾਰਤੀ ਵਿਦਿਆਰਥੀ ਗ੍ਰਿਫਤਾਰ

**ਵਾਸ਼ਿੰਗਟਨ:** ਅਮਰੀਕਾ ਦੀਆਂ ਫੈਡਰਲ ਕਾਨੂੰਨੀ ਵਿਵਸਥਾ ਏਜੰਸੀਆਂ ਵਲੋਂ ਦੇਸ਼ ਵਿਚ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ 15 ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਵਿਚੋਂ 11 ਵਿਦਿਆਰਥੀ ਭਾਰਤੀ ਹਨ। ਵਿਦਿਆਰਥੀਆਂ ਨੂੰ ਬੋਸਟਨ, ਵਾਸ਼ਿੰਗਟਨ, ਹਿਊਸਟਨ, ਨੇਵਾਰਕ, ਨੈਸ਼ਵਿਲੇ, ਪਿਟਸਬਰਗ, ਹੈਰਿਸਬਰਗ ਆਦਿ 'ਚੋਂ ਵੱਖ-ਵੱਖ ਥਾਵਾਂ ਤੋਂ ਕਾਬੂ ਕੀਤਾ ਗਿਆ ਹੈ। ਅਮਰੀਕਾ ਦੇ ਇਮੀਗ੍ਰੇਸ਼ਨ ਅਤੇ ਕਸਟਮਜ਼ ਵਿਭਾਗ ਨੇ 11 ਭਾਰਤੀ ਨਾਗਰਿਕਾਂ ਸਣੇ ਦੋ ਲਿਬੀਅਨ, ਇਕ ਸੇਨੇਗਲੀਜ਼ ਅਤੇ ਇਕ ਬੰਗਲਾਦੇਸ਼ੀ ਨਾਗਰਿਕ ਨੂੰ ਕਾਬੂ ਕੀਤਾ ਹੈ। ਇਨ੍ਹਾਂ ਵਿਚ ਦੋ ਲਿਬੀਅਨ, ਇਕ-ਇਕ ਸੇਨੇਗਲੀ ਤੇ ਬੰਗਲਾਦੇਸ਼ੀ ਵਿਦਿਆਰਥੀ ਵੀ ਸ਼ਾਮਲ ਹਨ। ਅਧਿਕਾਰੀਆਂ ਮੁਤਾਬਕ ਇਨ੍ਹਾਂ ਵਿਦਿਆਰਥੀਆਂ ਨੂੰ ਆਪਟੀਕਲ ਇਲਿਊਜ਼ਨ ਮੁਹਿੰਮ ਤਹਿਤ ਗ੍ਰਿਫਤਾਰ ਕੀਤਾ ਹੈ। ਇਸ ਮੁਹਿੰਮ ਤਹਿਤ ਉਨ੍ਹਾਂ ਗੈਰ ਪਰਵਾਸੀ ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ, ਜੋ ਆਪਟੀਕਲ ਪ੍ਰੈਕਟੀਕਲ ਟਰੇਨਿੰਗ (ਓ.ਪੀ.ਟੀ.) ਪ੍ਰੋਗਰਾਮ ਦਾ ਇਸਤੇਮਾਲ ਕਰਕੇ ਅਮਰੀਕਾ ਵਿਚ ਰਹੀ ਜਾਂਦੇ ਹਨ।



ਇਹ ਪ੍ਰੋਗਰਾਮ ਗੈਰ-ਪਰਵਾਸੀ ਵਿਦਿਆਰਥੀਆਂ ਨੂੰ ਅਮਰੀਕਾ ਵਿਚ ਆਪਣੀ ਪੜ੍ਹਾਈ ਨਾਲ ਸਬੰਧਤ ਅਹੁਦਿਆਂ ਉਤੇ ਇਕ ਸਾਲ ਲਈ ਕੰਮ ਕਰਨ ਦੀ ਆਗਿਆ ਦਿੰਦਾ ਹੈ ਅਤੇ ਜੇਕਰ ਵਿਦਿਆਰਥੀ ਸਟੈੱਮ ਆਪਸ਼ਨਲ ਪ੍ਰੈਕਟੀਕਲ ਟਰੇਨਿੰਗ ਵਿਚ ਹਿੱਸਾ ਲੈਂਦਾ ਹੈ ਤਾਂ ਉਸ ਨੂੰ 24 ਮਹੀਨੇ ਹੋਰ ਕੰਮ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਅਧਿਕਾਰੀਆਂ ਅਨੁਸਾਰ ਇਨ੍ਹਾਂ ਵਿਦਿਆਰਥੀਆਂ ਨੇ ਅਜਿਹੀਆਂ ਕੰਪਨੀਆਂ ਵਿਚ ਕੰਮ ਕਰਦੇ ਹੋਣ ਦਾ ਹਵਾਲਾ ਦਿੱਤਾ ਹੈ, ਜੋ ਮੌਜੂਦ ਹੀ ਨਹੀਂ ਹਨ।

## ਭਾਰਤੀ-ਅਮਰੀਕੀ ਨੂੰ 188 ਮਹੀਨੇ ਕੈਦ

**ਵਾਸ਼ਿੰਗਟਨ:** ਕੈਲੀਫੋਰਨੀਆ ਦੇ ਭਾਰਤੀ-ਅਮਰੀਕੀ ਵਿਅਕਤੀ ਨੂੰ ਬੰਧੂਆ ਮਜ਼ਦੂਰੀ ਦੇ ਦੋਸ਼ ਹੇਠ 188 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ ਅਤੇ ਤਿੰਨਾਂ ਪੀੜਤਾਂ ਨੂੰ ਉਨ੍ਹਾਂ ਦੇ ਵੇਤਨ ਅਤੇ ਹੋਰ ਨੁਕਸਾਨਾਂ ਕਾਰਨ ਮੁਆਵਜ਼ੇ ਵਜੋਂ 16,657 ਅਮਰੀਕੀ ਡਾਲਰ ਅਦਾ ਕਰਨ ਦਾ ਹੁਕਮ ਸੁਣਾਇਆ ਗਿਆ ਹੈ। ਅਮਰੀਕਾ ਦੇ ਨਿਆਂ ਵਿਭਾਗ ਨੇ ਇਹ ਫੈਸਲਾ ਸੁਣਾਇਆ। ਕੇਸ ਅਨੁਸਾਰ 46 ਵਰ੍ਹਿਆਂ ਦਾ ਸਤੀਸ਼ ਕਾਰਤਨ ਅਤੇ ਉਸ ਦੀ ਪਤਨੀ ਸ੍ਰਮਿਸ਼ਠਾ ਬਰਾਈ (40) ਜਬਰੀ ਮਜ਼ਦੂਰ ਰੱਖਣ ਦੀ ਸਾਜ਼ਿਸ਼ ਘੜਨ ਅਤੇ ਦੋ ਵਾਰ ਮਜ਼ਦੂਰਾਂ ਨੂੰ ਬੰਧੂਆ ਬਣਾ ਕੇ ਰੱਖਣ ਦੇ ਦੋਸ਼ੀ ਪਾਏ ਗਏ ਹਨ।

# ਪੰਜਾਬ 'ਚ ਵਾਤਾਵਰਨ ਸੁਧਾਰ ਪ੍ਰੋਗਰਾਮ ਦਾ ਦੂਜਾ ਪੜਾਅ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 700 ਕਰੋੜ ਰੁਪਏ ਦੇ ਪ੍ਰੋਜੈਕਟਾਂ ਦੇ ਵਰਚੁਅਲ ਢੰਗ ਨਾਲ ਨੀਂਹ ਪੱਥਰ ਰੱਖ ਕੇ 11,000 ਕਰੋੜ ਰੁਪਏ ਦੀ ਲਾਗਤ ਵਾਲੇ ਸ਼ਹਿਰੀ ਵਾਤਾਵਰਨ ਸੁਧਾਰ ਪ੍ਰੋਗਰਾਮ (ਯੂ.ਈ.ਆਈ.ਪੀ) ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ। ਇਸ ਦੇ ਨਾਲ ਹੀ ਸ਼ਹਿਰੀ ਖੇਤਰਾਂ ਵਿਚ ਆਰਥਿਕ ਸਰਗਰਮੀਆਂ ਨੂੰ ਹੁੰਗਾਰਾ ਦੇਣ ਲਈ ਬਕਾਇਆ ਵੈਟ ਮੁਲਾਂਕਣਾਂ ਲਈ ਇੱਕਮੁਸ਼ਤ ਨਿਪਟਾਰੇ ਦੀ ਨੀਤੀ ਦਾ ਐਲਾਨ ਕੀਤਾ ਹੈ।

ਮੁੱਖ ਮੰਤਰੀ ਨੇ ਸਮੂਹ ਕਸਬਿਆਂ ਦੀ ਸਾਫ-ਸਫਾਈ ਯਕੀਨੀ ਬਣਾਉਣ ਉਤੇ ਜ਼ੋਰ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਸਾਰੇ ਸ਼ਹਿਰਾਂ ਨੂੰ ਘਰੇਲੂ ਠੋਸ ਰਹਿੰਦ-ਖੂੰਹਦ ਨੂੰ ਵੱਖਰਾ ਕਰਨ ਲਈ ਵੀ ਕਿਹਾ। ਉਨ੍ਹਾਂ ਨੇ ਭਾਰਤ ਸਰਕਾਰ ਵਲੋਂ ਕਰਵਾਏ ਗਏ ਸਫਾਈ ਸਰਵੇਖਣ ਵਿਚ ਵਧੀਆ ਕਾਰਗੁਜ਼ਾਰੀ ਦਿਖਾਉਣ ਲਈ ਨਵਾਂਸ਼ਹਿਰ ਦੀ ਸ਼ਲਾਘਾ ਵੀ ਕੀਤੀ ਹੈ।




ਮੁੱਖ ਮੰਤਰੀ ਕਿਹਾ ਕਿ ਸੂਬਾ ਸਰਕਾਰ ਨੇ ਵਿੱਤੀ ਮੁਸ਼ਕਲਾਂ ਦੇ ਬਾਵਜੂਦ ਕੋਵਿਡ ਦੌਰਾਨ ਇਨ੍ਹਾਂ ਪ੍ਰੋਜੈਕਟਾਂ ਲਈ ਵਿੱਤੀ ਸਾਧਨ ਜੁਟਾਉਣ ਵਿਚ ਸਫਲਤਾ ਹਾਸਲ ਕੀਤੀ ਹੈ। ਕੈਪਟਨ ਨੇ ਅੱਗੇ ਦੱਸਿਆ ਕਿ ਅਹਿਮ ਪ੍ਰੋਜੈਕਟਾਂ ਵਿਚ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿਚ ਨਹਿਰੀ ਪਾਣੀ ਦੀ ਸਪਲਾਈ ਸ਼ਾਮਲ ਹੈ ਅਤੇ ਜਲੰਧਰ ਵਿਚ ਇਹ ਕੰਮ ਅੱਜ ਤੋਂ ਸ਼ੁਰੂ ਹੋ ਰਿਹਾ ਹੈ। ਮੁੱਖ ਮੰਤਰੀ ਮੁਤਾਬਕ 4000 ਕਰੋੜ ਰੁਪਏ ਨਾਲ ਸੂਬੇ ਵਿਚ ਜਲ ਸਪਲਾਈ ਤੇ ਸੀਵਰੇਜ ਦੇ ਕੰਮ ਕਰਵਾਏ ਜਾ ਰਹੇ ਹਨ ਅਤੇ ਸੂਬਾ ਸਰਕਾਰ ਵਲੋਂ ਲੁਧਿਆਣਾ ਦੇ ਬੁੱਢੇ ਨਾਲੇ ਦੀ ਸਫਾਈ ਦਾ ਕੰਮ ਵੀ ਛੇਤੀ ਸ਼ੁਰੂ ਕੀਤਾ ਜਾਵੇਗਾ। ਕੇਂਦਰ ਸਰਕਾਰ ਵਲੋਂ ਕਰਵਾਏ ਗਏ ਸਵੱਛ ਸਰਵੇਖਣ-2020 ਵਿਚ ਪੰਜਾਬ ਨੂੰ ਉਤਰੀ ਜ਼ੋਨ ਪੱਖੋਂ ਪਹਿਲਾ ਸਥਾਨ ਮਿਲਿਆ ਹੈ। ਮੁੱਖ ਮੰਤਰੀ ਨੇ ਸਥਾਨਕ ਸਰਕਾਰ ਵਿਭਾਗ ਦੇ ਅਫਸਰਾਂ ਅਤੇ ਅਮਲੇ ਨੂੰ ਵਧਾਈ ਦਿੱਤੀ।

## ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਸਬੰਧੀ ਕਮੇਟੀ ਕਾਇਮ

**ਨਵੀਂ ਦਿੱਲੀ:** ਸ੍ਰੀ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਸਬੰਧੀ ਧਾਰਮਿਕ ਸਮਾਗਮਾਂ ਬਾਰੇ ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਉੱਚ ਪੱਧਰੀ ਕਮੇਟੀ ਬਣਾਈ ਹੈ।

ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਰੱਖਿਆ ਮੰਤਰੀ ਰਾਜਨਾਥ ਸਿੰਘ, ਲੋਕ ਸਭਾ ਦੇ ਸਪੀਕਰ ਓਮ ਬਿਰਲਾ ਸਮੇਤ 70 ਮੈਂਬਰੀ ਇਹ ਕਮੇਟੀ ਇਨ੍ਹਾਂ ਧਾਰਮਿਕ ਸਮਾਗਮਾਂ ਲਈ ਨੀਤੀ, ਯੋਜਨਾ ਤੇ ਪ੍ਰੋਗਰਾਮਾਂ ਦੀ ਤਰੀਕ ਸਬੰਧੀ ਯੋਜਨਾ ਉਲੀਕੇਗੀ। ਅਜੈ ਕੁਮਾਰ ਭੱਲਾ ਇਸ ਕਮੇਟੀ ਦੇ ਮੈਂਬਰ ਸਕੱਤਰ ਹੋਣਗੇ।

# ਕੇਂਦਰ ਦੀ ਨੀਤੀ ਅਤੇ ਪੰਜਾਬ ਦੀ ਰਾਜਨੀਤੀ ਦੇ ਪਾਹਰੂ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਦੇਸ਼ ਦਾ ਸਭ ਤੋਂ ਤਾਕਤਵਰ ਸਿਆਸੀ ਅਹੁਦਾ ਸੰਭਾਲਣ ਤੋਂ ਪਹਿਲਾਂ ਇਹ ਕਿਹਾ ਸੀ, 'ਅੱਛੇ ਦਿਨ ਆਨੇ ਵਾਲੇ ਹੈਂ।' ਉਸ ਦੇ ਇਸ ਨਾਅਰੇ ਨੂੰ ਸੁਣ ਕੇ ਆਮ ਲੋਕ ਵੀ ਨੱਚਣ ਲੱਗੇ ਸਨ, ਪਰ ਉਹ ਇਹ ਨਹੀਂ ਸਨ ਜਾਣਦੇ ਕਿ 'ਅੱਛੇ ਦਿਨ' ਆਉਣ ਵਾਲੇ ਹਨ, ਬੱਸ ਆਮ ਲੋਕਾਂ ਲਈ ਨਹੀਂ ਆਉਣੇ, ਵੱਡੇ ਪੂੰਜੀਪਤੀਆਂ ਲਈ ਆਉਣ ਵਾਲੇ ਹਨ। ਗੁਜਰਾਤ ਦੇ ਦੋ ਵੱਡੇ ਪੂੰਜੀਪਤੀਆਂ ਲਈ ਅੱਛੇ ਦਿਨ ਆਏ ਸਾਫ ਦਿੱਸਦੇ ਹਨ। ਉਹ ਜਿਹੜੇ ਵੀ ਪਾਸੇ ਵੱਲ ਨਜ਼ਰ ਘੁੰਮਾਉਂਦੇ ਹਨ, ਮਾਇਆ ਪੈਰਾਂ ਵਿਚ ਵਿਛਦੀ ਜਾਂਦੀ ਹੈ ਤੇ ਉਨ੍ਹਾਂ ਦੀ ਮਾਰ ਭਾਰਤ ਤੋਂ ਪਾਰ ਕੁਝ ਹੋਰਨਾਂ ਦੇਸ਼ਾਂ ਤੱਕ ਵੀ ਹੋਣ ਲੱਗੀ ਹੈ। ਆਸਟਰੇਲੀਆ ਦੇ ਲੋਕ ਇਨ੍ਹਾਂ ਵਿਚੋਂ ਇੱਕ ਜਣੇ ਦੀ ਮਾਰ ਦਾ ਰਾਹ ਰੋਕਣ ਲਈ ਮੁਜਾਹਰੇ ਕਰਦੇ ਅਤੇ ਅਦਾਲਤੀ ਪੇਸ਼ੀਆਂ ਭੁਗਤਦੇ ਨਜ਼ਰ ਆਉਂਦੇ ਹਨ, ਦੂਜਾ ਭਾਰਤ ਦੇ ਲਗਭਗ ਹਰ ਸੂਬੇ ਵਿਚ ਆਮ ਲੋਕਾਂ ਦੇ ਖੀਸੇ ਖਾਲੀ ਕਰਨ ਲੱਗਾ ਪਿਆ ਹੈ। ਉਨ੍ਹਾਂ ਦੀ ਹਰ ਸਕੀਮ ਵਿਚ ਦਿੱਸਦਾ ਕੁਝ ਹੋਰ ਤੇ ਲੁਕਿਆ ਕੁਝ ਹੋਰ ਨਿਕਲਦਾ ਹੈ।

ਇਸ ਵਾਰੀ 'ਅੱਛੇ ਦਿਨ' ਵਾਲੀ ਸੋਚਣੀ ਦੀ ਮਾਰ ਹੇਠ ਪੰਜਾਬ ਆਇਆ ਹੈ। ਆਇਆ ਹਰਿਆਣਾ ਵੀ ਹੈ ਤੇ ਉਸ ਦੇ ਕੁਝ ਕੁ ਲੋਕ ਲੜ ਰਹੇ ਹਨ, ਬਾਕੀ ਅਜੇ ਵੀ ਪ੍ਰਧਾਨ ਮੰਤਰੀ ਦੇ 'ਅੱਛੇ ਦਿਨ' ਵਾਲਾ ਊਠ ਦਾ ਬੁੱਲ੍ਹ ਲਮਕਦਾ ਵਿੰਹਦੇ ਤੇ ਖੁਸ਼ ਹੋਈ ਜਾਂਦੇ ਹਨ। ਜਿਹੜੀ ਮਾਰ ਪੰਜਾਬ ਨੂੰ ਪੈਣ ਵਾਲੀ ਹੈ, ਉਹ ਇਸ ਦੀ ਖੇਤੀ ਦਾ ਨਾਸ ਕਰ ਸਕਦੀ ਹੈ। ਕੇਂਦਰ ਦੀ ਸਰਕਾਰ ਨੇ ਤਿੰਨ ਬਿੱਲ ਪਾਸ ਕੀਤੇ ਅਤੇ ਕਿਹਾ ਹੈ ਕਿ ਇਸ ਨਾਲ ਕਿਸਾਨਾਂ ਦਾ ਭਲਾ ਹੋਵੇਗਾ, ਪਰ ਇਨ੍ਹਾਂ ਬਿੱਲਾਂ ਨਾਲ ਹੀ ਅਸਲ ਵਿਚ ਕਿਸਾਨਾਂ ਦਾ ਰਗੜਾ ਕੱਢਿਆ ਜਾਣਾ ਹੈ ਅਤੇ ਨਤੀਜੇ ਵਜੋਂ ਪੰਜਾਬ ਦਾ ਕਿਸਾਨ ਬਿਹਾਰ ਤੇ ਉੱਤਰ ਪ੍ਰਦੇਸ਼ ਵਾਲੇ ਕਿਸਾਨਾਂ ਦੀ ਹਾਲਤ ਵਿਚ ਪਹੁੰਚ ਜਾਵੇਗਾ। ਉੱਤਰ ਪ੍ਰਦੇਸ਼ ਤੇ ਬਿਹਾਰ ਦਾ ਕਿਸਾਨ ਸਾਡੇ ਪੰਜਾਬ ਵਿਚ ਆਪਣੇ ਨਾਲੋਂ ਘੱਟ ਜ਼ਮੀਨ ਵਾਲੇ ਕਿਸਾਨ ਦੇ ਡੰਗਰਾਂ ਨੂੰ ਸੰਭਾਲਣ ਦਾ ਕੰਮ ਇਸ ਲਈ ਕਰੀ ਜਾਂਦਾ ਹੈ ਕਿ ਉਥੋਂ ਦੀਆਂ ਸਰਕਾਰਾਂ ਨੇ ਕਿਸਾਨੀ ਕਿੱਤੇ ਨੂੰ ਗੁਜ਼ਾਰੇ ਜੋਗਾ ਨਹੀਂ ਸੀ ਰਹਿਣ ਦਿੱਤਾ ਤੇ ਗੁਜ਼ਾਰਾ ਕਰਨ ਲਈ ਦੂਸਰੇ ਰਾਜ ਵਿਚ ਜਾਣਾ ਪੈਂਦਾ ਹੈ। ਪੰਜਾਬ ਵਿਚ ਕਿਸਾਨ ਅਜੇ ਤੱਕ ਔਖਾ-ਸੌਖਾ ਆਪਣੀ ਕਹੀ ਜਾਣ ਵਾਲੀ ਖੇਤੀ ਆਸਰੇ ਦਿਨ-ਕਟੀ ਕਰੀ ਜਾਂਦਾ ਸੀ, ਕੇਂਦਰ ਵੱਲੋਂ ਤਾਜ਼ਾ ਪਾਸ ਕੀਤੇ ਬਿੱਲਾਂ ਨੇ ਉਸ ਨੂੰ ਇਸ ਲਾਇਕ ਨਹੀਂ ਛੱਡਣਾ ਕਿ ਉਹ ਜ਼ਮੀਨ ਦੀ ਮਾਲਕੀ ਦਾ ਮਾਣ ਵੀ ਕਰ ਸਕੇ।

ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਦੇ ਕਿਸਾਨਾਂ ਦੀ ਹਾਲਤ ਅਤੇ ਉਨ੍ਹਾਂ ਦਾ ਸੰਘਰਸ਼ ਵੇਖ ਕੇ ਪੰਜਾਬ ਦੀ ਰਾਜਨੀਤੀ ਇਸ ਵਾਰੀ ਵਿਧਾਨ ਸਭਾ ਵਿਚ ਇੱਕ-ਸੁਰ ਹੋ ਕੇ ਬੋਲੀ ਹੈ ਅਤੇ ਚੰਗਾ ਹੋਇਆ ਹੈ, ਪਰ ਇੱਕ-ਸੁਰਤਾ ਸਿਰਫ ਨਰਿੰਦਰ ਮੋਦੀ ਸਰਕਾਰ ਦੇ ਤਿੰਨ ਬਿੱਲਾਂ ਦੇ ਵਿਰੋਧ ਤੱਕ ਹੀ ਸੀਮਤ ਹੈ। ਕੇਂਦਰ ਦੇ ਕਿਸਾਨ-ਮਾਰੂ ਬਿੱਲਾਂ ਦੇ ਮੁਕਾਬਲੇ ਲਈ ਕਦਮ ਕਿਹੜਾ ਚੁੱਕਣਾ ਚਾਹੀਦਾ ਹੈ, ਇਸ ਬਾਰੇ ਸਹਿਮਤੀ ਨਹੀਂ ਅਤੇ ਸਪੱਸ਼ਟਤਾ ਵੀ ਨਹੀਂ। ਰਾਜ ਸਰਕਾਰ ਨੇ ਕੇਂਦਰ ਦੇ ਬਿੱਲਾਂ ਦਾ ਰਾਹ ਰੋਕਣ ਲਈ ਆਪਣੇ ਤਿੰਨ ਬਿੱਲ ਲੈ ਆਂਦੇ ਤੇ ਇਹ ਪਾਸ ਵੀ ਹੋ ਗਏ, ਪਰ ਇਨ੍ਹਾਂ ਬਿੱਲਾਂ ਨਾਲ ਵੀ ਸਿਰਫ ਵਕਤੀ ਅੜਿੱਕਾ ਲਾਇਆ ਜਾ ਸਕਦਾ ਹੈ, ਕੇਂਦਰ ਦੀ ਸੋਚ ਦਾ ਰਾਹ ਨਹੀਂ ਰੋਕਿਆ ਜਾ ਸਕਦਾ। ਪੰਜਾਬ ਸਰਕਾਰ ਇਹ ਕਹਿੰਦੀ ਹੈ ਕਿ ਘੱਟੋ-ਘੱਟ ਖਰੀਦ ਕੀਮਤ (ਐੱਮ. ਐੱਸ. ਪੀ.) ਤੋਂ ਘੱਟ ਮੁੱਲ ਉੱਤੇ ਕਿਸੇ ਨੂੰ ਫਸਲ ਨਹੀਂ ਖਰੀਦਣ ਦੇਣੀ, ਪਰ ਖਰੀਦ ਏਜੰਸੀਆਂ ਅਤੇ ਪ੍ਰਾਈਵੇਟ ਵਪਾਰੀਆਂ ਨੇ ਜੇ ਉਸ ਕੀਮਤ ਉੱਤੇ ਖਰੀਦਣ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਨੂੰ ਮਜਬੂਰ ਨਹੀਂ ਕੀਤਾ ਜਾ ਸਕੇਗਾ। ਕਿਸਾਨ ਆਪ ਉਨ੍ਹਾਂ ਦਾ ਤਰਲਾ ਲਵੇਗਾ ਕਿ ਤੁਸੀਂ ਲੱਗੇ ਭਾਅ ਉੱਤੇ ਖਰੀਦ ਲਵੋ ਅਤੇ ਕਾਗਜ਼ਾਂ ਵਿਚ ਪੂਰੀ ਕੀਮਤ ਲਿਖ ਕੇ ਮੇਰੇ ਬੈਂਕ ਖਾਤੇ ਵਿਚ ਪਾ ਕੇ ਲੱਗੇ ਭਾਅ ਨਾਲੋਂ ਵੱਧ ਵਾਲੇ ਪੈਸੇ ਮੇਰੇ ਤੋਂ ਨਕਦ ਲੈ ਲਵੋ। ਇਸ ਤਰ੍ਹਾਂ ਇੱਕ ਨਵੀਂ ਕਾਲਾ-ਬਾਜ਼ਾਰੀ ਚੱਲ ਪਵੇਗੀ। ਉਂਜ ਜੇ ਅਗਲੇ ਸਾਲ ਕੇਂਦਰ ਸਰਕਾਰ ਨੇ ਘੱਟੋ-ਘੱਟ ਖਰੀਦ ਕੀਮਤ ਦਾ ਐਲਾਨ ਨਾ ਕੀਤਾ ਤਾਂ ਰਾਜ ਸਰਕਾਰ ਉਸ ਨੂੰ ਵੀ ਮਜਬੂਰ ਨਹੀਂ ਕਰ ਸਕੇਗੀ। ਵਿਰੋਧੀ ਪਾਰਟੀਆਂ ਦੇ ਆਗੂ ਇਹ ਕਹਿੰਦੇ ਹਨ ਕਿ ਉਸ ਸੂਰਤ ਵਿਚ ਸਾਰੀ ਫਸਲ ਐੱਮ. ਐੱਸ. ਪੀ. ਵਾਲੇ ਹਿਸਾਬ ਨਾਲ ਰਾਜ ਸਰਕਾਰ ਖਰੀਦ ਕਰੇ ਤਾਂ ਇਹ ਕਿਸਾਨ ਲਈ ਲਾਹੇਵੰਦਾ ਹੋ ਸਕਦਾ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਏਨੀ ਫਸਲ ਖਰੀਦਣ ਲਈ ਘੱਟੋ-ਘੱਟ ਤੀਹ-ਚਾਲੀ ਹਜ਼ਾਰ ਕਰੋੜ ਰੁਪਏ ਚਾਹੀਦੇ ਹਨ, ਏਨੇ ਪੰਜਾਬ ਸਰਕਾਰ ਕੋਲ ਨਹੀਂ ਹੋ ਸਕਦੇ। ਜੇ ਪੰਜਾਬ ਸਰਕਾਰ ਕਿਤੋਂ ਏਨੇ ਪੈਸੇ ਫੜ ਕੇ ਵੀ ਕਿਸਾਨ ਦੀ ਸਾਰੀ ਫਸਲ ਐੱਮ. ਐੱਸ. ਪੀ. ਵਾਲੇ ਹਿਸਾਬ ਨਾਲ ਖਰੀਦ ਲਵੇ ਤਾਂ ਉਹ ਫਸਲ ਪੰਜਾਬ ਦੇ ਲੋਕਾਂ ਨੇ ਨਹੀਂ ਵਰਤ ਲੈਣੀ, ਦੂਸਰੇ ਰਾਜਾਂ ਦੇ ਲੋਕਾਂ ਨੂੰ ਵੇਚਣੀ ਪੈਣੀ ਹੈ ਅਤੇ ਜੇ ਕੇਂਦਰ ਦੇ ਹਾਕਮਾਂ ਨੇ ਆਪਣੀ ਪਾਰਟੀ ਦੀਆਂ ਸਰਕਾਰਾਂ ਨੂੰ ਖਰੀਦਣ ਤੋਂ ਰੋਕ ਦਿੱਤਾ ਤਾਂ ਇਹ ਗੱਲ ਵੀ ਨਹੀਂ ਬਣ ਸਕਣੀ। ਉਹ ਇਹ ਵੀ ਕਹਿ ਸਕਦੇ ਹਨ ਕਿ ਸੰਸਾਰ ਮੰਡੀ ਵਿਚ ਕਣਕ ਤੇ ਚੌਲ ਸਸਤੇ ਮਿਲਦੇ ਹਨ, ਅਸੀਂ ਪੰਜਾਬ ਤੋਂ ਮਹਿੰਗੇ ਨਹੀਂ ਖਰੀਦਣੇ ਤੇ ਇਸ ਨਾਲ ਪੰਜਾਬ ਸਰਕਾਰ ਦੀ ਖਰੀਦੀ ਫਸਲ ਨਾਲ ਇੱਕ ਸਾਲ ਭਰੇ ਗੋਦਾਮ ਅਗਲੇ ਸਾਲ ਤੱਕ ਖਾਲੀ ਨਹੀਂ ਹੋਣੇ ਤੇ ਖਰੀਦਣ ਲਈ ਖਰਚ ਕੀਤੇ ਉਧਾਰ ਦੇ ਪੈਸੇ ਦੀ ਕਿਸ਼ਤ ਵੀ ਨਹੀਂ ਮੁੜ ਸਕਣੀ। ਨਤੀਜੇ ਵਜੋਂ ਜਿਵੇਂ ਪਹਿਲਾਂ ਕਿਸਾਨ ਕਰਜ਼ਿਆਂ ਦੇ ਬੋਝ ਹੇਠ ਦੱਬੇ ਹੋਏ ਹਨ, ਉਸੇ ਤਰ੍ਹਾਂ ਪੰਜਾਬ ਸਰਕਾਰ ਦੱਬੀ ਜਾਵੇਗੀ ਅਤੇ ਜਿਵੇਂ ਕਿਸਾਨਾਂ ਦੇ ਘਰੀ ਬੈਂਕ ਦੇ ਅਫਸਰ ਗੇੜੇ ਮਾਰ ਕੇ ਤੰਗ ਕਰਦੇ ਹਨ, ਰਿਜ਼ਰਵ ਬੈਂਕ ਪੰਜਾਬ ਸਰਕਾਰ ਦੇ ਸਾਰੇ ਖਾਤੇ ਜਾਮ ਕਰ ਦੇਵੇਗੀ। ਇਸ ਨਾਲ ਪਹਿਲਾਂ ਹੀ ਕਰਜ਼ੇ ਹੇਠ ਦੱਬੇ ਪਏ ਇਸ ਰਾਜ ਲਈ ਕੇਂਦਰ ਸਰਕਾਰ ਦੀ ਈਨ ਮੰਨਣ ਬਿਨਾ ਕੋਈ ਹੋਰ ਰਾਹ ਨਹੀਂ ਰਹੇਗਾ।

ਸਾਡੇ ਕੋਲ ਪਿਛਲਾ ਤਜਰਬਾ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਦਾ ਹੈ, ਜਦੋਂ ਕੇਂਦਰ ਦੇ ਖੇਤੀ ਮੰਤਰੀ ਨੇ ਭਾਰਤੀ ਕਿਸਾਨਾਂ ਦਾ ਗੰਨਾ ਖਰੀਦਣ ਤੇ ਭਾਰਤੀ ਮਿੱਲਾਂ ਵਿਚ ਪਈ ਖੰਡ ਚੁੱਕਣ ਦੀ ਥਾਂ ਦੂਜੇ ਦੇਸ਼ਾਂ ਤੋਂ ਖਰੀਦ ਦੀ ਪੈਰਵੀ ਕੀਤੀ ਸੀ। ਉਸ ਦਾ ਕਹਿਣਾ ਸੀ ਕਿ ਸੰਸਾਰ ਮੰਡੀ ਵਿਚ ਸਸਤੀ ਖੰਡ ਮਿਲਦੀ ਹੈ, ਇਸ ਲਈ ਭਾਰਤੀ ਮਿੱਲਾਂ ਦੀ ਮਹਿੰਗੀ ਖੰਡ ਲੈਣ ਦੀ ਲੋੜ ਨਹੀਂ। ਕਣਕ ਤੇ ਚੌਲ ਵੀ ਸੰਸਾਰ ਮੰਡੀ ਵਿਚੋਂ ਸਸਤੇ ਮਿਲ ਸਕਦੇ ਹਨ ਤੇ ਕਈ ਹੋਰ ਵਸਤਾਂ ਵੀ ਸਸਤੀਆਂ ਮਿਲ ਸਕਦੀਆਂ ਹਨ। ਜਦੋਂ ਕਦੇ ਇਹੋ ਜਿਹੀ ਸਥਿਤੀ ਕਿਸੇ ਦੇਸ਼ ਵਿਚ ਬਣ ਜਾਵੇ ਤਾਂ ਉਥੋਂ ਦੀ ਸਰਕਾਰ ਆਪਣੇ ਲੋਕਾਂ ਨੂੰ ਇਸ ਦੀ ਮਾਰ ਤੋਂ ਬਚਾਉਣ ਲਈ ਕਦਮ ਚੁੱਕਦੀ ਹੈ, ਪਰ ਭਾਰਤ ਸਰਕਾਰ ਇਸ ਦੇਸ਼ ਦੇ ਲੋਕਾਂ ਨੂੰ ਮਾਰ ਤੋਂ ਬਚਾਉਣ ਅਤੇ ਉਨ੍ਹਾਂ ਨੂੰ ਜਿੰਦਾ ਰੱਖਣ ਦੀ ਥਾਂ ਥੈਲੀਆਂ ਵਾਲੇ ਅਮੀਰਾਂ ਦੀ ਸੌਖੀ ਕਮਾਈ ਵਾਸਤੇ ਉਨ੍ਹਾਂ ਵੱਲੋਂ ਦਿੱਤਾ ਗਿਆ ਹਰ ਨੁਸਖਾ ਅੱਖਾਂ ਮੀਟ ਕੇ ਵਰਤਣ ਲੱਗ ਪੈਂਦੀ ਹੈ। ਇਸ ਵਕਤ ਭਾਰਤ ਦੀ ਸਰਕਾਰ ਚਲਾ ਰਹੀ ਪਾਰਟੀ, ਉਸ ਪਾਰਟੀ ਦਾ ਮੋਹਰੀ ਆਗੂ ਤੇ ਉਸ ਨਾਲ ਖੜੀ ਲਾਬੀ ਇਹੋ ਕੁਝ ਕਰਦੀ ਪਈ ਹੈ। ਨਾਂ ਉਹ ਬੇਸ਼ੱਕ ਗਾਂਧੀ ਦਾ ਲੈਣ, ਪਰ ਇਹ ਗੱਲ ਭੁੱਲ ਜਾਂਦੇ ਹਨ ਕਿ ਗਾਂਧੀ ਨੇ ਹਰ ਹੱਥ ਦੇ ਕਰਨ ਲਈ ਕੰਮ ਕਰਨ ਦਾ ਮੌਕਾ ਕਾਇਮ ਰੱਖਣ ਵਾਸਤੇ ਘਰੇਲੂ ਉਦਯੋਗਾਂ ਦੀ ਨੀਤੀ ਦਾ ਹੋਕਾ ਦਿੱਤਾ ਸੀ ਤੇ ਚਰਖੇ ਦੀ ਤੰਦ ਵੀ ਫੋਟੋ ਖਿਚਵਾਉਣ ਵਾਸਤੇ ਨਹੀਂ, ਭਾਰਤੀ ਲੋਕਾਂ ਦੀ ਸਵੈ-ਨਿਰਭਰਤਾ ਕਾਇਮ ਰੱਖਣ ਵਾਸਤੇ ਪਾਈ ਸੀ। ਗਾਂਧੀ ਦੀ ਰਾਏ ਸੀ ਕਿ ਜੇ ਅੱਜ ਵਲੈਤੀ ਮਾਲ ਦੇ ਪਿੱਛੇ ਭੱਜਣਾ ਸ਼ੁਰੂ ਕੀਤਾ ਤੇ ਇਸ ਚੱਕਰ ਵਿਚ ਜਦੋਂ ਆਪਣੇ ਘਰਾਂ ਵਿਚ ਘੁੰਮਦੇ ਚਰਖੇ ਠੱਪੇ ਗਏ ਤਾਂ ਵਲੈਤੀ ਚੁੰਝਾਂ ਨੇ ਤੁਹਾਨੂੰ ਡੁੰਗ ਲੈਣਾ ਹੈ। ਉਸ ਦੀ ਵਿਚਾਰਧਾਰਾ ਅਤੇ ਰਾਜਨੀਤੀ ਨਾਲ ਲੱਖ ਮੱਤਭੇਦ ਹੋਣ ਦੇ ਬਾਵਜੂਦ ਇਹ ਗੱਲ ਮੰਨਣੀ ਪਵੇਗੀ ਕਿ ਅੱਜ ਦੀ ਤਰੀਕ ਵਿਚ ਵੀ ਉਹੀ ਗਾਂਧੀ ਦੀ ਸੋਚਣੀ ਵਾਲੀ ਸਵੈ-ਨਿਰਭਰਤਾ ਦੀ ਸਮਝ ਭਾਰਤੀ ਲੋਕਾਂ ਅਤੇ ਉਨ੍ਹਾਂ ਨਾਲ ਪੰਜਾਬ ਦੇ ਕਿਸਾਨਾਂ ਸਮੇਤ ਸਾਨੂੰ ਸਾਰਿਆਂ ਨੂੰ ਬਚਾ ਸਕਦੀ ਹੈ। ਜੋ ਰਾਹ ਮੋਦੀ ਸਰਕਾਰ ਨੇ ਫੜਿਆ ਹੈ, ਉਹ ਸਿਰੇ ਦਾ ਮਾਰੂ ਹੈ।

ਮਾੜੀ ਗੱਲ ਇਹ ਹੋਈ ਹੈ ਕਿ ਜਦੋਂ ਕੁਝ ਹੋਰ ਰਾਜਾਂ ਵਿਚ ਏਦਾਂ ਦੀ ਖੇਡ ਖੇਡੀ ਤੇ ਤਬਾਹੀ ਕੀਤੀ ਗਈ ਸੀ, ਉਦੋਂ ਪੰਜਾਬ ਦੇ ਲੋਕ ਨਹੀਂ ਸਨ ਬੋਲੇ। ਅੱਜ ਪੰਜਾਬ ਤੇ ਕੁਝ ਹੱਦ ਤੱਕ ਜਦੋਂ ਹਰਿਆਣਾ ਲੜ ਰਿਹਾ ਹੈ ਤਾਂ ਬਾਕੀ ਭਾਰਤੀ ਲੋਕ ਵੀ ਉਸੇ ਤਰ੍ਹਾਂ ਚੁੱਪ ਹਨ। ਇਕੱਲੇ-ਇਕੱਲੇ ਕਰ ਕੇ ਕਿਰਤੀ ਵਰਗਾਂ ਦਾ ਜਿਵੇਂ ਰਗੜਾ ਕੱਢਿਆ ਜਾ ਰਿਹਾ ਹੈ, ਉਸ ਵੱਲ ਲਾਪਰਵਾਹੀ ਸਾਰੇ ਦੇਸ਼ ਦੇ ਲੋਕਾਂ ਨੂੰ ਲੈ ਬੈਠੇਗੀ। ਇਸ ਵਰਤਾਰੇ ਨੂੰ ਰੋਕਣ ਬਿਨਾ ਹੋਰ ਕੋਈ ਚਾਰਾ ਨਹੀਂ। ਇਸ ਵਰਤਾਰੇ ਨੂੰ ਰੋਕਣ ਲਈ ਪੰਜਾਬ ਦੀ ਰਾਜਨੀਤੀ ਦੇ ਪਾਹਰੂਆਂ ਨੂੰ, ਉਹ ਕਿਸੇ ਵੀ ਪਾਰਟੀ ਜਾਂ ਕਿਸੇ ਵੀ ਧੜੇ ਵਿਚ ਬੈਠੇ ਹੋਣ, ਇਸ ਗੱਲ ਨੂੰ ਨੇੜਲੇ ਪ੍ਰਸੰਗ ਦੀ ਥਾਂ ਦੂਰ-ਦ੍ਰਿਸ਼ਟੀ ਨਾਲ ਸੋਚਣ ਅਤੇ ਕਦਮ ਚੁੱਕਣ ਦੀ ਲੋੜ ਹੈ।

# ਪੰਜਾਬੀ ਹੋਣ ਤੇ ਪੰਜਾਬ 'ਚ ਰਹਿਣ ਦਾ ਫਿਕਰ



ਜਿਹੜੇ ਲੋਕ ਵੀ ਪੰਜਾਬੀ ਹਨ ਤੇ ਪੰਜਾਬੀ ਹੋਣ ਅਤੇ ਪੰਜਾਬ ਦੇ ਰਹਿਣ ਸਹਿਣ ਨੂੰ ਕਾਦਰ ਤੇ ਕੁਦਰਤ ਦੀ ਵੱਡੀ ਨਿਆਮਤ ਸਮਝਦੇ ਹਨ, ਉਹ ਲੋਕ ਬੜੇ ਫਿਕਰ ਅਤੇ ਚਿੰਤਾ ਵਿਚ ਹਨ ਕਿ ਪੰਜਾਬ ਵਿਚ ਹੁੰਦੇ ਤੇ ਰਹਿੰਦੇ ਹੋਏ ਹੀ ਉਨ੍ਹਾਂ ਕੋਲੋਂ ਇਹ ਵੱਡੀ ਨਿਆਮਤ ਕਿਤੇ ਖੁੱਸ ਤਾਂ ਨਹੀਂ ਰਹੀ ਜਾਂ ਕਿਤੇ ਖੁੱਸ ਤਾਂ ਨਹੀਂ ਜਾਵੇਗੀ?

ਚਿੰਤਾ ਦਾ ਸਵਾਲ ਉੱਠਣਾ ਇਸ ਲਈ ਸੁਭਾਵਕ ਹੈ ਕਿ ਪੰਜਾਬੀਆਂ ਨੇ ਆਪਣਾ ਮੂੰਹ ਅਮਰੀਕਾ-ਕੈਨੇਡਾ ਤੇ ਹੋਰ ਮੁਲਕਾਂ ਵੱਲ ਕਰ ਲਿਆ ਹੈ। ਕਿਹੜਾ ਹੈ, ਜੋ ਨਹੀਂ ਚਾਹੁੰਦਾ ਕਿ ਜਿਵੇਂ ਕਿਵੇਂ ਵੀ ਪਹਿਲਾਂ ਉਹਦੇ ਬੱਚੇ ਕੈਨੇਡਾ ਚਲੇ ਜਾਣ ਤੇ ਫਿਰ ਉਨ੍ਹਾਂ ਦੇ ਮਗਰ ਖੁਦ ਬਾਹਰ ਨਿਕਲ ਜਾਵੇ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਇਹ ਸਵਾਲ ਅਤੇ ਫਿਕਰ ਕਿਸੇ ਧਾਰਮਿਕ ਪਛਾਣ ਨਾਲ ਸਬੰਧਤ ਨਹੀਂ ਹੈ। ਇਹ ਸਵਾਲ ਪੰਜਾਬ ਦੀ ਪ੍ਰਕ੍ਰਿਤਕ ਹੋਂਦ, ਕਿਰਦਾਰ ਅਤੇ ਪਛਾਣ ਦਾ ਹੈ। ਪੰਜਾਬੀਅਤ ਦੀ ਪਛਾਣ ਨਾ ਕਿਸੇ ਨੂੰ ਦੱਸੀ ਜਾ ਸਕਦੀ ਹੈ ਤੇ ਨਾ ਪੁੱਛੀ ਜਾ ਸਕਦੀ ਹੈ। ਫਿਰ ਇਹ ਹੈ ਕੀ?

ਦਰਅਸਲ, ਇਹ ਅਕੱਥ ਜਿਹੀ ਸ਼ੈਅ ਸਿਰਫ ਮਹਿਸੂਸ ਕੀਤੀ ਜਾ ਸਕਦੀ ਹੈ। ਇਹ ਸਾਡੇ ਸਾਹ ਹਨ, ਧਰਤੀ, ਪੌਣ-ਪਾਣੀ, ਆਬੋ-ਹਵਾ ਤੇ ਸਾਡਾ ਜੀਣ-ਮਰਨ ਹੈ। ਇਹ ਸਿਰਫ ਸਾਡੇ ਤੱਕ ਹੀ ਸੀਮਤ ਨਹੀਂ, ਸਗੋਂ ਸਾਡੇ ਪਸ਼ੂ-ਪੰਛੀ, ਕੁੱਤੇ-ਬਿੱਲੀਆਂ, ਰੁੱਖ, ਫੁੱਲ, ਫਲ, ਘਾਹ, ਨਦੀਆਂ, ਨਾਲੇ, ਚੋਅ, ਘਰ, ਵਿਹੜੇ, ਸਰਦਲ, ਦਰਵਾਜੇ, ਛੱਤਾਂ, ਖੱਲਾਂ-ਖੂੰਜੇ, ਖਿੜਕੀਆਂ, ਕੰਧਾਂ, ਕੋਠੀਆਂ, ਆਲੇ- ਕੌਲ਼ੇ, ਚੁੱਲ੍ਹੇ-ਚੌਂਕੇ, ਰਿੰਨ੍ਹਣ-ਪਕਾਉਣ, ਖਾਣ-ਪੀਣ, ਭਾਂਡੇ-ਟੀਂਡੇ, ਸਜਣ-ਫੱਬਣ, ਉੱਠਣ-ਬਹਿਣ, ਖਲੋਣ, ਪਹਿਨਣ-ਲਾਹੁਣ, ਭਾਉਣ, ਨਾਹੁਣ, ਸਾਉਣ, ਸੋਚ-ਵਿਚਾਰ, ਅਚਾਰ, ਰੋਣ-ਧੋਣ, ਚੁੱਪ ਤੇ ਬੋਲ ਆਦਿ ਸਾਰੇ ਕਾਸੇ ਵਿਚ ਹੈ।

ਬਾਹਰ ਨਿਕਲ ਗਏ ਜਾਂ ਨੱਠ ਗਏ ਪੰਜਾਬੀਆਂ ਨੂੰ ਨਹੀਂ ਪਤਾ ਕਿ ਉਨ੍ਹਾਂ ਦੇ ਬਾਹਰ ਨਿਕਲ ਜਾਣ ਕਾਰਨ ਪੰਜਾਬ ਵਿਚਾਰਾ ਹਰ ਰੋਜ ਛਿਣ ਛਿਣ ਕਰਕੇ ਇਸ ਤਰ੍ਹਾਂ ਘਟ ਰਿਹਾ ਹੈ, ਜਿਵੇਂ ਕਿਤੇ ਇਹਦੀ ਅਉਧ ਬੀਤ ਰਹੀ ਹੋਵੇ।

ਪੰਜਾਬ ਛੱਡ ਗਏ ਪੰਜਾਬੀਆਂ ਦੇ ਅੰਦਰ ਕੀ ਕੁਝ ਮਰ ਮੁੱਕ ਜਾਂਦਾ ਹੈ, ਸ਼ਾਇਦ ਉਨ੍ਹਾਂ ਨੂੰ ਉਮਰ ਭਰ ਇਲਮ ਨਹੀਂ ਹੁੰਦਾ। ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਲੱਗਦਾ ਹੈ ਕਿ ਉਹ ਜਾਣ ਸਮੇਂ ਇੱਧਰ ਰਹਿ ਗਏ ਆਪਣੇ ਸਕੇ-ਸੰਬੰਧੀਆਂ ਤੇ ਦੋਸਤ-ਮਿੱਤਰਾਂ ਵਿਚੋਂ ਕਿੰਨਾ ਕੁਝ ਮਾਰ ਜਾਂਦੇ ਹਨ। ਮਰ ਜਾਣਾ ਜਾਂ ਮਾਰ ਜਾਣਾ, ਝੜ ਜਾਣਾ ਜਾਂ ਝਾੜ ਜਾਣਾ ਇੱਕੋ ਗੱਲ ਹੈ।

ਇਹਦਾ ਅਰਥ ਇਹ ਨਹੀਂ ਕਿ ਜੇ ਪੰਜਾਬ ਪੰਜਾਬ ਨਾ ਰਿਹਾ ਤਾਂ ਇਹ ਕੁਝ ਵੀ ਨਹੀਂ ਰਹੇਗਾ, ਕਿਉਂਕਿ ਪ੍ਰਕਿਰਤੀ ਦਾ ਅਸੂਲ ਹੈ ਕਿ ਸੰਸਾਰ ਦੀ ਕੋਈ ਵੀ ਸ਼ੈਅ ਕਦੀ ਵੀ ਖਤਮ ਨਹੀਂ ਹੁੰਦੀ, ਸਿਰਫ ਆਪਣਾ ਰੂਪ ਬਦਲਦੀ ਹੈ।

ਸਾਡਾ ਲਗਾਉ ਕਿਸੇ ਚੀਜ਼ ਨਾਲ ਨਹੀਂ, ਉਹਦੇ ਰੂਪ ਨਾਲ ਹੀ ਹੁੰਦਾ ਹੈ। ਕਿਸੇ ਚੀਜ਼ ਦਾ ਰੂਪ ਬਦਲਣ ਨਾਲ ਹੀ ਸਾਡੇ ਮਨ ਵਿਚ ਹੇਰਵੇ ਦੇ ਭਾਵ ਪਣਪ ਪੈਂਦੇ ਹਨ। ਜਿਵੇਂ ਬੁੱਢੇ ਬਾਰੇ ਕੋਈ ਕਿਤੇ ਮਰ ਥੋੜ੍ਹੀ ਗਿਆ ਹੁੰਦਾ ਹੈ, ਪਰ ਹਰ ਕੋਈ ਆਪਣੇ ਜੁਆਨੀ ਵਾਲੇ ਰੂਪ ਨੂੰ ਚੇਤੇ ਕਰ ਕਰ ਝੂਰਦਾ ਰਹਿੰਦਾ ਹੈ। ਉਹ ਝੁਰੇਵਾਂ ਜੀਣ ਜਾਂ ਹੋਣ ਦਾ ਨਹੀਂ ਹੁੰਦਾ, ਸਗੋਂ ਉਸ ਰੂਪ ਦੇ ਨਾ ਰਹਿਣ ਜਾਂ ਬਦਲ ਜਾਣ ਦਾ ਹੁੰਦਾ ਹੈ।

ਇਹ ਬਦਲਾਉ ਵੀ ਕਈ ਤਰ੍ਹਾਂ ਦੇ ਹੁੰਦੇ ਹਨ। ਜਿਵੇਂ ਬਾਲਪਣ, ਜੁਆਨੀ ਤੇ ਬੁਢੇਪਾ ਆਦਿ ਪ੍ਰਕਿਰਤਕ ਬਦਲਾਉ ਹਨ, ਜਿਨ੍ਹਾਂ ਨੂੰ ਕੋਈ ਵੀ ਮਾਈ ਦਾ ਲਾਲ ਜਾਂ ਕੋਈ ਰਾਣੀ ਖਾਂ ਦਾ ਸਾਲਾ ਵੀ ਕਿਸੇ ਕੀਮਤ 'ਤੇ ਰੋਕ ਨਹੀਂ ਸਕਦਾ।

ਕਈ ਬਦਲਾਉ ਅਜਿਹੇ ਹਨ, ਜਿਹੜੇ ਕੁਦਰਤੀ ਨਹੀਂ, ਸਗੋਂ ਗੈਰ ਕੁਦਰਤੀ ਜਾਂ ਅਪ੍ਰਕਿਰਤਕ ਹੁੰਦੇ ਹਨ, ਜਿਨ੍ਹਾਂ ਦਾ ਹੇਰਵਾ ਕੁਦਰਤੀ ਬਦਲਾਉ ਦੀ ਨਿਸਬਤ ਵਧੇਰੇ ਹੁੰਦਾ ਹੈ, ਕਿਉਂਕਿ ਸਾਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਨੂੰ ਵੇਲੇ ਸਿਰ ਰੋਕਿਆ ਜਾ ਸਕਦਾ ਸੀ।

ਪਰ ਅਸੀਂ ਸਮਝਦਾਰੀ ਤੇ ਸੰਵੇਦਨਸ਼ੀਲਤਾ ਤੋਂ ਕੰਮ ਨਹੀਂ ਲਿਆ ਹੁੰਦਾ ਤੇ ਸਾਡੇ ਦੇਖਦੇ ਦੇਖਦੇ ਉਹ ਕੁਝ ਵਾਪਰ ਜਾਂਦਾ ਹੈ, ਜਿਹਦਾ ਖਿਆਲ ਤੱਕ ਸਾਨੂੰ ਚਿੰਤਾ ਦੀ ਖੱਡ ਵਿਚ ਸੁੱਟ ਦਿੰਦਾ ਹੈ।

ਅੱਜ ਕਲ ਅਜਿਹੀ ਹੀ ਚਿੰਤਾ ਦੀ ਖੱਡ, ਹੇਰਵੇ ਦੇ ਦਰਿਆ ਜਾਂ ਝੁਰੇਵਿਆਂ ਦੇ ਹੜ੍ਹ ਨੇ ਸੰਵੇਦਨਸ਼ੀਲ ਅਤੇ ਸੋਚਵਾਨ ਪੰਜਾਬੀ ਮਨ ਨੂੰ ਘੇਰਿਆ ਹੋਇਆ ਹੈ ਕਿ ਬਾਹਰਲੇ ਮੁਲਕਾਂ ਵਿਚ ਜਾ ਵਸੇ ਪੰਜਾਬੀ ਲੋਕ ਉਥੇ ਆਪਣੀ ਵਧ ਰਹੀ ਗਿਣਤੀ ਦੇਖ ਕੇ ਮਨੋ ਮਨੀ ਫੁੱਲੇ ਨਹੀਂ ਸਮਾਉਂਦੇ, ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਮੁਲਕ ਹੁਣ ਹੌਲੀ ਹੌਲੀ ਪੰਜਾਬ ਬਣਦੇ ਜਾ ਰਹੇ ਹਨ।

ਖੁਸ਼ ਹੋਣ ਵਾਲੇ ਉਨ੍ਹਾਂ ਪੰਜਾਬੀਆਂ ਨੂੰ ਇਹ ਨਹੀਂ ਪਤਾ ਕਿ ਉਹ ਕਿਸੇ ਇਕ ਮੁਲਕ ਵਿਚ ਨਹੀਂ ਜਾ ਰਹੇ, ਜਿਹਨੂੰ ਉਹ ਪੰਜਾਬ ਬਣਾ ਲੈਣਗੇ। ਇਹ ਉਨ੍ਹਾਂ ਦੀ ਗਲਤ ਫਹਿਮੀ ਹੈ ਕਿ ਉਹ ਵਿਸ਼ਵ ਦੇ ਤਮਾਮ ਮੁਲਕਾਂ ਨੂੰ ਪੰਜਾਬ ਬਣਾ ਲੈਣਗੇ ਤੇ ਉਨ੍ਹਾਂ ਮੁਲਕਾਂ ਵਿਚ ਵੀ ਉਹ ਪੰਜਾਬੀ ਹੋਣ ਅਤੇ ਰਹਿਣ ਦਾ ਗੌਰਵ ਤੇ ਲੁਤਫ ਲੈਂਦੇ ਰਹਿਣਗੇ। ਅਜਿਹਾ ਕਤਈ ਨਹੀਂ ਹੋ ਸਕਦਾ।

ਹੋਣਾ ਇਹ ਹੈ ਕਿ ਬਾਹਰਲੇ ਮੁਲਕਾਂ ਵਿਚ ਜਾ ਵੱਸਣ ਵਾਲੇ ਪੰਜਾਬੀ ਇਕ ਨਾ ਇਕ ਦਿਨ ਆਪਣੀ ਪਛਾਣ ਭੁੱਲ ਜਾਣਗੇ ਜਾਂ ਗੁਆ ਲੈਣਗੇ ਤੇ ਉਹ ਉਨ੍ਹਾਂ ਮੁਲਕਾਂ ਦੇ ਧਰਮਾਂ ਤੇ ਸੱਭਿਆਚਾਰਾਂ ਦੀ ਘਸੀ-ਪਿਟੀ ਜਿਹੀ ਨਕਲ ਬਣ ਕੇ ਰਹਿ ਜਾਣਗੇ। ਇਹ ਚਿੰਤਾ ਅਤੇ ਦੁੱਖ ਦੀ ਗੱਲ ਤਾਂ ਹੈ, ਪਰ ਐਡੀ ਨਹੀਂ; ਕਿਉਂਕਿ ਕਹਿੰਦੇ ਹਨ ਕਿ ਜੋ ਗਿਆ, ਸੋ ਗਿਆ। ਫਿਕਰ ਕਾਹਦਾ, ਚਿੰਤਾ ਕੈਸੀ!

ਵੱਡਾ ਫਿਕਰ ਅਤੇ ਚਿੰਤਾ ਇਸ ਗੱਲ ਦੀ ਹੈ ਕਿ ਪੰਜਾਬ ਵਿਚ ਰਹਿਣ ਵਾਲੇ ਸੋਚਵਾਨ ਤੇ ਸੰਵੇਦਨਸ਼ੀਲ ਲੋਕ ਵੀ ਆਪਣੇ ਪੰਜਾਬੀ ਹੋਣ ਦੇ ਗੌਰਵ ਅਤੇ ਲੁਤਫ ਤੋਂ ਹੱਥ ਧੋਹ ਲੈਣਗੇ। ਕਿਉਂਕਿ ਜਿਵੇਂ ਜਿਵੇਂ ਪੰਜਾਬ ਨੂੰ ਪੰਜਾਬੀ ਖਾਲੀ ਕਰਦੇ ਜਾ ਰਹੇ ਹਨ, ਉਵੇਂ ਉਵੇਂ ਪੰਜਾਬ ਨੂੰ ਕੋਈ ਭਰਦਾ ਵੀ ਜਾ ਰਿਹਾ ਹੈ।

ਦੇਖਣ ਵਾਲੀ ਗੱਲ ਹੈ ਕਿ ਪੰਜਾਬ ਨੂੰ ਖਾਲੀ ਕਰਨ ਵਾਲੇ ਲੋਕ ਕੌਣ ਹਨ ਤੇ ਇਹਨੂੰ ਭਰਨ ਵਾਲੇ ਲੋਕ ਕਿਹੜੇ ਹਨ। ਮੈਂ ਇਹ ਬਿਲਕੁਲ ਨਹੀਂ ਕਹਿ ਰਿਹਾ ਕਿ ਪੰਜਾਬ ਨੂੰ ਖਾਲੀ ਕਰਨ ਵਾਲੇ ਲੋਕ ਬਹੁਤ ਚੰਗੇ ਹਨ ਤੇ ਇਹਨੂੰ ਭਰਨ ਵਾਲੇ ਲੋਕ ਬਹੁਤ ਬੁਰੇ ਹਨ। ਮੇਰਾ ਮਤਲਬ ਅਤੇ ਫਿਕਰ ਸਿਰਫ ਇੰਨਾ ਹੈ ਕਿ ਪੰਜਾਬ ਨੂੰ ਖਾਲੀ ਕਰਕੇ ਵਿਦੇਸ਼ਾਂ ਵਿਚ ਜਾ ਵੱਸਣ ਵਾਲੇ ਲੋਕ ਪੰਜਾਬੀ ਹਨ, ਪਰ ਪੰਜਾਬ ਦੇ ਉਸ ਖਾਲੀਪਣ ਨੂੰ ਭਰਨ ਵਾਲੇ ਲੋਕ ਨਾ ਪੰਜਾਬੀ ਹਨ ਤੇ ਨਾ ਕਦੇ ਹੋਣਗੇ। ਇਹ ਜ਼ਰੂਰ ਹੋ ਸਕਦਾ ਹੈ ਕਿ ਉਨ੍ਹਾਂ ਦੀ ਦੇਖਾ ਦੇਖੀ ਅਤੇ ਲਾਗ ਨਾਲ ਇੱਥੇ ਰਹਿਣ ਵਾਲੇ ਸੰਵੇਦਨਸ਼ੀਲ ਅਤੇ ਸੋਚਵਾਨ ਪੰਜਾਬੀ ਵੀ ਇਕ ਨਾ ਇਕ ਦਿਨ ਪੰਜਾਬੀ ਨਹੀਂ ਰਹਿਣਗੇ।

ਪੰਜਾਬ ਦਾ ਸਿਰਫ ਨਾਂ ਹੀ ਪੰਜਾਬ ਰਹੇਗਾ, ਪਰ ਇਸ ਨਾਮਧਰੀਕ ਪੰਜਾਬ ਵਿਚ ਰਹਿਣ ਵਾਲੇ ਲੋਕ ਕੀ ਹੋਣਗੇ? ਸਮਝਦਾਰਾਂ ਲਈ ਇਸ਼ਾਰਾ ਹੀ ਕਾਫੀ ਹੈ। ਹੱਥ ਕੰਗਣ ਨੂੰ ਆਰਸੀ ਕੀ ਤੇ ਪੜ੍ਹੇ ਲਿਖੇ ਨੂੰ ਫਾਰਸੀ ਕੀ!

# ਰਣਜੀਤ ਕਤਲ ਕੇਸ ਵਿਚ ਸੀ.ਬੀ.ਆਈ. ਅਦਾਲਤ ਵਲੋਂ ਡੇਰਾ ਮੁਖੀ ਨੂੰ ਨੋਟਿਸ

**ਚੰਡੀਗੜ੍ਹ:** ਰਣਜੀਤ ਸਿੰਘ ਕਤਲ ਕੇਸ ਵਿਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਅਤੇ ਹੋਰ ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ (ਵੀ.ਸੀ.) ਦੀ ਕਾਰਵਾਈ ਕਰਨ ਲਈ ਨੋਟਿਸ ਜਾਰੀ ਕੀਤੇ ਹਨ।

ਇਹ ਕਤਲ 2002 ਵਿਚ ਹੋਇਆ ਸੀ। ਕੋਵਿ-19 ਮਹਾਮਾਰੀ ਕਾਰਨ 21 ਮਾਰਚ ਤੋਂ ਬਾਅਦ ਪ੍ਰਭਵਸ਼ਾਲੀ ਢੰਗ ਨਾਲ ਕੋਈ ਸੁਣਵਾਈ ਨਹੀਂ ਹੋ ਸਕੀ। ਇਸ ਸਮੇਂ ਇਹ ਕੇਸ ਅੰਤਿਮ ਦਲੀਲਾਂ ਦੇ ਪੜਾਅ ਵਿਚ ਹੈ। 23 ਅਕਤੂਬਰ ਨੂੰ ਸੁਣਵਾਈ ਦੌਰਾਨ ਸੀ.ਬੀ.ਆਈ. ਦੇ ਵਕੀਲ ਐਚ.ਪੀ.ਐਸ. ਵਰਮਾ ਨੇ ਕਿਹਾ ਕਿ ਇਸਤਗਾਸਾ ਪੱਖ ਦੀ ਦਲੀਲਾਂ ਪਹਿਲਾਂ ਹੀ ਮੁਕੰਮਲ ਹੋ ਚੁੱਕੀਆਂ ਹਨ ਅਤੇ ਇਸ ਤੋਂ ਬਾਅਦ ਬਚਾਅ ਪੱਖ ਨੇ ਆਪਣੀ ਦਲੀਲਾਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਅਦਾਲਤ ਨੂੰ ਕਿਹਾ ਕਿ ਇਸ ਮਾਮਲੇ ਦੀ ਆਮ ਵਾਂਗ ਸੁਣਵਾਈ ਸ਼ੁਰੂ ਹੋਣ ਤੱਕ ਮੌਜੂਦਾ ਮਾਮਲੇ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਸੁਣਿਆ ਜਾਵੇ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਜਗਦੀਪ ਸਿੰਘ ਨੇ ਆਦੇਸ਼ ਦਿੱਤੇ, ਹਾਲਾਤ ਦੇ ਮੱਦੇਨਜ਼ਰ ਮੁਲਜ਼ਮਾਂ ਅਤੇ ਉਨ੍ਹਾਂ ਦੇ ਵਕੀਲ ਨੂੰ ਨੋਟਿਸ ਜਾਰੀ ਕੀਤੇ ਜਾਣ ਤਾਂ ਜੋ ਵੀ.ਸੀ. ਦੇ ਜ਼ਰੀਏ ਅਗਲੀ ਕਾਰਵਾਈ ਦੀ ਸੰਭਾਵਨਾ ਦਾ ਪਤਾ ਲਗਾਇਆ ਜਾ ਸਕੇ।

# ਕਾਲੇ ਖੇਤੀ ਕਾਨੂੰਨ ਬਨਾਮ ਕਿਸਾਨ ਹਿਤੈਸ਼ੀ ਬਿਲ

ਆਖਰ ਪੰਜਾਬ ਵਿਧਾਨ ਸਭਾ ਨੇ ਕਿਸਾਨ ਮਾਰੂ ਕੇਂਦਰੀ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦਾ ਮਤਾ ਪਾ ਹੀ ਦਿੱਤਾ। ਨਾਲ ਹੀ ਆਪਣੇ ਵਲੋਂ ਵੀ ਅਜਿਹੇ ਬਿਲ ਪੇਸ਼ ਕੀਤੇ, ਜੋ ਕਿਸਾਨ/ਖਪਤਕਾਰ ਨੂੰ ਵੱਡੀ ਰਾਹਤ ਦੇਣ ਵਾਲੇ ਸਨ; ਪਰ ਇਹੋ ਡਰ ਲੱਗੀ ਜਾਵੇ ਕਿ ਸੂਬੇ ਵਿਚ ਕਿਤੇ ਗਵਰਨਰੀ ਰਾਜ ਨਾ ਲੱਗ ਜਾਵੇ। ਹਾਲੇ ਤਾਂ 80ਵੇਂ ਦਹਾਕੇ ਦਾ ਗਵਰਨਰੀ ਰਾਜ ਤੇ ਅਤਿਵਾਦ ਦੇ ਜਖਮ ਹੀ ਨਹੀਂ ਸਨ ਭਰੇ। ਕੀ ਬਣੂੰ ਪੰਜਾਬ ਦਾ ਤੇ ਸੰਘਰਸ਼ ਕਰਦੀਆਂ ਧਿਰਾਂ ਦਾ? ਇਹ ਫਿਕਰਮੰਦੀ ਸਿਰਫ ਮੇਰੀ ਹੀ ਨਹੀਂ, ਸਗੋਂ ਦੇਸ਼ ਵਿਦੇਸ਼ ਦੇ ਬਹੁ ਗਿਣਤੀ ਪੰਜਾਬੀਆਂ ਦੀ ਵੀ ਸੀ। ਸਭ ਦੀਆਂ ਨਜ਼ਰਾਂ ਪੰਜਾਬ ਸਰਕਾਰ ਵੱਲ ਲੱਗੀਆਂ ਹੋਈਆਂ ਸਨ। 19 ਅਕਤੂਬਰ ਦਾ ਦਿਨ ਬਿਨਾ ਕੋਈ ਖਾਸ ਕਾਰਵਾਈ ਦੇ ਲੰਘ ਗਿਆ। ਸ਼੍ਰੋਮਣੀ ਅਕਾਲੀ ਦਲ ਦੇ



ਵਿਧਾਨਕਾਰਾਂ ਵਲੋਂ ਟਰੈਕਟਰਾਂ ਦੀ ਮਜਮੇਬਾਜ਼ੀ ਨਾਲ ਵਿਧਾਨ ਸਭਾ ਪਹੁੰਚਣਾ ਮਸਲੇ ਪ੍ਰਤੀ ਗੈਰ ਸੰਜੀਦਗੀ ਦਰਸਾ ਰਿਹਾ ਸੀ। ਉਤੋਂ

**ਸੁਕੰਨਿਆਂ ਭਾਰਦਵਾਜ ਨਾਭਾ**
ਫੋਨ: 815-307-3112

ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ (ਆਪ) ਨੇ ਕਾਲੇ ਚੋਗੇ ਪਾ ਕੇ ਰੱਦ ਕਰਨ ਵਾਲੇ ਮਤੇ ਦੀਆਂ ਕਾਪੀਆਂ ਮੰਗਣ ਦੀ ਆੜ ਵਿਚ ਵਿਧਾਨ ਸਭਾ ਹਾਲ ਦੇ ਅੰਦਰ ਹੀ ਦਿਨ-ਰਾਤ ਦਾ ਧਰਨਾ ਸ਼ੁਰੂ ਕਰ ਦਿੱਤਾ। ਲਗਦਾ ਸੀ ਇਹ ਕਾਲੇ ਚੋਗੇ ਨਹੀਂ, ਸਗੋਂ ਪੰਜਾਬ ਦੇ ਕਾਲੇ ਦਿਨਾਂ ਦਾ ਦੌਰ ਸ਼ੁਰੂ ਹੋਣ ਵਾਲਾ ਹੈ।

ਪਰ ਜਿਉਂ ਹੀ 20 ਅਕਤੂਬਰ ਦੀ ਸਵੇਰ ਨੂੰ ਮੁੱਖ ਮੰਤਰੀ ਨੇ ਆਪਣੇ ਅੰਗਰੇਜੀ ਦੇ ਭਾਸ਼ਣ ਵਿਚ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦਾ ਮਤਾ ਪੜ੍ਹਿਆ ਤਾਂ ਵਿਰੋਧੀ ਪਾਰਟੀਆਂ ਨੇ ਵੀ ਇਸ ਦੇ ਪੱਖ ਵਿਚ ਸਹਿਮਤੀ ਪ੍ਰਗਟਾਈ। ਜਿਉਂ ਹੀ ਸਰਕਾਰੀ ਧਿਰ ਤੇ ਵਿਰੋਧੀਆਂ ਨੇ ਮਿਲ ਕੇ ਪ੍ਰੈਸ ਕਾਨਫਰੰਸ ਕੀਤੀ, ਲੋਕਾਂ ਦੇ ਚਿਹਰਿਆਂ 'ਤੇ ਰੌਣਕ ਪਰਤ ਆਈ ਸੀ। ਸਾਰੇ ਇਕੱਠੇ ਹੋ ਕੇ ਸੂਬੇ ਦੇ ਗਵਰਨਰ ਵੀ. ਪੀ. ਬਦਨੌਰ ਨੂੰ ਮਿਲਣ ਗਏ ਤੇ ਵਿਧਾਨ ਸਭਾ ਵਲੋਂ ਪਾਸ ਕੀਤੇ ਖਰੜਿਆਂ 'ਤੇ ਦਸਤਖਤ ਕਰਨ ਦੀ ਅਪੀਲ ਕੀਤੀ। ਮੁਖ ਮੰਤਰੀ ਨੇ ਇਥੇ ਹੀ ਸਪਸ਼ਟ ਕੀਤਾ ਕਿ ਉਹ ਸਾਰੇ ਵਿਧਾਨਕਾਰਾਂ ਦੇ ਨਾਲ ਨਵੰਬਰ ਦੇ ਪਹਿਲੇ ਹਫਤੇ ਦੇ ਕਿਸੇ ਦਿਨ ਦੇਸ਼ ਦੇ ਰਾਸ਼ਟਰਪਤੀ ਨੂੰ ਵੀ ਮਿਲਣਗੇ ਤੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਅਪੀਲ ਕਰਨਗੇ; ਇਸ ਤੋਂ ਬਿਨਾ ਕਾਨੂੰਨੀ ਚਾਰਾਜੋਈ ਦਾ ਰਸਤਾ ਵੀ ਅਪਨਾਉਣਗੇ। ਮੁੱਖ ਮੰਤਰੀ ਨੇ ਸਟੇਟ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਈ ਹੋਰ ਕਿਸਾਨ ਪੱਖੀ ਬਿੱਲ ਐਮ. ਐਸ. ਪੀ. ਜਾਰੀ ਰੱਖਣ, ਐਮ. ਐਸ. ਪੀ. ਤੋਂ ਘੱਟ ਖਰੀਦ ਕਰਨ ਵਾਲੀ ਵਪਾਰੀ ਧਿਰ ਖਿਲਾਫ ਸਜ਼ਾ ਦੀ ਤਜਵੀਜ਼ ਅਤੇ ਕੇਸ ਹੋਣ ਦੀ ਸੂਰਤ ਵਿਚ ਕਿਸਾਨ ਦੇਸ਼ ਦੀਆਂ ਅਦਾਲਤਾਂ ਵਿਚ ਜਾ ਸਕੇਗਾ, ਕੇਂਦਰੀ ਕਾਨੂੰਨਾਂ 'ਤੇ ਏ. ਪੀ. ਐਮ. ਸੀ. ਐਕਟ ਬਹਾਲ ਕਰਨਾ, ਕੇਂਦਰੀ ਜਰੂਰੀ ਵਸਤਾਂ ਸੋਧ ਐਕਟ ਵਿਚ ਸੋਧ ਕਰਨ ਜਿਹੇ ਬਿੱਲ ਵੀ ਗਵਰਨਰ ਦੇ ਮੇਜ 'ਤੇ ਰੱਖੇ ਤਾਂ ਜੋ ਕਿਸਾਨ/ਮਜ਼ਦੂਰ, ਆਮ ਪੇਂਡੂ/ਸ਼ਹਿਰੀ ਦੀ ਰੋਜ਼ੀ-ਰੋਟੀ ਬਚਾਉਣ ਖਾਤਰ ਜਮ੍ਹਾਂਖੋਰੀ ਤੇ ਕਾਲਾ ਬਾਜ਼ਾਰੀ ਨੂੰ ਰੋਕਿਆ ਜਾ ਸਕੇ।

ਉਨ੍ਹਾਂ ਅੱਗੇ ਕਿਹਾ ਕਿ 2015/16 ਦੀ ਐਗਰੀਕਲਚਰ ਮਰਦਮਸ਼ੁਮਾਰੀ ਮੁਤਾਬਕ ਪੰਜਾਬ ਵਿਚ 86.2% ਕਿਸਾਨ ਅਜਿਹੇ ਹਨ, ਜਿਨ੍ਹਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਹੈ। ਇਨ੍ਹਾਂ ਦੇ ਬਚਾਅ ਲਈ ਰਾਜ ਸਰਕਾਰ ਦੀ ਰੱਖਿਆ ਪ੍ਰਣਾਲੀ ਜਰੂਰੀ ਹੈ। ਇਸ ਮੁਢਲੀ ਸੰਵਿਧਾਨਕ ਜ਼ਿੰਮੇਵਾਰੀ ਨੂੰ ਨਿਭਾਉਣ ਵਿਚ ਕੇਂਦਰ ਸਰਕਾਰ ਦਾ ਕਾਨੂੰਨ ਫੇਲ੍ਹ ਸਾਬਤ ਹੋਇਆ ਹੈ। ਖੇਤੀ, ਖੇਤੀ ਨਾਲ ਸਬੰਧਤ ਮਾਰਕਿਟ ਤੇ ਵਾਹੀਯੋਗ ਜ਼ਮੀਨ ਰਾਜ ਸਰਕਾਰ ਦੇ ਅਧਿਕਾਰ ਖੇਤਰ ਦੀਆਂ ਹਨ। ਪੈਦਾਵਾਰ, ਸਪਲਾਈ ਤੇ ਵਸਤਾਂ ਦੀ ਵੰਡ ਆਦਿ ਵੀ ਸੂਬੇ ਦੀ ਜ਼ਿੰਮੇਵਾਰੀ ਹੈ। ਸੰਵਿਧਾਨ ਵਿਚ ਇਹ ਬਾਕਾਇਦਾ ਦਰਜ ਹੈ। ਕੇਂਦਰੀ ਅਦਾਰੇ ਵਲੋਂ ਭੇਜੇ ਨੋਟਿਸ ਮੁਅੱਤਲ ਸਮਝੇ ਜਾਣਗੇ, ਕੇਂਦਰ ਸਰਕਾਰ ਦੇ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ/ਸੰਸਥਾ ਖਿਲਾਫ ਰਾਜ ਸਰਕਾਰ ਕੋਈ ਕਾਰਵਾਈ ਨਹੀਂ ਕਰੇਗੀ। ਮਾਰਕਿਟ ਫੀਸ ਲਾਗੂ ਰਹੇਗੀ। ਢਾਈ ਏਕੜ ਤਕ ਦੀ ਜ਼ਮੀਨ ਵਾਲੇ ਕਿਸਾਨ ਦੀ ਬੈਂਕ ਕੁਰਕੀ ਨਹੀਂ ਕਰ ਸਕੇਗੀ, ਆਦਿ। ਨਾ ਮੰਨੇ ਜਾਣ ਦੀ ਸੂਰਤ ਵਿਚ ਮੁੱਖ ਮੰਤਰੀ ਆਪਣਾ ਅਸਤੀਫਾ ਦੇਣ ਤੋਂ ਵੀ ਗੁਰੇਜ ਨਹੀਂ ਕਰਨਗੇ।

ਮਸਾਂ ਮਸਾਂ ਪੰਜਾਬ ਤੋਂ ਸ਼ੁਭ ਸ਼ੰਦੇਸ ਆਇਆ ਸੀ। ਸ਼ਾਇਦ ਪੰਜਾਬ ਦੇ ਇਤਿਹਾਸ ਵਿਚ ਉਹ ਪਹਿਲਾ ਦਿਨ ਸੀ, ਜਦੋਂ ਸਰਕਾਰ ਨਾਲ ਮਿਲ ਕੇ ਸਮੂਹ ਵਿਰੋਧੀ ਪਾਰਟੀਆਂ ਨੇ ਕਿਸਾਨ/ਪੰਜਾਬ ਹਿਤੂ ਬਿਲਾਂ ਨੂੰ ਆਪਣਾ ਸਰਬਸੰਮਤੀ ਨਾਲ ਸਮਰਥਨ ਤੇ ਕੇਂਦਰ ਵਲੋਂ ਪਾਸ ਕਾਨੂੰਨਾਂ ਨੂੰ ਰੱਦ ਕੀਤਾ ਸੀ। ਇਹ ਪੰਜਾਬੀਆਂ ਦੇ ਏਕੇ ਦੀ ਜਿੱਤ ਸੀ। ਇਥੋਂ ਇਹ ਸੁਨੇਹਾ ਸਾਰੇ ਦੇਸ਼ ਦੀਆਂ ਕਿਸਾਨ ਯੂਨੀਅਨਾਂ ਤਕ ਪਹੁੰਚਿਆ ਸੀ, ਪਰ ਹਾਲੇ ਮੁਸ਼ਕਿਲ ਨਾਲ 24 ਘੰਟੇ ਹੀ ਬੀਤੇ ਹੋਣਗੇ, ਉਨ੍ਹਾਂ ਹੀ ਪਾਰਟੀਆਂ ਵਲੋਂ ਬਿਲਾਂ ਦਾ ਭੰਡੀ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਏਨੀ ਤੇਜੀ ਨਾਲ ਤਾਂ ਕੇਂਦਰੀ ਕਾਲੇ ਖੇਤੀ ਬਿਲਾਂ, ਜਿਨ੍ਹਾਂ ਨੂੰ ਕਿਸਾਨਾਂ ਦੀ ਮੌਤ ਦੇ ਵਾਰੰਟ ਕਿਹਾ ਗਿਆ ਸੀ, ਨੂੰ ਵੀ ਭੰਡਿਆ ਨਹੀਂ ਗਿਆ। ਕੇਂਦਰ ਨਾਲ ਤਾਂ ਆਪਾਂ ਕੀ ਆਹਢਾ ਲਾਉਣਾ, ਅਸੀਂ ਤਾਂ ਆਪੋ ਵਿਚ ਹੀ 'ਛਿੱਤਰੀਂ ਖੀਰ' ਵੰਡ ਲਈ।

ਇਸ ਨਾਕਾਰਾਤਮਕ ਪ੍ਰਚਾਰ ਵਿਚ ਮੀਡੀਆ ਇਨ੍ਹਾਂ ਤੋਂ ਵੀ ਅੱਗੇ ਲੰਘ ਗਿਆ। ਜਦੋਂ ਕਿ 30 ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਵਿਧਾਨ ਸਭਾ ਵਲੋਂ ਪਾਸ ਕੀਤੇ ਬਿਲਾਂ ਨੂੰ ਨੈਤਿਕ ਊਰਜਾ ਦੇਣ ਵਾਲੇ ਤੇ ਕਿਸਾਨ ਘੋਲ ਦੀ ਜਿੱਤ ਕਿਹਾ। ਉਨ੍ਹਾਂ ਦਾ ਕਹਿਣਾ ਸੀ ਕਿ ਅੱਜ ਹੀ ਇਹ ਬਿੱਲ ਪਾਸ ਤਾਂ ਨਹੀਂ ਹੋ ਜਾਣੇ, ਕੁਝ ਕਮੀਆਂ ਵੀ ਹੋ ਸਕਦੀਆਂ ਹਨ, ਪਰ ਸੂਬੇ ਦੀ ਵਿਧਾਨ ਸਭਾ ਵਲੋਂ ਕੇਂਦਰੀ ਖੇਤੀ ਬਿਲਾਂ ਦਾ ਵਿਰੋਧ ਤੇ ਉਸ ਦੇ ਸਮਾਨੰਤਰ ਕਿਸਾਨ ਹਿਤੈਸ਼ੀ ਬਿਲ ਪਾਸ ਕਰਨ ਨਾਲ ਇੱਕ ਸਪਸ਼ਟ ਸੁਨੇਹਾ ਦੇਸ਼-ਵਿਦੇਸ਼ ਵਿਚ ਗਿਆ ਕਿ ਇਨ੍ਹਾਂ ਬਿਲਾਂ ਦਾ ਵਿਰੋਧ ਇਕੱਲਾ ਕਿਸਾਨ ਵਰਗ ਹੀ ਨਹੀਂ, ਸਗੋ ਸਮੁੱਚਾ ਪੰਜਾਬ ਕਰ ਰਿਹਾ ਹੈ, ਜਿਸ ਨਾਲ ਹਿੰਦੁਸਤਾਨ ਪੱਧਰ ਦੀਆਂ ਢਾਈ ਸੌ ਤੋਂ ਉਪਰ ਕਿਸਾਨ ਹੱਕਾਂ ਲਈ ਘੋਲ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੂੰ ਵੀ ਬਲ ਮਿਲਿਆ ਹੈ। ਸਾਰੀਆਂ ਸਿਆਸੀ ਪਾਰਟੀਆਂ ਵਲੋਂ ਇੱਕ ਮੰਚ 'ਤੇ ਇਕੱਠੇ ਹੋ ਕੇ ਚੁੱਕਿਆ ਇਹ ਕਦਮ ਕਿਸਾਨ ਜਥੇਬੰਦੀਆਂ ਤੇ ਪੰਜਾਬੀਆਂ ਲਈ ਹੌਸਲਾ ਅਫਜ਼ਾਈ ਵਾਲਾ ਹੈ।

ਆਲ ਇੰਡੀਆ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਵੀ ਕਾਂਗਰਸੀ ਰਾਜ ਵਾਲੀਆਂ ਸੂਬਾ ਸਰਕਾਰਾਂ ਨੂੰ ਅਪੀਲ ਕੀਤੀ ਸੀ ਕਿ ਉਹ ਸਭ ਇਨ੍ਹਾਂ ਕਾਲੇ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਮਤੇ ਪਾ ਕੇ ਦੇਸ਼ ਦੇ ਰਾਸ਼ਟਰਪਤੀ ਨੂੰ ਭੇਜਣ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਜੇ ਇਹ ਮਤੇ ਪੈ ਜਾਂਦੇ ਹਨ ਤਾਂ ਇਹ ਕਾਨੂੰਨ ਤਾਂ ਆਪਣੇ ਆਪ ਰੱਦ ਹੋ ਜਾਣਗੇ। 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਮਾਨ ਨੂੰ ਪੰਜਾਬ ਵਿਚ ਰੌਲਾ ਪਾਉਣ ਦੀ ਥਾਂ ਕੇਜਰੀਵਾਲ ਦੀ ਦਿੱਲੀ ਸਰਕਾਰ ਉਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਉਹ ਇਨ੍ਹਾਂ ਦੇ ਖਿਲਾਫ ਮਤਾ ਪਾਵੇ।

ਵਿਰੋਧੀਆਂ ਦਾ ਤਰਕ ਹੈ ਕਿ ਐਮ. ਐਸ. ਪੀ. ਸਿਰਫ ਝੋਨੇ, ਕਣਕ ਉਤੇ ਹੀ ਦੇਣ ਦੀ ਸ਼ਿਫਾਰਸ਼ ਕੀਤੀ ਗਈ ਹੈ, ਬਾਕੀ ਜਿਣਸਾਂ 'ਤੇ ਨਹੀਂ। ਮੱਕੀ, ਨਰਮੇ 'ਤੇ ਐਮ. ਐਸ. ਪੀ. ਹੋਣ ਦੇ ਬਾਵਜੂਦ ਪੂਰਾ ਭਾਅ ਨਹੀਂ ਮਿਲ ਰਿਹਾ। ਫਿਰ ਐਮ. ਐਸ. ਪੀ. ਤਾਂ ਕੇਂਦਰ ਸਰਕਾਰ ਨੇ ਦੇਣੀ ਹੈ, ਉਕਤ ਜਿਣਸਾਂ ਦੀ ਖਰੀਦ ਤੇ ਭੰਡਾਰਣ ਵੀ ਉਸ ਨੇ ਹੀ ਕਰਨਾ ਹੈ। ਬਿਲ ਪਾਸ ਹੋਣ ਦੀ ਸਮੁੱਚੀ ਪ੍ਰਕ੍ਰਿਆ ਵਿਚ ਸਟੇਟ ਕੇਂਦਰ ਦੇ ਕਾਨੂੰਨਾਂ ਨੂੰ ਰੱਦ ਨਹੀਂ ਕਰ ਸਕਦੀ। ਸੰਘੀ ਢਾਂਚੇ ਵਿਚ ਜੇ ਸਟੇਟ/ਕੇਂਦਰ ਦੇ ਤਿੰਨ ਤਰ੍ਹਾਂ ਦੇ ਸੰਵਿਧਾਨਕ ਹੱਕਾਂ ਦੀ ਗੱਲ ਕੀਤੀ ਜਾਵੇ ਤਾਂ ਸਟੇਟ/ਕੇਂਦਰ ਦੇ ਅਧਿਕਾਰਾਂ ਦੀ ਸਮੀਖਿਆ ਸਪਸ਼ਟ ਕੀਤੀ ਗਈ




ਹੈ, ਪਰ ਇਥੇ ਹੀ ਇੱਕ ਤੀਜੀ ਪ੍ਰੋਵਿਜ਼ਨ ਅਜਿਹੀ ਹੈ, ਜਿਸ ਵਿਚ ਜੇ ਵਿਧਾਨ ਸਭਾ ਸਰਬਸੰਮਤੀ ਨਾਲ ਕਿਸੇ ਬਣੇ ਕਾਨੂੰਨ ਨੂੰ ਰੱਦ ਕਰਨ ਦਾ ਮਤਾ ਲੈ ਕੇ ਆਉਂਦੀ ਹੈ ਤਾਂ ਮੁੜ ਵਿਚਾਰ ਹੋ ਸਕਦੀ ਹੈ, ਉਸ ਨੂੰ ਜਟਿਲ ਕੇਂਦਰੀ ਸੰਵਿਧਾਨਕ ਪ੍ਰਕ੍ਰਿਆ ਵਿਚੋਂ ਲੰਘਣਾ ਪਵੇਗਾ। ਇਹ ਰੱਦ ਮਤਾ ਜਾਂ ਪਾਸ ਕੀਤੇ ਬਿੱਲ ਗਵਰਨਰ, ਰਾਸ਼ਟਰਪਤੀ, ਹੋਮ ਅਫੇਅਰ ਮਨਿਸਟਰੀ ਦੇ ਪੜਾਵਾਂ ਵਿਚੋਂ ਲੰਘ ਕੇ ਫਿਰ ਕੇਂਦਰ ਦੀ ਸਿਫਾਰਸ਼ ਨਾਲ ਪਾਸ ਹੋਣ ਵਾਲੀ ਹਾਲਤ ਵਿਚ ਪਹੁੰਚਦਾ ਹੈ। ਜਿਹਦੀ ਸੰਭਾਵਨਾ ਮੌਜੂਦਾ ਹਾਲਤ ਵਿਚ ਨਾ ਦੇ ਬਰਾਬਰ ਹੈ। ਇਨ੍ਹਾਂ ਕੱਚੇ-ਪੱਕੇ ਬਿਲਾਂ ਉਤੇ ਕਾਂਗਰਸ ਸਮਰਥਕਾਂ ਨੇ ਭੰਗੜੇ ਪਾਏ ਤੇ ਲੱਡੂ ਵੰਡੇ। ਇਹ ਹੋਛੇ ਕਦਮ ਚੁੱਕਣ ਤੋਂ ਪਹਿਲਾਂ ਕਦੇ ਵਿਚਾਰਿਆ ਹੈ ਕਿ ਸਵੇਰ ਉਠਦਿਆਂ ਚਾਹ ਦਾ ਕੱਪ ਤੇ ਨਾਸ਼ਤੇ ਦੀ ਬ੍ਰੈਡ, ਪਰੌਂਠਾ ਸਾਡੇ ਤਕ ਪਹੁੰਚਾਉਣ ਵਾਲਾ ਕਿਸ ਤਰ੍ਹਾਂ ਜਿਉਣ-ਮਰਨ ਦੀ ਲੜਾਈ ਲੜਨ ਲਈ ਮਜਬੂਰ ਹੈ? ਇਹ ਮਸਲਾ ਸਾਡਾ ਵੀ ਹੈ।

ਇਸ ਸੰਘਰਸ਼ ਨੂੰ ਕਿਵੇਂ ਚੌਪਾਸੜ ਲੜਾਈ ਲੜਨੀ ਪੈ ਰਹੀ ਹੈ, ਉਸ ਦਾ ਨਮੂਨਾ ਪੇਸ਼ ਹੈ। ਇੱਕ ਪਾਸੇ ਯੂ. ਪੀ., ਹਰਿਆਣਾ, ਦਿੱਲੀ ਸਮੇਤ ਬਾਹਰਲੇ ਰਾਜਾਂ ਦੇ ਵਪਾਰੀਆਂ ਦੇ ਝੋਨੇ ਨੂੰ ਰੋਕਣਾ ਉਨ੍ਹਾਂ ਨੂੰ ਰਾਤਾਂ ਨੂੰ ਸੌਣ ਨਹੀਂ ਦਿੰਦਾ। ਦੂਜੇ ਪਾਸੇ ਰੇਲਵੇ ਟਰੈਕਾਂ ਤੋਂ ਧਰਨੇ ਚੁੱਕਣ ਦੀ ਪੰਜਾਬ ਸਰਕਾਰ ਦੀ ਅਪੀਲ ਉਤੇ ਕਿਸਾਨਾਂ ਨੇ ਆਪਣੇ ਧਰਨੇ ਪਲੈਟਫਾਰਮਾਂ ਉਤੇ ਸ਼ਿਫਟ ਕੀਤੇ ਹੀ ਸਨ ਕਿ ਡਗਰੂ (ਮੋਗਾ) ਵਿਖੇ ਅਡਾਨੀ ਦੇ ਸਾਇਲੋ 'ਤੇ ਉਸ ਦੀ ਨਿੱਜੀ ਟਰੇਨ ਆ ਪਹੁੰਚੀ। ਕਿਸਾਨਾਂ ਨੂੰ ਟਰੇਨ ਨੂੰ ਘੇਰ ਕੇ ਐਲਾਨ ਕਰਨਾ ਪਿਆ ਕਿ ਉਹ 4 ਨਵੰਬਰ ਤਕ ਸਿਰਫ ਖੇਤੀ ਨਾਲ ਸਬੰਧਤ ਵਸਤਾਂ ਵਾਲੀ ਸਰਕਾਰੀ ਮਾਲ ਗੱਡੀ ਨੂੰ ਹੀ ਲੰਘਣ ਦੇਣਗੇ, ਅਡਾਨੀ-ਅੰਬਾਨੀਆਂ ਦੀਆਂ ਟਰੇਨਾਂ ਨੂੰ ਨਹੀਂ।

ਭਾਵੇਂ ਕੇਂਦਰੀ ਕਾਨੂੰਨ ਰੱਦ ਕਰਨ ਵਾਲਾ ਮਤਾ ਲਿਆਉਣ ਤੇ ਆਪਣੇ ਵਲੋਂ ਉਨ੍ਹਾਂ ਦੇ ਸਮਾਨੰਤਰ ਬਿੱਲ ਪਾਸ ਕਰਨ ਦੀ ਸਮੁੱਚੀ ਪ੍ਰਕ੍ਰਿਆ ਸੰਘਰਸ਼ਕਾਰੀ ਧਿਰਾਂ ਦੇ ਲਗਾਤਾਰ ਦਬਾਅ ਦਾ ਸਿੱਟਾ ਹੈ, ਜਿਨ੍ਹਾਂ ਰਾਜਨੀਤਕ ਪਾਰਟੀਆਂ ਨੂੰ ਇਕ ਦੂਜੇ ਦੀਆਂ ਲੱਤਾਂ ਖਿੱਚਣ ਵਾਲੀ ਸਥਿਤੀ ਦੇ ਉਲਟ ਸਾਂਝੇ ਮੁੱਦੇ 'ਤੇ ਇਕੱਠੇ ਹੋਣ ਲਈ ਮਜਬੂਰ ਕਰ ਦਿੱਤਾ। ਪੰਜਾਬ ਦੀ ਇਸ ਇੱਕਜੁੱਟਤਾ ਦਾ ਸੰਦੇਸ਼ ਦੇਸ-ਪਰਦੇਸ ਵਿਚ ਸੰਘਰਸ਼ ਕਰ ਰਹੇ ਕਿਸਾਨਾਂ ਲਈ ਆਕਸੀਜਨ ਦਾ ਕੰਮ ਕਰਨ ਤੇ ਬੇ-ਵਿਸ਼ਵਾਸੀ ਦੇ ਮਾਹੌਲ ਤੋਂ ਵੀ ਰਾਹਤ ਦੇਣ ਵਾਲਾ ਸੀ; ਜਦੋਂ ਕਿ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਅਤੇ ਵਿਧਾਨ ਸਭਾ ਵਲੋਂ ਪਾਸ ਬਿਲਾਂ ਨੂੰ ਕਾਨੂੰਨ ਵਿਚ ਤਬਦੀਲ ਕਰਵਾਉਣਾ ਇੱਕ ਲੰਬੀ ਪ੍ਰਕ੍ਰਿਆ ਹੈ, ਪਰ ਜਿਸ ਤਰ੍ਹਾਂ ਇਨ੍ਹਾਂ ਕਿਸਾਨ ਸੰਘਰਸ਼ ਦਾ ਸਮਰਥਨ ਕੀਤਾ, ਉਸ ਤੋਂ ਸੂਬਾ ਨਿਵਾਸੀਆਂ ਨੂੰ ਇੱਕ ਵਾਰ ਆਪਣੇ ਸਿਰ ਉਤੇ ਛੱਤ ਹੋਣ ਦਾ ਅਹਿਸਾਸ ਹੋਇਆ ਸੀ। ਜੇ ਇਹੋ ਹੀ ਰਾਜ ਕਰੇਂਦੀਆਂ ਧਿਰਾਂ ਉਸੇ ਤਰ੍ਹਾਂ ਪਾਟੋਧਾੜ ਹੋ ਕੇ ਵਖੋ ਵੱਖਰੇ ਫੈਸਲੇ ਲੈਂਦੀਆਂ ਤਾਂ ਸੋਚੋ ਕਿ ਅੱਜ ਪੰਜਾਬ ਦਾ ਨਕਸ਼ਾ ਕੀ ਹੁੰਦਾ?

ਇੱਕ ਪਲ ਲਈ ਜੇ ਅਸੀਂ ਮੰਨ ਵੀ ਲਈਏ ਕਿ ਪੰਜਾਬ ਵਿਧਾਨ ਸਭਾ ਵਲੋਂ ਪਾਸ ਬਿਲ ਕਿਸਾਨ ਲਈ ਫਾਇਦੇਮੰਦ ਨਹੀਂ, ਕਾਨੂੰਨ ਬਣਨ ਲਈ ਇਹ ਕੇਂਦਰ ਦੇ ਰਹਿਮੋ ਕਰਮ 'ਤੇ ਹਨ; ਕੇਂਦਰੀ ਕਾਨੂੰਨ ਰੱਦ ਕਰਨ ਦਾ ਅਧਿਕਾਰ ਵੀ ਰਾਜਾਂ ਕੋਲ ਨਹੀਂ। ਕਣਕ/ਝੋਨੇ 'ਤੇ ਐਮ. ਐਸ. ਪੀ. ਕੇਂਦਰ ਸਰਕਾਰ ਨੇ ਹੀ ਦੇਣੀ ਹੈ, ਨਾ ਦੇਵੇ ਤਾਂ ਸੂਬਾ ਸਰਕਾਰ ਕੋਲ ਅਜਿਹਾ ਕੋਈ ਪ੍ਰਬੰਧ ਨਹੀਂ ਕਿ ਉਹ ਆਪਣੇ ਪੱਧਰ 'ਤੇ ਕਿਸਾਨ ਨੂੰ ਐਮ. ਐਸ. ਪੀ. ਦੇ ਸਕੇ, ਖਰੀਦ ਕਰਕੇ ਭੰਡਾਰਣ ਕਰ ਸਕੇ। ਗੇਂਦ ਫਿਰ ਕੇਂਦਰ ਦੇ ਪਾਲੇ ਵਿਚ ਹੈ। ਐਮ. ਐਸ. ਪੀ. ਪਹਿਲਾਂ ਕਿਹੜਾ ਕਿਸਾਨ ਨੂੰ ਸੌਖਿਆਂ ਮਿਲ ਰਹੀ ਹੈ! ਪੁਰਾਣਾ ਸਿਸਟਮ ਵੀ ਜ਼ਰਜਰਾ ਹੋ ਚੁਕਾ ਹੈ। ਉਹ ਵੀ ਕਿਸਾਨਾਂ ਨੂੰ ਖੁਦਕੁਸ਼ੀਆਂ ਤੋਂ ਮੋੜ ਨਹੀਂ ਸਕਿਆ, ਬੈਂਕਾਂ/ਆੜ੍ਹਤੀਆਂ ਦੇ ਕਰਜੇ ਤੋਂ ਮੁਕਤ ਨਹੀਂ ਕਰ ਸਕਿਆ; ਪਰ ਸਰਕਾਰੀ ਹੱਥ ਵਿਚ ਹੋਣ ਕਾਰਨ ਫਿਰ ਵੀ ਕੁਝ ਰਾਹਤ ਦੇਣ ਵਾਲਾ ਹੈ। ਨਾਲੇ ਝੋਨਾ ਪੰਜਾਬ ਦੀ ਫਸਲ ਹੀ ਨਹੀਂ। ਉਹ ਆਪਣੇ ਲਈ ਨਹੀਂ, ਸਗੋਂ ਚੌਲ ਖਾਣ ਵਾਲੇ ਰਾਜਾਂ ਲਈ ਪੈਦਾ ਕਰਦਾ ਹੈ। ਜੋ 1966 ਵਿਚ ਜਦੋਂ ਅਮਰੀਕਾ ਨੇ ਭਾਰਤ ਨੂੰ ਕਣਕ ਦੇਣ ਤੋਂ ਮਨ੍ਹਾਂ ਕਰ ਦਿੱਤਾ ਸੀ ਅਤੇ ਦੇਸ਼ ਭੁੱਖਮਰੀ ਦੀ ਕਗਾਰ ਉਤੇ ਸੀ, ਉਦੋਂ ਉਸ ਦੇ ਗਲ ਮੜ੍ਹਿਆ ਗਿਆ; ਇਹ ਹਰੀ ਕ੍ਰਾਂਤੀ ਦਾ ਅਖੌਤੀ ਮਾਡਲ ਸੀ। ਹੁਣ ਕੇਂਦਰ ਨੇ ਆਪਣਾ ਹੱਥ ਚੁੱਕ ਕੇ ਕਾਰਪੋਰੇਟਾਂ ਦੇ ਸਿਰ ਉਤੇ ਰੱਖ ਦਿੱਤਾ ਹੈ। ਚਾਹੀਦਾ ਤਾਂ ਇਹ ਸੀ ਕਿ ਉਸ ਨੂੰ ਬਿਨਾ ਖਾਦਾਂ/ਕੀਟਨਾਸ਼ਕਾਂ ਦੇ ਖੇਤੀ ਕਰਨ ਦਾ ਕੋਈ ਬਦਲ ਦਿੰਦੇ। ਮੰਡੀਕਰਨ ਦੀ ਗਾਰੰਟੀ ਦਿੰਦੇ। ਉਲਟਾ ਉਸ ਤੋਂ ਖੇਤੀ ਕਰਨ ਦਾ ਹੱਕ ਹੀ ਖੋਹਿਆ ਜਾ ਰਿਹਾ ਹੈ। ਹੁਣ ਫਿਰ ਪੰਜਾਬ ਦੇ ਕਿਸਾਨ ਕੋਲ ਕੀ ਰਸਤਾ ਹੈ? ਉਹਦੀ ਦਾਦ ਫਰਿਆਦ ਸੁਣਨ ਵਾਲਾ ਕੋਈ ਨਹੀਂ। ਮਰਦਾ ਕੀ ਨਹੀਂ ਕਰਦਾ। ਉਹ ਰੇਲਵੇ ਟਰੈਕਾਂ 'ਤੇ ਆ ਬੈਠਿਆ ਹੈ। ਵੱਡੇ ਮਾਲਾਂ, ਤੇਲ ਪੰਪਾਂ, ਟੋਲ ਪਲਾਜ਼ਿਆਂ ਨੂੰ ਘੇਰੀ ਬੈਠਾ ਹੈ। ਬਿਡੰਬਨਾ ਦੇਖੋ! ਕੇਂਦਰੀ ਖਾਧ ਭੰਡਾਰ ਵਿਚ 70% ਅੰਨ ਭੇਜਣ ਵਾਲਾ ਤੇ ਦੇਸ਼ ਵਾਸੀਆਂ ਦਾ ਢਿੱਡ ਭਰਨ ਵਾਲਾ ਅੰਨਦਾਤਾ ਅੱਜ ਤਬਾਹ ਹੋ ਚੁਕਾ ਹੈ, ਪਰ ਉਸ ਦਾ ਮਾਸ ਚੂੰਡਣ ਵਾਲੀਆਂ ਗਿਰਝਾਂ ਦੇ ਕਾਰੋਬਾਰ ਦਿਨੋ-ਦਿਨ ਪ੍ਰਫੁਲਤ ਹੋ ਰਹੇ ਹਨ।

ਪ੍ਰਧਾਨ ਮੰਤਰੀ ਨੇ ਪਾਟੋਧਾੜ ਦੇਖਦਿਆਂ ਬਿਹਾਰ ਦੀਆਂ ਚੋਣ ਸਭਾਵਾਂ ਵਿਚ ਉਹੋ ਰਵਾਇਤੀ ਚੋਣ ਜੁਮਲੇਬਾਜ਼ੀ ਕਰਦਿਆਂ ਸਫੈਦ ਝੂਠ ਬੋਲਿਆ ਕਿ ਉਹ ਪੰਜਾਬ ਦੇ ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨ ਦੇ ਖੇਤੀ ਕਾਨੂੰਨ ਲੈ ਕੇ ਆਏ ਹਨ। ਉਸੇ ਪੈਟਰਨ 'ਤੇ ਬਿਹਾਰ ਦੇ ਕਿਸਾਨ ਨੂੰ ਵੀ ਸਹੂਲਤਾਂ ਦਿੱਤੀਆਂ ਜਾਣਗੀਆਂ। ਇਨ੍ਹਾਂ ਕਾਲੇ ਖੇਤੀ ਕਾਨੂੰਨਾਂ ਦੀ ਪੰਜਾਬੀਆਂ ਵਲੋਂ ਕੀਤੀ ਜਾ ਰਹੀ ਮੁਖਾਲਫਤ ਦਾ ਜ਼ਿਕਰ ਤਕ ਨਹੀਂ। ਦੂਜੇ ਪਾਸੇ ਭਾਜਪਾ ਪ੍ਰਧਾਨ ਜੇ. ਪੀ. ਨੱਢਾ ਨੇ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਵਿਚੋਲੀਏ, ਨਕਲੀ ਕਿਸਾਨ ਦਾ ਲਕਬ ਦੇ ਦਿੱਤਾ।

ਪਹਿਲਾਂ ਪੰਥਕ ਸਰਕਾਰ, ਫਿਰ ਕਦੇ ਨਾ ਪੂਰੇ ਹੋਣ ਵਾਲੇ ਵਾਅਦਿਆਂ ਨਾਲ ਆਈ ਮੌਜੂਦਾ ਸਰਕਾਰ ਨੇ ਲੋਕਾਂ ਲਈ ਕੀ ਕੀਤਾ ਹੈ? ਕਦੇ ਪਿਛਲਖੁਰੀ ਝਾਤੀ ਮਾਰਨ ਦੀ ਕੋਸ਼ਿਸ਼ ਕੀਤੀ ਹੈ? ਨਹੀਂ! ਬਠਿੰਡੇ ਦੀ ਥਰਮਲ ਪਲਾਂਟ ਵਾਲੀ 22 ਸੌ ਏਕੜ ਜ਼ਮੀਨ ਕਾਰਪੋਰੇਟ ਘਰਾਣੇ ਨੂੰ ਇੱਕ ਰੁਪਿਆ ਪ੍ਰਤੀ ਏਕੜ ਪ੍ਰਤੀ ਸਾਲ ਦੀ ਲੀਜ਼ 'ਤੇ ਦੇ ਦਿੱਤੀ ਗਈ। ਹੋਰ ਤਾਂ ਹੋਰ, ਉਨ੍ਹਾਂ ਨੂੰ ਬਿਜਲੀ ਵੀ 2 ਰੁਪਏ ਪ੍ਰਤੀ ਯੂਨਿਟ ਦੀ ਰਿਆਇਤ 'ਤੇ ਦੇਣ ਦਾ ਐਲਾਨ ਕਰ ਦਿੱਤਾ, ਜਦੋਂ ਕਿ ਪੰਜਾਬ ਵਾਸੀਆਂ ਨੂੰ ਘਰਾਂ ਦੀ ਬਿਜਲੀ ਵੀ 10 ਰੁਪਏ ਪ੍ਰਤੀ ਯੂਨਿਟ ਮਿਲ ਰਹੀ ਹੈ। ਇਸ ਸਰਕਾਰੀ ਥਰਮਲ ਪਲਾਂਟ ਨੂੰ ਵੇਚ ਕੇ ਨਿੱਜੀ ਪਲਾਂਟ ਨੂੰ ਹਰ ਹੀਲੇ ਚਲਦਾ ਰੱਖਣ ਦੀ ਜ਼ਿੱਦ ਕਿਥੇ ਲੈ ਕੇ ਜਾਏਗੀ? ਹੁਣ ਵਾਹੀਕਾਰਾਂ ਦੀ ਜ਼ਮੀਨ ਵੀ ਕਾਰਪੋਰੇਟ ਜਗਤ ਦੇ ਹਵਾਲੇ ਕਰਨ ਦੀਆਂ ਤਜਵੀਜ਼ਾਂ ਹਨ।

## ਹਰਿਆਣਾ ਕਾਨੂੰਨਾਂ ਵਿਚੋਂ ਪੰਜਾਬ ਦਾ ਨਾਂ ਹਟਾਏਗਾ

**ਚੰਡੀਗੜ੍ਹ:** ਹਰਿਆਣਾ ਨੇ ਆਪਣੇ ਕਾਨੂੰਨਾਂ ਤੋਂ ਪੰਜਾਬ ਦਾ ਨਾਂ ਹਟਾਉਣ ਦੀ ਤਿਆਰੀ ਕਰ ਲਈ ਹੈ। ਫਿਲਹਾਲ ਹਰਿਆਣਾ 'ਚ ਕਰੀਬ 237 ਅਜਿਹੇ ਕਾਨੂੰਨ ਹਨ ਜੋ ਪੰਜਾਬ ਦੇ ਨਾਂ ਤੋਂ ਹੀ ਚੱਲ ਰਹੇ ਹਨ। ਵਿਧਾਨ ਸਭਾ ਸਪੀਕਰ ਗਿਆਨ ਚੰਦ ਗੁਪਤਾ ਵਲੋਂ ਇਸ ਸਬੰਧੀ ਯਤਨ ਸ਼ੁਰੂ ਕਰਨ ਦੇ ਬਾਅਦ ਹੁਣ ਸੂਬਾ ਸਰਕਾਰ ਨੇ ਇਸ ਲਈ ਕਮੇਟੀ ਦਾ ਗਠਨ ਕਰ ਦਿੱਤਾ ਹੈ।




ਕਾਨੂੰਨ ਅਤੇ ਵਿਧੀ ਵਿਭਾਗ ਦੇ ਲੀਗਲ ਰਿਮੈਂਬਰੈਂਸ ਅਤੇ ਪ੍ਰਸ਼ਾਸਨਿਕ ਸਕੱਤਰ ਦੀ ਅਗਵਾਈ ਹੇਠ ਗਠਨ ਇਹ ਕਮੇਟੀ 1968 ਦੇ ਆਦੇਸ਼ ਦੇ ਤਹਿਤ ਮਨਜ਼ੂਰ ਐਕਟਾਂ ਦੇ ਉਪ-ਸਿਰਲੇਖਾਂ ਦੇ ਸੋਧ ਦੇ ਵਿਸ਼ਾ 'ਚ ਸਮੀਖਿਆ ਅਤੇ ਜਾਂਚ ਕਰੇਗੀ। ਇਸ ਕਮੇਟੀ ਨੂੰ ਇਕ ਮਹੀਨੇ ਦੇ ਅੰਦਰ ਮੁੱਖ ਸਕੱਤਰ ਨੂੰ ਰਿਪੋਰਟ ਦੇਣੀ ਹੋਵੇਗੀ। ਸੂਬਾ ਸਰਕਾਰ ਨੇ ਕਮੇਟੀ ਦੇ ਗਠਨ ਨੂੰ ਲੈ ਕੇ ਹਰਿਆਣਾ ਵਿਧਾਨ ਸਭਾ ਸਕੱਤਰੇਤ ਨੂੰ ਸੂਚਿਤ ਕਰ ਦਿੱਤਾ ਹੈ। ਮੁੱਖ ਸਕੱਤਰ ਵਿਜੈ ਵਰਧਨ ਵਲੋਂ ਜਾਰੀ ਆਦੇਸ਼ਾਂ ਅਨੁਸਾਰ ਇਸ ਕਮੇਟੀ 'ਚ ਕਾਨੂੰਨ ਅਤੇ ਵਿਧੀ ਵਿਭਾਗ ਦੇ ਓ.ਐਸ.ਡੀ. ਰਾਜਨੀਤੀ ਅਤੇ ਸੰਸਦੀ ਮਾਮਲੇ ਵਿਭਾਗ ਦੇ ਉਪ-ਸਕੱਤਰ ਅਤੇ ਆਮ ਪ੍ਰਸ਼ਾਸਨ ਵਿਭਾਗ ਦੇ ਓ.ਐਸ.ਡੀ. (ਨਿਯਮ) ਬਤੌਰ ਮੈਂਬਰ ਸ਼ਾਮਲ ਹੋਣਗੇ। ਆਮ ਪ੍ਰਸ਼ਾਸਨ ਵਿਭਾਗ ਦੇ ਉਪ-ਸਕੱਤਰ ਨੂੰ ਕਮੇਟੀ ਵਿਚ ਮੈਂਬਰ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਵਰਨਣਯੋਗ ਹੈ ਕਿ ਹਰਿਆਣਾ ਨੂੰ ਵਿਰਾਸਤ 'ਚ ਜੋ ਕਾਨੂੰਨ ਮਿਲੇ ਸਨ, ਉਹ ਸਾਰੇ ਪੰਜਾਬ ਦੇ ਨਾਂ ਉਤੇ ਸਨ ਅਤੇ 54 ਸਾਲਾਂ ਤੋਂ ਹਰਿਆਣਾ ਦੀ ਸ਼ਾਸਨ ਵਿਵਸਥਾ ਇਨ੍ਹਾਂ ਕਾਨੂੰਨਾਂ ਦੇ ਆਧਾਰ ਉਤੇ ਚੱਲ ਰਹੀ ਹੈ। ਇਸ ਦੇ ਚੱਲਦੇ ਸੂਬੇ ਦੀ ਜਨਤਾ ਅਤੇ ਜਨ ਪ੍ਰਤੀਨਿਧੀ ਇਨ੍ਹਾਂ ਕਾਨੂੰਨਾਂ ਨੂੰ ਹਰਿਆਣਾ ਦੇ ਨਾਂ ਉਤੇ ਕਰਨ ਦੀ ਮੰਗ ਕਰਦੇ ਰਹੇ ਹਨ। ਵਿਧਾਨ ਸਭਾ ਸਪੀਕਰ ਗਿਆਨ ਚੰਦ ਗੁਪਤਾ ਇਸ ਨੂੰ ਹਰਿਆਣਾ ਦੇ ਸਵੈਮਾਨ ਦਾ ਵਿਸ਼ਾ ਮੰਨਦੇ ਹਨ। ਹਰਿਆਣਾ ਵਿਧਾਨ ਸਭਾ ਸਪੀਕਰ ਗਿਆਨ ਚੰਦ ਗੁਪਤਾ ਨੇ ਹਰਿਆਣਾ ਦੇ ਕਾਨੂੰਨਾਂ ਦੇ ਨਾਂ ਤੋਂ ਪੰਜਾਬ ਸ਼ਬਦ ਨੂੰ ਹਟਾਉਣ ਦੀ ਪਹਿਲ ਕਰਦੇ ਹੋਏ 24 ਸਤੰਬਰ ਨੂੰ ਵਿਧਾਨ ਸਭਾ ਸਕੱਤਰੇਤ 'ਚ ਸੂਬਾ ਸਰਕਾਰ ਅਤੇ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰੀਆਂ ਦੇ ਨਾਲ ਮੀਟਿੰਗ ਕੀਤੀ ਸੀ। ਮੀਟਿੰਗ 'ਚ ਵਿਧਾਨ ਸਭਾ ਸਪੀਕਰ ਨੇ ਮੁੱਖ ਸਕੱਤਰ ਨੂੰ ਨਿਰਦੇਸ਼ ਦਿੱਤੇ ਸਨ ਕਿ ਸੂਬੇ ਦੇ ਸਾਰੇ ਕਾਨੂੰਨ ਪੰਜਾਬ ਦੀ ਥਾਂ ਹਰਿਆਣਾ ਦੇ ਨਾਂ ਨਾਲ ਕਰਨ ਦੀ ਯੋਜਨਾ ਤਿਆਰ ਕਰਨ।

ਪੰਜਾਬ ਟਾਈਮਜ਼

*ਸਨਿਚਰਵਾਰ, 31 ਅਕਤੂਬਰ 2020*

# ਕਿਸਾਨ ਸੰਘਰਸ਼ ਅਤੇ ਸਿਆਸਤ

ਪੰਜਾਬ ਵਿਚੋਂ ਉਠੇ ਕਿਸਾਨ ਸੰਘਰਸ਼ ਦਾ ਅਗਲਾ ਪੜਾਅ ਹੁਣ ਅਰੰਭ ਹੋ ਗਿਆ ਹੈ ਅਤੇ ਇਹ ਹੋਣ ਦੇਸ਼-ਵਿਆਪੀ ਸਰੂਪ ਅਖਤਿਆਰ ਕਰਨ ਲੱਗਾ ਹੈ। ਦੇਸ਼ ਦੇ 22 ਰਾਜਾਂ ਦੀਆਂ ਸਾਢੇ ਤਿੰਨ ਸੌ ਦੇ ਕਰੀਬ ਜਥੇਬੰਦੀਆਂ ਬਾਕਾਇਦਾ ਸਿਰ ਜੋੜ ਕੇ ਬੈਠੀਆਂ ਅਤੇ ਦਿੱਲੀ ਵਿਚ ਹੋਏ ਇਸ ਵੱਡੇ ਵਿਚਾਰ-ਵਟਾਂਦਰੇ ਵਿਚ ਪੰਜਾਬ ਦੀਆਂ 28 ਕਿਸਾਨ ਜਥੇਬੰਦੀਆਂ ਦੇ 60 ਪ੍ਰਤੀਨਧਾਂ ਨੇ ਵੀ ਹਿੱਸਾ ਲਿਆ। ਸਭ ਤੋਂ ਵੱਡੀ ਗੱਲ, ਖੇਤੀ ਨਾਲ ਜੁੜੇ ਸਹਾਇਕ ਧੰਦਿਆਂ ਨਾਲ ਜੁੜੀਆਂ ਧਿਰਾਂ ਵੀ ਇਸ ਵਿਚਾਰ-ਵਟਾਂਦਰੇ ਵਿਚ ਸ਼ਾਮਿਲ ਹੋਈਆਂ। ਹੁਣ ਨਵੰਬਰ ਦੇ ਪਹਿਲੇ ਹਫਤੇ ਇਕ ਤਾਂ ਦੇਸ਼ ਪੱਧਰੀ ਜਾਮ ਲਾਇਆ ਜਾਵੇਗਾ; ਦੂਜੇ ਨਵੰਬਰ ਦੇ ਅਖੀਰ ਵਿਚ, ਪੂਰੀ ਤਿਆਰੀ ਨਾਲ ਦਿੱਲੀ ਵਲ ਕੂਚ ਕੀਤਾ ਜਾਵੇਗਾ। ਇਨ੍ਹਾਂ ਕਾਰਜਾਂ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ 5 ਮੈਂਬਰੀ ਕਮੇਟੀ ਵੀ ਬਣਾ ਦਿੱਤੀ ਗਈ ਹੈ। ਇਹ ਸੰਘਰਸ਼ ਚਲਾ ਰਹੀਆਂ ਜਥੇਬੰਦੀਆਂ ਅਤੇ ਆਗੂਆਂ ਨੂੰ ਤਸੱਲੀ ਹੈ ਕਿ ਸੰਘਰਸ਼ ਦਾ ਮੂੰਹ ਸਹੀ ਦਿਸ਼ਾ ਵਲ ਜਾ ਰਿਹਾ ਹੈ ਅਤੇ ਰਾਹ ਵਿਚ ਆ ਰਹੀਆਂ ਚੁਣੌਤੀਆਂ ਦੇ ਹਿਸਾਬ ਨਾਲ ਨੀਤੀਆਂ ਤੇ ਰਣਨੀਤੀਆਂ ਨਾਲੋ-ਨਾਲ ਘੜੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਉਤੇ ਪਹਿਰਾ ਵੀ ਦਿੱਤਾ ਜਾ ਰਿਹਾ ਹੈ। ਉਧਰ, ਕੇਂਦਰ ਸਰਕਾਰ ਅਜੇ ਵੀ ਟੱਸ ਤੋਂ ਮੱਸ ਨਹੀਂ ਹੋਈ ਸਗੋਂ ਇਸ ਨੇ ਇਸ ਮਾਮਲੇ 'ਤੇ ਹੋਰ ਸਖਤ ਹੋਣ ਦੇ ਸੰਕੇਤ ਦਿੱਤੇ ਹਨ। ਪਹਿਲਾਂ ਤਾਂ ਮੋਦੀ ਮੰਤਰੀ ਮੰਡਲ ਦੇ ਵਜ਼ੀਰ ਹੀ ਕੇਂਦਰ ਦੇ ਬਣਾਏ ਖੇਤੀ ਕਾਨੂੰਨਾਂ ਦੇ ਹੱਕ ਵਿਚ ਬੋਲਦੇ ਸਨ, ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਸਪਸ਼ਟ ਕਿਹਾ ਹੈ ਕਿ ਖੇਤੀ ਕਾਨੂੰਨ ਕਿਸੇ ਵੀ ਸੂਰਤ ਵਿਚ ਵਾਪਸ ਨਹੀਂ ਲਏ ਜਾਣਗੇ। ਉਨ੍ਹਾਂ ਇਕ ਵਾਰ ਫਿਰ ਦਾਅਵਾ ਕੀਤਾ ਹੈ ਕਿ ਇਹ ਖੇਤੀ ਕਾਨੂੰਨ ਕਿਸਾਨਾਂ ਦੇ ਹੱਕ ਵਿਚ ਹਨ। ਇਸ ਦੇ ਨਾਲ ਹੀ ਸਰਕਾਰ ਨੇ ਪੰਜਾਬ ਨੂੰ ਆਉਣ ਵਾਲੀਆਂ ਮਾਲ ਗੱਡੀਆਂ ਰੋਕ ਲਈਆਂ ਹਨ। ਮੋਦੀ ਸਰਕਾਰ ਦੇ ਇਸ ਫੈਸਲੇ ਨੂੰ ਇਸ ਦੇ ਸਖਤ ਰੌਂਅ ਵਜੋਂ ਦੇਖਿਆ ਜਾ ਰਿਹਾ ਹੈ। ਅਸਲ ਵਿਚ ਸਰਕਾਰ ਕਿਸਾਨਾਂ ਦੇ ਇਸ ਅੰਦੋਲਨ ਨੂੰ ਮੱਠਾ ਪਾਉਣ ਲਈ ਇਸ ਅੰਦਰ ਪਾਟਕ ਪਾਉਣਾ ਚਾਹੁੰਦੀ ਹੈ। ਹੁਣ ਤਕ ਜਿਹੜੀਆਂ ਰਿਪੋਰਟਾਂ ਆਈਆਂ ਹਨ, ਉਨ੍ਹਾਂ ਮੁਤਾਬਿਕ ਪੰਜਾਬ ਦਾ ਤਕਰੀਬਨ ਹਰ ਵਰਗ ਕਿਸਾਨਾਂ ਦੇ ਇਸ ਸੰਘਰਸ਼ ਦੀ ਹਿਮਾਇਤ ਕਰ ਰਿਹਾ ਹੈ ਅਤੇ ਕਿਸੇ ਵੀ ਪਾਸਿਓਂ ਇਸ ਦੇ ਵਿਰੋਧ ਦੀ ਕੋਈ ਖਬਰ ਨਹੀਂ ਆਈ ਹੈ। ਕੇਂਦਰ ਸਰਕਾਰ ਰੇਲ ਗੱਡੀਆਂ ਦੇ ਫੈਸਲੇ ਨਾਲ ਕਿਸਾਨਾਂ ਦਾ ਵਪਾਰੀਆਂ ਨਾਲ ਟਕਰਾਅ ਪੈਦਾ ਕਰਨਾ ਚਾਹੁੰਦੀ ਹੈ। ਉਂਜ, ਕਿਸਾਨਾਂ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਵਲ ਉਚੇਚਾ ਧਿਆਨ ਦਿੱਤਾ ਹੈ ਅਤੇ ਐਲਾਨ ਕੀਤਾ ਹੈ ਕਿ ਅਜਿਹੀਆਂ ਕਾਰਵਾਈਆਂ ਖਿਲਾਫ ਹੋਰ ਤਿੱਖੇ ਰੂਪ ਵਿਚ ਲਾਮਬੰਦੀ ਕੀਤੀ ਜਾਵੇਗੀ।

ਅਸਲ ਵਿਚ ਜਦੋਂ ਤੋਂ ਇਨ੍ਹਾਂ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਸ਼ੁਰੂ ਹੋਇਆ ਹੈ, ਸਾਰੀਆਂ ਸਿਆਸੀ ਧਿਰਾਂ ਆਪੋ-ਆਪਣੀ ਸਿਆਸਤ ਕਰ ਰਹੀਆਂ ਹਨ ਪਰ ਇਸ ਅੰਦੋਲਨ ਨੂੰ ਚਲਾ ਰਹੀਆਂ ਜਥੇਬੰਦੀਆਂ ਨੇ ਮਾੜੀਆਂ-ਮੋਟੀਆਂ ਦਿੱਕਤਾਂ ਅਤੇ ਮਤਭੇਦਾਂ ਦੇ ਬਾਵਜੂਦ ਅੰਦੋਲਨ ਦਾ ਮੂੰਹ ਸਹੀ ਦਿਸ਼ਾ ਵਿਚ ਰੱਖਿਆ ਹੈ। ਇਕ ਗੱਲ ਹੋਰ, ਕਿਸੇ ਵੀ ਧਿਰ ਨੂੰ ਇਸ ਮਸਲੇ 'ਤੇ ਸਿਆਸਤ ਨਹੀਂ ਕਰਨ ਦਿੱਤੀ ਅਤੇ ਸਮੁੱਚਾ ਅੰਦੋਲਨ ਆਪਣੇ ਹੱਥ ਵਿਚ ਰੱਖਿਆ ਹੈ। ਸ਼ੁਰੂ-ਸ਼ੁਰੂ ਵਿਚ ਇਸ ਨੂੰ ਸਿਆਸਤ ਨਾਲ ਜੋੜਨ ਦਾ ਯਤਨ ਜ਼ਰੂਰ ਕੀਤਾ ਗਿਆ ਅਤੇ ਕੁਝ ਇਕ ਧਿਰਾਂ ਨੇ ਆਪਣਾ ਵੱਖਰਾ ਮੋਰਚਾ ਵੀ ਲਾ ਲਿਆ ਪਰ ਕਿਸਾਨ ਧਿਰਾਂ ਨੇ ਕਿਸੇ ਵੀ ਸਿਆਸੀ ਧਿਰ ਨੂੰ ਇਸ ਅੰਦੋਲਨ ਦੀ ਅਗਵਾਈ ਨੇੜੇ ਨਹੀਂ ਢੁਕਣ ਦਿੱਤਾ। ਵੱਖਰਾ ਮੋਰਚਾ ਲਾਉਣ ਵਾਲਿਆਂ ਦਾ ਨਿਸ਼ਾਨਾ ਤਾਂ ਪਹਿਲਾਂ ਵੀ ਸਪਸ਼ਟ ਹੀ ਸੀ ਪਰ ਹੁਣ ਮੋਰਚਾ ਚਲਾਉਣ ਵਾਲਿਆਂ ਵਲੋਂ ਸਿਆਸੀ ਪਾਰਟੀ ਖੜ੍ਹੀ ਕਰਨ ਦੇ ਐਲਾਨ ਨੇ ਇਹ ਨਿਸ਼ਾਨਾ ਐਨ ਸਪਸ਼ਟ ਕਰ ਦਿੱਤਾ ਹੈ। ਅਸਲ ਵਿਚ ਸਾਰੀਆਂ ਧਿਰਾਂ ਦਾ ਇਕੋ-ਇਕ ਨਿਸ਼ਾਨਾ 2022 ਵਾਲੀਆਂ ਵਿਧਾਨ ਸਭਾ ਚੋਣਾਂ ਹੀ ਹੈ। ਉਂਜ ਵੀ ਸਮੁੱਚੇ ਸੰਘਰਸ਼ ਨਾਲ ਜੁੜਿਆ ਇਹ ਤੱਥ ਬਹੁਤ ਜ਼ੋਰਦਾਰ ਹੈ ਕਿ ਇਹ ਸੰਘਰਸ਼ ਨਿਰੋਲ ਕਿਸਾਨਾਂ ਦੀ ਪੁਖਤਾ ਲਾਮਬੰਦੀ ਨਾਲ ਜੁੜਿਆ ਹੋਇਆ ਹੈ। ਲਾਮਬੰਦੀ ਦੇ ਸਿਰ ਉਤੇ ਕਿਸਾਨ ਇਸ ਅੰਦੋਲਨ ਨੂੰ ਜਿਸ ਪੱਧਰ ਉਤੇ ਲੈ ਆਏ ਹਨ, ਉਸ ਤੋਂ ਅਗਾਂਹ ਵਧਣ ਲਈ ਇਸ ਤੋਂ ਵੀ ਵੱਡੀ ਲਾਮਬੰਦੀ ਦੀ ਜ਼ਰੂਰਤ ਹੈ। ਇਸ ਤੋਂ ਬਾਅਦ ਹੀ ਇਸ ਅੰਦੋਲਨ ਨੂੰ ਸਿਆਸਤ ਦੇ ਪਿੜ ਵਿਚ ਉਤਾਰਿਆ ਜਾ ਸਕਦਾ ਹੈ। ਇਸ ਲਾਮਬੰਦੀ ਦੀ ਇਕ ਹੋਰ ਖੂਬਸੂਰਤੀ ਇਹ ਹੈ ਕਿ ਕੇਂਦਰ ਸਰਕਾਰ ਜਾਂ ਸਰਕਾਰ ਚਲਾ ਰਹੀ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਇਸ ਨੂੰ ਫਿਰਕੂ ਪਾਲੇ ਵਿਚ ਸੁੱਟਣ ਵਿਚ ਨਾਕਾਮ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਦੀ ਫਿਰਕੂ ਸਿਆਸਤ ਖਿਲਾਫ ਕਿਸਾਨ ਅੰਦੋਲਨ ਦੀ ਇਹ ਬਹੁਤ ਵੱਡੀ ਮੱਲ ਹੈ। ਜਿਵੇਂ ਜਿਵੇਂ ਇਹ ਅੰਦੋਲਨ ਹੋਰ ਭਖਦਾ ਜਾਵੇਗਾ, ਜਾਪ ਰਿਹਾ ਹੈ ਕਿ ਇਹ ਮੋਦੀ ਦੀ ਸਿਆਸਤ ਦੀ ਹਵਾ ਕੱਢਣ ਦੀ ਤਾਕਤ ਰੱਖਦਾ ਹੈ। ਇਸ ਦੇ ਨਾਲ ਹੀ ਅੰਦੋਲਨ ਬਾਰੇ ਇਕ ਖਦਸ਼ਾ ਵੀ ਹੈ। ਉਹ ਇਸ ਅੰਦੋਲਨ ਦੀ ਦੇਸ਼-ਵਿਆਪੀ ਅਗਵਾਈ ਨਾਲ ਜੁੜਿਆ ਹੈ। ਹੁਣ ਤਕ ਇਸ ਅੰਦੋਲਨ ਨੂੰ ਪੰਜਾਬ ਦੀਆਂ ਜਥੇਬੰਦੀਆਂ ਨੇ ਚਲਾਇਆ ਹੈ ਪਰ ਦੇਸ਼ ਪੱਧਰ 'ਤੇ ਯੋਗਿੰਦਰ ਯਾਦਵ ਵਰਗੇ ਕੁਝ ਅਜਿਹੇ ਲੀਡਰ ਵੀ ਇਸ ਨਾਲ ਆਣ ਜੁੜੇ ਹਨ ਜਿਨ੍ਹਾਂ ਦੀ ਸਿਆਸਤ ਕੁਲ ਮਿਲਾ ਕੇ ਕਾਂਗਰਸ ਜਾਂ ਭਾਰਤੀ ਜਨਤਾ ਪਾਰਟੀ ਤੋਂ ਕਿਸੇ ਵੀ ਲਿਹਾਜ਼ ਵੱਖਰੀ ਨਹੀਂ ਹੈ। ਅਜਿਹੇ ਲੀਡਰ ਕਿਸਾਨ ਲੀਡਰਾਂ ਦੇ ਰੂਪ ਵਿਚ ਆਪਣੀ ਸਿਆਸਤ ਲਈ ਸਦਾ ਸਰਗਰਮ ਰਹਿੰਦੇ ਹਨ। ਇਹੀ ਉਹੀ ਮੋੜ ਹੈ ਜਿਥੇ ਕਿਸਾਨ ਜਥੇਬੰਦੀਆਂ ਨੂੰ ਆਪਣੀ ਸਿਆਸਤ ਬਾਰੇ ਵਧੇਰੇ ਸੁਚੇਤ ਹੋਣਾ ਪਵੇਗਾ; ਨਹੀਂ ਤਾਂ ਮੋਦੀ ਖਿਲਾਫ ਉਠਿਆ ਇਹ ਰੋਹ ਉਹ ਪ੍ਰਾਪਤੀਆਂ ਹਾਸਲ ਕਰਨ ਤੋਂ ਖੁੰਝ ਜਾਵੇਗਾ ਜਿਨ੍ਹਾਂ ਦੀ ਇਸ ਤੋਂ ਉਮੀਦ ਕੀਤੀ ਜਾ ਰਹੀ ਹੈ। ਉਸ ਰੂਪ ਵਿਚ ਫਿਰ ਕੇਂਦਰ ਸਰਕਾਰ ਹੋਰ ਵੀ ਹਮਲਾਵਰ ਰੁਖ ਅਖਤਿਆਰ ਕਰ ਸਕਦੀ ਹੈ। ਇਸ ਲਈ ਹੁਣ ਸਾਰਾ ਦਾਰੋ-ਮਦਾਰ ਇਸ ਅੰਦੋਲਨ ਦੀ ਸੁਚੱਜੀ ਅਗਵਾਈ ਨਾਲ ਜੁੜ ਗਿਆ ਹੈ ਅਤੇ ਕਿਸਾਨ ਆਗੂਆਂ ਨੂੰ ਇਸ ਬਾਰੇ ਗਹਿਰ-ਗੰਭੀਰਤਾ ਨਾਲ ਵਿਚਾਰਾਂ ਕਰਨੀਆਂ ਪੈਣਗੀਆਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੰਜਾਬ ਦਾ ਸਬਰ

ਖੂਨ ਡੋਲ੍ਹ ਕੇ ਪਹਿਲਾਂ ਅੰਗਰੇਜ਼ ਕੱਢੇ, ਵਿਤੋਂ ਵਧ ਕੇ ਕਰੀਆਂ ਕੁਰਬਾਨੀਆਂ ਜੀ।
ਪਏ ਪੰਜਾਂ 'ਚੋਂ ਢਾਈ ਦਰਿਆ ਪੱਲੇ, ਹੋਈਆਂ ਵੰਡ ਤੋਂ ਬਾਅਦ ਸ਼ੈਤਾਨੀਆਂ ਜੀ।
ਫੌਜਾਂ ਚਾੜ੍ਹ ਕੇ ਨਾਲੇ ਕਰਜਾਈ ਕਰਿਆ, ਸਾਰੇ ਹਾਕਮਾਂ ਕਰੀਆਂ ਬੇਈਮਾਨੀਆਂ ਜੀ।
ਮੂੰਹ ਮੋੜੇ ਸੀ ਜਿਨ੍ਹਾਂ ਅਬਦਾਲੀਆਂ ਦੇ, ਸਹਿ ਲੈਣ ਉਹ ਕਿਵੇਂ ਮਨਮਾਨੀਆਂ ਜੀ।
ਸਾਂਠ-ਗਾਂਠ ਕਰ 'ਪੰਜੇ' ਤੇ 'ਤੱਕੜੀ' ਨੇ, ਬਦਲ ਬਦਲ ਕੇ ਨੋਚਿਆ ਕੁਚਲਿਆ ਹੈ।
ਭਰਿਆ ਫਿੱਸਿਆ ਪਿਆ ਪੰਜਾਬ ਸੀਗਾ, ਜਾਣੋ ਸਬਰ ਦਾ ਪਿਆਲਾ ਹੁਣ ਉਛਲਿਆ ਹੈ!

# ਕਿਸਾਨਾਂ ਦੇ ਤਿੱਖੇ ਅੰਦੋਲਨ 'ਚ ਆਪਣਿਆਂ ਨੂੰ ਹਾਕਾਂ

***ਪੰਜਾਬ ਵਿਚ ਕਿਸਾਨਾਂ ਦਾ ਸੰਘਰਸ਼ ਭਖਿਆ ਹੋਇਆ ਹੈ ਅਤੇ ਹੁਣ ਇਹ ਮੁਲਕ ਭਰ ਵਿਚ ਆਪਣੀ ਹੋਂਦ ਜ਼ਾਹਰ ਕਰ ਰਿਹਾ ਹੈ। ਦੂਜੇ ਬੰਨੇ ਕੇਂਦਰ ਸਰਕਾਰ ਨੇ ਆਪਣਾ ਰਵੱਈਆ ਲਗਾਤਾਰ ਸਖਤ ਬਣਾਇਆ ਹੋਇਆ ਹੈ। ਇਸ ਪ੍ਰਸੰਗ ਵਿਚ ਜਾਪਦਾ ਹੈ ਕਿ ਇਹ ਸੰਘਰਸ਼ ਕਾਫੀ ਲੰਮਾ ਚੱਲਣਾ ਹੈ। ਇਸ ਪੱਖ ਤੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਜਤਿੰਦਰ ਸਿੰਘ ਨੇ ਇਸ ਸਮੁੱਚੇ ਹਾਲਾਤ ਬਾਰੇ ਟਿੱਪਣੀ ਕੀਤੀ ਹੈ। -ਸੰਪਾਦਕ***

ਕੇਂਦਰ ਦੇ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਵਿਚ ਚੱਲ ਰਹੇ ਕਿਸਾਨ ਅੰਦੋਲਨ ਨੇ ਖਿੱਤੇ ਦੀ ਖੜੋਤ ਤੋੜੀ ਹੈ। ਪੰਜਾਬ ਆਪਣੇ ਸੰਘਰਸ਼ੀ ਪਿਛੋਕੜ ਨੂੰ ਮੁੜ ਯਾਦ ਕਰ ਰਿਹਾ ਹੈ। ਇਸ ਲੇਖ ਦਾ ਕੇਂਦਰੀ ਨੁਕਤਾ ਸੰਘਰਸ਼ ਦੀ ਮਿਆਦ ਅਤੇ ਰਸਾਈ ਬਾਬਤ ਚਰਚਾ ਹੈ। ਸੰਘਰਸ਼ਾਂ ਨੂੰ ਜੇ ਨੇਕੀ ਤੇ ਬਦੀ, ਸੱਚ ਤੇ ਝੂਠ ਜਾਂ ਕੂੜ ਦੇ ਪ੍ਰਸੰਗ ਵਿਚ ਵਿਚਾਰੀਏ ਤਾਂ

ਜਤਿੰਦਰ ਸਿੰਘ
ਫੋਨ: +91-97795-30032

ਇਹ ਅੰਤਹੀਣ ਹਨ। ਇਨ੍ਹਾਂ ਦੀ ਕੋਈ ਮਿਆਦ ਨਹੀਂ ਮਿੱਥੀ ਜਾ ਸਕਦੀ। ਪਹਿਲਾਂ ਸਾਡੇ ਪੁਰਖੇ ਲੜੇ ਅਤੇ ਭਵਿੱਖ ਵਿਚ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੇ ਲੜਨਾ ਹੈ। ਮੌਜੂਦਾ ਸੰਘਰਸ਼ ਉਸ ਅੰਤਹੀਣ ਲੜਾਈ ਵਿਚ ਪੜਾਅ ਮਾਤਰ ਹੈ। ਨੇਕੀ ਅਤੇ ਬਦੀ ਸਮਾਜ ਰੂਪੀ ਤਕੜੀ ਦੇ ਦੋ ਪਲੜਿਆਂ ਵਾਂਗ ਹਨ। ਦੋਵਾਂ ਦੀ ਮੌਜੂਦਗੀ ਸੀ, ਹੈ ਤੇ ਰਹੇਗੀ। ਇਹ ਵਰਤਾਰਾ ਰੂਪਮਾਨ ਮਨੁੱਖਾਂ ਦੇ ਜ਼ਰੀਏ ਹੁੰਦਾ ਹੈ। ਨੇਕੀ ਦਾ ਪੱਖ ਪੂਰਨ ਵਾਲੇ ਅਤੇ ਬਦੀ ਕਰਨ ਵਾਲੇ ਹੁੰਦੇ ਹੱਡ-ਮਾਸ ਦੇ ਪੁਤਲੇ ਹੀ ਨੇ। ਮਨੁੱਖੀ ਚਾਲਾਂ ਪੁੱਠੀਆਂ ਵੀ ਪੈ ਸਕਦੀਆਂ ਹੁੰਦੀਆਂ। ਅਸੀਂ ਇਹ ਤੈਅ ਕਰਨਾ ਹੈ ਕਿ ਕਿਸ ਧਿਰ ਦਾ ਪਲੜਾ ਮਜ਼ਬੂਤ ਹੋਵੇ। ਜਿਸ ਧਿਰ ਦਾ ਪਲੜਾ ਭਾਰੂ ਰਹੇਗਾ, ਸਮਾਜ ਦਾ ਵੱਡਾ ਹਿੱਸਾ ਉਸ ਰੰਗ ਵਿਚ ਰੰਗਿਆ ਜੀਵਨ ਬਤੀਤ ਕਰੇਗਾ।

ਸਟੇਟ ਜਾਂ ਸੱਤਾ ਉਤੇ ਕਾਬਜ਼ ਲੋਕ ਕੋਈ ਦੈਵੀ ਸ਼ਕਤੀ ਨਹੀਂ ਕਿ ਉਹ ਸਭ ਜਾਣੀ-ਜਾਣ ਨੇ। ਉਨ੍ਹਾਂ ਨੂੰ ਆਪਣੀ ਸੱਤਾ ਕਾਇਮ ਕਰਨ ਲਈ ਤਰੱਦਦ ਕਰਨਾ ਪੈਂਦਾ ਹੈ। ਲੋਕ-ਦੋਖੀ ਸੱਤਾ ਅਤੇ ਮੁਨਾਫਾਖੋਰ ਘਰਾਣਿਆਂ ਨੂੰ ਉਨ੍ਹਾਂ ਦੇ ਹਿੱਤ ਪੱਖੀ ਤੰਤਰ ਖੜ੍ਹਾ ਕਰਨ ਲਈ ਬੜੀ ਜੋੜ-ਤੋੜ ਕਰਨੀ ਪੈਂਦੀ ਹੈ। ਮੋਦੀਆਂ, ਅਮਿਤ ਸ਼ਾਹਾਂ (ਪਹਿਲਾਂ ਕਾਂਗਰਸੀਆਂ ਕਿਹਾ ਜਾਂਦਾ ਸੀ), ਭਾਗਵਤਾਂ, ਅਡਾਨੀਆਂ, ਅੰਬਾਨੀਆਂ (ਪਹਿਲਾਂ ਟਾਟੇ ਤੇ ਬਿਰਲੇ ਕਿਹਾ ਜਾਂਦਾ ਸੀ) ਤੇ ਹੋਰ ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੇ ਸਿਰਜੇ ਨਿਜ਼ਾਮ ਹਮੇਸ਼ਾਂ ਖਤਰੇ ਵਿਚ ਰਹਿੰਦੇ ਨੇ।

ਝੂਠ, ਹਿੰਸਾ, ਫਰੇਬ ਆਦਿ ਨਾਲ ਖੜ੍ਹੇ ਕੀਤੇ ਤੰਤਰ ਡਿੱਗਣ ਦੇ ਭੈਅ ਤੋਂ ਮੁਕਤ ਨਹੀਂ ਹੁੰਦੇ। ਭੇਤ ਖੁੱਲ੍ਹਣ ਦਾ ਡਰ ਹਮੇਸ਼ਾਂ ਲੱਗਿਆ ਰਹਿੰਦਾ ਹੈ। ਇਸੇ ਲਈ ਸੰਚਾਰ ਦੇ ਸਾਧਾਨਾਂ (ਅਖਬਾਰ, ਟੀਵੀ ਤੇ ਸੋਸ਼ਲ ਮੀਡਿਆ) ਨੂੰ ਖਰੀਦ ਕੇ ਜਾਂ ਡਰਾ ਕੇ ਭ੍ਰਿਸ਼ਟ ਕੀਤਾ ਜਾਂਦਾ ਹੈ। ਇੱਕ ਪਾਸੇ ਕੂੜ ਪ੍ਰਚਾਰ ਦਾ ਹਮਲਾ ਬੋਲਿਆ ਜਾਂਦਾ ਹੈ, ਦੂਜੇ ਪਾਸੇ ਸੱਚ ਨੂੰ ਲੋਕਾਈ ਤੱਕ ਪੁੱਜਦਾ ਕਰਨ ਵਾਲੇ ਮਨੁੱਖਾਂ ਤੇ ਸੰਸਥਾਵਾਂ ਉਤੇ ਦਮਨ ਕੀਤਾ ਜਾਂਦਾ ਹੈ। ਲੋਕ-ਦੋਖੀ ਤੰਤਰ ਲੋਕਾਈ ਸਾਹਮਣੇ ਬੇ-ਪਰਦ ਹੋਣ ਤੋਂ ਹਮੇਸ਼ਾਂ ਘਬਰਾਉਂਦਾ ਹੈ। ਬਦੀ ਨੂੰ ਰੱਸਾਕਸ਼ੀ ਦੀ ਖੇਡ ਵਾਂਗ ਹਰ ਸਮੇਂ ਰੱਸਾ ਹੱਥੋਂ ਖਿਸਕਣ ਜਾਂ ਖਿੱਚੀ ਲਕੀਰ ਪਾਰ ਕਰ ਜਾਣ ਕਾਰਨ ਹਾਰ ਦਾ ਤੌਖਲਾ ਬਣਿਆ ਰਹਿੰਦਾ ਹੈ।

ਨੇਕੀ ਜੇ ਆਪਣੇ ਸੰਘਰਸ਼ ਨੂੰ ਲੈ ਕੇ ਚਿੰਤਤ ਹੁੰਦੀ ਹੈ ਤਾਂ ਬਦੀ ਦੇ ਨੁਮਾਇੰਦੇ ਪੈਰ ਉਖੜ ਜਾਣ ਤੋਂ ਭੈਅਭੀਤ ਰਹਿੰਦੇ ਹਨ। ਮਨੁੱਖ ਲਈ ਕੋਈ ਘਟਨਾ ਜਾਂ ਵਰਤਾਰਾ ਦੈਵੀ ਉਦੋਂ ਤੱਕ ਰਹਿੰਦਾ ਜਦੋਂ ਤੱਕ ਉਸ ਦੇ ਨਿਯਮਾਂ ਤੇ ਕਾਰਨਾਂ ਨੂੰ ਖੋਜ ਕੇ ਸਮਝ ਨਹੀਂ ਲੈਂਦਾ। ਰਹੱਸ ਤੋਂ ਪਰਦਾ ਚੁੱਕਣ ਤੋਂ ਬਾਅਦ ਉਹ ਉਸ ਨੂੰ ਕਾਬੂ ਹੀ ਨਹੀਂ ਕਰਦਾ ਸਗੋਂ ਨਿੱਜੀ ਜਾਂ ਲੋਕਾਈ ਦੇ ਹਿੱਤਾਂ ਲਈ ਵਰਤਦਾ ਵੀ ਹੈ। ਸ਼ੁਰੂਆਤੀ ਦੌਰ ਵਿਚ ਮਨੁੱਖ ਅੱਗ ਤੋਂ ਡਰਿਆ ਪਰ ਜਦੋਂ ਇਹ ਸ਼ਹਿ ਸਮਝ ਪਈ ਤਾਂ ਕਾਬੂ ਹੀ ਨਹੀਂ ਕੀਤਾ ਸਗੋਂ ਚੰਗੇ-ਮਾੜੇ ਕੰਮਾਂ ਲਈ ਵਰਤਣਾ ਸ਼ੁਰੂ ਕੀਤਾ। ਅਹਿਮ ਸਵਾਲ ਇਹ ਕਿ ਨੇਕੀ ਦੀ ਬੁਲੰਦੀ ਲਈ ਉਠੇ ਸੰਘਰਸ਼ ਦੀ ਲਤਾੜੇ ਜਾ ਰਹੇ ਅਨੇਕਾਂ ਤਬਕਿਆਂ ਤੱਕ ਰਸਾਈ ਕਿਵੇਂ ਹੋਵੇ? ਇਹ ਠੀਕ ਹੈ ਕਿ ਸੰਘਰਸ਼ ਕੁਝ ਫੌਰੀ ਨੁਕਤੇ ਅਤੇ ਮੰਗਾਂ ਉਤੇ ਕੇਂਦਰਿਤ ਹੁੰਦਾ ਹੈ। ਸਭ ਕੁਝ ਗਵਾ ਲੈਣ ਦਾ ਖਦਸ਼ਾ ਜਾਂ ਕੁਝ ਹਾਸਿਲ ਕਰਨ ਦੀ ਤਾਂਘ ਸੰਘਰਸ਼ਾਂ ਦਾ ਮੁੱਢ ਬੰਨ੍ਹਦੇ ਹਨ। ਸਟੀਕ ਮੰਗਾਂ ਲੋਕਾਈ ਨਾਲ ਸਾਂਝ ਪਾਉਣ ਅਤੇ ਸੱਤਾ ਨਾਲ ਠੋਸ ਗੱਲਬਾਤ ਵਿਚ ਸਹਾਈ ਹੁੰਦੀਆਂ ਹਨ। ਫੌਰੀ ਪ੍ਰਾਪਤੀਆਂ ਵੱਡੇ ਬਦਲਾਓ ਲਈ ਪ੍ਰੇਰਦੀਆਂ ਹਨ ਪਰ ਨੇਕੀ ਦਾ ਪਲੜਾ ਲਗਾਤਾਰ ਭਾਰੀ ਕਿਵੇਂ ਰਹੇ, ਇਹ ਗੰਭੀਰ ਸੰਵਾਦ ਦੀ ਤਵੱਕੋ ਕਰਦਾ ਹੈ।

ਇਟਲੀ ਦੇ ਚਿੰਤਕ ਅੰਤੋਨੀਓ ਗ੍ਰਾਮਸ਼ੀ, ਹਿਟਲਰ ਤੇ ਮੁਸੋਲੀਨੀ ਵਰਗੇ ਫਾਸ਼ੀਵਾਦੀ ਤਾਨਾਸ਼ਾਹ ਦੇ ਉਭਾਰ ਦੇ ਕਾਰਨਾਂ ਦੀ ਪੜਚੋਲ ਕਰਦਿਆਂ ਇਸ ਸਵਾਲ ਨਾਲ ਖੌਝਲਦੇ ਹਨ ਕਿ ਪੂੰਜੀਪਤੀ ਅਤੇ ਸੱਤਾਧਾਰੀ ਧਿਰ ਸੰਖਿਆ ਵਜੋਂ ਨਿਗੂਣੀ ਹੋਣ ਦੇ ਬਾਵਜੂਦ ਬਹੁ-ਗਿਣਤੀ ਲੋਕਾਈ ਉਤੇ ਲੰਮਾ ਸਮਾਂ ਰਾਜ ਕਰਨ ਵਿਚ ਸਫਲ ਕਿਵੇਂ ਹੋ ਜਾਂਦੇ ਹਨ। ਉਨ੍ਹਾਂ ਸਿੱਟਾ ਕੱਢਿਆ ਕਿ ਰਾਜ-ਸੱਤਾ ਬਹੁ-ਗਿਣਤੀ ਦੇ ਵੱਖ ਵੱਖ ਤਬਕੇ ਨੂੰ ਬੌਧਿਕ ਗਲਬੇ ਵਿਚ ਕਰ ਲੈਂਦੀ ਹੈ। ਨਤੀਜਤਨ ਬੇਸ਼ੁਮਾਰ ਵਖਰੇਵਿਆਂ ਵਾਲੇ ਤਬਕੇ ਆਪਣੇ ਸ਼ੋਸ਼ਣ ਦੇ ਅਸਲ ਕਾਰਨਾਂ ਨੂੰ ਸਮਝ ਹੀ ਨਹੀਂ ਪਾਉਂਦੇ। 'ਸ਼ੋਸ਼ਣ ਦੇ ਸਰੂਪ ਭਾਵੇਂ ਵੱਖਰੇ ਹੋਣ ਪਰ ਉਸ ਦਾ ਸੋਮਾ ਇੱਕੋ ਹੈ' ਵਾਲੀ ਸਮਝ ਵਿਕਸਿਤ ਨਹੀਂ ਹੁੰਦੀ। ਜਿਹੜੀਆਂ ਤਾਕਤਾਂ ਨੂੰ ਸੱਤਾ ਖਿਲਾਫ ਚੱਲ ਰਹੇ ਅੰਦੋਲਨਾਂ ਦਾ ਹਿੱਸਾ ਬਣਨਾ ਚਾਹੀਦਾ ਹੈ, ਉਹ ਜਾਂ ਤਾਂ ਸਟੇਟ ਦੇ ਨਾਲ ਖੜ੍ਹ ਜਾਂਦੀਆਂ ਹਨ ਜਾਂ ਸੰਘਰਸ਼ ਤੋਂ ਅਵੇਸਲੀਆਂ ਰਹਿੰਦੀਆਂ ਹਨ। ਸਟੇਟ ਦਾ ਪਲੜਾ ਭਾਰੀ ਹੋਣ ਕਾਰਨ ਲੜਾਈਆਂ ਬੇਅੰਤ ਕੁਰਬਾਨੀਆਂ ਦੇ ਬਾਵਜੂਦ ਮਿੱਥੇ ਟੀਚਿਆਂ ਤੱਕ ਨਹੀਂ ਪਹੁੰਚਦੀਆਂ। ਸਟੇਟ ਦਾ ਪਲੜਾ ਹਲਕਾ ਕਰਨ ਲਈ ਦੂਜੇ ਪਾਲੇ ਵਿਚ ਖੜ੍ਹੇ ਜਾਂ ਦਰਸ਼ਕ ਬਣੇ ਵਰਗਾਂ ਨੂੰ ਸੁਚੇਤ ਕਰ ਕੇ ਸੰਘਰਸ਼ ਨੂੰ ਮਜ਼ਬੂਤ ਕਰਨਾ ਅਹਿਮ ਹੈ। ਕਿਸੇ ਵੀ ਧਿਰ ਦੀ ਸਪਲਾਈ ਲਾਈਨ ਅਤੇ ਲਾਈਫ ਲਾਈਨ ਖਲਕਤ ਹੁੰਦੀ ਹੈ। ਅਫਸੋਸ ਕਿ ਇਹ ਅਨੇਕਾਂ ਤਬਕਿਆਂ ਵਿਚ ਵੰਡੀ ਹੁੰਦੀ ਹੈ।

ਅਮਰੀਕਾ ਦੇ ਚੌਥੇ ਰਾਸ਼ਟਰਪਤੀ ਜੇਮਸ ਮੈਡੀਸਨ ਅਨੁਸਾਰ, 'ਸਾਰੀਆਂ ਸਰਕਾਰਾਂ ਲੋਕ ਰਾਇ ਉਤੇ ਟਿਕੀਆਂ ਹੁੰਦੀਆਂ ਹਨ। ਸਭ ਤੋਂ ਵੱਡਾ ਤਾਨਾਸ਼ਾਹ ਵੀ ਉਸ ਦੀ ਸੋਚ ਨਾਲ ਮੇਲ ਖਾਂਦੇ ਲੋਕਾਂ ਦੀ ਮਦਦ ਤੋਂ ਬਿਨਾ ਨਾ ਸੱਤਾ ਹਾਸਿਲ ਕਰ ਸਕਦਾ ਹੈ ਤੇ ਨਾ ਹੀ ਬਚਾ ਕੇ ਰੱਖ ਸਕਦਾ ਹੈ।' ਸੱਚ ਦੀ ਲੋਕਾਈ ਤੱਕ ਰਸਾਈ ਦੀ ਜ਼ੂਰਰਤ ਨੂੰ ਅਹਿਮ ਮੰਨਦਿਆਂ ਉਨ੍ਹਾਂ ਕਿਹਾ ਕਿ 'ਇਕੱਲਾ ਰਹਿ ਜਾਣ ਤੇ ਮਨੁੱਖ ਵਾਂਗ ਹੀ ਉਸ ਦਾ ਪੇਸ਼ ਕੀਤਾ ਤਰਕ ਡਰ ਮਹਿਸੂਸ ਕਰਦਾ ਹੈ, ਉਸ ਦਾ ਹੌਸਲਾ ਤੇ ਮਜ਼ਬੂਤੀ ਸਾਥ ਦੇਣ ਵਾਲਿਆਂ ਦੀ ਗਿਣਤੀ ਤੇ ਨਿਰਭਰ ਕਰਦਾ ਹੈ।' ਇਨ੍ਹਾਂ ਨੁਕਤਿਆਂ ਤੇ ਹਨਾ ਐਰੈਂਟ ਨੇ ਵਿਸਥਾਰ ਨਾਲ ਲਿਖਿਆ ਜੋ ਜਰਮਨ ਮੂਲ ਦੇ ਯਹੂਦੀ ਸਨ। ਹਿਟਲਰ ਦੇ ਫਾਸੀਵਾਦੀ ਦੌਰ ਸਮੇਂ ਉਨ੍ਹਾਂ ਨੂੰ ਜਰਮਨੀ ਛੱਡਣਾ ਪਿਆ ਅਤੇ ਅਮਰੀਕਾ ਜਾ ਵਸੇ। ਉਹ ਲਿਖਦੇ ਹਨ ਕਿ ਤਾਨਾਸ਼ਾਹ ਸੱਚ ਨੂੰ ਨਫਰਤ ਕਰਦੇ ਹਨ ਕਿਉਂਕਿ ਸੱਚ ਹੀ ਉਨ੍ਹਾਂ ਦਾ ਮੁਕਾਬਲਾ ਕਰ ਸਕਦਾ ਹੈ। ਸੱਚ ਉਹ ਤਾਕਤ ਹੈ ਜਿਸ ਉਤੇ ਗਲਬਾ ਨਹੀਂ ਪਾਇਆ ਜਾ ਸਕਦਾ। ਸੱਚ ਨੂੰ ਵਰਗਲਾਇਆ ਨਹੀਂ ਜਾ ਸਕਦਾ। ਸੱਚ ਨਾਲ ਪੇਚਾ ਪੈਣ ਤੋਂ ਤਾਨਾਸ਼ਾਹ ਭੱਜਦਾ ਹੈ। ਇਸ ਲਈ ਆਧੁਨਿਕ ਸਟੇਟ ਦੁਆਰਾ ਸੱਚ ਨੂੰ ਦਬਾਉਣ ਲਈ ਜਥੇਬੰਦ ਰੂਪ ਵਿਚ ਝੂਠ ਬੋਲਿਆ ਜਾਂਦਾ ਹੈ। ਝੂਠ ਸਹਾਰੇ ਨਵਾਂ ਬਿਰਤਾਂਤ ਸਿਰਜਿਆ ਜਾਂਦਾ ਹੈ ਤੇ ਅਣ-ਗਿਣਤ ਵਾਰ ਜਨਤਾ ਸਨਮੁੱਖ ਪੇਸ਼ ਕੀਤਾ ਜਾਂਦਾ ਹੈ। ਇਸ ਦਾ ਹੱਲ ਸੱਚ ਨੂੰ ਜਥੇਬੰਦ ਕਰਨ ਵਿਚ ਹੈ।

ਲੋਕਾਈ ਦੇ ਸ਼ੋਸ਼ਿਤ ਹੋ ਰਹੇ ਤਬਕਿਆਂ ਨੂੰ ਸਟੇਟ ਦੇ ਮਾਨਸਿਕ ਤੇ ਬੌਧਿਕ ਦਾਬੇ ਦੇ ਮਕੜਜਾਲ ਵਿਚੋਂ ਕੱਢਣ ਦੀ ਪਹਿਲਕਦਮੀ ਸੰਘਰਸ਼ ਕਰ ਰਹੀਆਂ ਧਿਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਕਰਨੀ ਹੈ। 'ਪੁੱਤਰੋ ਵੇ' ਜਾਂ 'ਵੀਰੋ ਚਲੋ' ਕਹਿਣਾ ਅਧੂਰਾ ਜਾਪਦਾ ਹੈ। ਇਹ ਸਵਾਲ ਅਹਿਮ ਹੈ ਕਿ ਇਨ੍ਹਾਂ ਸ਼ਬਦਾਂ ਨਾਲ ਪੰਜਾਬ ਦੇ ਖਿੱਤੇ ਅਤੇ ਭਾਰਤੀ ਉਪ-ਮਹਾਂਦੀਪ ਦੇ ਕਿੰਨੇ ਤਬਕੇ ਅਪਣੱਤ ਮਹਿਸੂਸ ਕਰਦੇ ਹੋਣਗੇ। ਭਾਰਤ ਦਾ ਸੰਵਿਧਾਨ 'ਅਸੀਂ ਭਾਰਤ ਦੇ ਵਾਸੀ' ਦੇ ਸੰਬੋਧਨ ਨਾਲ ਸ਼ੁਰੂ ਹੁੰਦਾ ਹੈ। ਅਸੀਂ ਅਕਸਰ ਪੁੱਛਦੇ ਹਾਂ ਕਿ ਇਸ 'ਅਸੀਂ' ਸ਼ਬਦ ਵਿਚ ਅਸੀਂ ਸ਼ਾਮਿਲ ਹਾਂ ਜਾਂ ਨਹੀਂ। ਸੱਤਾ ਦਾ ਜਵਾਬ ਰਸਮੀ ਰੂਪ ਵਿਚ ਤਾਂ 'ਹਾਂ' ਹੁੰਦਾ ਹੈ ਪਰ ਵਿਹਾਰਕ ਰੂਪ ਵਿਚ ਵੱਖਰਾ ਹੁੰਦਾ ਹੈ। ਇਸ ਕਰ ਕੇ ਮਸਲਾ ਸਿਰਫ 'ਉਨ੍ਹਾਂ' ਦੁਆਰਾ 'ਸਾਨੂੰ' ਪਾੜ ਕੇ ਰਾਜ ਦਾ ਹੀ ਨਹੀਂ ਸਗੋਂ 'ਆਪਣੇ' ਸਮਾਜ ਅੰਦਰਲੇ ਪਾੜਿਆਂ ਦੀ ਨਿਸ਼ਾਨਦੇਹੀ ਕਰ ਕੇ ਪੂਰਨ ਦਾ ਵੀ ਹੈ। ਵਖਰੇਵੇਂ 'ਸਾਡੇ' ਅੰਦਰ ਮੌਜੂਦ ਨੇ, ਉਨ੍ਹਾਂ ਨੂੰ ਹਵਾ ਦੇਣ ਦਾ ਕੰਮ 'ਉਹ' ਕਰਦੇ ਨੇ।

ਮੌਜੂਦਾ ਦੌਰ ਵਿਚ ਬਦੀ ਨੇ ਜਿਥੇ ਖਿੱਤਿਆਂ ਦੀ ਖੁਦਮੁਖਤਾਰੀ ਨੂੰ ਸੱਟ ਮਾਰੀ, ਧਾਰਮਿਕ ਘੱਟ-ਗਿਣਤੀਆਂ ਦਾ ਘਾਣ ਕੀਤਾ, ਕਾਰਪੋਰੇਟ ਘਰਾਣਿਆਂ ਨੂੰ ਗੱਫੇ ਵੰਡੇ ਤੇ ਕਿਸਾਨਾਂ ਦਾ ਹੱਕ ਮਾਰਿਆ ਹੈ; ਉਥੇ ਜਾਤੀ ਹਿੰਸਾ ਨੂੰ ਹਵਾ ਦਿੱਤੀ, ਆਦਿਵਾਸੀਆਂ ਦਾ ਸ਼ੋਸ਼ਣ ਕੀਤਾ, ਔਰਤਾਂ ਦੀ ਆਜ਼ਾਦੀ ਤੇ ਲਗਾਤਾਰ ਹਮਲੇ ਕੀਤੇ, ਬੇਰੁਜ਼ਗਾਰੀ ਵਧਾਈ, ਗਿਆਨ ਵੰਡਣ ਵਾਲੀਆਂ ਸੰਸਥਾਵਾਂ ਨੂੰ ਮਲੀਆਮੇਟ ਕੀਤਾ, ਖੇਤਰੀ ਭਾਸ਼ਾਵਾਂ ਨੂੰ ਨੁਕਸਾਨਿਆ, ਸਿੱਖਿਆ, ਸਿਹਤ ਤੇ ਹੋਰ ਜਨਤਕ ਸਹੂਲਤਾਂ ਦਾ ਨਿੱਜੀਕਰਨ ਕਰ ਕੇ ਗਰੀਬਾਂ ਦੀ ਪਹੁੰਚ ਤੋਂ ਦੂਰ ਕੀਤਾ ਹੈ। ਸਾਡੀ ਪਹੁੰਚ ਤੋਂ ਇਹ ਤਬਕੇ ਅਤੇ ਖਿੱਤੇ ਬਾਹਰ ਨਾ ਰਹਿ ਜਾਣ, ਇਸ ਦਾ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਇਸ ਲਈ ਸਵੈ-ਪੜਚੋਲ ਜ਼ਰੂਰੀ ਹੈ। 'ਪਹਿਲਾਂ ਇਹ ਸੰਘਰਸ਼ ਸਿਰੇ ਚੜ੍ਹਾਅ ਲਈਏ, ਇਸ ਨੂੰ ਫੇਰ ਦੇਖਾਂਗੇ' ਵਾਲਾ ਤਰਕ ਸਟੀਕ ਨਹੀਂ ਜਾਪਦਾ ਹੈ। ਦੋਵਾਂ ਦੇ ਸੰਗੀ-ਸਾਥੀ ਹੋਣ ਨਾਲ ਲੜਾਈ ਸਰ ਕਰ ਲੈਣ ਦੀਆਂ ਸੰਭਾਵਨਵਾਂ ਨੂੰ ਜਰਬਾਂ ਲੱਗ ਜਾਂਦੀਆਂ ਹਨ। ਘਟਨਾਵਾਂ ਜਾਂ ਵਰਤਾਰੇ ਮਨੁੱਖ ਨੂੰ ਸੰਜੀਦਾ ਹੋਣ ਦੇ ਰਾਹ ਪਾਉਂਦੇ ਹਨ। ਇਸ ਰਾਹ ਦੇ ਪਾਂਧੀ ਨੇ ਤਮਾਮ ਉਮਰ ਸਫਰ ਵਿਚ ਰਹਿਣਾ ਹੈ। ਆਪਣੀ ਸੰਵੇਦਨਾ ਦੇ ਦਾਇਰੇ ਨੂੰ ਮੋਕਲਾ ਕਰਦੇ ਜਾਣਾ ਹੈ। ਜਿਥੇ ਆਪਣੇ ਨਾਲ ਹੁੰਦੀਆਂ ਵਧੀਕੀਆਂ ਦੀ ਵਿਆਖਿਆ ਕਰਨੀ ਹੈ, ਉਥੇ ਬਾਕੀਆਂ ਨਾਲ ਹੁੰਦੇ ਵਿਤਕਰੇ ਦੀ ਬਾਤ ਪਾਉਣਾ ਹੈ। ਡਾਢਿਆਂ ਦੀ ਫਹਿਰਿਸਤ ਵਿਚ ਆਪਣਾ ਨਾਂ ਸ਼ੁਮਾਰ ਹੋਣ ਤੇ ਸਵੈ ਨੂੰ ਮੁਖਾਤਿਬ ਹੋਣਾ ਵੀ ਜ਼ਰੂਰੀ ਹੈ।

ਆਤਮ-ਚਿੰਤਨ ਦਾ ਢੁੱਕਵਾਂ ਸਮਾਂ ਸੰਘਰਸ਼ ਹੁੰਦੇ ਹਨ ਜਦੋਂ ਸਿਰ-ਧੜ ਦੀ ਬਾਜ਼ੀ ਲੱਗੀ ਹੁੰਦੀ ਹੈ। ਪੰਜਾਬ ਨੂੰ ਖਿੱਤੇ ਦੇ ਤੌਰ ਤੇ ਦੇਖੀਏ ਤੇ ਸੰਬੋਧਿਤ ਹੋਈਏ। ਪੰਜਾਬ ਦੇ ਭੂਗੋਲਿਕ ਖਿੱਤੇ ਪਿੰਡ, ਕਸਬੇ ਅਤੇ ਸ਼ਹਿਰ ਆਪਸ ਵਿਚ ਸੰਵਾਦ ਕਰਨ। ਇਸ ਖਿੱਤੇ ਦੀਆਂ ਧਾਰਮਿਕ ਪਛਾਣਾਂ ਸਿੱਖ, ਹਿੰਦੂ, ਮੁਸਲਿਮ, ਈਸਾਈ ਤੇ ਹੋਰ ਧਾਰਮਿਕ ਘੱਟ-ਗਿਣਤੀਆਂ ਆਪਸੀ ਰਿਸ਼ਤਿਆਂ ਤੇ ਸੰਵਾਦ ਰਚਾਉਣ। ਪੰਜਾਬ ਆਪਣੇ ਅੰਦਰ ਚੱਲਦੇ ਲਿੰਗਕ ਅਤੇ ਜਾਤੀ ਵਿਤਕਰੇ ਪ੍ਰਤੀ ਸੁਹਿਰਦ ਹੋਵੇ। ਲੀਹੋਂ ਉਤਰੀ ਆਰਥਿਕਤਾ ਨੂੰ ਠੁੰਮ੍ਹਣਾ ਦੇਣ ਬਾਰੇ ਵਿਚਾਰ ਕਰੇ। ਸਿੱਖਿਆ, ਰੁਜ਼ਗਾਰ ਤੇ ਸਿਹਤ ਦੇ ਪੈਮਾਨਿਆਂ ਨੂੰ ਸੰਜੀਦਗੀ ਨਾਲ ਵਿਚਾਰੇ। ਲੋਕਾਈ ਦੀ ਸਮੂਹਿਕ ਚੇਤਨਾ ਦੇ ਵਿਕਾਸ ਦਾ ਕੰਮ ਲਗਾਤਾਰਤਾ ਵਿਚ ਚੱਲਦਾ ਰਹੇ। ਨੇਕੀ ਤੇ ਸੱਚ ਦਾ ਪਸਾਰਾ ਨਿਰਵਿਘਨ ਜਾਰੀ ਰਹੇ। ਪੰਜਾਬ ਸਮੁੱਚਤਾ ਵਿਚ ਆਪਣਿਆਂ ਨਾਲ, ਆਪਣੇ-ਆਪ ਨਾਲ ਸੰਵਾਦ ਰਚਾਵੇ। ਨਿਵੇਕਲੀ ਸ਼ਬਦਾਵਲੀ ਤੇ ਵਿਆਕਰਨ ਘੜਨ ਲਈ ਸਿਰ ਜੋੜ ਬੈਠੇ। ਪੰਜਾਬ ਖੁੱਲ੍ਹੀਆਂ ਅੱਖਾਂ ਨਾਲ ਹੁਣ ਕੋਈ ਵੱਡਾ ਸੁਫਨਾ ਦੇਖੇ।

# ਬਿਹਾਰ, ਬੇਰੁਜ਼ਗਾਰੀ ਅਤੇ ਚੋਣਾਂ ਦੀ ਰਣਨੀਤੀਆਂ

ਅਭੈ ਕੁਮਾਰ ਦੂਬੇ

ਅਜਿਹਾ ਲੱਗਣ ਲੱਗਾ ਹੈ ਕਿ ਸ਼ਾਇਦ ਬਿਹਾਰ ਦੀਆਂ ਚੋਣਾਂ ਆਰਥਿਕ ਸਵਾਲਾਂ ਦੇ ਆਲੇ-ਦੁਆਲੇ ਹੋ ਰਹੀਆਂ ਹਨ। ਜੇ ਅਜਿਹਾ ਹੋਇਆ ਤਾਂ ਇਹ ਸਾਡੀ ਲੋਕਤੰਤਰੀ ਰਾਜਨੀਤੀ ਲਈ ਮੋਟੇ ਤੌਰ 'ਤੇ ਨਵੀਂ ਗੱਲ ਹੋਵੇਗੀ। ਚੋਣਾਂ ਵਿਚ ਵਿਕਾਸ ਦੀ ਗੱਲ ਤਾਂ ਬਹੁਤ ਕੀਤੀ ਜਾਂਦੀ ਹੈ ਪਰ ਵੋਟਾਂ ਕਿਸੇ ਹੋਰ ਗੱਲ 'ਤੇ ਪੈਂਦੀਆਂ ਹਨ। ਆਮ ਤੌਰ 'ਤੇ ਮਹਿੰਗਾਈ, ਬੇਰੁਜ਼ਗਾਰੀ, ਉਦਯੋਗੀਕਰਨ, ਕੁੱਲ ਘਰੇਲੂ ਉਤਪਾਦ, ਵਿੱਤੀ ਘਾਟਾ, ਸਬਸਿਡੀ ਆਦਿ ਮੁੱਦੇ ਸਿਰਫ ਕਹਿਣ ਲਈ ਹੀ ਰਹਿ ਜਾਂਦੇ ਹਨ। ਹਾਲਾਂਕਿ ਇਹ ਸਾਰੀਆਂ ਗੱਲਾਂ ਇਕ-ਦੂਜੇ ਨਾਲ ਜੁੜੀਆਂ ਹੁੰਦੀਆਂ ਹਨ। ਜੇਕਰ ਜਨਤਾ ਮਹਿੰਗਾਈ ਅਤੇ ਬੇਰੁਜ਼ਗਾਰੀ ਨਾਲ ਜੂਝ ਰਹੀ ਹੈ ਤਾਂ ਕੁਝ ਖੇਤਰੀ ਕਾਰਨਾਂ ਨੂੰ ਛੱਡ ਕੇ ਉਹ ਨਿਸਚਿਤ ਰੂਪ ਨਾਲ ਆਰਥਿਕ ਮੋਰਚੇ 'ਤੇ ਸਰਕਾਰ ਦੀ ਹੌਲੀ-ਹੌਲੀ ਜਮ੍ਹਾਂ ਹੁੰਦੀ ਜਾ ਰਹੀ ਨਾਕਾਮੀ ਦਾ ਸਿੱਟਾ ਹੁੰਦਾ ਹੈ। ਦੂਜੇ ਪਾਸੇ ਹੁੰਦਾ ਇਹ ਹੈ ਕਿ ਆਰਥਿਕ ਸਵਾਲ ਨੂੰ ਚੰਗੇ ਰਾਜ ਪ੍ਰਬੰਧ ਦਾ ਮੁੱਦਾ ਨੱਪ ਲੈਂਦਾ ਹੈ।

ਕਾਨੂੰਨ ਵਿਵਸਥਾ ਦੀਆਂ ਸਮੱਸਿਆਵਾਂ ਲੋਕਾਂ ਦੀ ਜ਼ਿੰਦਗੀ ਨੂੰ ਅਸੁਰੱਖਿਆ ਨਾਲ ਭਰ ਦਿੰਦੀਆਂ ਹਨ ਅਤੇ ਜਿਵੇਂ ਹੀ ਕਿਸੇ ਪਾਰਟੀ, ਨੇਤਾ ਜਾਂ ਸਰਕਾਰ ਵਲੋਂ ਸਖਤੀ ਵਰਤਦਿਆਂ ਇਸ ਮੋਰਚੇ 'ਤੇ ਸੁਧਾਰ ਕੀਤਾ ਜਾਂਦਾ ਹੈ ਤਾਂ ਜਨਤਾ ਉਸ ਨੂੰ ਰੱਜ ਕੇ ਸਮਰਥਨ ਦਿੰਦੀ ਹੈ ਪਰ ਆਪਣੇ ਜੀਵਨ ਨੂੰ ਸੁਰੱਖਿਅਤ ਬਣਾਉਣ ਦਾ ਫੌਰੀ ਉਦੇਸ਼ ਪ੍ਰਾਪਤ ਕਰਨ ਦੇ ਚੱਕਰ ਵਿਚ ਵੋਟਰ ਸੂਬੇ ਦੀ ਆਰਥਿਕ ਦੁਰਦਸ਼ਾ ਨੂੰ ਅਣਡਿੱਠ ਕਰ ਦਿੰਦੇ ਹਨ। ਚੰਗੇ ਰਾਜ ਪ੍ਰਬੰਧ ਵਾਲਾ ਨੇਤਾ ਵਾਰ-ਵਾਰ ਆਪਣੀ ਪ੍ਰਸ਼ਾਸਨਿਕ ਕੁਸ਼ਲਤਾ ਕਾਰਨ ਜਿੱਤਦਾ ਰਹਿੰਦਾ ਹੈ। ਆਰਥਿਕ ਖੁਸ਼ਹਾਲੀ ਦੇ ਦੌਰ ਵਿਚ ਬਿਹਾਰ ਦੇ ਪਛੜੇਪਨ ਦੀ ਹਕੀਕਤ ਬਾਰੇ ਸ਼ਾਇਦ ਹੀ ਕੋਈ ਅਸਹਿਮਤ ਹੋਵੇ ਪਰ ਇਸ ਦੇ ਬਾਵਜੂਦ ਪਿਛਲੇ 15 ਸਾਲ ਤੋਂ ਇਕ ਅਜਿਹਾ ਨੇਤਾ ਚੋਣਾਂ ਜਿੱਤ ਰਿਹਾ ਹੈ ਜਿਸ ਦਾ ਅਕਸ ਚੰਗਾ ਰਾਜ ਪ੍ਰਬੰਧ ਦੇਣ ਵਾਲੇ ਨੇਤਾ ਦਾ ਹੈ। ਬਿਨਾ ਸ਼ੱਕ ਉਸ ਦਾ ਇਹ ਅਕਸ ਅਜੇ ਵੀ ਕਾਇਮ ਹੈ ਪਰ ਚੋਣਾਂ ਨੇ ਕੁਝ ਅਜਿਹਾ ਮੋੜ ਲਿਆ ਹੈ ਕਿ ਇਹ ਅਕਸ ਹੁਣ ਸੱਤਾਧਾਰੀ ਗੱਠਜੋੜ ਲਈ ਜ਼ਿਆਦਾ ਲਾਭਕਾਰੀ ਨਹੀਂ ਰਹਿ ਗਿਆ।

ਸੂਬੇ ਵਿਚ ਚੋਣਾਂ ਵਿਚ ਇਹ ਮੋੜ ਮੁੱਖ ਤੌਰ 'ਤੇ ਵੋਟਰਾਂ ਦੀ ਸੋਚ ਵਿਚ ਬਦਲਾਓ ਕਾਰਨ ਆਇਆ ਹੈ। ਇਸ ਸਮੇਂ ਬਿਹਾਰ ਵਿਚ ਵੋਟਰਾਂ ਦਾ ਤਕਰੀਬਨ 51 ਫੀਸਦੀ 18 ਤੋਂ 39 ਸਾਲ ਦੀ ਉਮਰ ਤੱਕ ਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ 1995 ਵਿਚ ਜਦੋਂ ਲਾਲੂ ਪ੍ਰਸਾਦ ਯਾਦਵ ਨੇ ਪਹਿਲੀ ਵਾਰ ਪੂਰਨ ਬਹੁਮਤ ਹਾਸਲ ਕੀਤਾ ਸੀ, ਉਸ ਸਮੇਂ ਇਨ੍ਹਾਂ ਵਿਚੋਂ ਬਹੁਤੇ ਲੋਕਾਂ ਦਾ ਜਨਮ ਵੀ ਨਹੀਂ ਹੋਇਆ ਸੀ ਅਤੇ ਜੋ ਲੋਕ ਅੱਜ 30-40 ਸਾਲ ਦੇ ਹਨ, ਉਹ ਉਸ ਸਮੇਂ ਵੱਧ ਤੋਂ ਵੱਧ 5 ਤੋਂ 10 ਸਾਲ ਦੇ ਹੋਣਗੇ। 18 ਤੋਂ 25 ਸਾਲ ਦੇ ਵੋਟਰਾਂ ਦੀ ਗਿਣਤੀ 16 ਫੀਸਦੀ ਤੋਂ ਜ਼ਿਆਦਾ ਹੈ। ਨੌਜਵਾਨ ਵੋਟਰਾਂ ਦੇ ਇਸ ਰਾਜ ਦੀ ਖਾਸ ਗੱਲ ਇਹ ਹੈ ਕਿ ਸੰਜੋਗ ਨਾਲ ਹੀ ਸਹੀ ਪਰ ਇਸ ਦਾ ਰਾਜਨੀਤਕ ਚਿਹਰਾ ਵੀ ਕਾਫੀ ਨੌਜਵਾਨ ਦਿਖ ਰਿਹਾ ਹੈ, ਭਾਵ ਮਹਾਂਗੱਠਜੋੜ ਦੇ ਨੇਤਾ ਤੇਜਸਵੀ ਯਾਦਵ 30 ਸਾਲ ਦੇ ਹਨ। ਉਨ੍ਹਾਂ ਦੇ ਭਰਾ ਤੇਜ ਪ੍ਰਤਾਪ ਉਨ੍ਹਾਂ ਤੋਂ ਸਿਰਫ 2 ਸਾਲ ਹੀ ਵੱਡੇ ਹਨ। ਲੋਕ ਜਨਸ਼ਕਤੀ ਪਾਰਟੀ ਦੇ ਚਿਰਾਗ ਪਾਸਵਾਨ ਵੀ ਸ਼ਾਇਦ 36-37 ਸਾਲ ਦੇ ਹੀ ਹੋਣਗੇ। ਵਿਕਾਸਸ਼ੀਲ ਇਨਸਾਨ ਪਾਰਟੀ ਦੇ ਮੁਕੇਸ਼ ਸਾਹਨੀ ਸਿਰਫ 35 ਸਾਲ ਦੇ ਹਨ। ਇਹ ਸਾਰੇ ਸ਼ਹਿਰੀ ਮਾਹੌਲ ਵਿਚ ਪੜ੍ਹੇ-ਲਿਖੇ ਨੌਜਵਾਨ ਹਨ। ਇਨ੍ਹਾਂ ਤੋਂ ਇਲਾਵਾ ਲੰਡਨ ਸਕੂਲ ਆਫ ਇਕਨਾਮਿਕਸ ਤੋਂ ਆਈ ਇਕ ਮੁਟਿਆਰ ਪੁਸ਼ਪਮ ਪ੍ਰਿਆ ਚੌਧਰੀ ਵੀ ਚੋਣਾਂ ਵਿਚ ਕਾਫੀ ਸੁਰਖੀਆਂ ਬਟੋਰ ਰਹੀ ਹੈ। ਇਕ ਹੋਰ ਨੌਜਵਾਨ ਨੇਤਾ ਹੈ ਸ਼੍ਰੇਅਸੀ ਸਿੰਘ। ਉਨ੍ਹਾਂ ਦੀ ਵੀ ਖੂਬ ਚਰਚਾ ਹੈ। ਜ਼ਾਹਰ ਹੈ ਕਿ ਹਰ ਪਾਸੇ ਨੌਜਵਾਨ ਮੋਹਰੀ ਹਨ। ਬਜ਼ੁਰਗ ਹੋ ਚੁੱਕੇ ਨੇਤਾ ਮੁੱਖ ਤੌਰ 'ਤੇ ਤਿੰਨ ਹਨ- ਨਿਤੀਸ਼ ਕੁਮਾਰ, ਜੀਤਨ ਰਾਮ ਮਾਂਝੀ ਅਤੇ ਸੁਸ਼ੀਲ ਮੋਦੀ। ਇਸੇ ਤਰ੍ਹਾਂ ਅਸਉਦਦੀਨ ਓਵੈਸੀ, ਉਪੇਂਦਰ ਕੁਸ਼ਵਾਹਾ ਅਤੇ ਪੱਪੂ ਯਾਦਵ ਅੱਧਖੜ ਉਮਰ ਦੇ ਮੰਨੇ ਜਾਣਗੇ।




*ਨੌਜਵਾਨ ਆਗੂ ਤੇਜਸਵੀ ਯਾਦਵ (ਖੱਬੇ) ਅਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਆਪੋ-ਆਪਣੀਆਂ ਰੈਲੀਆਂ ਨੂੰ ਸੰਬੋਧਨ ਕਰਦੇ ਹੋਏ।*

ਜ਼ਿਆਦਾਤਰ ਵੋਟਰ ਕਿਉਂਕਿ ਨੌਜਵਾਨ ਹਨ, ਇਸ ਲਈ ਅਚਾਨਕ ਬੇਰੁਜ਼ਗਾਰੀ ਦਾ ਸਵਾਲ ਪ੍ਰਚਾਰ ਮੁਹਿੰਮ ਦੇ ਕੇਂਦਰ ਵਿਚ ਆ ਗਿਆ। ਇਸ ਵਾਰ ਪੁੱਛਿਆ ਜਾ ਰਿਹਾ ਹੈ ਕਿ 15 ਤੋਂ 29 ਸਾਲ ਦੀ ਉਮਰ ਦੇ ਸਮਰੱਥ ਨੌਜਵਾਨ ਬੇਰੁਜ਼ਗਾਰ ਕਿਉਂ ਹਨ? ਸਰਕਾਰ ਨੇ ਖਾਲੀ ਅਸਾਮੀਆਂ ਨੂੰ ਕਿਉਂ ਨਹੀਂ ਭਰਿਆ? ਬਿਹਾਰ ਵਿਚ ਨਾ ਤਾਂ ਨਿੱਜੀ ਨਿਵੇਸ਼ ਆ ਰਿਹਾ ਹੈ ਅਤੇ ਨਾ ਹੀ ਸਰਕਾਰ ਨਿਵੇਸ਼ ਕਰ ਰਹੀ ਹੈ। ਇਸ ਲਈ ਰੁਜ਼ਗਾਰ ਮਿਲਣ ਦੀ ਸੰਭਾਵਨਾ ਬਿਲਕੁਲ ਨਹੀਂ ਹੈ। ਕੁੱਲ ਮਿਲਾ ਕੇ ਬੇਰੁਜ਼ਗਾਰੀ ਦੀ ਜੋ ਰਾਸ਼ਟਰੀ ਫੀਸਦੀ ਹੈ, ਉਸ ਵਿਚ ਵੀ ਬਿਹਾਰ ਸਭ ਤੋਂ ਉਪਰ ਹੈ। ਨਿਤੀਸ਼ ਕੁਮਾਰ ਦੇ 15 ਸਾਲ ਲੰਮੇ ਕਾਰਜਕਾਲ ਦੀ ਤੁਲਨਾ ਕਰਨ 'ਤੇ ਪਤਾ ਲਗਦਾ ਹੈ ਕਿ ਆਪਣੇ ਮਗਰਲੇ ਦੋਵਾਂ ਕਾਰਜਕਾਲਾਂ ਵਿਚ ਨਿੱਜੀ ਨਿਵੇਸ਼ ਬੁਰੀ ਤਰ੍ਹਾਂ ਨਾਲ ਡਿੱਗਾ ਹੈ। ਬਿਹਾਰ ਦੇਸ਼ ਦੀ ਆਬਾਦੀ ਦਾ 9 ਫੀਸਦੀ ਹੈ ਪਰ ਦੇਸ਼ ਦੇ ਕੁੱਲ ਆਰਥਿਕ ਉਤਪਾਦਨ ਵਿਚ ਉਸ ਦੀ ਹਿੱਸੇਦਾਰੀ ਸਿਰਫ 3 ਫੀਸਦੀ ਹੈ। ਉਨ੍ਹਾਂ ਅੰਕੜਿਆਂ ਦੀ ਰੌਸ਼ਨੀ ਵਿਚ ਪੁੱਛਿਆ ਜਾ ਸਕਦਾ ਹੈ ਕਿ ਜੇਕਰ ਲਾਲੂ ਯਾਦਵ ਦਾ ਕਾਰਜਕਾਲ ਵਿਕਾਸ ਵਿਰੋਧੀ ਸੀ ਤਾਂ ਨਿਤੀਸ਼ ਕੁਮਾਰ ਦੇ ਕਾਰਜਕਾਲ ਨੂੰ ਕੀ ਕਿਹਾ ਜਾਵੇ? ਨਿਤੀਸ਼ ਸਰਕਾਰ ਮਹਾਤਮਾ ਗਾਂਧੀ ਗ੍ਰਾਮੀਣ ਰੁਜ਼ਗਾਰ ਯੋਜਨਾ ਦੀ ਬਿਹਤਰ ਵਰਤੋਂ ਕਰਨ ਵਿਚ ਵੀ ਨਾਕਾਮ ਰਹੀ।

ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਇਸ ਸਰਕਾਰ ਦੇ ਤਹਿਤ 2019-20 ਵਿਚ ਸਿਰਫ 20445 ਪਰਿਵਾਰਾਂ ਨੂੰ ਹੀ 100 ਦਿਨ ਦਾ ਕੰਮ ਮਿਲ ਸਕਿਆ। ਆਬਾਦੀ ਦੇ ਮੁਕਾਬਲੇ ਇਹ 0.5 ਫੀਸਦੀ ਹੈ, ਜਦੋਂ ਕਿ ਰਾਸ਼ਟਰੀ ਪੱਧਰ 'ਤੇ ਇਹ ਦਰ 7.0 ਫੀਸਦੀ ਹੈ। ਵਧਦੀ ਹੋਈ ਬੇਰੁਜ਼ਗਾਰੀ ਦੀ ਇਸ ਸਮੱਸਿਆ ਨੇ ਨੌਜਵਾਨਾਂ ਨੂੰ ਪ੍ਰਭਾਵਿਤ ਕੀਤਾ ਹੈ। ਇਸ ਗੱਲ ਨੂੰ ਭਾਜਪਾ ਤੋਂ ਵੀ ਪਹਿਲਾਂ ਤੇਜਸਵੀ ਯਾਦਵ ਨੇ ਸਮਝਿਆ। ਉਨ੍ਹਾਂ ਨੇ ਰੁਜ਼ਗਾਰ ਵਧਾਉਣ ਦਾ ਭਰੋਸਾ ਦੇਣ ਦੀ ਬਜਾਏ 10 ਲੱਖ ਨੌਕਰੀਆਂ ਦੇਣ ਦਾ ਵਾਅਦਾ ਕਰ ਦਿੱਤਾ। ਸਰਕਾਰੀ ਧਿਰ ਨੇ ਪਹਿਲਾਂ ਇਸ ਵਾਅਦੇ ਦਾ ਮਜ਼ਾਕ ਉਡਾਇਆ। ਪੁੱਛਿਆ ਗਿਆ ਕਿ ਨੌਕਰੀਆਂ ਲਈ ਏਨਾ ਪੈਸਾ ਕਿੱਥੋਂ ਆਵੇਗਾ? ਇਹ ਵੀ ਕਿ ਇਸ ਤਰ੍ਹਾਂ ਦੀਆਂ ਨੌਕਰੀਆਂ ਦੇ ਕੇ ਤੇਜਸਵੀ ਰਾਜ ਦੀ ਅਰਥਵਿਵਸਥਾ ਨੂੰ ਬਰਬਾਦ ਕਰ ਦੇਣਗੇ ਪਰ ਛੇਤੀ ਹੀ ਸੱਤਾਧਾਰੀ ਗੱਠਜੋੜ ਨੂੰ ਆਪਣੀ ਗ਼ਲਤੀ ਦੀ ਸਮਝ ਆ ਗਈ। ਫਿਰ ਉਨ੍ਹਾਂ ਨੇ ਵੀ ਬੇਰੁਜ਼ਗਾਰੀ ਦੇ ਮੁੱਦੇ ਨੂੰ ਫੜਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਵਲੋਂ 19 ਲੱਖ ਨਵੇਂ ਰੁਜ਼ਗਾਰਾਂ (ਸਿਰਫ ਨੌਕਰੀਆਂ ਨਹੀਂ) ਦਾ ਵਾਅਦਾ ਕੀਤਾ ਗਿਆ। ਖੁਦ ਪ੍ਰਧਾਨ ਮੰਤਰੀ ਨੇ ਆਪਣੀਆਂ ਰੈਲੀਆਂ ਵਿਚ ਆਰਥਿਕ ਖੁਸ਼ਹਾਲੀ ਦੇ ਮੋਰਚੇ 'ਤੇ ਸਫਲਤਾ ਨਾ ਮਿਲਣ ਦੀ ਜ਼ਿੰਮੇਵਾਰੀ ਕਾਂਗਰਸ ਸਿਰ ਮੜ੍ਹ ਦਿੱਤੀ ਪਰ ਇਹ ਨਹੀਂ ਦੱਸਿਆ ਕਿ ਪਿਛਲੇ 6 ਸਾਲਾਂ ਵਿਚ ਉਨ੍ਹਾਂ ਦੀ ਕੇਂਦਰ ਦੀ ਸਰਕਾਰ ਕੀ ਕਰ ਰਹੀ ਹੈ। ਉਨ੍ਹਾਂ ਨੇ ਇਹ ਵੀ ਨਹੀਂ ਦੱਸਿਆ ਕਿ ਨਿਤੀਸ਼ ਦੇ 15 ਸਾਲ ਦੇ ਕਾਰਜਕਾਲ ਵਿਚ ਢਾਈ ਸਾਲ ਨੂੰ ਛੱਡ ਕੇ ਬਾਕੀ ਸਾਰੇ ਸਮੇਂ ਭਾਜਪਾ ਉਨ੍ਹਾਂ ਦੀ ਸਰਕਾਰ ਵਿਚ ਭਾਈਵਾਲ ਸੀ, ਉਸ ਨੇ ਕੀ ਕੀਤਾ?

ਬੇਰੁਜ਼ਗਾਰੀ ਦਾ ਇਹ ਸਵਾਲ ਇਸ ਲਿਹਾਜ਼ ਨਾਲ ਵੀ ਗੰਭੀਰ ਹੋ ਗਿਆ ਕਿ 30 ਸਾਲ ਦੇ ਨੌਜਵਾਨ ਵੋਟਰਾਂ ਨੂੰ ਲਾਲੂ ਰਾਜ ਦੀ ਅਰਾਜਕਤਾ ਦੀ ਕੋਈ ਸਮਝ ਨਹੀਂ ਹੈ। ਇਸ ਲਈ ਜੰਗਲ ਰਾਜ ਦਾ ਡਰ ਦਿਖਾ ਕੇ ਉਨ੍ਹਾਂ ਦੀਆਂ ਵੋਟਾਂ ਨਹੀਂ ਖਿੱਚੀਆਂ ਜਾ ਸਕਦੀਆਂ। ਤੇਜਸਵੀ ਯਾਦਵ ਦੀਆਂ ਰੈਲੀਆਂ ਵਿਚ ਉਮੜਨ ਵਾਲੀ ਭੀੜ ਇਸ ਦਾ ਸਬੂਤ ਹੈ। ਹਾਲਾਂ ਕਿ ਪਲੜਾ ਅਜੇ ਨਿਤੀਸ਼ ਅਤੇ ਕੌਮੀ ਜਮਹੂਰੀ ਗੱਠਜੋੜ ਦੇ ਪੱਖ ਵਿਚ ਝੁਕਿਆ ਦਿਖਾਈ ਦਿੰਦਾ ਹੈ ਪਰ ਬੇਰੁਜ਼ਗਾਰੀ ਦਾ ਸਵਾਲ ਸੱਤਾਧਾਰੀ ਗੱਠਜੋੜ ਲਈ ਚੁਣੌਤੀ ਬਣ ਰਿਹਾ ਹੈ।

# ਮੋਦੀ ਨੀਤੀ ਅਤੇ ਆਰਥਿਕ ਮੰਦੀ

ਡਾ. ਰਾਜੀਵ ਖੋਸਲਾ

ਦਸਹਿਰਾ ਅਤੇ ਦੀਵਾਲੀ ਦੇ ਤਿਉਹਾਰਾਂ ਤੋਂ ਪਹਿਲਾਂ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਅਰਥਚਾਰੇ ਨੂੰ ਹੁਲਾਰਾ ਦੇਣ ਅਤੇ ਮੰਗ ਨੂੰ ਸੁਰਜੀਤ ਕਰਨ ਲਈ ਕੁਝ ਵੱਡੇ ਐਲਾਨ ਕੀਤੇ ਹਨ। ਇਨ੍ਹਾਂ ਐਲਾਨਾਂ ਵਿਚ ਸਰਕਾਰੀ ਮੁਲਾਜ਼ਮਾਂ ਨੂੰ ਐਲ.ਟੀ.ਸੀ. ਬਦਲੇ ਨਕਦ ਅਦਾਇਗੀ, 10 ਹਜ਼ਾਰ ਰੁਪਏ ਦਾ ਫੈਸਟੀਵਲ ਐਡਵਾਂਸ ਅਤੇ ਕਰੋਨਾ ਨਾਲ ਮੂਧੇ ਮੂੰਹ ਡਿੱਗੇ ਅਰਥਚਾਰੇ ਨੂੰ ਲੀਹ ਤੇ ਲਿਆਉਣ ਲਈ ਸੂਬਿਆਂ ਨੂੰ 12 ਹਜ਼ਾਰ ਕਰੋੜ ਰੁਪਏ ਦੇ 50 ਸਾਲ ਦੇ ਵਿਆਜ਼ ਮੁਕਤ ਕਰਜ਼ੇ ਸ਼ਾਮਲ ਹਨ। ਇਨ੍ਹਾਂ ਛੋਟੇ-ਛੋਟੇ ਕਦਮਾਂ ਦਾ ਮੰਗ ਨੂੰ ਹੁਲਾਰਾ ਦੇਣ ਵਿਚ ਭਾਵੇਂ ਕੋਈ ਬਹੁਤ ਵੱਡਾ ਯੋਗਦਾਨ ਨਹੀਂ ਹੋਵੇਗਾ ਪਰ ਸਰਕਾਰ ਦੇ ਇਹ ਕਦਮ ਸ਼ਲਾਘਾਯੋਗ ਹਨ। ਕਰੋਨਾ ਤੋਂ ਬਾਅਦ ਕੀਤੀਆਂ ਸਰਕਾਰ ਦੀਆਂ ਹੁਣ ਤਕ ਦੇ ਸਾਰੇ ਐਲਾਨ ਕਰਜ਼ਿਆਂ, ਗਾਰੰਟੀਆਂ, ਤਰਕਹੀਣ ਸਕੀਮਾਂ ਅਤੇ ਸਸਤੇ ਕਰਜ਼ਿਆਂ ਦੀ ਖਿੜਕੀਆਂ ਖੋਲ੍ਹਣ ਤਕ ਹੀ ਸੇਧਤ ਰਹੀਆਂ ਹਨ। ਪਹਿਲੀ ਵਾਰ ਸਰਕਾਰ ਨੇ ਅਜਿਹੇ ਉਪਾਅ ਕੀਤੇ ਹਨ ਜਿਸ ਨਾਲ ਖਪਤਕਾਰਾਂ ਦੀਆਂ ਜੇਬਾਂ ਵਿਚ ਸਿੱਧੀ ਨਕਦੀ ਦਾ ਤਬਾਦਲਾ ਹੋਵੇਗਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕੇਵਲ 48 ਲੱਖ ਕੇਂਦਰੀ ਕਰਮਚਾਰੀ ਹੀ ਇਸ ਦਾ ਸਿੱਧਾ ਲਾਭ ਲੈ ਸਕਣਗੇ ਪਰ ਇਸ ਦੇ ਬਾਵਜੂਦ ਸਰਕਾਰ ਦਾ ਇਹ ਕਦਮ ਵਧੇਰੇ ਤੌਰ 'ਤੇ ਮੰਗ ਵਧਾਉਣ ਵੱਲ ਅਹੁਲਣ ਵਾਲਾ ਹੈ। ਜੇ ਇਹ ਵੀ ਮੰਨ ਲਿਆ ਜਾਵੇ ਕਿ ਕੇਂਦਰ ਸਰਕਾਰ ਦੀਆਂ ਜਨਤਕ ਇਕਾਈਆਂ ਅਤੇ ਜਨਤਕ ਖੇਤਰ ਦੇ ਬੈਂਕਾਂ ਵਿਚ ਕੰਮ ਕਰ ਰਹੇ ਸਾਰੇ ਕਰਮਚਾਰੀਆਂ ਨੂੰ ਐਲ.ਟੀ.ਸੀ. ਦਾ ਲਾਭ ਮਿਲੇਗਾ ਤਾਂ ਵੀ ਮੰਗ ਵਿਚ ਕੋਈ ਵਿਸ਼ਾਲ ਤਬਦੀਲੀ ਨਹੀਂ ਆਵੇਗੀ, ਕਿਉਂਕਿ ਅਜਿਹੇ ਸਾਰੇ ਕਰਮਚਾਰੀਆਂ ਦੀ ਗਿਣਤੀ ਇੱਕ ਕਰੋੜ ਤੋਂ ਵੱਧ ਨਹੀਂ ਹੈ। ਲਾਭਪਾਤਰੀਆਂ ਨੂੰ 31 ਮਾਰਚ 2021 ਤਕ ਐਲ.ਟੀ.ਸੀ. ਦੀ ਰਕਮ ਦੇ ਤਿੰਨ ਗੁਣਾ ਤਕ ਜ਼ਰੂਰੀ ਤੌਰ 'ਤੇ ਜੀ.ਐਸ.ਟੀ. ਦੇ 12% ਜਾਂ ਇਸ ਤੋਂ ਵੱਧ ਦੇ ਦਾਇਰੇ ਵਿਚ ਆਉਣ ਵਾਲੇ ਸਮਾਨ ਨੂੰ ਖਰੀਦਣਾ ਪਵੇਗਾ। ਇਸ ਦਾ ਸਿੱਧਾ ਜਿਹਾ ਅਰਥ ਹੈ ਕਿ ਖਪਤ ਉਤਪਾਦ ਜਿਵੇਂ ਟੀ.ਵੀ., ਵਾਸ਼ਿੰਗ ਮਸ਼ੀਨ, ਫਰਿਜ, ਵੈਕਿਊਮ ਕਲੀਨਰ, ਮੇਜ਼, ਮੂਰਤੀਆਂ ਆਦਿ ਦੀ ਮੰਗ ਵਿਚ ਵਾਧੇ ਨਾਲ ਸਨਅਤੀ ਖੇਤਰ ਵਿਚ ਉਤਪਾਦਨ, ਨਿਵੇਸ਼ ਅਤੇ ਰੁਜ਼ਗਾਰ ਨੂੰ ਕੁਝ ਹੁੰਗਾਰਾ ਮਿਲੇਗਾ।

ਆਲੋਚਕਾਂ ਦਾ ਮੰਨਣਾ ਹੈ ਕਿ ਕਰੋਨਾ ਤੋਂ ਸਭ ਤੋਂ ਜ਼ਿਆਦਾ ਪ੍ਰਭਾਵਿਤ ਹਵਾਬਾਜ਼ੀ, ਹੋਟਲ ਤੇ ਸੈਰ-ਸਪਾਟਾ ਖੇਤਰ ਹੀ ਹੋਏ ਹਨ ਅਤੇ ਸਨਅਤੀ ਖੇਤਰ ਨੂੰ ਸਰਕਾਰ ਦੁਆਰਾ ਫਾਇਦਾ ਇਨ੍ਹਾਂ ਹੀ ਖੇਤਰਾਂ ਨੂੰ ਭੁਲਾ ਕੇ ਦਿੱਤਾ ਗਿਆ ਹੈ। ਇੱਥੇ ਸਾਨੂੰ ਧੀਰਜ ਰੱਖਣ ਦੀ ਲੋੜ ਇਸ ਲਈ ਹੈ ਕਿਉਂਕਿ ਸਰਕਾਰ ਨੇ ਹੁਣ ਘੱਟੋ-ਘੱਟ ਇਹ ਤਾਂ ਮੰਨਿਆ ਕਿ ਮੰਦੀ ਦਾ ਸਾਹਮਣਾ ਮੰਗ ਵਾਲੇ ਪੱਖ ਨੂੰ ਨਜ਼ਰਅੰਦਾਜ਼ ਕਰ ਕੇ ਨਹੀਂ ਕੀਤਾ ਜਾ ਸਕਦਾ। ਇਹ ਕੇਂਦਰ ਸਰਕਾਰ ਦੀਆਂ ਅਸੰਵੇਦਨਸ਼ੀਲ, ਗੁੰਝਲਦਾਰ ਅਤੇ ਨੁਕਸਦਾਰ ਨੀਤੀਆਂ ਦਾ ਹੀ ਸਿੱਟਾ ਹੈ ਕਿ ਭਾਰਤ ਅੱਜ ਡੂੰਘੀ ਮੰਦੀ ਵਿਚ ਫਸਿਆ ਹੋਇਆ ਹੈ ਅਤੇ ਅਰਥਚਾਰੇ ਨੂੰ ਇਸ ਮੰਦੀ ਵਿਚੋਂ ਬਾਹਰ ਆਉਣ ਵਾਸਤੇ ਦੁਨੀਆ ਦੇ ਬਾਕੀ ਦੇਸ਼ਾਂ ਦੇ ਮੁਕਾਬਲੇ ਵਧੇਰਾ ਸਮਾਂ ਲੱਗੇਗਾ।

ਸ਼ੁਰੂਆਤ ਤੋਂ ਹੀ ਸਰਕਾਰ ਦਾ ਇਹ ਮੰਨਣਾ ਕਿ ਮਹਾਭਾਰਤ ਦੀ ਲੜਾਈ 18 ਦਿਨਾਂ ਵਿਚ ਜਿੱਤੀ ਗਈ ਸੀ ਅਤੇ ਅਸੀਂ ਸਾਰੇ ਮੁਲਕ ਵਿਚ ਸਖਤ ਤਾਲਾਬੰਦੀ ਕਰ ਕੇ ਕਰੋਨਾ ਵਾਇਰਸ ਖਿਲਾਫ ਲੜਾਈ 21 ਦਿਨ ਵਿਚ ਜਿੱਤ ਲਵਾਂਗੇ, ਇਹ ਕਿਸੇ ਪੱਖੋਂ ਵੀ ਤਰਕਸੰਗਤ ਨਹੀਂ। ਸੰਸਾਰ ਭਰ ਵਿਚ ਜਿੱਥੇ ਸਰਕਾਰਾਂ ਨੇ ਕਰੋਨਾ ਖਿਲਾਫ ਰਣਨੀਤੀ ਬਣਾਉਣ ਸਮੇਂ ਨੀਤੀ ਨਿਰਮਾਤਾਵਾਂ, ਉਦਯੋਗਪਤੀਆਂ, ਟਰੇਡ ਯੂਨੀਅਨਾਂ ਦੇ ਨੁਮਾਇੰਦਿਆਂ ਅਤੇ ਆਮ ਆਦਮੀ ਦਾ ਪੱਖ ਜਾਣਨ ਦੀ ਕੋਸ਼ਿਸ਼ ਕੀਤੀ, ਅਸੀਂ ਚਾਰਦੀਵਾਰੀਆਂ ਦੇ ਅੰਦਰ ਸੀਮਤ ਰਹਿ ਕੇ ਬਿਨਾ ਕਿਸੇ ਦੀ ਸਲਾਹ ਲਏ ਨੀਤੀਆਂ ਬਣਾਈਆਂ ਅਤੇ ਇਨ੍ਹਾਂ ਨੀਤੀਆਂ ਦੇ ਮਾੜੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕੀਤੇ ਬਿਨਾ ਹੀ ਇਨ੍ਹਾਂ ਨੂੰ ਲਾਗੂ ਵੀ ਕੀਤਾ। ਨਤੀਜੇ ਵਜੋਂ ਅੱਜ ਅਸੀਂ ਭਿਅੰਕਰ ਮੰਦੀ ਅਤੇ ਬੇਰੁਜ਼ਗਾਰੀ ਦੀ ਗ੍ਰਿਫਤ ਵਿਚ ਹਾਂ। ਇਹ ਸਖਤ ਤਾਲਾਬੰਦੀ ਦਾ ਹੀ ਸਿੱਟਾ ਸੀ ਕਿ ਅਪਰੈਲ ਤੋਂ ਹੀ ਭਾਰਤ ਵਿਚ ਰਸਮੀ ਅਤੇ ਗੈਰ ਰਸਮੀ ਖੇਤਰ ਦੇ ਲਗਭਗ 12.5 ਕਰੋੜ ਕਾਮਿਆਂ ਨੂੰ ਆਪਣੀ ਨੌਕਰੀ, ਕਾਰੋਬਾਰ ਜਾਂ ਸਵੈ ਰੁਜ਼ਗਾਰ ਤੋਂ ਹੱਥ ਧੋਣਾ ਪਿਆ ਅਤੇ ਸ਼ਹਿਰ ਛੱਡ ਪਿੰਡਾਂ ਵੱਲ ਪਰਵਾਸ ਕਰਨਾ ਪਿਆ।

ਜਦੋਂ ਸੰਸਾਰ ਦੇ ਹੋਰ ਮੁਲਕਾਂ ਦੀਆਂ ਸਰਕਾਰਾਂ ਕਾਮਿਆਂ ਦੀ ਨੌਕਰੀ ਦੀ ਸੁਰੱਖਿਆ ਦੀ ਗੱਲ ਕਰ ਰਹੀਆਂ ਸਨ, ਅਸੀਂ ਅਰਥ ਵਿਵਸਥਾ ਨੂੰ ਸੁਰਜੀਤ ਰੱਖਣ ਵਾਸਤੇ ਸਸਤੇ ਕਰਜ਼ਿਆਂ ਦੀ ਖਿੜਕੀਆਂ ਖੋਲ੍ਹਣ ਵਿਚ ਰੁਝੇ ਹੋਏ ਸੀ। ਅਸੀਂ ਕਿਉਂਕਿ ਸਮੱਸਿਆ ਦੀ ਗੰਭੀਰਤਾ ਨੂੰ ਨਜ਼ਰਅੰਦਾਜ਼ ਕਰ ਕੇ ਕੇਵਲ ਸਸਤੇ ਕਰਜ਼ਿਆਂ ਰਾਹੀਂ ਇਸ ਉਤੇ ਠੱਲ੍ਹ ਪਾਉਣ ਦੀ ਕੋਸ਼ਿਸ਼ ਕੀਤੀ, ਇਸੇ ਕਾਰਨ ਬੇਤਹਾਸ਼ਾ ਬੇਰੁਜ਼ਗਾਰੀ ਅਤੇ ਮੰਗ ਦੀ ਅਣਹੋਂਦ ਵਿਚ ਕਾਰੋਬਾਰੀ ਸਸਤੇ ਕਰਜ਼ੇ ਲੈਣ ਲਈ ਵੀ ਅੱਗੇ ਨਹੀਂ ਆਏ। ਜਦੋਂ ਕਰੋਨਾ ਦੀ ਮੰਦੀ ਤੋਂ ਬਾਅਦ ਬਾਕੀ ਦੇਸ਼ ਆਪਣੇ ਚੰਗੇ ਉਪਰਾਲਿਆਂ ਕਾਰਨ ਤੇਜ਼ੀ ਨਾਲ ਵਿਕਾਸ ਦੀ ਰਾਹ ਤੇ ਅੱਗੇ ਵਧਣਗੇ, ਭਾਰਤ ਉਸ ਵੇਲੇ ਦੇਰੀ ਨਾਲ ਕੀਤੇ ਯਤਨਾਂ ਤੇ ਪਛਤਾਵਾ ਕਰਦਾ ਨਜ਼ਰ ਆਵੇਗਾ।

ਜਿਹੜੇ ਜੀ.ਐਸ.ਟੀ. ਨੂੰ ਲੈ ਕੇ ਸਰਕਾਰ ਨੇ ਸੰਸਦ ਦੇ ਸੈਂਟਰਲ ਹਾਲ ਵਿਖੇ 1 ਜੁਲਾਈ 2017 ਦੀ ਅੱਧੀ ਰਾਤ ਨੂੰ ਜਸ਼ਨ ਮਨਾਏ ਅਤੇ ਇਸ ਨੂੰ ਭਾਰਤ ਦਾ ਸਭ ਤੋਂ ਵੱਡਾ ਟੈਕਸ ਸੁਧਾਰ ਕਰਾਰ ਦਿੱਤਾ, ਉਹੋ ਜੀ.ਐਸ.ਟੀ. ਹੁਣ ਸਰਕਾਰ ਦੀ ਸਭ ਤੋਂ ਵੱਡੀ ਸਮੱਸਿਆ ਦੇ ਰੂਪ ਵਿਚ ਸਾਹਮਣੇ ਖੜ੍ਹਾ ਹੈ। ਡਾ. ਮਨਮੋਹਨ ਸਿੰਘ, ਰਘੁਰਾਮ ਰਾਜਨ ਅਤੇ ਅਮਿਤ ਮਿੱਤਰਾ ਦਾ ਮੰਨਣਾ ਹੈ ਕਿ ਜੀ.ਐਸ.ਟੀ. ਆਪਣੇ ਮੌਜੂਦਾ ਰੂਪ ਵਿਚ ਠੋਸ ਨਤੀਜੇ ਪੈਦਾ ਕਰਨ ਵਿਚ ਅਸਮਰਥ ਹੈ। ਅਰਥ ਸ਼ਾਸਤਰੀ ਮੰਨਦੇ ਹਨ ਕਿ ਜੀ.ਐਸ.ਟੀ. ਦੀ ਮਾੜੀ ਕਾਰਗੁਜ਼ਾਰੀ ਦਾ ਬੁਨਿਆਦੀ ਕਾਰਨ ਇੱਕ ਦੀ ਥਾਂ ਚਾਰ ਟੈਕਸ ਸਲੈਬਾਂ ਹਨ। ਇਸ ਤੋਂ ਇਲਾਵਾ ਤਕਰੀਬਨ 30% ਵਸਤਾਂ ਜਿਵੇਂ ਪੈਟਰੋਲ, ਡੀਜ਼ਲ, ਸ਼ਰਾਬ ਆਦਿ ਜੀ.ਐਸ.ਟੀ. ਵਿਚ ਸ਼ਾਮਲ ਹੀ ਨਹੀਂ ਅਤੇ ਕੇਂਦਰ ਸਰਕਾਰ ਨੇ ਸੂਬਾਈ ਸਰਕਾਰਾਂ ਨੂੰ ਆਪਣੇ ਜ਼ਿਆਦਾਤਰ ਟੈਕਸ ਲਾਉਣ ਦੇ ਅਧਿਕਾਰ ਕੇਂਦਰ ਸਰਕਾਰ ਨੂੰ ਤਬਦੀਲ ਕੀਤੇ ਜਾਣ 'ਤੇ ਸਾਲ 2022 ਤਕ ਉਨ੍ਹਾਂ ਨੂੰ 14% ਦੀ ਦਰ ਤੇ ਮੁਆਵਜ਼ਾ ਦੇਣ ਦਾ ਵਾਅਦਾ ਕੀਤਾ ਸੀ। ਇਹ ਮੁਆਵਜ਼ਾ ਵਸਤਾਂ ਅਤੇ ਸੇਵਾਵਾਂ ਤੇ 2022 ਤਕ ਜੀ.ਐਸ.ਟੀ. ਉਤੇ ਸੈੱਸ ਲਾ ਕੇ ਪੂਰਾ ਕਰਨ ਦੀ ਵਿਵਸਥਾ ਕੀਤੀ ਗਈ। ਇਉਂ ਆਰੰਭ ਤੋਂ ਹੀ ਜੀ.ਐਸ.ਟੀ. ਸਮਝੌਤਿਆਂ ਦਾ ਸਮੂਹ ਬਣ ਕੇ ਰਹਿ ਗਿਆ ਜਿਸ ਵਿਚ ਹੁਣ ਤਕ ਲਗਭਗ 500 ਸੋਧਾਂ ਹੋ ਚੁੱਕੀਆਂ ਹਨ।

ਹੁਣ ਤਕ ਆਰਥਿਕ ਕਾਰਗੁਜ਼ਾਰੀ ਅਤੇ ਸਰਕਾਰਾਂ ਵਿਚ ਰਾਜਸੀ ਸਹਿਮਤੀ, ਸਹਿਕਾਰੀ ਸੰਘਵਾਦ ਨੂੰ ਜ਼ਿੰਦਾ ਰੱਖੀ ਬੈਠੇ ਸਨ, ਕਿਸੇ ਤਰ੍ਹਾਂ ਭਾਰਤੀ ਅਰਥਚਾਰੇ ਨੂੰ ਅੱਗੇ ਵਧਾ ਰਹੇ ਸਨ ਪਰ ਕਰੋਨਾ ਕਾਰਨ ਜਦੋਂ ਪਹਿਲਾਂ ਤੋਂ ਕਮਜ਼ੋਰ ਆਰਥਿਕ ਕਾਰਗੁਜ਼ਾਰੀ ਪ੍ਰਭਾਵਿਤ ਹੋਈ ਤਾਂ ਸਰਕਾਰਾਂ ਵਿਚਕਾਰ ਸਿਆਸੀ ਸਹਿਮਤੀ 'ਤੇ ਵੀ ਗੰਭੀਰ ਸੱਟ ਵੱਜੀ। ਕੁਝ ਸੂਬਾਈ ਸਰਕਾਰਾਂ ਨੇ ਕੇਂਦਰ ਵਲੋਂ ਇਕਰਾਰ ਕੀਤਾ ਮੁਆਵਜ਼ਾ ਨਾ ਮਿਲਣ ਕਾਰਨ ਅਤੇ ਮੁਆਵਜ਼ੇ ਦੀ ਥਾਂ ਉਨ੍ਹਾਂ ਨੂੰ ਕਰਜ਼ੇ ਲੈਣ ਲਈ ਪ੍ਰੇਰਨ ਵਾਲੀਆਂ ਸ਼ਰਤਾਂ ਨੂੰ ਲੈ ਕੇ ਭਾਰਤ ਦੀ ਸਰਵਉਚ ਅਦਾਲਤ ਦੇ ਦਰਵਾਜ਼ੇ ਖੜਕਾਉਣ ਦਾ ਮਨ ਬਣਾ ਲਿਆ। ਹਾਲਾਤ ਨੂੰ ਕਾਬੂ ਹੇਠ ਕਰਨ ਲਈ ਫਿਲਹਾਲ ਕੇਂਦਰ ਸਰਕਾਰ ਨੇ ਚਲਾਕੀ ਨਾਲ ਜੀ.ਐਸ.ਟੀ. 'ਤੇ ਸੈੱਸ ਲਗਾਉਣ ਦੇ ਫੈਸਲੇ ਨੂੰ 2022 ਤੋਂ ਅਣਮਿਥੇ ਸਮੇਂ ਲਈ ਅੱਗੇ ਵਧਾ ਦਿੱਤਾ ਹੈ ਅਤੇ ਰਾਜਾਂ ਨੂੰ ਰਿਜ਼ਰਵ ਬੈਂਕ ਦੇ ਜ਼ਰੀਏ ਸਸਤੀ ਦਰਾਂ ਤੇ ਕਰਜ਼ੇ ਮੁਹੱਈਆ ਕਰਵਾ ਕੇ ਮੁਆਵਜ਼ਾ ਦੇਣ ਵਾਲੇ ਆਪਣੇ ਇਕਰਾਰਨਾਮੇ ਤੋਂ ਵੀ ਕੁਝ ਸਮੇਂ ਲਈ ਖਹਿੜਾ ਛੁਡਾ ਲਿਆ ਹੈ ਪਰ ਅਗਲੇ ਸਾਲ ਇਹ ਸਮੱਸਿਆ ਫਿਰ ਉਭਰ ਕੇ ਸਾਹਮਣੇ ਆਵੇਗੀ। ਮੁਆਵਜ਼ੇ ਦੀ ਥਾਂ ਕਰਜ਼ੇ ਦੇਣ ਦੇ ਉਪਰਾਲੇ ਦਾ ਅਰਥ ਹੈ ਕਿ ਕੇਂਦਰ ਸਰਕਾਰ ਸੂਬਾਈ ਸਰਕਾਰਾਂ ਨੂੰ ਮੁਆਵਜ਼ੇ ਵਾਲੀ ਆਪਣੀ ਸ਼ਰਤ ਨੂੰ ਵੀ 2022 ਤੋਂ ਹੋਰ ਅੱਗੇ ਵਧਾਏਗੀ ਜਿਸ ਨਾਲ ਕਾਰੋਬਾਰਾਂ ਅਤੇ ਲੋਕਾਂ ਤੇ ਟੈਕਸ ਦੀ ਮਾਰ ਵੀ ਹੋਰ ਅੱਗੇ ਤਕ ਵਧੇਗੀ। ਇਹ ਸਿਆਸੀ ਚਾਲਬਾਜ਼ੀਆਂ ਰਾਜਾਂ ਨੂੰ ਪੂੰਜੀ ਖਰਚੇ ਕਰਨ ਤੇ ਰੁਕਾਵਟਾਂ ਪੈਦਾ ਕਰਨਗੀਆਂ ਜਿਸ ਕਰ ਕੇ ਨਵੀਆਂ ਨੌਕਰੀਆਂ ਪੈਦਾ ਕਰਨ ਵਿਚ ਹੋਰ ਸਮੱਸਿਆਵਾਂ ਆਉਣਗੀਆਂ ਅਤੇ ਭਾਰਤ ਵਿਚ ਮੰਦੀ ਲੰਮੇ ਸਮੇਂ ਤੱਕ ਬਣੀ ਰਹੇਗੀ।

ਆਰ.ਬੀ.ਆਈ. ਨੇ ਅਕਤੂਬਰ ਵਿਚ ਖੁੱਲ੍ਹੇਆਮ ਇਹ ਸਵੀਕਾਰ ਕੀਤਾ ਕਿ ਭਾਰਤ ਦੀ ਜੀ.ਡੀ.ਪੀ. ਵਿਕਾਸ ਦਰ 2020-21 ਵਿਚ -9.5% ਰਹੇਗੀ, ਭਾਵੇਂ ਕੌਮਾਂਤਰੀ ਅਦਾਰੇ ਅਤੇ ਰੇਟਿੰਗ ਏਜੇਂਸੀਆਂ ਵਿਕਾਸ ਦਰ ਦੇ ਇਸ ਤੋਂ ਵੀ ਜ਼ਿਆਦਾ ਮਨਫੀ (-12% ਤੋਂ -14%) ਰਹਿਣ ਦਾ ਖਦਸ਼ਾ ਜ਼ਾਹਿਰ ਕਰ ਚੁੱਕੇ ਹਨ। ਆਰ.ਬੀ.ਆਈ. ਨੇ ਅਕਤੂਬਰ ਵਿਚ ਜਾਰੀ ਆਪਣੀ ਮੁਦਰਾ ਨੀਤੀ ਵਿਚ ਆਰਥਿਕ ਗਤੀਵਿਧੀਆਂ ਦੇ ਕਮਜ਼ੋਰ ਰਹਿਣ ਕਾਰਨ ਕੇਂਦਰ ਸਰਕਾਰ ਦੇ ਨਾਲ-ਨਾਲ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਕੇਂਦਰੀ ਬੈਂਕ ਦੁਆਰਾ ਖਰੀਦੇ ਜਾਣ ਵਾਲੇ ਰਾਜ ਸਰਕਾਰਾਂ ਦੇ ਵਿਕਾਸ ਬਾਂਡਾਂ ਦੇ ਫੈਸਲੇ ਬਾਰੇ ਵੀ ਚਾਨਣ ਪਾਇਆ। ਆਰ.ਬੀ.ਆਈ. ਦੇ ਇਸ ਫੈਸਲੇ ਦਾ ਮਤਲਬ ਹੈ ਕਿ ਸੂਬਾਈ ਸਰਕਾਰਾਂ ਕੋਲ ਆਉਣ ਵਾਲੇ ਸਮੇਂ ਵਿਚ ਵੀ ਖਜ਼ਾਨੇ ਖਾਲੀ ਹੀ ਰਹਿਣਗੇ। ਇਸ ਹਾਲਤ ਵਿਚ ਕੇਂਦਰ ਅਤੇ ਰਾਜ ਸਰਕਾਰਾਂ ਦਾ ਸੰਯੁਕਤ ਵਿੱਤੀ ਘਾਟਾ 14% ਜਾਂ ਇਸ ਤੋਂ ਵੀ ਵੱਧ ਹੋ ਸਕਦਾ ਹੈ ਜਿਸ ਕਰ ਕੇ ਕੌਮਾਂਤਰੀ ਰੇਟਿੰਗ ਏਜੰਸੀਆਂ ਭਾਰਤ ਦੀ ਸਾਖ ਨੂੰ ਹੋਰ ਘਟਾਉਣਗੀਆਂ। ਹਾਲਾਤ ਨੂੰ ਬਿਹਤਰ ਬਣਾਉਣ ਲਈ ਸਾਡੀਆਂ ਸਰਕਾਰਾਂ ਭਵਿਖ ਵਿਚ ਜਨਤਕ ਖਰਚਿਆਂ 'ਤੇ ਪਾਬੰਦੀ ਲਾਉਣਗੀਆਂ, ਜਿਵੇਂ ਪਿਛਲੇ ਸਮੇਂ ਦੌਰਾਨ ਅਸੀਂ ਦੇਖਿਆ ਹੀ ਹੈ। ਜਨਤਕ ਖਰਚਿਆਂ ਵਿਚ ਕਮੀ ਯਕੀਨੀ ਤੌਰ 'ਤੇ ਭਾਰਤ ਨੂੰ ਮੰਦੀ ਤੋਂ ਨਜਿੱਠਣ ਵਿਚ ਹੋਰ ਦੇਰੀ ਕਰਵਾਏਗੀ।


# ਕੇਂਦਰ ਦੇ ਖੇਤੀ ਐਕਟਾਂ ਪ੍ਰਤੀ ਪੰਜਾਬ ਦਾ ਪ੍ਰਤੀਕਰਮ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਸਮੇਂ ਤੇ ਸਿਆਸਤ ਦੀ ਸਿਤਮਜ਼ਰੀਫੀ ਨੇ ਪਸ਼ਾਵਰ ਤੋਂ ਪਲਵਲ ਤੱਕ ਫੈਲੇ ਪੰਜਾਬ ਨੂੰ ਰਾਵੀ ਤੇ ਘੱਗਰ ਦੇ ਪਾਣੀਆਂ ਤੱਕ ਸੀਮਤ ਕਰਕੇ ਰੱਖ ਦਿੱਤਾ ਹੈ, ਪਰ ਪੰਜਾਬੀਆਂ ਦੀ ਸ਼ਕਤੀਸ਼ਾਲੀ ਤੇ ਉਦਮੀ ਪਹੁੰਚ ਪਹਿਲਾਂ ਵਾਂਗ ਹੀ ਕਾਇਮ ਹੈ। ਕੇਂਦਰ ਸਰਕਾਰ ਵਲੋਂ ਕਰੋਨਾ ਦੀ ਤਾਲਾਬੰਦੀ ਦਾ ਫਾਇਦਾ ਚੁੱਕ ਕੇ ਕਿਸਾਨਾਂ ਦੀ ਖੂਨ ਪਸੀਨਾ ਇੱਕ ਕਰਕੇ ਪ੍ਰਾਪਤ ਕੀਤੀ ਉਪਜ ਨੂੰ ਵੱਡੇ ਵਪਾਰੀਆਂ ਦੀ ਝੋਲੀ ਪਾਉਣ ਵਾਲੇ ਕਾਨੂੰਨਾਂ ਦਾ ਇਕਜੁਟ ਹੋ ਕੇ ਸਾਹਮਣਾ ਕਰਨਾ ਇਸ ਦਾ ਪ੍ਰਮਾਣ ਹੈ। ਪੰਜਾਬ ਵਿਧਾਨ ਸਭਾ ਵਲੋਂ ਸਰਬਸੰਮਤੀ ਨਾਲ ਪਾਸ ਕੀਤੇ ਕਿਸਾਨ ਪੱਖੀ ਬਿੱਲ ਬੱਚੇ ਬੱਚੇ ਦੀ ਜ਼ੁਬਾਨ ਉਤੇ ਹਨ। ਪੰਜਾਬ ਦੇ ਇਸ ਅਮਲ ਨੇ ਕਿਸਾਨ ਜਥੇਬੰਦੀਆਂ ਦੇ ਯਤਨਾਂ ਦੀ ਪਿੱਠ ਥਾਪੜਨ ਦੇ ਨਾਲ ਨਾਲ ਭਾਰਤ ਦੇ ਦੂਜੇ ਰਾਜਾਂ ਨੂੰ ਵੀ ਚੇਤੰਨ ਕੀਤਾ ਹੈ; ਖਾਸ ਕਰਕੇ ਹਰਿਆਣਾ ਨੂੰ। ਇਨ੍ਹਾਂ ਬਿਲਾਂ ਦੇ ਪਾਸ ਹੋਣ ਦਾ ਸਿਹਰਾ ਕੋਈ ਵੀ ਬੰਨ੍ਹੇ, ਇਨ੍ਹਾਂ ਨਾਲ ਸਮੁੱਚੇ ਭਾਰਤ ਦੀ ਕਿਸਾਨੀ ਦੇ ਮਨਾਂ ਵਿਚ ਫੂਕੀ ਰੂਹ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਖਾਸ ਕਰਕੇ ਕਣਕ ਤੇ ਧਾਨ ਦੇ ਘੱਟੋ ਘੱਟ ਸਮਰਥਨ ਮੁੱਲ ਨਾਲ ਸਬੰਧਤ ਮੱਦ ਦੀ ਧਾਰਨਾ ਤੋਂ, ਜਿਸ ਨੇ ਬਾਕੀ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਦਾ ਵੀ ਰਾਹ ਖੋਲ੍ਹ ਦਿੱਤਾ ਹੈ। ਕੌਣ ਨਹੀਂ ਜਾਣਦਾ ਕਿ ਕੇਂਦਰੀ ਕਾਨੂੰਨ ਰਾਜ ਸਰਕਾਰਾਂ ਦੇ ਸੰਵਿਧਾਨਕ ਹੱਕਾਂ ਨਾਲ ਧੱਕਾ ਹਨ।




ਇਨ੍ਹਾਂ ਕਾਨੂੰਨਾਂ ਨੇ ਮੈਨੂੰ ਪਿਛਲੀ ਸਦੀ ਦੇ ਪਹਿਲੇ ਅੱਧ ਦੀ ਕਿਸਾਨ ਜਾਗ੍ਰਤੀ ਚੇਤੇ ਕਰਵਾ ਦਿੱਤੀ ਹੈ, ਜਿਸ ਨੂੰ ਜਨਮ ਦੇਣ ਵਾਲਾ ਹਰਿਆਣਾ ਦਾ ਜੰਮਪਲ ਸਰ ਛੋਟੂ ਰਾਮ ਸੀ। ਉਸ ਨੇ 1930 ਤੋਂ 1942 ਤੱਕ ਦੇ 13 ਸਾਲਾਂ ਵਿਚ ਗੋਰੀ ਸਰਕਾਰ ਨਾਲ ਆਢਾ ਲੈ ਕੇ 22 ਬਿਲ ਪਾਸ ਕਰਵਾਏ ਸਨ। ਸਰ ਛੋਟੂ ਰਾਮ ਦੀਆਂ ਕਿਸਾਨ ਪੱਖੀ ਜਿੱਤਾਂ ਲਿਖਣ ਲੱਗੀਏ ਤਾਂ ਕਲਮ ਥੱਕ ਜਾਂਦੀ ਹੈ। ਇਥੇ ਸਿਰਫ ਉਸ ਏਕਟ ਦਾ ਸਾਰ ਦੇਣਾ ਕਾਫੀ ਹੈ, ਜਿਸ ਦਾ ਸਬੰਧ ਕਿਸਾਨਾਂ ਦੀ ਉਪਜ ਦੇ ਮੰਡੀ ਵਿਚ ਪੈਣ ਵਾਲੇ ਮੁੱਲ ਨਾਲ ਹੈ।

ਦੂਜੇ ਵਿਸ਼ਵ ਯੁੱਧ ਸਮੇਂ ਤਤਕਾਲੀ ਵਾਇਸਰਾਇ ਲਾਰਡ ਵੇਵਲ ਨੇ ਬੰਗਾਲ ਤੋਂ ਧੱਕੇ ਨਾਲ ਬੰਗਾਲ ਦੇ ਚੌਲ ਸਸਤੇ ਭਾਅ ਖਰੀਦ ਕੇ ਵਿਦੇਸ਼ਾਂ ਨੂੰ ਭਿਜਵਾਉਣ ਪਿਛੋਂ ਪੰਜਾਬ ਦੀ ਕਣਕ ਵੀ ਸਿਰਫ ਛੇ ਰੁਪਏ ਮਣ ਖਰੀਦ ਕੇ ਬਾਹਰ ਭੇਜਣ ਦੀ ਤਜਵੀਜ਼ ਦਿੱਤੀ ਤਾਂ ਸਰ ਛੋਟੂ ਰਾਮ ਨੇ ਸਾਫ ਸਾਫ ਕਹਿ ਦਿੱਤਾ ਕਿ ਇਸ ਦਾ ਘੱਟੋ ਘੱਟ ਮੁੱਲ 10 ਰੁਪਏ ਮਣ ਹੋਣਾ ਚਾਹੀਦਾ ਹੈ, ਜੋ ਮੰਡੀ ਦਾ ਰੇਟ ਸੀ। ਵਾਇਸਰਾਇ ਨੇ ਬੰਗਾਲ ਦੀ ਮਿਸਾਲ ਦਿੱਤੀ ਤਾਂ ਛੋਟੂ ਰਾਮ ਹੋਰ ਵੀ ਸਖਤ ਹੋ ਕੇ ਬੋਲੇ ਕਿ ਉਹ ਕਣਕ ਦਾ ਇੱਕ ਵੀ ਦਾਣਾ ਦੱਸ ਰੁਪਏ ਮਣ ਤੋਂ ਘੱਟ ਮੁੱਲ ਉਤੇ ਵਿਦੇਸ਼ ਨਹੀਂ ਜਾਣ ਦੇਵੇਗਾ। ਧੱਕਾ ਕੀਤਾ ਗਿਆ ਤਾਂ ਖੜੀ ਫਸਲ ਨੂੰ ਅੱਗ ਲਵਾ ਦੇਵੇਗਾ। ਵਾਇਸਰਾਇ ਨੇ ਗੁੱਸੇ ਵਿਚ ਆ ਕੇ ਪੰਜਾਬ ਦੇ ਗਵਰਨਰ ਨੂੰ ਕਿਹਾ ਕਿ ਛੋਟੂ ਰਾਮ ਨੂੰ ਮੰਤਰੀ ਮੰਡਲ ਵਿਚੋਂ ਕੱਢ ਦੇਵੇ। ਗਵਰਨਰ ਪੰਜਾਬੀ ਸੁਭਾਅ ਤੋਂ ਜਾਣੂ ਸੀ, ਉਸ ਨੇ ਵਾਇਸਰਾਇ ਨੂੰ ਸਮਝਾਇਆ ਕਿ ਅਜਿਹਾ ਕੀਤਿਆਂ ਸਾਰੇ ਪੰਜਾਬ ਵਿਚ ਭਾਂਬੜ ਮੱਚ ਜਾਵੇਗਾ। ਅੰਤ ਗੋਰੀ ਸਰਕਾਰ ਨੂੰ ਪੰਜਾਬ ਦੀ ਕਣਕ 10 ਰੁਪਏ ਮਣ ਖਰੀਦਣੀ ਪਈ ਤੇ ਸਰ ਛੋਟੂ ਰਾਮ ਦੀ ਬੱਲੇ ਬੱਲੇ ਹੋ ਗਈ। ਵਾਜਬ ਮੱਤ ਅਜਾਈਂ ਨਹੀਂ ਜਾਇਆ ਕਰਦੇ। ਦੇਸ਼ ਵਾਸੀਓ!

**ਚਲੋ ਚਲੀ ਵਾਰਦਾਤਾਂ:** ਲੰਘੇ ਦਿਨਾਂ ਵਿਚ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਜੋਗਿੰਦਰ ਸਿੰਘ ਪੁਆਰ, ਵਿਗਿਆਨਕ ਵਿਸ਼ਿਆਂ ਉਤੇ ਲਗਾਤਾਰ ਲਿਖਣ ਵਾਲੇ ਇਸ ਯੂਨੀਵਰਸਿਟੀ ਦੇ ਰਹਿ ਚੁਕੇ ਡੀਨ ਕੁਲਦੀਪ ਸਿੰਘ ਧੀਰ, ਚਾਚਾ ਚੰਡੀਗੜ੍ਹੀਆ ਦੀ ਪਤਨੀ ਤੇ ਬੱਬੂ ਤੀਰ ਦੇ ਮਾਤਾ ਜੀ ਤਰਲੋਚਨ ਕੌਰ ਅਤੇ ਅਤਿਵਾਦੀ ਤਾਕਤਾਂ ਦਾ ਡੱਟ ਕੇ ਵਿਰੋਧ ਕਰਨ ਵਾਲੇ ਭਿੱਖੀਵਿੰਡ ਨਿਵਾਸੀ ਕਾਮਰੇਡ ਬਲਵਿੰਦਰ ਸਿੰਘ ਤੇ ਬਿਆਸ ਦੇ ਨਾਟਕਕਾਰ ਹੰਸਾ ਸਿੰਘ ਦੇ ਅਕਾਲ ਚਲਾਣੇ ਨੇ ਪੰਜਾਬੀਆਂ ਨੂੰ ਸੋਗ ਦੀ ਲਹਿਰ ਵਿਚ ਡੋਬ ਛਡਿਆ ਹੈ।

ਮੈਂ ਨਿੱਜੀ ਤੌਰ 'ਤੇ ਸ. ਪੁਆਰ ਨੂੰ ਨੇੜਿਉਂ ਜਾਣਦਾ ਸਾਂ। ਮੇਰੇ ਪੰਜਾਬੀ ਯੂਨੀਵਰਸਿਟੀ ਵਿਚ ਪੱਤਰਕਾਰੀ ਤੇ ਜਨ ਸੰਚਾਰ ਦੇ ਮੁਖੀ ਹੁੰਦਿਆਂ ਉਹ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਸੀ ਤੇ ਮੇਰੀ 'ਦੇਸ਼ ਸੇਵਕ' ਚੰਡੀਗੜ੍ਹ ਦੀ ਸੰਪਾਦਕੀ ਤੋਂ ਪਿਛੇ ਇਸ ਪਰਚੇ ਦਾ ਮੈਨੇਜਿੰਗ ਐਡੀਟਰ। ਬੰਦਾ ਪਾਬੰਦੀ ਨੂੰ ਪ੍ਰਨਾਇਆ ਹੋਇਆ ਸੀ-ਸਮਾਜਕ, ਅਕਾਦਮਿਕ ਅਤੇ ਅਗਾਂਹ ਵਧੂ ਲਹਿਰਾਂ ਤੇ ਗਤੀਵਿਧੀਆਂ ਵਿਚ ਡੂੰਘੀ ਦਿਲਚਸਪੀ ਰੱਖਦਾ ਹੋਇਆ। ਉਪਰ ਵਾਲਾ ਸਭਨਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ!



ਜੋਗਿੰਦਰ ਸਿੰਘ ਪੁਆਰ

ਅੰਤਿਕਾ: ਸਰ ਛੋਟੂ ਰਾਮ ਦੇ ਪਸੰਦੀਦਾ ਸ਼ਿਅਰ

1. ਜਿਸ ਖੇਤ ਸੇ ਦਹਿਕਾਂ ਕੋ ਮੁਯੱਸਰ ਨਹੀਂ ਰੋਟੀ,
ਉਸ ਖੇਤ ਕੇ ਹਰ ਖੋਸ਼ਾਏ-ਗੰਦੁਮ ਕੋ ਜਲਾ ਦੋ।

2. ਯਹੀ ਆਈਨ-ਏ-ਕੁਦਰਤ ਹੈ
ਯਹੀ ਅਸਲੂਬ-ਏ-ਫਿਤਰਤ ਹੈ,
ਜੋ ਹੈ ਰਾਹ-ਏ-ਅਮਲ ਮੇਂ ਗਾਮਜਨ
ਮਹਿਬੂਬ-ਏ-ਫਿਤਰਤ ਹੈ।

3. ਚਮਨ ਜਾਰੇ ਸਿਆਸਤ ਮੇਂ
ਖਾਮੋਸ਼ੀ ਮੌਤ ਹੈ ਬੁਲਬੁਲ,
ਯਹਾਂ ਕੀ ਜ਼ਿੰਦਗੀ
ਪਾਬੰਦੀ-ਏ-ਰਸਮ-ਏਂ-ਫੁਗਾਂ ਤੱਕ ਹੈਂ।
-ਸਰ ਮੁਹੰਮਦ ਇਕਬਾਲ

# ਗੁਰੂ ਘਰਾਂ 'ਚ ਚੱਲਦਾ ਡਾਂਗ-ਸੋਟਾ



ਰਵਿੰਦਰ ਸਿੰਘ ਸੋਢੀ
ਫੋਨ: 604-369-2371
ravindersodhi51@gmail.com

ਪਟਿਆਲਾ ਸ਼ਹਿਰ ਦੀਆਂ ਕਈ ਯਾਦਾਂ ਅਜੇ ਵੀ ਜ਼ਹਿਨ ਵਿਚ ਘੁੰਮਦੀਆਂ ਰਹਿੰਦੀਆਂ ਹਨ। ਇਕ ਸਿਧਰਾ ਜਿਹਾ ਮੁੰਡਾ ਤੁਤਲਾ ਕੇ ਬੋਲਦਾ ਸੀ। ਉਹ ਹਮੇਸ਼ਾ ਆਪਣੀ ਪੱਗ ਕੱਛ ਵਿਚ ਮਾਰੀ ਰੱਖਦਾ। ਉਸ ਦੇ ਹਮ-ਉਮਰ ਉਸ ਨੂੰ ਬਹੁਤ ਛੇੜਦੇ। ਬਿਨਾ ਪੱਗ ਵਾਲਿਆਂ ਨੂੰ ਤਾਂ ਉਹ ਪਟਿਆਂ ਤੋਂ ਫੜ ਲੈਂਦਾ ਅਤੇ ਪੱਗ ਵਾਲਿਆਂ ਨੂੰ ਅੱਖਾਂ ਕੱਢਦਾ ਹੋਇਆ ਆਪਣੀ ਤੋਤਲੀ ਜੁਬਾਨ ਵਿਚ ਕਹਿੰਦਾ, "ਦੇਥ ਮੇਲੀ ਪਦ ਤਾਂ ਲਈ ਹੋਈ ਆ, ਤੇਲੀ ਲਾ ਦੂ" (ਦੇਖ ਮੇਰੀ ਪੱਗ ਤਾਂ ਲਹੀ ਹੋਈ ਹੈ ਤੇਰੀ ਲਾਹ ਦਿਆਂਗਾ)। ਇਹੀ ਹਾਲ ਵਿਦੇਸ਼ਾਂ ਵਿਚਲੇ ਕਈ ਗੁਰੂ ਘਰਾਂ ਦੇ ਪ੍ਰਬੰਧਕਾਂ ਦਾ ਹੈ। ਪ੍ਰਧਾਨਗੀਆਂ, ਸਕੱਤਰੀਆਂ, ਖਜਾਨਚੀ ਜਿਹੀਆਂ ਅਹੁਦੇਦਾਰੀਆਂ ਦੇ ਭੁੱਖੇ ਉਸ ਤੁਤਲੇ ਵਰਗੇ ਹੀ ਹਨ, ਜਿਨ੍ਹਾਂ ਨੇ ਆਪਣੀ ਪੱਗ ਤਾਂ ਕੱਛ 'ਚ ਮਾਰੀ ਹੁੰਦੀ ਹੈ, ਪਰ ਉਹ ਦੂਜਿਆਂ ਦੀ ਇੱਜਤ ਨੂੰ ਹੱਥ ਪਾਉਣ ਤੋਂ ਗੁਰੇਜ ਨਹੀਂ ਕਰਦੇ।

ਧਾਰਮਿਕ ਸਥਾਨ ਕਿਸੇ ਵੀ ਧਰਮ ਵਾਲਿਆਂ ਦਾ ਹੋਵੇ, ਉਸ ਧਰਮ ਦੇ ਮੰਨਣ ਵਾਲਿਆਂ ਲਈ ਰੱਬ ਦਾ ਘਰ ਹੁੰਦਾ ਹੈ। ਉਹ ਉਥੇ ਇਬਾਦਤ ਲਈ ਜਾਣ, ਭਾਵੇਂ ਦਿਖਾਵੇ ਦੇ ਤੌਰ 'ਤੇ, ਉਸ ਥਾਂ ਹੁੰਦੇ ਕਰਮ-ਕਾਂਡਾਂ ਵਿਚ ਉਨ੍ਹਾਂ ਦਾ ਵਿਸ਼ਵਾਸ ਹੋਵੇ ਜਾਂ ਦੂਜਿਆਂ ਦੀ ਦੇਖਾ-ਦੇਖੀ ਹੀ ਕਰ ਰਹੇ ਹੋਣ, ਇਹ ਉਨ੍ਹਾਂ 'ਤੇ ਨਿਰਭਰ ਕਰਦਾ ਹੈ; ਪਰ ਕੁਝ ਘੜੰਮ ਚੌਧਰੀ ਅਜਿਹੇ ਮਾਮਲਿਆਂ ਵਿਚ ਵੀ ਦਖਲ-ਅੰਦਾਜ਼ੀ ਕਰਨ ਤੋਂ ਨਹੀਂ ਟਲਦੇ। ਪਹਿਲਾਂ ਤਾਂ ਉਹ ਆਪਣੀਆਂ ਲੂੰਬੜ ਚਾਲਾਂ ਨਾਲ ਧਾਰਮਿਕ ਸਥਾਨ ਦੀ ਪ੍ਰਬੰਧਕੀ ਕਮੇਟੀ ਵਿਚ ਕੋਈ ਵੱਡਾ ਅਹੁਦਾ ਲੈਣ ਲਈ ਗੋਂਦਾ ਗੁੰਦਦੇ ਹਨ। ਜੇ ਸਫਲ ਹੋ ਗਏ ਤਾਂ 'ਮੁਕੱਦਰ ਦੇ ਸਿਕੰਦਰ', ਪਰ ਜੇ ਦਾਅ ਨਾ ਲੱਗੇ ਤਾਂ ਮੈਂਬਰੀ ਵੀ ਕਬੂਲ ਕਰਦੇ ਹਨ। ਹੌਲੀ ਹੌਲੀ ਅੱਗੇ ਵਧਦੇ ਹੋਏ ਧਾਰਮਿਕ ਸਥਾਨ ਦੇ ਕਰਤਾ-ਧਰਤਾ ਬਣ ਜਾਂਦੇ ਹਨ। ਇਸ ਪਿਛੋਂ ਸ਼ੁਰੂ ਹੁੰਦਾ ਹੈ, ਉਨ੍ਹਾਂ ਦਾ ਨਾਦਰਸ਼ਾਹੀ ਹੁਕਮ ਚਲਾਉਣ ਦਾ ਕੰਮ। ਉਹ ਆਪਣੇ ਹੀ ਨਵੇਂ ਨਿਯਮ ਘੜਦੇ ਹਨ। ਆਪਣੇ ਵਰਗੇ ਦੋ-ਚਾਰ ਨੂੰ ਆਪਣੇ ਨਾਲ ਰਲਾ ਕੇ ਧਾਂਦਲੀਆਂ ਦਾ ਕੰਮ ਸ਼ੁਰੂ ਹੁੰਦਾ ਹੈ।

ਇਹ ਲਿਖਣ ਵਿਚ ਸਾਨੂੰ ਕੋਈ ਦਿੱਕਤ ਨਹੀਂ ਕਿ ਦੂਜੇ ਧਰਮਾਂ ਦੇ ਮੁਕਾਬਲੇ ਸਿੱਖਾਂ ਦੇ ਗੁਰੂ ਘਰਾਂ ਵਿਚ ਚੜ੍ਹਾਵਾ ਵੱਧ ਚੜ੍ਹਦਾ ਹੈ (ਭਾਰਤ ਦੇ ਕੁਝ ਮੰਦਿਰਾਂ ਨੂੰ ਛੱਡ ਕੇ)। ਚੜ੍ਹਾਵੇ ਦੇ ਨਾਲ ਨਾਲ ਕੁਝ ਹੋਰ ਖਾਸੀਅਤ ਵੀ ਹਨ, ਮਸਲਨ ਲੰਗਰ ਵਿਚ ਕੋਈ ਵੀ ਆ ਕੇ ਪ੍ਰਸ਼ਾਦੇ ਛਕ ਸਕਦਾ ਹੈ, ਲੋੜ ਵੇਲੇ ਰਾਤ ਕੱਟਣ ਲਈ ਕਮਰਾ ਵੀ ਮਿਲ ਜਾਂਦਾ ਹੈ, ਪਰ ਨਾਲ ਇਹ ਵੀ ਹਕੀਕਤ ਹੈ ਕਿ ਅੰਦਰੋ ਗਤੀ ਪ੍ਰਬੰਧਕਾਂ ਦੀ ਆਪਸੀ ਖਿਚੋਤਾਣ ਅਤੇ ਵਿਰੋਧੀਆਂ ਨਾਲ ਠੰਡੀ ਜੰਗ ਵੀ ਚਲਦੀ ਰਹਿੰਦੀ ਹੈ। ਇਹ ਵਰਤਾਰਾ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਦੇਖਣ ਨੂੰ ਵੀ ਮਿਲਦਾ ਹੈ। ਕਈ ਵਾਰ ਬੋਲ-ਬੁਲਾਰੇ ਤੋਂ ਗੱਲ ਵਧਦੀ ਵਧਦੀ ਹੱਥੋ ਪਾਈ 'ਤੇ ਪਹੁੰਚ ਜਾਂਦੀ ਹੈ ਅਤੇ ਕਿਰਪਾਨਾਂ ਵੀ ਚੱਲ ਪੈਂਦੀਆਂ ਹਨ।

ਪਿੱਛੇ ਜਿਹੇ ਹੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੀ ਕੁਝ ਹਥਿਆਰਬੰਦ ਕਾਰਕੁਨਾਂ ਨੇ ਪੱਤਰਕਾਰਾਂ ਅਤੇ ਵਿਰੋਧ ਜਤਾ ਰਹੀ ਸੰਗਤ 'ਤੇ ਹਮਲਾ ਕਰ ਦਿੱਤਾ ਸੀ। ਅਕਾਲ ਤਖਤ ਦੇ ਬਾਹਰ ਵੀ ਵਿਰੋਧੀ ਧੜੇਬੰਦੀਆਂ ਦੀਆਂ ਤਲਵਾਰਾਂ ਨੇ ਵੀ ਕਈ ਵਾਰ ਲਿਸ਼ਕਾਰੇ ਮਾਰੇ ਹਨ। ਵਿਦੇਸ਼ਾਂ ਵਿਚ ਵੀ ਕਈ ਵਾਰ ਅਜਿਹੀਆਂ ਸ਼ਰਮਨਾਕ ਘਟਨਾਵਾਂ ਆਮ ਹੀ ਵਾਪਰ ਜਾਂਦੀਆਂ ਹਨ। ਇਹ ਸਾਰਾ ਕੁਝ ਚੌਧਰ ਦੇ ਲਾਲਚੀ, ਹਉਮੈ ਵਿਚ ਗ੍ਰਸਤ ਵਿਅਕਤੀਆਂ ਦੀ ਮਾਨਸਿਕਤਾ ਕਰਕੇ ਅਤੇ ਨਿਜੀ ਮੁਫਾਦ ਨੂੰ ਪਹਿਲ ਦੇਣ ਕਾਰਨ ਵਾਪਰਦਾ ਹੈ। ਅਜਿਹੇ ਇਨਸਾਨ ਇਹ ਨਹੀਂ ਸੋਚਦੇ ਕਿ ਗੁਰੂ ਘਰ ਰੱਬੀ ਬਾਣੀ ਦਾ ਸੁਨੇਹਾ ਦੇਣ ਵਾਲੇ ਅਤਿ ਪਵਿੱਤਰ ਸਥਾਨ ਹੁੰਦੇ ਹਨ; ਨਿਆਸਰੇ ਨੂੰ ਆਸਰਾ ਦੇਣ ਵਾਲੇ; ਲੋੜ ਸਮੇਂ ਢਿੱਡ ਦੀ ਭੁੱਖ ਸ਼ਾਂਤ ਕਰਨ ਵਾਲੇ; ਰਾਹੀਆਂ ਨੂੰ ਆਪਣੀ ਥਕਾਨ ਦੂਰ ਕਰਨ ਲਈ ਘਰ ਜਿਹਾ ਮਾਹੌਲ ਦੇਣ ਲਈ; ਸਮਾਜਕ ਇਕੱਠਾਂ ਲਈ (ਵਿਦੇਸ਼ਾਂ ਵਿਚ ਰਹਿਣ ਵਾਲੇ ਸਿੱਖ ਆਪਣੇ ਪਰਿਵਾਰਕ ਸਮਾਗਮ ਗੁਰਦੁਆਰਾ ਸਾਹਿਬ ਵਿਚ ਹੀ ਕਰਦੇ ਹਨ) ਹੁੰਦੇ ਹਨ; ਪਰ ਚੌਧਰ ਦੇ ਭੁੱਖਿਆਂ ਲਈ ਅਜਿਹੀਆਂ ਗੱਲਾਂ ਦਾ ਕੋਈ ਮਹੱਤਵ ਨਹੀਂ। ਉਹ ਤਾਂ ਮੌਕੇ ਦੀ ਤਲਾਸ਼ ਵਿਚ ਹੁੰਦੇ ਹਨ ਕਿ ਕੁਰਸੀ 'ਤੇ ਬੈਠਿਆਂ ਨੂੰ ਕਿਵੇਂ ਠਿੱਬੀ ਲਾਈ ਜਾਵੇ ਤੇ ਆਪ ਕੁਰਸੀ ਨੂੰ ਹੜੱਪ ਕੀਤਾ ਜਾਵੇ। ਵਿਰੋਧੀਆਂ ਵਲੋਂ ਸਭ ਤੋਂ ਵੱਡਾ ਦੋਸ਼ ਪੈਸੇ-ਧੇਲੇ ਦੀ ਹੇਰਾ-ਫੇਰੀ ਦਾ ਹੁੰਦਾ ਹੈ (ਝੂਠਾ ਭਾਵੇਂ ਸੱਚਾ)। ਪ੍ਰਬੰਧਕਾਂ ਵੱਲੋਂ ਅਜਿਹੇ ਦੋਸ਼ਾਂ ਨੂੰ ਹਮੇਸ਼ਾ ਹੀ ਮਨਘੜਤ ਦੱਸਿਆ ਜਾਂਦਾ ਹੈ (ਭਾਵੇਂ ਸੱਚੇ ਹੀ ਹੋਣ)।

ਆਮ ਤੌਰ 'ਤੇ ਪ੍ਰਬੰਧਕ ਬਣੇ ਸੱਜਣ ਇਹ ਕਹਿੰਦੇ ਹਨ ਕਿ ਉਨ੍ਹਾਂ ਨੇ ਤਾਂ ਗੁਰੂ ਘਰ ਦੀ ਸੇਵਾ ਕਰਨ ਲਈ ਇਹ ਜ਼ਿੰਮੇਵਾਰੀ ਲਈ ਹੈ, ਪਰ ਕੁਝ ਦੋਖੀਆਂ ਨੂੰ ਹਜਮ ਨਹੀਂ ਹੋ ਰਿਹਾ। ਅਜਿਹੇ ਮਹਾ-ਪੁਰਸ਼ਾਂ ਤੋਂ ਇਕ ਗੱਲ ਪੁੱਛੀ ਜਾ ਸਕਦੀ ਹੈ ਕਿ ਗੁਰੂ ਘਰ ਦੀ ਸੇਵਾ ਲਈ ਕੀ ਪ੍ਰਧਾਨ, ਸਕੱਤਰ ਜਾਂ ਖਜਾਨਚੀ ਬਣਨਾ ਹੀ ਜ਼ਰੂਰੀ ਹੈ? ਕੀ ਗੁਰੂ ਘਰ ਆ ਕੇ ਸਾਫ-ਸਫਾਈ ਕਰਨੀ, ਲੰਗਰ ਵਿਚ ਲੰਗਰ ਵਰਤਾਉਣਾ ਜਾਂ ਬਰਤਨ ਸਾਫ ਕਰਨਾ ਜਾਂ ਹੋਰ ਕੋਈ ਅਜਿਹਾ ਕੰਮ ਕਰਨਾ ਸੇਵਾ ਨਹੀਂ? ਅਜਿਹੇ ਸਵਾਲਾਂ 'ਤੇ ਉਹ ਅੱਗ-ਬਬੂਲਾ ਹੋ ਜਾਣਗੇ।



ਜਦੋਂ ਸੰਗਤਾਂ ਦੇ ਜ਼ੋਰ ਦੇਣ 'ਤੇ ਜਾਂ ਵਿਰੋਧੀਆਂ ਦੇ ਜ਼ਿਆਦਾ ਰੌਲੇ ਕਾਰਨ ਪ੍ਰਬੰਧਕੀ ਕਮੇਟੀ ਦੀ ਇਕੱਤਰਤਾ ਕਰਨੀ ਪਵੇ ਤਾਂ ਦੋਵੇਂ ਧਿਰਾਂ ਪੂਰੀਆਂ ਲੈਸ ਹੋ ਕੇ ਆਉਂਦੀਆਂ ਹਨ, ਜਿਵੇਂ ਲਾਮ ਲਈ ਜਾ ਰਹੀਆਂ ਹੋਣ। ਮੀਟਿੰਗ ਦੌਰਾਨ ਹੀ ਅਸਭਿਅਕ ਭਾਸ਼ਾ ਦੀ ਵਰਤੋਂ ਤੋਂ ਗੱਲ ਵਧਦੀ ਹੋਈ ਹੱਥੋ ਪਾਈ 'ਤੇ ਪਹੁੰਚ ਜਾਂਦੀ ਹੈ ਅਤੇ ਬੇਸ-ਬਾਲ ਦੇ ਬੈਟ, ਹਾਕੀਆਂ ਜਾਂ ਹੋਰ ਅਜਿਹਾ ਕੁਝ ਕਦੋਂ ਨਿੱਕਲ ਆਵੇ, ਪਤਾ ਨਹੀਂ ਲੱਗਦਾ। ਸਿੱਖਾਂ ਦੇ ਸਿਰਾਂ ਦੀ ਸ਼ਾਨ ਪੱਗਾਂ ਇਕ ਦੂਜੇ ਦੇ ਪੈਰਾਂ 'ਚ ਰੁਲਦੀਆਂ ਹਨ। ਧੰਨ ਹੈ, ਇਹੋ ਜਿਹੀ ਸੇਵਾ! ਖਬਰ ਮਿਲਦਿਆਂ ਹੀ ਪੁਲਿਸ ਵੀ ਪਹੁੰਚ ਜਾਂਦੀ ਹੈ।

ਪਿਛਲੇ ਦਿਨੀਂ ਸਿਅਟਲ (ਵਾਸ਼ਿੰਗਟਨ) ਦੇ ਇਕ ਗੁਰੂ ਘਰ ਵਿਚ ਜੋ ਵਾਪਰਿਆ, ਉਹ ਸਭ ਨੂੰ ਪਤਾ ਹੀ ਹੈ ਕਿ ਕਿਵੇਂ ਦੋ ਧਿਰਾਂ ਦੀ ਟੱਕਰ ਹੋਈ। ਅਮਰੀਕਾ ਦੇ ਹੋਰਨਾਂ ਗੁਰੂ ਘਰਾਂ ਸਮੇਤ ਇੰਗਲੈਂਡ ਦੇ ਗੁਰੂ ਘਰਾਂ ਵਿਚ ਵੀ ਅਜਿਹੇ ਝਗੜੇ ਹੁੰਦੇ ਹੀ ਰਹਿੰਦੇ ਹਨ। ਕੈਨੇਡਾ ਦੇ ਐਬਟਸਫੋਰਡ ਸ਼ਹਿਰ ਦੇ ਇਕ ਗੁਰਦੁਆਰੇ ਵਿਚ ਹੋਏ ਝਗੜੇ ਦੀ ਵੀ ਚਰਚਾ ਕਾਫੀ ਹੋਈ। ਇੰਗਲੈਂਡ ਵਿਚ ਝਗੜੇ ਕਰਕੇ ਇਕ ਗੁਰਦੁਆਰਾ ਤਾਂ ਕਈ ਸਾਲ ਬੰਦ ਰਿਹਾ। ਕੈਨੇਡਾ ਦੇ ਇਕ ਅਖਬਾਰ ਦੀ ਖਬਰ ਅਨੁਸਾਰ ਬਹੁਤੇ ਗੁਰੂ ਘਰਾਂ ਦੀ ਆਮਦਨ ਦਾ ਅੱਧਾ ਹਿੱਸਾ ਵਕੀਲਾਂ ਦੀਆਂ ਜੇਬਾਂ ਵਿਚ ਚਲਾ ਜਾਂਦਾ ਹੈ। ਜੇ ਇਹ ਕਥਨ ਅੱਧ-ਪੱਧਰ ਵੀ ਸੱਚ ਹੋਵੇ ਤਾਂ ਵੀ ਵਿਚਾਰ ਕਰਨਯੋਗ ਹੈ। ਜੇ ਇਸ ਸਬੰਧੀ ਠੰਡੇ ਦਿਮਾਗ ਨਾਲ ਸੋਚਿਆ ਜਾਵੇ ਕਿ ਇਸ ਪੈਸੇ ਨੂੰ ਵਕੀਲਾਂ ਦੀ ਫੀਸ ਵਜੋਂ ਵਰਤਣ ਦੀ ਥਾਂ ਜੇ ਕੈਨੇਡਾ ਵਿਚ ਨਵੇਂ ਆਏ ਪੰਜਾਬੀ ਪਰਿਵਾਰਾਂ, ਵਿਦਿਆਰਥੀਆਂ ਲਈ ਜਾਂ ਹੋਰ ਲੋੜਵੰਦ ਵਿਅਕਤੀਆਂ ਜਾਂ ਸੰਸਥਾਵਾਂ ਲਈ ਵਰਤਿਆ ਜਾਵੇ ਤਾਂ ਇਸ ਨਾਲ ਸਿੱਖ ਧਰਮ ਦੀ ਸ਼ੋਭਾ ਵੀ ਵਧੇਗੀ ਅਤੇ ਲੋੜਵੰਦਾਂ ਦੀ ਮਦਦ ਵੀ ਹੋਵੇਗੀ; ਪਰ ਇਹ ਤਾਂ ਹੀ ਹੋ ਸਕਦਾ ਹੈ, ਜੇ ਵਿਅਕਤੀਗਤ ਹਉਮੈ ਨੂੰ ਦੂਰ ਰਖਿਆ ਜਾਵੇ।

ਧਾਰਮਿਕ ਸਥਾਨ 'ਤੇ ਚੌਧਰ ਦੀ ਇਕ ਹੋਰ ਦਿਲਚਸਪ ਘਟਨਾ ਯਾਦ ਆ ਗਈ। 2005 ਵਿਚ ਮੈਂ ਅਤੇ ਸ੍ਰੀਮਤੀ ਬੇਟੀਆਂ ਕੋਲ ਅਮੀਰਕਾ ਗਏ ਹੋਏ ਸਾਂ। ਕੈਲੀਫੋਰਨੀਆ ਵਿਚ ਰਹਿੰਦੇ ਸਾਡੇ ਸਕੂਲ ਦੇ ਸਾਬਕਾ ਵਿਦਿਆਰਥੀਆਂ ਦੀ ਸਾਲਾਨਾ ਇਕੱਤਰਤਾ ਸੀ। ਉਨ੍ਹਾਂ ਨੇ ਸਾਨੂੰ ਉਸ ਇਕੱਤਰਤਾ ਵਿਚ ਸ਼ਿਰਕਤ ਕਰਨ ਦੀ ਬੇਨਤੀ ਕੀਤੀ। ਸੈਕਰਾਮੈਂਟੋ ਰਹਿੰਦੀ ਮੇਰੀ ਇਕ ਵਿਦਿਆਰਥਣ ਅਤੇ ਉਸ ਦੇ ਪਤੀ ਦੇਵ ਨੇ ਸਾਨੂੰ ਜੋਰ ਪਾਇਆ ਕਿ ਮੀਟਿੰਗ ਤੋਂ ਦੋ-ਤਿੰਨ ਦਿਨ ਪਹਿਲਾਂ ਅਸੀਂ ਉਨ੍ਹਾਂ ਕੋਲ ਰਹੀਏ। ਅਸੀਂ ਉਨ੍ਹਾਂ ਦਾ ਪਿਆਰ ਭਰਿਆ ਸੱਦਾ ਸਵੀਕਾਰ ਕਰ ਲਿਆ। ਦੋ ਦਿਨ ਉਨ੍ਹਾਂ ਨੇ ਸਾਡੀ ਬਹੁਤ ਖਾਤਰਦਾਰੀ ਕੀਤੀ ਅਤੇ ਘੁਮਾਇਆ। ਇਕ ਦਿਨ ਅਸੀਂ ਕਿਤੇ ਜਾ ਰਹੇ ਸਾਂ ਕਿ ਸਾਡੇ ਮੇਜ਼ਬਾਨ ਨੇ ਇਕ ਇਮਾਰਤ ਵੱਲ ਇਸ਼ਾਰਾ ਕਰਦਿਆਂ ਦੱਸਿਆ ਕਿ ਉਹ ਗੁਰਦੁਆਰਾ ਹੈ, ਪਰ ਉਸ 'ਤੇ ਨਿਸ਼ਾਨ ਸਾਹਿਬ ਨਹੀਂ ਲੱਗਿਆ ਹੋਇਆ। ਕਾਰਨ ਇਹ ਦੱਸਿਆ ਕਿ ਕਿਸੇ ਹੋਰ ਮੁਲਕ ਵਿਚ ਵਸੇ ਹੋਏ ਸਿੱਖਾਂ ਦੇ ਕੁਝ ਪਰਿਵਾਰ ਉਸ ਸ਼ਹਿਰ ਵਿਚ ਰਹਿਣ ਲੱਗੇ। ਪੈਸਾ ਕਾਫੀ ਸੀ। ਆਪਣੇ ਨੇੜੇ ਹੀ ਇਕ ਘਰ ਖਰੀਦ ਕੇ ਗੁਰਦੁਆਰਾ ਬਣਾ ਲਿਆ। ਉਸ ਸ਼ਹਿਰ ਵਿਚ ਰਹਿਣ ਵਾਲੇ ਹੋਰ ਸਿੱਖ ਵੀ ਉਥੇ ਆਉਣ ਲੱਗ ਪਏ। ਗੁਰਦੁਆਰੇ ਦੀ ਦੇਖ-ਰੇਖ ਲਈ ਕਮੇਟੀ ਬਣ ਗਈ। ਹੌਲੀ ਹੌਲੀ ਉਸ ਗੁਰੂ ਘਰ ਦੀ ਵਾਗਡੋਰ ਪੰਜਾਬ ਤੋਂ ਗਏ ਸਿੱਖਾਂ ਨੇ ਸਾਂਭ ਲਈ। ਜਿਨ੍ਹਾਂ ਨੇ ਗੁਰਦੁਆਰਾ ਬਣਾਇਆ ਸੀ, ਉਹ ਬਾਹਰ ਹੀ ਕਰ ਦਿੱਤੇ। ਦੁਖੀ ਹੋ ਕੇ ਉਨ੍ਹਾਂ ਨੇ ਨਵਾਂ ਗੁਰਦੁਆਰਾ ਬਣਾ ਲਿਆ। ਦੋ-ਤਿੰਨ ਸਾਲਾਂ ਵਿਚ ਫਿਰ ਪੁਰਾਣੀ ਕਹਾਣੀ ਦੁਹਰਾਈ ਗਈ। ਤੀਜੀ ਵਾਰ ਉਨ੍ਹਾਂ ਨੇ ਇਕ ਨਵਾਂ ਘਰ ਲੈ ਕੇ ਉਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਲਿਆ, ਪਰ ਬਾਹਰ ਨਿਸ਼ਾਨ ਸਾਹਿਬ ਨਾ ਲਾਇਆ।

ਇਹ ਨਹੀਂ ਕਿ ਹਰ ਗੁਰੂ ਘਰ ਦੇ ਪ੍ਰਬੰਧਕ ਚੌਧਰ ਦੇ ਭੁੱਖੇ ਹਨ। ਗੁਰਦੁਆਰਿਆਂ ਵਿਚ ਕਮੇਟੀਆਂ ਦੇ ਹੁੰਦੇ ਝਗੜਿਆਂ ਕਾਰਨ ਕਈ ਇਹ ਕਹਿ ਦਿੰਦੇ ਹਨ ਕਿ ਜੇ ਗੁਰਦੁਆਰਿਆਂ ਵਿਚੋਂ ਗੋਲਕਾਂ ਚੱਕ ਦਿਉ, ਸਾਰੇ ਝਗੜੇ ਆਪ ਹੀ ਖਤਮ ਹੋ ਜਾਣਗੇ; ਪਰ ਇਹ ਵੀ ਕੋਈ ਪਾਏਦਾਰ ਹੱਲ ਨਹੀਂ। ਗੋਲਕ ਦਾ ਪੈਸਾ ਗੁਰੂ ਘਰ ਦੀ ਸਾਂਭ-ਸੰਭਾਲ ਲਈ ਵੀ ਚਾਹੀਦਾ ਹੁੰਦਾ ਹੈ। ਲੋੜ ਹੈ, ਹਰ ਗੁਰੂ ਘਰ ਦੀਆਂ ਪ੍ਰਬੰਧਕ ਕਮੇਟੀਆਂ ਸਬੰਧੀ ਅਜਿਹੇ ਨਿਯਮ ਬਣਾਉਣ ਦੀ ਕਿ ਕੋਈ ਵੀ ਅਹੁਦੇਦਾਰ ਸਾਲ ਜਾਂ ਦੋ ਸਾਲ ਤੋਂ ਬਾਅਦ ਉਸ ਅਹੁਦੇ 'ਤੇ ਮੁੜ ਜਲਦੀ ਨਾ ਚੁਣਿਆ ਜਾਵੇ।

ਸਮਾਂ ਇਸ ਗੱਲ ਦੀ ਮੰਗ ਕਰਦਾ ਹੈ ਕਿ ਦੁਨੀਆਂ ਵਿਚ ਆਪਣੀ ਨਿਆਰੀ ਪਛਾਣ ਬਣਾ ਚੁਕੇ ਸਿੱਖ ਧਰਮ ਦੇ ਪੈਰੋਕਾਰ ਆਪਣੇ ਗੁਰੂ ਘਰਾਂ ਦੀ ਸਾਂਭ-ਸੰਭਾਲ ਸਮੇਂ ਨਿਜੀ ਮੁਫਾਦ ਨੂੰ ਦੂਰ ਰੱਖਣ ਅਤੇ ਲੜਾਈ ਝਗੜੇ ਕਰਕੇ ਆਪਣੇ ਧਰਮ ਨੂੰ ਬਦਨਾਮ ਨਾ ਕਰਨ।

ਵਿਦੇਸ਼ਾਂ ਵਿਚ ਅਣਗਿਣਤ ਗੁਰੂ ਘਰ ਮੌਜੂਦ ਹਨ, ਉਨ੍ਹਾਂ ਵਿਚੋਂ ਕੁਝ ਕੁ ਦੇ ਅਹੁਦੇਦਾਰਾਂ ਦੀਆਂ ਮਨਮਰਜ਼ੀਆਂ ਕਰਕੇ ਹੀ ਗੁਰੂ ਘਰ ਅਤੇ ਸਿੱਖ ਧਰਮ ਦੀ ਬਦਨਾਮੀ ਹੁੰਦੀ ਹੈ, ਜਦੋਂ ਕਿ ਕਿਸੇ ਕੁਦਰਤੀ ਆਫਤ ਸਮੇਂ ਸੰਗਤ ਦੇ ਸਹਿਯੋਗ ਨਾਲ ਕਰੀਬ ਸਾਰੇ ਗੁਰੂ ਘਰ ਹੀ ਲੋੜਵੰਦਾਂ ਦੀ ਮਦਦ ਲਈ ਵਧ ਚੜ੍ਹ ਕੇ ਯੋਗਦਾਨ ਪਾਉਂਦੇ ਹਨ। ਸ਼੍ਰੋਮਣੀ ਕਮੇਟੀ ਜਾਂ ਅਕਾਲ ਤਖਤ ਤੋਂ ਕੋਈ ਆਸ ਨਾ ਰੱਖੋ।

# ਪੰਜਾਬ ਦੇ ਬਲਦੇ ਪਾਣੀ ਅਤੇ ਸਿਆਸਤ

***ਪੱਤਰਕਾਰ ਜਗਤਾਰ ਸਿੰਘ ਦੀ ਕਿਤਾਬ 'ਰਿਵਰਜ਼ ਆਨ ਫਾਇਰ: ਖਾਲਿਸਤਾਨ ਸਟ੍ਰੱਗਲ' ਨੇ ਪੰਜਾਬ ਦੇ 80ਵਿਆਂ ਦੇ ਉਸ ਦੌਰ ਬਾਰੇ ਇਕ ਵਾਰ ਫਿਰ ਚਰਚਾ ਛੇੜੀ ਹੈ। ਸਾਲ 2011 ਵਿਚ ਉਸ ਦੀ ਕਿਤਾਬ 'ਖਾਲਿਸਤਾਨ ਸਟ੍ਰੱਗਲ: ਏ ਨਾਨ ਮੂਵਮੈਂਟ' ਆਈ ਸੀ ਅਤੇ ਉਸ ਕਿਤਾਬ ਵਿਚ ਵੀ ਉਸ ਦੌਰ ਨਾਲ ਜੁੜੇ ਬਹੁਤ ਸਾਰੇ ਤੱਥ ਸਾਂਝੇ ਕੀਤੇ ਗਏ ਸਨ। ਇਹ ਕਿਤਾਬ ਉਸੇ ਤਰਜ਼ ਉਤੇ ਕੁਝ ਹੋਰ ਤੱਥ ਲੈ ਕੇ ਆਈ ਹੈ। ਪ੍ਰੋ. ਜਗਰੂਪ ਸਿੰਘ ਸੇਖੋਂ ਨੇ ਇਸ ਨਵੀਂ ਕਿਤਾਬ ਦੇ ਵੱਖ-ਵੱਖ ਨੁਕਤੇ ਵਿਚਾਰੇ ਹਨ ਅਤੇ ਉਸ ਦੌਰ ਦੀ ਸਿਆਸਤ ਬਾਰੇ ਖੁੱਲ੍ਹ ਕੇ ਟਿੱਪਣੀ ਕੀਤੀ ਹੈ। -ਸੰਪਾਦਕ***

'ਰਿਵਰਜ਼ ਆਨ ਫਾਇਰ: ਖਾਲਿਸਤਾਨ ਸਟ੍ਰੱਗਲ' ਪੱਤਰਕਾਰ ਜਗਤਾਰ ਸਿੰਘ ਦੀ ਖਾਲਿਸਤਾਨ ਲਹਿਰ ਨਾਲ ਜੁੜੇ ਮੁੱਦਿਆਂ ਬਾਰੇ ਦੂਜੀ ਕਿਤਾਬ ਹੈ ਜਿਹੜੀ ਉਸ ਸੰਤਾਪ ਦਾ ਅੱਖੀਂ ਡਿੱਠਾ ਹਾਲ ਬਿਆਨ ਕਰਦੀ ਹੈ। ਕਿਤਾਬ ਉਸ ਸਮੇਂ ਦੇ ਵਰਤਾਰੇ ਦੇ ਵੱਖ-ਵੱਖ ਪਹਿਲੂਆਂ ਦੀ ਨਜ਼ਰਸਾਨੀ ਕਰਦੀ ਅਤੇ ਅਣਗੌਲੀਆਂ ਪਰਤਾਂ ਨੂੰ ਫੋਲਦੀ ਹੈ ਜਿਨ੍ਹਾਂ ਬਾਰੇ ਜ਼ਿਆਦਾਤਰ ਵੇਰਵੇ ਲਿਖਤੀ ਰੂਪ ਵਿਚ ਮੌਜੂਦ ਨਹੀਂ। ਸੰਤਾਪਾਂ ਦਾ ਪੰਜਾਬ ਨਾਲ ਭਾਵੇਂ ਬਹੁਤ ਪੁਰਾਣਾ ਵਾਸਤਾ ਹੈ ਪਰ ਲੇਖਕ ਮੁਤਾਬਿਕ ਖਾਲਿਸਤਾਨ ਲਹਿਰ ਨੇ ਪੰਜਾਬ ਨੂੰ ਵੱਡਾ ਜਾਨੀ-ਮਾਲੀ ਨੁਕਸਾਨ ਪਹੁੰਚਾਇਆ ਅਤੇ ਹਰੀ ਕ੍ਰਾਂਤੀ ਤੋਂ ਬਾਅਦ ਸ਼ੁਰੂ ਹੋਈ ਚੰਗੀ ਸਮਾਜਿਕ, ਆਰਥਕ, ਸਿਆਸੀ ਵਿਵਸਥਾ ਨੂੰ ਲੀਹੋਂ ਲਾਹ



ਦਿੱਤਾ। ਇਸੇ ਕਰਕੇ ਹੁਣ ਤੱਕ ਪੰਜਾਬ ਇਸ ਤ੍ਰਾਸਦੀ ਦੀ ਮਾਰ ਵਿਚੋਂ ਬਾਹਰ ਨਹੀਂ ਨਿਕਲ ਸਕਿਆ। ਇਸ ਖੂਨੀ ਸਾਕੇ ਦੇ ਨਿਸ਼ਾਨ ਅੱਜ ਵੀ ਸਮੇਂ-


**ਪ੍ਰੋ. ਜਗਰੂਪ ਸਿੰਘ ਸੇਖੋਂ**

ਸਮੇਂ 'ਤੇ ਉਸ ਭਿਅੰਕਰ ਦੌਰ ਦੀ ਯਾਦ ਕਰਵਾਉਂਦੇ ਰਹਿੰਦੇ ਹਨ। ਲੇਖਕ ਭਵਿਖ ਵਿਚ ਅਜਿਹੇ ਵਰਤਾਰੇ ਹੋਣ ਦੀ ਮਹਿਜ਼ ਚਿਤਾਵਨੀ ਹੀ ਨਹੀਂ ਦਿੰਦਾ ਸਗੋਂ ਇਸ ਤੋਂ ਬਚਣ ਲਈ ਇਸ਼ਾਰੇ ਵੀ ਕਰਦਾ ਹੈ।

ਇਹ ਕਿਤਾਬ ਤੇਰ੍ਹਾਂ ਭਾਗਾਂ ਵਿਚ ਵੰਡੀ ਹੋਈ ਹੈ। ਇਹ ਪੰਜਾਬ ਦੀ ਉਸ ਸਮੇਂ ਦੀ ਤ੍ਰਾਸਦੀ ਤੋਂ ਸ਼ੁਰੂ ਹੋ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਤੋਂ ਲੈ ਕੇ ਸਮਕਾਲ ਤੱਕ ਇਸ ਦੀ ਹਾਲਤ ਤੇ ਨਿਜ਼ਾਮ ਦਾ ਬਿਰਤਾਂਤ ਹੈ। ਕਿਤਾਬ ਦਾ ਜ਼ਿਆਦਾ ਹਿੱਸਾ ਪੰਜਾਬੀਆਂ ਦੇ ਖਾਲਿਸਤਾਨ ਲਹਿਰ ਦੌਰਾਨ ਹੰਢਾਏ ਸੰਤਾਪ ਤੇ ਇਸ ਨਾਲ ਸਬੰਧਿਤ ਘਟਨਾਵਾਂ ਬਾਰੇ ਸਮਕਾਲੀ ਗਵਾਹ ਵਜੋਂ ਮਹੱਤਵਪੂਰਨ ਪੇਸ਼ਕਾਰੀ ਹੈ।

ਲੇਖਕ ਨੇ ਇਸ ਲਿਖਤ ਵਿਚ ਖਾਲਿਸਤਾਨ ਲਹਿਰ ਦੀਆਂ ਇਤਿਹਾਸਕ ਅਤੇ ਤਤਕਾਲੀ ਘਟਨਾਵਾਂ ਬਾਰੇ ਵਿਸਥਾਰ ਨਾਲ ਦੱਸਿਆ ਹੈ। ਉਸ ਸਮੇਂ ਵੱਖ-ਵੱਖ ਸੰਸਥਾਵਾਂ ਤੇ ਉਨ੍ਹਾਂ ਨਾਲ ਜੁੜੇ ਲੋਕਾਂ ਦੇ ਕਿਰਦਾਰ 'ਤੇ ਬਾਖੂਬੀ ਚਾਨਣ ਪਾਇਆ ਹੈ। ਲੇਖਕ ਸਿੱਖ ਇਤਿਹਾਸ ਅਤੇ ਸਿੱਖੀ ਦੀ ਪਛਾਣ ਨਾਲ ਜੋੜ ਕੇ ਅਜਿਹੇ ਵਰਤਾਰਿਆਂ ਦਾ ਵਰਣਨ ਕਰਦਾ ਹੈ। ਇਸ ਦੀਆਂ ਜੜ੍ਹਾਂ ਆਜ਼ਾਦੀ ਦੀ ਲੜਾਈ ਵਿਚ ਸਿੱਖਾਂ ਦੇ ਯੋਗਦਾਨ ਤੇ ਦੇਸ਼ ਵੰਡ ਦੇ ਵੱਖ-ਵੱਖ ਪਹਿਲੂਆਂ ਵਿਚੋਂ ਲੱਭਣ ਦਾ ਯਤਨ ਕਰਦਾ ਹੈ। ਅਕਾਲੀ ਦਲ ਦੀ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਦੀ ਭੂਮਿਕਾ ਅਤੇ ਬਾਅਦ ਵਿਚ ਰਾਜਨੀਤਕ ਤਾਕਤ ਦੀ ਪ੍ਰਾਪਤੀ ਲਈ ਸਮੇਂ ਸਮੇਂ 'ਤੇ ਇਹੋ ਜਿਹੇ ਮੁੱਦੇ ਉਠਾਉਣ ਅਤੇ ਵੱਧ ਤੋਂ ਵੱਧ ਲਾਹਾ ਲੈਣ ਦੀ ਵੀ ਗੱਲ ਕੀਤੀ ਹੈ। ਸਿੱਖਾਂ ਦੀਆਂ ਧਾਰਮਿਕ ਤੇ ਰਾਜਨੀਤਕ ਧਿਰਾਂ ਦੀ ਖਾਲਿਸਤਾਨ ਬਾਰੇ ਸਹਿਮਤੀ ਜ਼ਿਆਦਾਤਰ ਸਿੱਖੀ ਪਛਾਣ ਨੂੰ ਬਚਾਉਣ ਅਤੇ ਉਸ ਦੀ ਸਾਂਭ ਸੰਭਾਲ ਦੁਆਲੇ ਹੀ ਘੁੰਮਦੀ ਲੱਗਦੀ ਹੈ।

ਕਿਤਾਬ ਵਿਚ ਖਾਲਿਸਤਾਨ ਲਹਿਰ ਅਤੇ ਅਤਿਵਾਦ ਦੇ ਦੌਰ ਦੀ ਵਿਆਖਿਆ ਇਸ ਘਟਨਾ ਨਾਲ ਸਬੰਧਤ ਮੁੱਖ ਨਾਇਕ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਧੁਰਾ ਬਣਾ ਕੇ ਕੀਤੀ ਹੈ ਜੋ ਉਸ ਦੀ ਸਮੁੱਚੀ ਸ਼ਖਸੀਅਤ ਅਤੇ ਧਾਰਮਿਕ ਤੇ ਸਿਆਸੀ ਸੂਝ-ਬੂਝ ਦੀ ਤਸਵੀਰ ਪੇਸ਼ ਕਰਦੀ ਹੈ। ਉਸ ਵਲੋਂ ਸਮੇਂ ਦੇ ਲਿਹਾਜ਼ ਨਾਲ ਲਏ ਵੱਖ-ਵੱਖ ਪੈਂਤੜਿਆਂ ਦੀ ਬਾਰੀਕੀ ਨਾਲ ਵਿਸਥਾਰ ਸਹਿਤ ਵਿਆਖਿਆ ਕੀਤੀ ਹੈ। ਖਾਲਿਸਤਾਨ ਲਹਿਰ ਦੇ ਸਮੇਂ (1978-95) ਨੂੰ ਵੱਖ-ਵੱਖ ਭਾਗਾਂ ਵਿਚ ਵੰਡ ਕੇ ਉਸ ਸਮੇਂ ਦੀਆਂ ਮੁੱਖ ਘਟਨਾਵਾਂ ਵਿਸਥਾਰ ਨਾਲ ਪੇਸ਼ ਕੀਤੀਆਂ ਹਨ ਜਿਨ੍ਹਾਂ ਵਿਚ ਅਕਾਲੀ-ਨਿਰੰਕਾਰੀ ਝਗੜੇ ਤੋਂ ਸ਼ੁਰੂ ਹੋ ਕੇ ਬੇਅੰਤ ਸਿੰਘ ਦੇ ਕਤਲ ਅਤੇ ਅਤਿਵਾਦ ਦੇ ਮੁਕੰਮਲ ਖਾਤਮੇ ਤੱਕ ਦੀਆਂ ਘਟਨਾਵਾਂ ਸ਼ਾਮਲ ਹਨ। ਸੈਂਕੜੇ ਘਟਨਾਵਾਂ ਵਾਪਰਨ ਦੇ ਵੱਖ-ਵੱਖ ਪਹਿਲੂ ਤੇ ਇਨ੍ਹਾਂ ਦਾ ਸਿੱਖੀ ਸੁਭਾਅ ਨਾਲ ਸਬੰਧ; ਪੰਜਾਬ ਦੇ ਸਿਆਸੀ, ਧਾਰਮਿਕ ਤੇ ਹੋਰ ਜਥੇਬੰਦੀਆਂ ਦੇ ਨੇਤਾਵਾਂ ਦਾ ਇਨ੍ਹਾਂ ਘਟਨਾਵਾਂ ਪ੍ਰਤੀ ਰੁਖ; ਕਿਰਦਾਰ ਤੇ ਇਕ-ਦੂਜੇ ਨੂੰ ਉਸ ਔਖੇ ਸਮੇਂ ਠਿੱਬੀ ਲਾਉਣ




ਕਿਤਾਬ ਦਾ ਮੁਖੜਾ

*ਸੰਤਾਪ ਦੀ ਕੜੀ ਵਿਚ ਲੇਖਕ ਨੇ ਸਭ ਤੋਂ ਵੱਧ ਵਰਣਨ ਵੱਡੀ ਗਿਣਤੀ ਵਿਚ ਮਾਸੂਮਾਂ ਦੇ ਕਤਲਾਂ ਦਾ ਕੀਤਾ ਹੈ। ਉਸ ਸਮੇਂ ਦੀਆਂ ਹਾਕਮ ਜਮਾਤਾਂ ਦੀ ਆਪਸੀ ਖੁੰਦਕ ਤੇ ਉਸ ਦੇ ਮਾੜੇ ਪ੍ਰਭਾਵ ਦੀ ਵੀ ਖੂਬ ਵਿਆਖਿਆ ਕੀਤੀ ਹੈ। ਲੇਖਕ ਨੇ ਉਸ ਸਮੇਂ ਦੀਆਂ ਦੋ ਵੱਡੀਆਂ ਧਿਰਾਂ ਜਰਨੈਲ ਸਿੰਘ ਭਿੰਡਰਾਂਵਾਲਾ ਤੇ ਇੰਦਰਾ ਗਾਂਧੀ ਦੀ ਹਠਧਰਮੀ ਤੇ ਅੜੀਅਲ ਰਵੱਈਏ ਅਤੇ ਅਹਿਮ ਸਿਆਸੀ ਪਾਰਟੀਆਂ ਦੇ ਮੁੱਖ ਨੇਤਾਵਾਂ ਦੇ ਮਾੜੇ ਕਿਰਦਾਰ ਬਾਰੇ ਵਿਸਥਾਰ ਨਾਲ ਲਿਖਿਆ ਹੈ। ਲੱਗਦਾ ਹੈ, ਜਿਵੇਂ ਸਮੇਂ ਦੀ ਸਰਕਾਰ ਨੇ ਪੰਜਾਬ 'ਤੇ ਕਿਤੇ ਇਹ ਤਜਰਬਾ ਤਾਂ ਨਹੀਂ ਕੀਤਾ ਕਿ ਪੰਜਾਬ ਦੇ ਸਿੱਖ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਲੰਮੇ ਸਮੇਂ ਤੋਂ ਉਠਾਏ ਜਾਂਦੇ ਸਵਾਲਾਂ ਦੇ ਮਸਲੇ ਵਿਚ ਕਿਸ ਹੱਕ ਤੱਕ ਜਾ ਸਕਦੀਆਂ ਹਨ!*



ਕਿਤਾਬ ਦਾ ਲੇਖਕ ਜਗਤਾਰ ਸਿੰਘ

ਦੀ ਨੀਤੀ ਅਤੇ ਅਤਿਵਾਦ ਪੈਦਾ ਕਰਨ ਤੇ ਵਧਾਉਣ ਵਿਚ ਉਨ੍ਹਾਂ ਦੇ ਕਿਰਦਾਰ ਨੂੰ ਪੇਸ਼ ਕੀਤਾ ਹੈ। ਉਂਜ ਸਾਰੀ ਵਿਆਖਿਆ ਬਹੁਤ ਜ਼ਿਆਦਾ ਤਰਤੀਬ ਵਿਚ ਦਿਖਾਈ ਨਹੀਂ ਦਿੰਦੀ। ਇਹ ਬਿਰਤਾਂਤ ਸਾਧਾਰਨ ਪਾਠਕਾਂ ਨੂੰ ਉਸ ਸਮੇਂ ਦੇ ਗੁੰਝਲਦਾਰ ਮਸਲੇ, ਉਸ ਦੇ ਪ੍ਰਭਾਵਾਂ ਅਤੇ ਅਤਿਵਾਦ ਦਾ ਸੰਤਾਪ ਹੰਢਾਉਣ ਵਾਲੇ ਪੰਜਾਬੀਆਂ ਬਾਰੇ ਵੱਖਰੀ ਕਿਸਮ ਦੀ ਜਾਣਕਾਰੀ ਦਿੰਦਾ ਹੈ ਜਿਸ ਵਿਚੋਂ ਉਹ ਆਪਣੇ ਤਜਰਬੇ ਰਾਹੀਂ ਕੁਝ ਸਿੱਟੇ ਕੱਢ ਸਕਦੇ ਹਨ। ਖਾਲਿਸਤਾਨੀ ਲਹਿਰ ਬਾਰੇ ਭੰਬਲਭੂਸੇ, ਇਸ ਦੇ ਉਤਰਾਅ-ਚੜ੍ਹਾਅ, ਲਹਿਰ ਦੇ ਅਸਲ ਮੁੱਦਿਆਂ ਤੋਂ ਭਟਕ ਕੇ ਹੋਰ ਪਾਸੇ ਵੱਲ ਚਲੇ ਜਾਣ ਦੇ ਟੋਟਕਿਆਂ ਵਿਚ ਸੰਕੇਤ ਦਿੱਤੇ ਗਏ ਹਨ। ਦੱਸਿਆ ਗਿਆ ਹੈ ਕਿ ਜਰਨੈਲ ਸਿੰਘ ਭਿੰਡਰਾਂਵਾਲਾ ਹੀ ਖਾਲਿਸਤਾਨ ਲਹਿਰ ਜਾਂ ਉਸ ਵਿਚੋਂ ਉਪਜੇ ਅਤਿਵਾਦ ਦਾ ਕੇਂਦਰੀ ਧੁਰਾ ਸੀ। ਇਹ ਸਾਰੀ ਵਿਵਸਥਾ ਦਾ ਇਕ ਪਾਸਾ ਹੋ ਸਕਦਾ ਹੈ ਜਦੋਂਕਿ ਅਤਿਵਾਦ, ਵੱਖਵਾਦ ਤੇ ਖਾਲਿਸਤਾਨ ਲਹਿਰ ਦੇ ਸ਼ੁਰੂ ਹੋਣ ਅਤੇ ਵਧਣ-ਫੁੱਲਣ ਦੇ ਬਹੁਤ ਸਾਰੇ ਹੋਰ ਕਾਰਨ ਸਨ ਜਿਸ ਨੂੰ ਇਸ ਕਿਤਾਬ ਵਿਚ ਜ਼ਿਆਦਾ ਵਿਚਾਰਿਆ ਨਹੀਂ ਗਿਆ।

ਸੰਤਾਪ ਦੀ ਕੜੀ ਵਿਚ ਲੇਖਕ ਨੇ ਸਭ ਤੋਂ ਵੱਧ ਵਰਣਨ ਬਹੁਤ ਵੱਡੀ ਗਿਣਤੀ ਵਿਚ ਮਾਸੂਮਾਂ ਦੇ ਕਤਲਾਂ ਦਾ ਕੀਤਾ ਹੈ ਜਿਸ ਵਿਚ ਸਰਕਾਰੀ ਤੇ ਗੈਰ-ਸਰਕਾਰੀ ਦਹਿਸ਼ਤਵਾਦ ਦੀ ਝਲਕ ਸਾਫ ਦਿਸਦੀ ਹੈ। ਲੇਖਕ ਮੁਤਾਬਿਕ ਇਹ ਵਰਤਾਰਾ ਉਸ ਸਮੇਂ ਦੀ ਸਭ ਤੋਂ ਵੱਡੀ ਤ੍ਰਾਸਦੀ ਬਣ ਗਿਆ। ਉਸ ਸਮੇਂ ਦੀਆਂ ਹਾਕਮ ਜਮਾਤਾਂ ਦੀ ਆਪਸੀ ਖੁੰਦਕ ਤੇ ਉਸ ਦੇ ਮਾੜੇ ਪ੍ਰਭਾਵ ਦੀ ਵੀ ਖੂਬ ਵਿਆਖਿਆ ਕੀਤੀ ਹੈ। ਲੇਖਕ ਨੇ ਉਸ ਸਮੇਂ ਦੀਆਂ ਦੋ ਵੱਡੀਆਂ ਧਿਰਾਂ ਜਰਨੈਲ ਸਿੰਘ ਭਿੰਡਰਾਂਵਾਲਾ ਤੇ ਇੰਦਰਾ ਗਾਂਧੀ ਦੀ ਹਠਧਰਮੀ ਤੇ ਅੜੀਅਲ ਰਵੱਈਏ ਅਤੇ ਅਹਿਮ ਸਿਆਸੀ ਪਾਰਟੀਆਂ ਦੇ ਮੁੱਖ ਨੇਤਾਵਾਂ ਦੇ ਮਾੜੇ ਕਿਰਦਾਰ ਬਾਰੇ ਵਿਸਥਾਰ ਨਾਲ ਲਿਖਿਆ ਹੈ। ਇਹ ਸਾਰਾ ਕੁਝ ਪੜ੍ਹ ਕੇ ਲੱਗਦਾ ਹੈ, ਜਿਵੇਂ ਉਸ ਸਮੇਂ ਦੀ ਕੇਂਦਰੀ ਸਰਕਾਰ ਨੇ ਪੰਜਾਬ 'ਤੇ ਕਿਤੇ ਇਹ ਤਜਰਬਾ ਤਾਂ ਨਹੀਂ ਕੀਤਾ ਕਿ ਪੰਜਾਬ ਦੇ ਸਿੱਖ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਲੰਮੇ ਸਮੇਂ ਤੋਂ ਉਠਾਏ ਜਾਂਦੇ ਸਵਾਲਾਂ ਦੇ ਮਸਲੇ ਵਿਚ ਕਿਸ ਹੱਕ ਤੱਕ ਜਾ ਸਕਦੀਆਂ ਹਨ! ਇਸੇ ਵਰਤਾਰੇ ਵਿਚ ਸਾਕਾ ਨੀਲਾ ਤਾਰਾ ਤੇ ਉਸ ਤੋਂ ਬਾਅਦ ਦੇ ਪੰਜਾਬ ਦੀ ਸੰਕਟਮਈ ਤੇ ਡਰਾਉਣੀ ਤਸਵੀਰ ਸਾਹਮਣੇ ਆਉਂਦੀ ਹੈ। ਇਹ ਉਹ ਸਮਾਂ ਸੀ ਜਦੋਂ ਗੁਆਂਢੀ ਮੁਲਕ ਪਾਕਿਸਤਾਨ ਇਸ ਵਿਚ ਅਸਿੱਧੇ ਤੌਰ 'ਤੇ ਜੁੜ ਗਿਆ ਤੇ ਕਤਲਾਂ ਤੇ ਹੋਰ ਗੈਰ-ਸਮਾਜਿਕ ਤੇ ਅਨੈਤਿਕ ਘਟਨਾਵਾਂ ਦੀ ਗਿਣਤੀ ਵਿਚ ਅਥਾਹ ਵਾਧਾ ਹੋਇਆ। ਅਤਿਵਾਦ ਦੇ ਦੌਰ ਵਿਚ ਪਾਕਿਸਤਾਨ ਦੀ ਸ਼ਮੂਲੀਅਤ ਦੇ ਵੱਖ-ਵੱਖ ਪਹਿਲੂਆਂ ਨੂੰ ਉਜਾਗਰ ਕੀਤਾ ਹੈ। ਉਸ ਸਮੇਂ ਦੀਆਂ ਖੇਤਰੀ ਤੇ ਕੌਮਾਂਤਰੀ ਘਟਨਾਵਾਂ ਖਾਸਕਰ ਅਫਗਾਨਿਸਤਾਨ ਵਿਚ ਅਮਰੀਕਾ ਸਮਰਥਕ ਤਾਲਿਬਾਨ ਦੀ ਪਾਕਿਸਤਾਨ ਰਾਹੀਂ ਮਦਦ ਤੇ ਪੰਜਾਬ ਵਿਚ ਹੋਈ ਕਤਲੋਗਾਰਤ, ਲੁੱਟ-ਖਸੁੱਟ ਨਾਲ ਇਸ ਦੇ ਸਬੰਧ ਤੇ ਖਾਲਿਸਤਾਨ ਦੇ ਮੁੱਦੇ ਨੂੰ ਜ਼ਿੰਦਾ ਰੱਖਣ ਅਤੇ ਇਸ ਨੂੰ ਕੌਮਾਂਤਰੀ ਪੱਧਰ 'ਤੇ ਪਹੁੰਚਾਉਣ ਬਾਰੇ ਕਾਫੀ ਜਾਣਕਾਰੀ ਦਿੱਤੀ ਹੈ। ਇਸ ਕਾਰਜ ਲਈ ਲੇਖਕ ਨੇ ਇਸ ਘਟਨਾ ਨਾਲ ਸਬੰਧਤ ਖਾਲਿਸਤਾਨੀ ਜਥੇਬੰਦੀਆਂ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਬਹੁਤ ਸਾਰੇ ਵਿਅਕਤੀਆਂ ਤੱਕ ਪਹੁੰਚ ਕਰ ਕੇ ਇਤਿਹਾਸ ਦੀਆਂ ਅਣਗੌਲੀਆਂ ਘਟਨਾਵਾਂ ਦੇ ਵੇਰਵੇ, ਅਤਿਵਾਦ ਦੇ ਸਮੇਂ ਵਿਚ ਪਾਕਿਸਤਾਨ ਦੇ ਵਤੀਰੇ ਬਾਰੇ ਜਾਣਿਆ। ਸਾਕਾ ਨੀਲਾ ਤਾਰਾ ਤੋਂ ਬਾਅਦ ਪੰਜਾਬ ਵਿਚ ਅਤਿਵਾਦ ਜਾਰੀ ਰੱਖਣ ਤੇ ਇਸ ਵਿਚ ਸ਼ਾਮਿਲ ਲੋਕਾਂ ਨੂੰ ਹਰ ਤਰ੍ਹਾਂ ਦੀ ਮਦਦ, ਪਨਾਹ ਆਦਿ ਦੀ ਵਿਸਥਾਰਤ ਜਾਣਕਾਰੀ ਇਸ ਕਿਤਾਬ ਦੀ ਵਿਸ਼ੇਸ਼ਤਾ ਹੈ। ਉਸ ਦੌਰ ਵਿਚ ਨਵੇਂ ਨਵੇਂ ਹੋਂਦ ਵਿਚ ਆਉਣ ਵਾਲੇ ਅਕਾਲੀ ਦਲਾਂ ਅਤੇ ਉਨ੍ਹਾਂ ਦੇ ਵੱਖ-ਵੱਖ ਧੜਿਆਂ ਦੇ ਜਥੇਬੰਦਕ ਢਾਂਚੇ ਤੇ ਕਾਰਗੁਜ਼ਾਰੀ, ਅਕਾਲੀ ਲੀਡਰਾਂ ਦੀ ਵਾਰ-ਵਾਰ ਬਦਲਦੀ ਪੈਂਤੜੇਬਾਜ਼ੀ, ਅਤਿਵਾਦੀ ਜਥੇਬੰਦੀਆਂ ਦਾ ਉਭਾਰ, ਉਨ੍ਹਾਂ ਵਿਚਲੀ ਫੁੱਟ, ਖਾਲਿਸਤਾਨ ਦੇ ਨਾਂ 'ਤੇ ਕੀਤੇ ਕਤਲ ਤੇ ਅਨੈਤਿਕ ਕੰਮਾਂ, ਗੈਰ-ਵਾਜਬ ਗੱਲਾਂ 'ਤੇ ਬਹਿਸ ਤੇ ਆਪਣੀ ਗੱਲ 'ਤੇ ਅੜੇ ਰਹਿਣ ਆਦਿ ਸਬੰਧੀ ਦੱਸਿਆ ਗਿਆ ਹੈ। ਇਸ ਕਿਤਾਬ ਵਿਚ ਸਿਆਸੀ ਆਗੂਆਂ, ਫੌਜ ਦੇ ਸਾਬਕਾ ਅਫਸਰਾਂ ਤੇ ਹੋਰ ਪ੍ਰਸਿਧ ਵਿਅਕਤੀਆਂ ਦੇ ਕਤਲਾਂ ਦਾ ਵਰਣਨ ਵੀ ਹੈ।

ਖਾਲਿਸਤਾਨ ਲਹਿਰ ਦੌਰਾਨ ਉਪਜੇ ਸੰਕਟ ਨੂੰ ਹੱਲ ਕਰਨ ਦੇ ਯਤਨਾਂ ਅਤੇ ਉਨ੍ਹਾਂ ਵਿਚ ਰੁਕਾਵਟ ਪਾਉਣ ਵਾਲੀਆਂ ਅੰਦਰੂਨੀ ਤੇ ਬਾਹਰੀ ਤਾਕਤਾਂ, ਲੀਡਰਾਂ ਦੀ ਸੌੜੇ ਸਿਆਸੀ ਹਿੱਤ, ਇਕ-ਦੂਜੇ ਪ੍ਰਤੀ ਅਵਿਸ਼ਵਾਸ ਦੀ ਭਾਵਨਾ, ਮਾਰੇ ਜਾਣ ਦਾ ਡਰ ਤੇ ਸਹਿਮ, ਦੋਵਾਂ ਧਿਰਾਂ ਵਲ ਇੱਕ-ਦੂਜੇ ਦੀਆਂ ਨਾ ਮੰਨੀਆਂ ਜਾਣ ਵਾਲੀਆਂ ਸ਼ਰਤਾਂ ਆਦਿ ਨੇ ਪੰਜਾਬ ਦੇ ਮਾਹੌਲ ਨੂੰ ਵਿਗਾੜਨ ਵਿਚ ਵੱਡਾ ਰੋਲ ਨਿਭਾਇਆ। ਰਾਜੀਵ-ਲੌਂਗੋਵਾਲ ਸਮਝੌਤਾ ਦਿਆਨਤਦਾਰੀ ਨਾਲ ਲਾਗੂ ਨਾ ਹੋਣਾ ਵੀ ਪੰਜਾਬ ਨਾਲ ਬੇਇਨਸਾਫੀ ਸੀ। ਪਾਣੀਆਂ ਦੇ ਮੁੱਦੇ ਤੇ ਉਸ ਤੋਂ ਉਪਜੀ ਸਿਆਸਤ ਵਿਚ ਪੰਜਾਬ ਦਾ ਪੱਖ ਖੂਬਸੂਰਤੀ ਨਾਲ ਇਤਿਹਾਸਕ ਤੇ ਸਮਕਾਲੀ ਪ੍ਰਸੰਗ ਵਿਚ ਪੇਸ਼ ਕਰਕੇ ਇਸ ਵਿਚੋਂ ਪੈਦਾ ਹੋਈਆਂ ਚੁਣੌਤੀਆਂ ਤੇ ਭਵਿਖ ਦੇ ਖਤਰੇ ਬਾਰੇ ਸੁਚੇਤ ਕੀਤਾ ਹੈ। ਸਿਆਸੀ ਪਾਰਟੀਆਂ ਤੇ ਆਗੂਆਂ ਦੇ ਲਗਾਤਾਰ ਬਦਲਦੇ ਪੈਂਤੜੇ ਨੇ ਇਸ ਸਮੱਸਿਆ ਨੂੰ ਲਗਾਤਾਰ ਗੁੰਝਲਦਾਰ ਬਣਾਇਆ ਹੈ ਜੋ ਭਵਿਖ ਵਿਚ ਪੰਜਾਬ ਦੀ ਸਿਆਸਤ ਤੇ ਆਰਥਿਕਤਾ ਨੂੰ ਪ੍ਰਭਾਵਿਤ ਕਰੇਗੀ ਅਤੇ ਇਸ ਦਾ ਗੁਆਂਢੀ ਸੂਬਿਆਂ ਅਤੇ ਕੇਂਦਰ ਨਾਲ ਸਬੰਧਾਂ 'ਤੇ ਵੀ ਅਸਰ ਪਵੇਗਾ।

ਖਾਲਿਸਤਾਨ ਲਹਿਰ ਨੇ ਪੰਜਾਬ ਦੀ ਲੋਕਤੰਤਰੀ ਪ੍ਰਣਾਲੀ 'ਤੇ ਘਾਤਕ ਅਸਰ ਪਾਇਆ ਅਤੇ ਮਨੁੱਖੀ ਵਿਕਾਸ ਦੇ ਦੋ ਮਹੱਤਵਪੂਰਨ ਪਹਿਲੂਆਂ ਸਿਹਤ ਅਤੇ ਸਿੱਖਿਆ ਦਾ ਵੀ ਸੱਤਿਆਨਾਸ ਕਰ ਦਿੱਤਾ। ਇਸ ਕਾਰਨ ਉਪਜੀ ਨਵੀਂ ਸਿਆਸਤ ਅਤੇ ਸਿਆਸੀ ਜਥੇਬੰਦੀਆਂ ਵਿਚ ਵਿਚਾਰਧਾਰਕ ਪ੍ਰਪੱਕਤਾ ਦੀ ਅਣਹੋਂਦ, ਧੜੇਬੰਦੀ ਤੇ ਮਾਰਨ ਮਰਵਾਉਣ ਦੀ ਨੀਤੀ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਖਾਲਿਸਤਾਨ ਲਹਿਰ ਨਾਲ ਜੁੜੀਆਂ ਜਥੇਬੰਦੀਆਂ ਦੇ ਵੱਡੇ-ਵੱਡੇ ਲੀਡਰਾਂ ਦੀ ਸਿਆਸੀ ਸਮਝ ਤੇ ਉਨ੍ਹਾਂ ਦੇ ਨਕਸ਼ੇ-ਕਦਮ 'ਤੇ ਚੱਲਣ ਵਾਲੇ ਵੱਖ-ਵੱਖ ਪਾਰਟੀਆਂ ਦੇ ਸਮਕਾਲੀ ਨੇਤਾ ਵੀ ਇਕ ਤਰ੍ਹਾਂ ਪੰਜਾਬ ਦੀ ਤਬਾਹੀ ਲਈ ਬਰਾਬਰ ਦੇ ਜ਼ਿੰਮੇਵਾਰ ਹਨ। ਅਤਿਵਾਦ ਦੇ ਸਿਖਰ ਵਿਚ ਹੋਈਆਂ ਵੱਡੀਆਂ-ਵੱਡੀਆਂ ਘਟਨਾਵਾਂ ਦਾ ਵਿਸਥਾਰ ਸਹਿਤ ਵਰਣਨ ਉਨ੍ਹਾਂ ਸਮਿਆਂ ਦੀ ਮੂੰਹ ਬੋਲਦੀ ਤਸਵੀਰ ਹੈ। ਕੁਝ ਬਹੁਤ ਘਾਗ ਸਿਆਸਤਦਾਨ ਹਵਾ ਦੇ ਰੁਖ ਮੁਤਾਬਿਕ ਉਸ ਲਹਿਰ ਤੋਂ ਪਿੱਛੇ ਹਟ ਗਏ ਜਾਂ ਦੂਸਰਿਆਂ ਨੂੰ ਅੱਗੇ ਕਰ ਦਿੱਤਾ। ਉਨ੍ਹਾਂ ਨੇ ਬਾਅਦ ਵਿਚ ਸੱਤਾ ਨੂੰ ਪੂਰੀ ਤਰ੍ਹਾਂ ਹੰਢਾਇਆ ਤੇ ਆਪਣੇ ਸੌੜੇ ਹਿੱਤਾਂ ਲਈ ਵਰਤਿਆ। ਇਸੇ ਕਾਰਨ ਖਾਲਿਸਤਾਨ, ਵੱਖਵਾਦ ਤੇ ਅਤਿਵਾਦ ਦਾ ਭੂਤ ਅੱਜ ਵੀ ਪੰਜਾਬ ਦੇ ਲੋਕਾਂ ਦਾ ਪਿੱਛਾ ਨਹੀਂ ਛੱਡ ਰਿਹਾ।

ਇਹ ਕਿਤਾਬ ਇਤਿਹਾਸ ਦੇ ਅਣਗੌਲੇ ਪੰਨਿਆਂ ਨੂੰ ਸਾਹਮਣੇ ਲਿਆਉਂਦੀ ਹੈ ਜਦੋਂ ਖਾਲਿਸਤਾਨ ਲਹਿਰ ਦੇ ਦੁਬਾਰਾ ਸ਼ੁਰੂ ਹੋਣ ਦੀਆਂ ਗੱਲਾਂ, ਖਾਸਕਰ ਵਿਦੇਸ਼ਾਂ ਵਿਚ ਬੈਠੇ ਸਿੱਖਾਂ ਵੱਲੋਂ, ਗਾਹੇ-ਬਗਾਹੇ ਕੀਤੀਆਂ ਜਾ ਰਹੀਆਂ ਹਨ ਤੇ ਸਰਕਾਰਾਂ ਇਸ ਦੇ ਦੁਬਾਰਾ ਪੈਰ ਪਸਾਰਨ ਦੀ ਗੱਲ ਕਰਕੇ ਹਊਆ ਖੜ੍ਹਾ ਕਰਨ ਦਾ ਯਤਨ ਕਰਦੀਆਂ ਹਨ। ਇਸ ਦੇ ਨਾਲ ਹੀ ਖਾਲਿਸਤਾਨ ਲਹਿਰ ਦੇ ਬਹੁਤ ਸਾਰੇ ਹੋਰ ਪੱਖਾਂ ਬਾਰੇ ਜ਼ਿਆਦਾ ਵੇਰਵੇ ਨਾ ਹੋਣ ਕਰਕੇ ਕਿਤਾਬ ਵਿਚ ਜਰਨੈਲ ਸਿੰਘ ਭਿੰਡਰਾਂਵਾਲਾ ਦੁਆਲੇ ਹੀ ਸਾਰੀ ਕਹਾਣੀ ਨੂੰ ਪੇਸ਼ ਕੀਤਾ ਹੈ ਜਦੋਂਕਿ ਖਾਲਿਸਤਾਨ ਦੇ ਉਪਜਣ ਪਿੱਛੇ ਬਹੁਤ ਸਾਰੇ ਆਰਥਕ, ਸਮਾਜਿਕ, ਸਿਆਸੀ, ਧਾਰਮਿਕ, ਮਨੋ-ਵਿਗਿਆਨਕ ਕਾਰਨ ਸਨ। ਖਾਲਿਸਤਾਨ ਲਹਿਰ ਦੇ ਚੜ੍ਹਾਅ ਤੇ ਉਤਰਾਅ ਬਾਰੇ ਲੇਖਕ ਦੀਆਂ ਕੁਝ ਵਿਆਖਿਆਵਾਂ ਉਸ ਦੌਰ ਨੂੰ ਚੰਗੀ ਤਰ੍ਹਾਂ ਸਮਝਣ ਤੇ ਹੰਢਾਉਣ ਵਾਲੇ ਲੋਕਾਂ ਨੂੰ ਕਈ ਵਾਰੀ ਹਾਸੋਹੀਣੀਆਂ ਜਾਪਦੀਆਂ ਹਨ। ਅਜਿਹੀਆਂ ਰੱਲਗੱਡ ਵਿਆਖਿਆਵਾਂ ਗੰਭੀਰ ਪਾਠਕਾਂ ਲਈ ਕਈ ਚੁਣੌਤੀਆਂ ਪੈਦਾ ਕਰਦੀਆਂ ਹਨ। ਜਿਵੇਂ ਸਾਕਾ ਨੀਲਾ ਤਾਰਾ ਤੋਂ ਬਾਅਦ ਪਿੰਡਾਂ ਵਿਚੋਂ ਅੰਮ੍ਰਿਤਸਰ ਵਲ ਕੂਚ ਕਰਨ ਵਾਲੇ ਬਹੁਤੇ ਲੋਕ ਕਈ ਥਾਵਾਂ 'ਤੇ ਮਾਰ ਦਿੱਤੇ (ਸਫਾ 165)। ਅਤਿਵਾਦ ਦਾ ਨਿਘਾਰ, ਦੂਰਦਰਸ਼ਨ ਦੇ ਉਸ ਸਮੇਂ ਦੇ ਡਾਇਰੈਕਟਰ ਨੂੰ ਮਾਰਨ ਮਗਰੋਂ ਸ਼ੁਰੂ ਹੋਇਆ (ਸਫਾ 206)। ਖਾਲਿਸਤਾਨ ਲਹਿਰ ਵਿਚ ਆਮ ਲੋਕਾਂ ਦਾ ਪੱਖ ਤੇ ਉਸ ਸਮੇਂ ਦੇ ਖਾਲਿਸਤਾਨੀਆਂ ਦਾ ਉਨ੍ਹਾਂ ਨਾਲ ਵਿਹਾਰ ਜਿਹੜਾ ਇਸ ਲਹਿਰ ਦੇ ਪਤਨ ਦਾ ਕਾਰਨ ਬਣਿਆ, ਦਾ ਕੋਈ ਜ਼ਿਕਰ ਨਹੀਂ ਹੈ।

ਉਸ ਸਮੇਂ ਦੀਆਂ ਸਭ ਤੋਂ ਵੱਡੀਆਂ ਘਟਨਾਵਾਂ ਵਿਚੋਂ ਇੱਕ ਉਸ ਲਹਿਰ ਦਾ ਕਿਤੇ ਵੀ ਜ਼ਿਕਰ ਨਹੀਂ ਜਿਹੜੀ ਪੰਥਕ ਕਮੇਟੀ ਤੇ ਖਾਲਿਸਤਾਨੀਆਂ ਜਥੇਬੰਦੀਆਂ ਨੇ ਪੰਜਾਬ ਦੇ ਲੋਕਾਂ ਦੇ ਜੀਵਨ, ਰੀਤੀ ਰਿਵਾਜ ਤੇ ਰਹਿਣ ਸਹਿਣ ਦੇ ਢੰਗਾਂ ਨੂੰ ਆਪਣੇ ਹਿਸਾਬ ਨਾਲ ਤਰਤੀਬ ਦੇਣ ਦੀ ਕੋਸ਼ਿਸ਼ ਹਿੱਤ ਸ਼ੁਰੂ ਕੀਤੀ। ਦਰਅਸਲ ਇਸ ਸੁਧਾਰ ਲਹਿਰ ਨੂੰ ਲੋਕਾਂ 'ਤੇ ਜਬਰੀ ਲਾਗੂ ਕਰਨ ਤੋਂ ਬਾਅਦ ਹੀ 1987 ਵਿਚ ਅਤਿਵਾਦ ਦਾ ਨਿਘਾਰ ਸ਼ੁਰੂ ਹੋ ਗਿਆ ਸੀ।

*ਖਾਲਿਸਤਾਨ ਲਹਿਰ ਨੇ ਪੰਜਾਬ ਦੀ ਲੋਕਤੰਤਰੀ ਪ੍ਰਣਾਲੀ 'ਤੇ ਘਾਤਕ ਅਸਰ ਪਾਇਆ ਅਤੇ ਮਨੁੱਖੀ ਵਿਕਾਸ ਦੇ ਦੋ ਮਹੱਤਵਪੂਰਨ ਪਹਿਲੂਆਂ ਸਿਹਤ ਅਤੇ ਸਿੱਖਿਆ ਦਾ ਵੀ ਸੱਤਿਆਨਾਸ ਕਰ ਦਿੱਤਾ। ਇਸ ਕਾਰਨ ਉਪਜੀ ਨਵੀਂ ਸਿਆਸਤ ਅਤੇ ਸਿਆਸੀ ਜਥੇਬੰਦੀਆਂ ਵਿਚ ਵਿਚਾਰਧਾਰਕ ਪ੍ਰਪੱਕਤਾ ਦੀ ਅਣਹੋਂਦ, ਧੜੇਬੰਦੀ ਤੇ ਮਾਰਨ ਮਰਵਾਉਣ ਦੀ ਨੀਤੀ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਖਾਲਿਸਤਾਨ ਲਹਿਰ ਨਾਲ ਜੁੜੀਆਂ ਜਥੇਬੰਦੀਆਂ ਦੇ ਵੱਡੇ-ਵੱਡੇ ਲੀਡਰਾਂ ਦੀ ਸਿਆਸੀ ਸਮਝ ਤੇ ਉਨ੍ਹਾਂ ਦੇ ਨਕਸ਼ੇ-ਕਦਮ 'ਤੇ ਚੱਲਣ ਵਾਲੇ ਵੱਖ-ਵੱਖ ਪਾਰਟੀਆਂ ਦੇ ਸਮਕਾਲੀ ਨੇਤਾ ਵੀ ਇਕ ਤਰ੍ਹਾਂ ਪੰਜਾਬ ਦੀ ਤਬਾਹੀ ਲਈ ਬਰਾਬਰ ਦੇ ਜ਼ਿੰਮੇਵਾਰ ਹਨ। ਅਤਿਵਾਦ ਦੇ ਸਿਖਰ ਵਿਚ ਹੋਈਆਂ ਵੱਡੀਆਂ-ਵੱਡੀਆਂ ਘਟਨਾਵਾਂ ਦਾ ਵਿਸਥਾਰ ਸਹਿਤ ਵਰਣਨ ਉਨ੍ਹਾਂ ਸਮਿਆਂ ਦੀ ਮੂੰਹ ਬੋਲਦੀ ਤਸਵੀਰ ਹੈ। ਕੁਝ ਬਹੁਤ ਘਾਗ ਸਿਆਸਤਦਾਨ ਹਵਾ ਦੇ ਰੁਖ ਮੁਤਾਬਿਕ ਉਸ ਲਹਿਰ ਤੋਂ ਪਿੱਛੇ ਹਟ ਗਏ ਜਾਂ ਦੂਸਰਿਆਂ ਨੂੰ ਅੱਗੇ ਕਰ ਦਿੱਤਾ। ਉਨ੍ਹਾਂ ਨੇ ਬਾਅਦ ਵਿਚ ਸੱਤਾ ਨੂੰ ਪੂਰੀ ਤਰ੍ਹਾਂ ਹੰਢਾਇਆ ਤੇ ਆਪਣੇ ਸੌੜੇ ਹਿੱਤਾਂ ਲਈ ਵਰਤਿਆ। ਇਸੇ ਕਾਰਨ ਖਾਲਿਸਤਾਨ, ਵੱਖਵਾਦ ਤੇ ਅਤਿਵਾਦ ਦਾ ਭੂਤ ਅੱਜ ਵੀ ਪੰਜਾਬ ਦੇ ਲੋਕਾਂ ਦਾ ਪਿੱਛਾ ਨਹੀਂ ਛੱਡ ਰਿਹਾ।*



ਜਰਨੈਲ ਸਿੰਘ ਭਿੰਡਰਾਂਵਾਲੇ

# ਕਰੋਨਾ ਮਹਾਮਾਰੀ ਅਤੇ ਟਰੰਪ ਦੀ ਨਾਲਾਇਕੀ

***ਕਰੋਨਾ ਵਾਇਰਸ ਨੇ ਮਨੁੱਖ ਦੇ ਵਰਤਮਾਨ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਇਸ ਪ੍ਰਭਾਵ ਦੇ ਨਤੀਜੇ ਆਉਣ ਵਾਲੇ ਕੱਲ੍ਹ ਵਿਚੋਂ ਅਜੇ ਦਿਸਣੇ ਹਨ ਪਰ ਸੰਸਾਰ ਦੀਆਂ ਵੱਖ-ਵੱਖ ਸਰਕਾਰਾਂ ਦੇ ਇਸ ਮਹਾਵਾਰੀ ਪ੍ਰਤੀ ਪਹੁੰਚ ਦੇ ਨਤੀਜੇ ਹੁਣ ਸਭ ਦੇ ਸਾਹਮਣੇ ਹਨ। ਡਾ. ਸੁਖਪਾਲ ਸੰਘੇੜਾ ਨੇ ਇਸ ਮਹਾਮਾਰੀ ਬਾਰੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਪਹੁੰਚ ਬਾਰੇ ਵਿਸਥਾਰ ਸਹਿਤ ਖੁਲਾਸਾ ਤੱਥਾਂ ਦੇ ਆਧਾਰ 'ਤੇ ਕੀਤਾ ਹੈ, ਜਿਸ ਤੋਂ ਸਾਫ ਜਾਹਰ ਹੁੰਦਾ ਹੈ ਕਿ ਟਰੰਪ ਨੇ ਲੋਕਾਂ ਦੀ ਜਾਨ-ਮਾਲ ਦੀ ਪ੍ਰਵਾਹ ਕਰਨ ਦੀ ਥਾਂ ਆਪਣੀ ਸਿਆਸਤ ਨੂੰ ਪਹਿਲ ਦਿੱਤੀ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਕੁਦਰਤ ਦਾ ਆਪਣੀ ਕਿਸਮ ਦਾ ਸਭ ਤੋਂ ਵੱਡਾ ਪ੍ਰਯੋਗ ਜੋ ਮਨੁੱਖਤਾ ਨੇ ਕਦੇ ਵੀ ਵੇਖਿਆ ਹੋਵੇ, ਅਜੇ ਵੀ ਜਾਰੀ ਹੈ। ਹੁਣ ਤੱਕ ਦੇ ਅੰਕੜਿਆਂ ਦੇ ਵਿਸ਼ਲੇਸ਼ਣ 'ਤੇ ਆਧਿਰਤ ਕੁਝ ਮਹੱਤਵਪੂਰਨ ਨਤੀਜੇ ਪਹਿਲਾਂ ਹੀ ਉਪਲਬਧ ਹਨ। ਇਹ ਕੁਦਰਤੀ ਪ੍ਰਯੋਗ ਵਿਆਪਕ ਪੈਮਾਨੇ 'ਤੇ ਚੱਲ ਰਿਹਾ ਹੈ ਅਤੇ ਇਹ ਕਈ ਪੱਖਾਂ ਤੋਂ ਸਾਡੇ ਅੱਡ-ਅੱਡ ਵਿਸ਼ਵਾਸਾਂ/ਧਰਮਾਂ, ਵਿਚਾਰਧਾਰਾਵਾਂ, ਨਸਲਾਂ, ਸਮਾਜਕ ਰੁਤਬਿਆਂ ਤੋਂ ਵੀ ਉਪਰ ਹੈ। ਇਹ ਸਿਰਫ ਸਾਰੇ ਸੰਸਾਰ ਵਿਚ ਹੀ ਨਹੀਂ ਸਗੋਂ ਸਮੇਂ ਵਿਚ ਵੀ ਇਹਦਾ ਪ੍ਰਸੰਗ ਮੱਧ ਯੁੱਗ ਤੋਂ ਲੈ ਕੇ ਅੱਜ ਤੱਕ ਫੈਲਿਆ ਹੋਇਆ ਹੈ। ਇਹ ਸੁਭਾਅ ਤੋਂ ਵਿਗਿਆਨਕ ਹੈ; ਅਰਥਾਤ ਇਹਦੇ ਅਧੀਨ ਚੀਜ਼ਾਂ ਦੇ ਵਿਹਾਰ ਨੂੰ ਮਾਪਿਆ/ਮਿਣਿਆ ਜਾ ਸਕਦਾ ਹੈ ਤੇ ਗਿਣਾਤਮਕ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਇਹ ਪ੍ਰਯੋਗ ਆਧੁਨਿਕ



**ਡਾ. ਸੁਖਪਾਲ ਸੰਘੇੜਾ**
dr.sukhpal.sanghera@gmail.com

ਯੁੱਗ ਵਿਚ ਤਿੰਨ ਬੁਨਿਆਦੀ ਆਦਰਸ਼ਾਂ ਜਾਂ ਤੱਤਾਂ ਪ੍ਰਤੀ ਮਨੁੱਖੀ ਰਵੱਈਏ ਨੂੰ ਪਰਖਦਾ ਹੈ ਜਿਨ੍ਹਾਂ ਆਦਰਸ਼ਾਂ ਨੇ ਆਧੁਨਿਕ ਯੁੱਗ ਲਿਆਂਦਾ ਅਤੇ ਜੋ ਪ੍ਰਬੋਧਨ (ਗਿਆਨ) ਲਹਿਰ ਦੇ ਆਦਰਸ਼ ਵੀ ਸਨ: ਤਰਕ, ਵਿਗਿਆਨ ਅਤੇ ਮਾਨਵਵਾਦ। ਇਸ ਪ੍ਰਯੋਗ ਦਾ ਆਲਮੀ ਸੁਭਾਅ ਇਸ ਦੇ ਟੈਸਟਾਂ ਦੇ ਦਾਇਰੇ ਨੂੰ ਵਧਾਉਂਦਾ ਹੈ; ਜਿਵੇਂ ਆਲਮੀ ਅਤੇ ਸਮੇਂ ਦੇ ਪ੍ਰਸੰਗ ਵਿਚ ਇੱਕ ਦੇਸ਼ ਜਾਂ ਦੇਸ਼-ਸਮੂਹ ਵਿਚ ਪ੍ਰਾਪਤ ਨਤੀਜੇ ਦੁਨੀਆ ਵਿਚ ਕਿਤੇ ਲਾਗੂ ਹੋ ਸਕਦੇ ਹਨ।

ਵਿਗਿਆਨਕ ਸੁਭਾਅ ਵਾਲੇ ਪ੍ਰਯੋਗ ਦਾ ਇੱਕ ਫਾਇਦਾ ਇਹ ਹੁੰਦਾ ਹੈ ਕਿ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਲਈ ਹਰ ਪੱਥਰ ਮੂਧਾ ਨਹੀਂ ਮਾਰਨਾ ਪੈਂਦਾ, ਕੋਈ ਚੰਗਾ ਨਮੂਨਾ ਹੀ ਕਾਫੀ ਹੁੰਦਾ ਹੈ। ਮਿਸਾਲ ਵਜੋਂ ਅਮਰੀਕਾ ਨੂੰ ਹੀ ਲੈ ਲਓ। ਅਮਰੀਕਾ ਵਿਚ ਬੇਕਾਬੂ ਹੋਈ ਕਰੋਨਾ ਮਹਾਮਾਰੀ ਨੂੰ ਬਾਹਰੋਂ ਦੇਖਦਿਆਂ ਤੇ ਇਹ ਮੰਨਦਿਆਂ ਕਿ ਅਮਰੀਕਾ ਸੰਸਾਰ ਸ਼ਕਤੀ ਹੈ ਤੇ ਵਿਗਿਆਨ ਵਿਚ ਵੀ ਸਭ ਤੋਂ ਅੱਗੇ ਹੈ, ਕਈ ਲੋਕ ਖਾਸ ਤੌਰ 'ਤੇ ਵਿਕਾਸਸ਼ੀਲ ਦੇਸ਼ਾਂ ਵਿਚ, ਸਿੱਟੇ ਕੱਢ ਰਹੇ ਨੇ ਕਿ ਕਰੋਨਾ ਦਾ ਟਾਕਰਾ ਕਰਨ ਵਿਚ ਵਿਗਿਆਨ ਅਤੇ ਪ੍ਰਗਤੀ ਅਸਫਲ ਜਾਂ ਬੇਵੱਸ ਹੋ ਰਹੀ ਹੈ। ਇਸ ਲੇਖ ਵਿਚ ਦੇਖਾਂਗੇ ਕਿ ਕਿਵੇਂ ਇਹ ਸਤਹੀ ਨਿਰਣਾ ਗਲਤ ਸਾਬਤ ਹੁੰਦਾ ਹੈ। ਕਰੋਨਾ ਨਾਲ ਟੱਕਰ ਤੇ ਉਹਦੇ ਨਤੀਜਿਆਂ ਨੂੰ ਸਮਝਣ ਲਈ ਅਮਰੀਕਾ ਵਿਚ ਘਟੀ ਕਰੋਨਾ (ਕੋਵਿਡ-19) ਦੀ ਕਹਾਣੀ ਸੰਖੇਪ ਰੂਪ ਵਿਚ ਨਮੂਨੇ ਵਜੋਂ ਵਰਤਦੇ ਹਾਂ।

## ਕਰੋਨਾ ਨਾਲ ਟਾਕਰੇ ਤਿਆਰੀ

ਅਮਰੀਕਾ ਦੇ ਪ੍ਰਧਾਨ ਡੋਨਲਡ ਟਰੰਪ ਦਾ ਕਦੀ-ਕਦੀ ਕੀਤਾ ਜਾ ਰਿਹਾ ਦਾਅਵਾ ਕਿ ਮਹਾਮਾਰੀ ਨੇ ਉਨ੍ਹਾਂ ਨੂੰ ਬਿਨਾ ਚਿਤਾਵਨੀ ਦੇ ਅਚਾਨਕ ਆਣ ਢਾਇਆ, ਕਈ ਤਰ੍ਹਾਂ ਨਾਲ ਖੋਟਾ ਹੈ। ਮਿਸਾਲ ਵਜੋਂ 12 ਜਨਵਰੀ 2017 ਨੂੰ ਜਾਰਜਟਾਉਨ ਯੂਨੀਵਰਸਿਟੀ ਵਿਚ ਨੈਸ਼ਨਲ ਇੰਸਟੀਚਿਊਟ ਆਫ ਐਲਰਜੀ ਦੇ ਡਾਇਰੈਕਟਰ ਡਾ. ਐਂਥਨੀ ਫੌਸੀ ਨੇ ਵਾਇਰਲ ਰੋਗ ਫੈਲਣ ਵਿਰੁਧ ਤਿਆਰ ਰਹਿਣ ਦੀ ਟਰੰਪ ਪ੍ਰਸ਼ਾਸਨ ਨੂੰ ਅਪੀਲ ਕੀਤੀ। ਇਸ ਤੋਂ ਇਲਾਵਾ ਇਹ ਇਕ ਜਾਣਿਆ ਤੱਥ ਹੈ ਕਿ ਟਰੰਪ ਦੇ ਪ੍ਰਧਾਨਗੀ ਉਦਘਾਟਨ ਤੋਂ ਇਕ ਹਫਤਾ ਪਹਿਲਾਂ, ਓਬਾਮਾ ਪ੍ਰਸ਼ਾਸਨ ਨੇ ਟਰੰਪ ਦੀ ਰੀਪਲੇਸਮੈਂਟ ਟੀਮ ਨੂੰ ਇਕ ਮਹਾਮਾਰੀ ਲਈ ਤਿਆਰ ਰਹਿਣ ਦੀ ਪ੍ਰੇਰਨਾ ਕੀਤੀ ਸੀ। ਉਦੋਂ ਇਹ ਚਿਤਾਵਨੀ ਦਿੱਤੀ ਗਈ ਸੀ ਕਿ ਆ ਰਹੀ ਮਹਾਮਾਰੀ 1918 ਦੇ ਇਨਫਲੂਐਂਜ਼ਾ ਤੋਂ ਵੀ ਸਭ ਤੋਂ ਵੱਧ ਖਤਰਨਾਕ ਹੋ ਸਕਦੀ ਹੈ। ਇਸ ਦੇ ਨਾਲ ਹੀ ਉਨ੍ਹਾਂ- 1) ਵੈਂਟੀਲੇਟਰ ਮਸ਼ੀਨਾਂ ਦੀ ਸੰਭਾਵੀ ਕਮੀ ਦੀ ਚਿਤਾਵਨੀ ਦਿੱਤੀ; 2) ਮਹਾਮਾਰੀ ਦਾ ਟਾਕਰਾ ਕਰਨ ਲਈ ਕੇਂਦਰ ਤਾਲਮੇਲ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

ਸਪਸ਼ਟ ਹੈ ਕਿ ਟਰੰਪ ਟੀਮ ਨੇ ਇਹ ਸਲਾਹ ਤੇ ਚਿਤਾਵਨੀ ਅਣਗੌਲਿਆਂ ਕਰ ਦਿੱਤੀਆਂ। ਇਸ ਤੋਂ ਇਲਾਵਾ ਮਈ 2018 ਵਿਚ ਟਰੰਪ ਨੇ ਮਹਾਮਾਰੀ ਦੀ ਤਿਆਰੀ ਨੂੰ ਸਮਰਪਿਤ ਵ੍ਹਾਈਟ ਹਾਊਸ ਵਿਚ ਮੌਜੂਦ ਦਫਤਰ ਬੰਦ ਕਰ ਦਿੱਤਾ ਜਿਸ ਨੂੰ ਪ੍ਰਧਾਨ ਓਬਾਮਾ ਨੇ 2014-2016 ਦੇ ਇਬੋਲਾ ਮਹਾਮਾਰੀ ਤੋਂ ਬਾਅਦ ਸਥਾਪਤ ਕੀਤਾ ਸੀ। ਇੰਗਲੈਂਡ ਦੇ ਬੋਰਿਸ ਜਾਨਸਨ ਨੇ ਵੀ ਆ ਰਹੀ ਸਿਹਤ ਮਹਾਮਾਰੀ ਪ੍ਰਤੀ ਇਸ ਤਰ੍ਹਾਂ ਦਾ ਹੀ ਰਵੱਈਆ ਅਪਣਾਇਆ। ਜਦੋਂ ਸਿਮੂਲੇਸ਼ਨ ਅਭਿਆਸ ਤੋਂ ਪਤਾ ਲੱਗਿਆ ਕਿ ਜੇ ਦੇਸ਼ ਨੂੰ ਮਹਾਮਾਰੀ ਦਾ ਸਾਹਮਣਾ ਕਰਨਾ ਪਿਆ ਤਾਂ ਸਿਹਤ ਕਰਮਚਾਰੀਆਂ ਲਈ ਵੈਂਟੀਲੇਟਰਾਂ ਅਤੇ ਨਿੱਜੀ ਸੁਰੱਖਿਆ ਉਪਕਰਣਾਂ ਦੀ ਭਾਰੀ ਘਾਟ ਹੋਵੇਗੀ ਪਰ ਉਸ ਨੇ ਕੋਈ ਕਾਰਵਾਈ ਨਹੀਂ ਕੀਤੀ।

24 ਅਕਤੂਬਰ 2019 ਨੂੰ ਗਲੋਬਲ ਹੈਲਥ ਸਿਕਿਓਰਟੀ ਇੰਡੈਕਸ ਪ੍ਰਕਾਸ਼ਤ ਕੀਤਾ ਗਿਆ ਜਿਸ ਵਿਚ ਦੇਸ਼ਾਂ ਦੀ ਇਸ ਹਿਸਾਬ ਨਾਲ ਦਰਜਾਬੰਦੀ ਕੀਤੀ ਗਈ ਕਿ ਉਹ ਕਿਸੇ ਗੰਭੀਰ ਸਿਹਤ ਆਫਤ ਨਾਲ ਨਜਿੱਠਣ ਲਈ ਕਿੰਨੇ ਵਧੀਆ ਤਰੀਕੇ ਨਾਲ ਤਿਆਰ ਸਨ। ਇਨ੍ਹਾਂ ਵਿਚ ਅਮਰੀਕਾ, ਇੰਗਲੈਂਡ ਤੇ ਨੀਦਰਲੈਂਡ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਸਨ। ਸੰਸਾਰ ਗਵਾਹ ਹੈ ਕਿ ਅਮਰੀਕਾ ਅਤੇ ਇੰਗਲੈਂਡ ਕੋਵਿਡ-19 ਦੇ ਟਾਕਰੇ ਵਿਚ ਅਸਫਲ ਹੋਣ ਵਿਚ ਪਹਿਲੇ ਅਤੇ ਦੂਜੇ ਸਥਾਨ 'ਤੇ ਸਾਹਮਣੇ ਆਏ। ਇਨ੍ਹਾਂ ਨੇ ਉਮੀਦ ਕੀਤੀ ਜਾਂਦੀ ਸਫਲਤਾ ਦੀ ਟੀਸੀ ਤੋਂ ਅਸਫਲਤਾ ਤੱਕ ਲੰਮੀ ਛਲਾਂਗ ਕਿੰਜ ਲਗਾਈ? ਇੱਕ ਇਸ਼ਾਰਾ ਪੇਸ਼ ਹੈ। ਇਹ ਮਹਿਜ਼ ਇਤਫਾਕ ਨਹੀਂ ਕਿ ਅਮਰੀਕਾ ਤੇ ਇੰਗਲੈਂਡ ਦੀਆਂ ਸਰਕਾਰਾਂ ਦੇ ਮੁਖੀ, ਪ੍ਰਧਾਨ ਡੋਨਲਡ ਟਰੰਪ ਤੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਕੋਵਿਡ-19 ਦੇ ਪ੍ਰਭਾਵਸ਼ਾਲੀ ਟਾਕਰੇ ਵਿਚ ਅਸਫਲ ਰਹਿਣ ਵਾਲਿਆਂ ਵਿਚੋਂ ਸੰਸਾਰ ਨੇਤਾ ਵਜੋਂ ਉਭਰੇ; ਜਦਕਿ ਇਹ ਦੋਵੇਂ ਸੱਜੇ ਪੱਖ ਦੀ 'ਫਿਰ ਮਹਾਨ ਬਣਾਓ' ਲੁਭਾਊ ਲਹਿਰ ਦੇ ਸੰਸਾਰ ਆਗੂ ਵੀ ਹਨ। ਇਹ ਆਮ ਤੌਰ 'ਤੇ ਵਿਗਿਆਨ ਨੂੰ ਨਕਾਰਦੇ ਹਨ ਅਤੇ ਬਹੁਪੱਖਵਾਦ ਦਾ ਵਿਰੋਧ ਕਰਦੇ ਹਨ। ਇਹ ਆਪਣੇ ਦੇਸ਼ਾਂ ਨੂੰ ਅੰਦਰ ਵੱਲ ਮੋੜਨ ਅਤੇ ਇਨ੍ਹਾਂ ਨੂੰ 'ਮਹਾਨ' ਬਣਾਉਣ ਲਈ ਪਿੱਛੇ ਵੱਲ ਧੱਕਣ ਵਿਚ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਨੇ ਕਰੋਨਾ ਪ੍ਰਤੀ ਰਵੱਈਆਂ ਇਸ ਲਹਿਰ ਦੇ ਚਾਨਣ ਜਾਂ ਹਨੇਰੇ ਵਿਚ ਹੀ ਤਿਆਰ ਕੀਤਾ। ਕਰੋਨਾ ਨਾਲ ਨਜਿੱਠਣ ਦੇ ਉਨ੍ਹਾਂ ਦੇ ਢੰਗ-ਤਰੀਕਿਆਂ ਨੇ ਉਨ੍ਹਾਂ ਅਤੇ ਉਨ੍ਹਾਂ ਦੀ ਲਹਿਰ ਦੇ ਗਿਆਨ-ਲਹਿਰ ਦੇ ਬੁਨਿਆਦੀ ਆਦਰਸ਼ਾਂ ਤਰਕ, ਵਿਗਿਆਨ ਅਤੇ ਮਾਨਵਵਾਦ ਸੰਗ ਰਿਸ਼ਤੇ ਤੋਂ ਪਰਦਾਫਾਸ਼ ਕੀਤਾ। ਨਾਲ ਹੀ ਗਿਆਨ-ਲਹਿਰ ਦੀਆਂ ਜਾਈਆਂ ਜਮਹੂਰੀਅਤ ਅਤੇ ਇਸ ਦੀਆਂ ਸੰਸਥਾਵਾਂ ਪ੍ਰਤੀ ਉਨ੍ਹਾਂ ਤੇ ਉਨ੍ਹਾਂ ਦੀ ਲਹਿਰ ਦੇ ਰਵੱਈਏ ਨੂੰ ਵੀ ਉਜਾਗਰ ਕੀਤਾ। ਇੱਥੇ ਅਸੀਂ ਡੋਨਲਡ ਟਰੰਪ 'ਤੇ ਧਿਆਨ ਵਧੇਰੇ ਕੇਂਦਰਿਤ ਕਰਾਂਗੇ ਕਿਉਂਕਿ ਉਹ ਲੁਭਾਊ ਲਹਿਰ ਦੇ ਜ਼ੋਰਦਾਰ ਅਤੇ ਸਭ ਤੋਂ ਉਚੀ ਆਵਾਜ਼ ਵਾਲੇ ਆਗੂ ਵਜੋਂ ਉਭਰੇ ਹਨ।

## ਕਰੋਨਾ ਵਾਇਰਸ ਦਾ ਆਗਮਨ: ਅਣਡਿੱਠ ਕਰੋ, ਮੁੱਕਰ ਜਾਓ

21 ਜਨਵਰੀ 2020 ਨੂੰ ਬਿਮਾਰੀ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ (ਸੀ.ਡੀ.ਸੀ.) ਨੇ ਅਮਰੀਕਾ ਵਿਚ ਪਹਿਲਾ ਕਰੋਨਾ ਵਾਇਰਸ ਕੇਸ ਰਿਪੋਰਟ ਕੀਤਾ। ਲਗਭਗ ਇਕ ਹਫਤੇ ਬਾਅਦ ਵ੍ਹਾਈਟ ਹਾਊਸ ਦੇ ਸਲਾਹਕਾਰ ਪੀਟਰ ਨਵਾਰੋ ਨੇ ਸਰਕੂਲੇਟ ਮੈਮੋ ਵਿਚ ਮਹਾਮਾਰੀ ਦੀ ਚਿਤਾਵਨੀ ਦਿੰਦਿਆਂ ਦਾਅਵਾ ਕੀਤਾ ਕਿ ਇਸ ਵਿਚ 500,000 ਅਮਰੀਕਨ ਜ਼ਿੰਦਗੀਆਂ ਅਤੇ ਤਕਰੀਬਨ 6 ਟ੍ਰਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਫਿਰ ਵੀ, ਇਸ ਸਮੇਂ ਦੌਰਾਨ ਵ੍ਹਾਈਟ ਹਾਊਸ ਦੇ ਅਧਿਕਾਰੀਆਂ ਨੇ ਤਿਆਰੀ ਵਜੋਂ ਅਮਰੀਕਾ ਵਿਚ ਬਣੇ ਲੱਖਾਂ ਐੱਨ-95 ਨਕਾਬ (ਮਾਸਕ) ਖਰੀਦਣ ਦੀ ਪੇਸ਼ਕਸ਼ ਠੁਕਰਾ ਦਿੱਤੀ। ਇਹ ਸ਼ਾਇਦ ਟਰੰਪ ਪ੍ਰਸ਼ਾਸਨ ਵਲੋਂ ਪਹਿਲਾ ਸੰਕੇਤ ਸੀ ਕਿ ਉਹ ਕਰੋਨਾ ਨਾਲ ਕਿਵੇਂ ਨਜਿੱਠਣਗੇ।

ਟਰੰਪ ਨੇ 31 ਜਨਵਰੀ 2020 ਨੂੰ ਚੀਨ (ਜਿਥੋਂ ਵਾਇਰਸ ਦਾ ਸ਼ੁਰੂ ਹੋਣਾ ਮੰਨਿਆ ਗਿਆ ਸੀ) ਦੀਆਂ ਅਮਰੀਕਾ ਵਿਚ ਆਉਂਦੀਆਂ ਜਾਂਦੀਆਂ ਹਵਾਈ ਉਡਾਣਾਂ 'ਤੇ ਅੰਸ਼ਿਕ ਪਾਬੰਦੀ ਲਗਾਉਣ ਬਾਅਦ ਦਾਅਵਾ ਕੀਤਾ, "ਅਸੀਂ ਇਹ (ਕਰੋਨਾ ਵਾਇਰਸ) ਦਾ ਜ਼ਿਆਦਾਤਰ ਚੀਨ ਤੋਂ ਆਉਣਾ ਬੰਦ ਕਰ ਦਿੱਤਾ ਹੈ।"

23 ਫਰਵਰੀ ਨੂੰ ਪੀਟਰ ਨਾਵਾਰੋ ਨੇ ਟਰੰਪ ਨੂੰ ਕੋਵਿਡ-19 ਮਹਾਮਾਰੀ ਦੀ ਵਧ ਰਹੀ ਸੰਭਾਵਨਾ ਬਾਰੇ ਦੂਜਾ ਯਾਦ ਪੱਤਰ ਭੇਜਿਆ ਅਤੇ ਚਿਤਾਵਨੀ ਦਿੱਤੀ ਕਿ ਇਹ 100 ਮਿਲੀਅਨ ਅਮਰੀਕੀ ਲੋਕਾਂ ਨੂੰ ਸੰਕਰਮਿਤ ਕਰ ਸਕਦਾ ਹੈ ਅਤੇ 1 ਤੋਂ 2 ਮਿਲੀਅਨ ਅਮਰੀਕੀ ਜਾਨਾਂ ਜਾ ਸਕਦੀਆਂ ਹਨ। ਤਿੰਨ ਦਿਨਾਂ ਬਾਅਦ ਇਕ ਪਾਸੇ ਟਰੰਪ ਨੇ 'ਵ੍ਹਾਈਟ ਹਾਊਸ ਕਰੋਨਾ ਵਾਇਰਸ ਟਾਸਕ ਫੋਰਸ' ਦਾ ਐਲਾਨ ਕੀਤਾ, ਤੇ ਦੂਜੇ ਪਾਸੇ ਇਸ ਦੇ ਖਤਰੇ ਦੀ ਤੁਲਨਾ ਆਮ ਫਲੂ ਨਾਲ ਕਰਦਿਆਂ ਕਿਹਾ ਕਿ ਅਮਰੀਕਾ ਵਿਚ ਹਰ ਸਾਲ 25,000 ਤੋਂ 69,000 ਲੋਕਾਂ ਫਲੂ ਨਾਲ ਮਰ ਜਾਂਦੇ ਹਨ। ਫਿਰ ਉਸ ਨੇ ਆਪਣੀ ਹੀ ਪਿੱਠ ਥਾਪੜੀ, "... ਹੁਣ ਵਾਇਰਸ ਦੇ 15 ਕੇਸ ਆ, ਕੁਝ ਹੀ ਦਿਨਾਂ ਵਿਚ 15 ਤੋਂ ਜ਼ੀਰੋ ਜੋ ਜਾਣਗੇ। ਅਸੀਂ ਬਹੁਤ ਵਧੀਆ ਕੰਮ ਕਰ ਰਹੇ ਹਾਂ।" ਅਗਲੇ ਦਿਨ, ਉਸ ਨੇ ਐਲਾਨ ਕੀਤਾ, "ਇਹ ਅਲੋਪ ਹੋ ਜਾਵੇਗਾ।" ਅਗਲੇ ਹੀ ਦਿਨ, ਫਿਰ ਤੋਂ ਆਮ ਫਲੂ ਨਾਲ ਵਾਇਰਸ ਦੀ ਤੁਲਨਾ ਕਰਦਿਆਂ ਟਰੰਪ ਨੇ ਦੱਖਣੀ ਕੈਰੋਲੀਨਾ ਵਿਚ ਚੋਣ ਪ੍ਰਚਾਰ ਰੈਲੀ ਵਿਚ ਬੋਲਦੇ ਹੋਏ ਨਵੀਂ ਕਰੋਨਾ ਵਾਇਰਸ ਨੂੰ ਡੈਮੋਕਰੇਟਿਕ ਪਾਰਟੀ ਦਾ ਆਡੰਬਰ ਕਰਾਰ ਦਿੱਤਾ ਅਤੇ ਕਿਹਾ ਕਿ ਫਲੂ ਸੰਗ ਲੋਕਾਂ ਦੇ ਮਰਨ ਨਾਲ ਕੁਝ ਬੰਦ ਨਹੀਂ ਹੁੰਦਾ, ਜ਼ਿੰਦਗੀ ਚਲਦੀ ਰਹਿੰਦੀ ਹੈ।



*ਕਰੋਨਾ ਵਾਇਰਸ ਤੋਂ ਹੁਣ ਮੂੰਹ ਛੁਪਾਉਣਾ ਪੈ ਰਿਹਾ ਹੈ...।*

## ਕੋਈ ਯੋਜਨਾ ਨਹੀਂ: ਪ੍ਰਧਾਨ ਜੀ ਕੀ ਕਰ ਰਹੇ ਸਨ?

ਅਮਰੀਕਾ ਵਿਚ ਕਰੋਨਾ ਕਾਰਨ ਪਹਿਲੀ ਮੌਤ 29 ਫਰਵਰੀ ਨੂੰ ਵਾਸ਼ਿੰਗਟਨ ਸੂਬੇ ਵਿਚ ਰਿਪੋਰਟ ਹੋਈ। ਬਾਅਦ ਵਿਚ ਇਸ ਗੱਲ ਦੀ ਪੁਸ਼ਟੀ ਹੋਈ ਕਿ ਕੈਲੀਫੋਰਨੀਆ ਸੂਬੇ ਵਿਚ ਸੈਂਟਾ ਕਲਾਰਾ ਤਹਿਸੀਲ ਵਿਚ 6 ਫਰਵਰੀ ਨੂੰ ਹੋਈ ਮੌਤ ਪਹਿਲੀ ਕਰੋਨਾ ਮੌਤ ਸੀ। ਕਿਸੇ ਵੀ ਦੇਸ਼ ਲਈ ਕੋਵਿਡ-19 ਮਹਾਮਾਰੀ ਕੌਮੀ ਸੰਕਟ ਰਿਹਾ ਹੈ ਪਰ ਟਰੰਪ ਨੇ ਇਸ ਦਾ ਮੁਕਾਬਲਾ ਕਰਨ ਲਈ ਨਾ ਕੌਮੀ ਅਗਵਾਈ ਦਿੱਤੀ ਅਤੇ ਨਾ ਹੀ ਕੋਈ ਰਾਸ਼ਟਰੀ ਯੋਜਨਾ ਬਣਾਈ। ਉਸ ਨੇ ਇਸ ਦਾ ਮੁਕਾਬਲਾ ਕਰਨ ਵਾਲੇ ਹਸਪਤਾਲਾਂ ਵਿਚ ਕਰਮਚਾਰੀਆਂ ਲਈ ਸੁਰੱਖਿਆ ਉਪਕਰਣਾਂ ਸਮੇਤ ਲੋੜੀਂਦੇ ਮਾਸਕ, ਵੈਂਟੀਲੇਟਰ ਅਤੇ ਹੋਰ ਡਾਕਟਰੀ ਉਪਕਰਣਾਂ ਨੂੰ ਸਮੇਂ ਸਿਰ ਮੁਹੱਈਆ ਕਰਵਾਉਣ ਦੀ ਕੋਈ ਜ਼ਿੰਮੇਵਾਰੀ ਨਹੀਂ ਲਈ। ਇਸ ਦੀ ਬਜਾਏ ਉਸ ਨੇ ਮਹਾਮਾਰੀ ਨਾਲ ਲੜਨਾ ਜਾਂ ਨਾ ਲੜਨਾ ਸੂਬਿਆਂ ਦੇ ਗਵਰਨਰਾਂ 'ਤੇ ਛੱਡ ਦਿੱਤਾ। ਇਸ ਤਰ੍ਹਾਂ ਕਰਨ ਨਾਲ ਨਕਾਰਾਤਮਕ ਨਤੀਜੇ ਨਿੱਕਲੇ। ਮਿਸਾਲ ਵਜੋਂ ਰਾਜਾਂ ਦੇ ਗਵਰਨਰਾਂ ਵਿਚ ਖਰੀਦ-ਮੁਕਾਬਲਾ ਹੋਣ ਕਾਰਨ ਵੈਂਟੀਲੇਟਰ ਮਸ਼ੀਨਾਂ ਦੀਆਂ ਕੀਮਤਾਂ ਵੱਧ ਅਦਾ ਕਰਨੀਆਂ ਪਈਆਂ। ਗਵਰਨਰਾਂ ਨੇ ਕਰੋਨਾ ਦਾ ਟਾਕਰਾ ਵੱਖ-ਵੱਖ ਪੱਧਰਾਂ 'ਤੇ ਕੀਤਾ। ਘਟੀਆ ਪ੍ਰਬੰਧ ਪੱਧਰ ਵਾਲੇ ਸੂਬਿਆਂ ਵਿਚ ਵਾਇਰਸ ਵੱਧ ਫੈਲ ਗਈ ਤੇ ਉਨ੍ਹਾਂ ਵਿਚੋਂ ਵਧੀਆ ਪੱਧਰ ਦੇ ਸੂਬਿਆਂ ਵਿਚ ਵੜ ਗਈ।

ਜਦੋਂ ਗਵਰਨਰ ਵਾਇਰਸ ਦਾ ਮੁਕਾਬਲਾ ਕਰ ਰਹੇ ਸਨ, ਟਰੰਪ ਵਿਗਿਆਨਕ ਢੰਗ ਨਾਲ ਜਵਾਬ ਦੇਣ ਦੀ ਥਾਂ ਵਾਇਰਸ ਨਾਲ ਜੁੜੀਆਂ ਹੋਰ ਗਤੀਵਿਧੀਆਂ ਵਿਚ ਰੁੱਝਿਆ ਰਿਹਾ, ਜਿਵੇਂ ਮਹਾਮਾਰੀ ਨੂੰ ਘਟਾ ਕੇ ਦੇਖਣਾ ਜਾਰੀ ਰੱਖਣਾ, ਝੂਠਾ ਦਾਅਵਾ ਕਰਨਾ ਕਿ ਅਸੀਂ ਮਹਾਮਾਰੀ ਨੂੰ ਮਾਤ ਪਾ ਰਹੇ ਹਾਂ, ਰਾਜਨੀਤਕ ਆਧਾਰ 'ਤੇ ਗਵਰਨਰਾਂ ਦੀ ਆਲੋਚਨਾ ਜਾਰੀ ਰੱਖਣਾ ਅਤੇ ਵਾਇਰਸ ਦੇ ਵਿਗਿਆਨ ਵਲੋਂ ਅਪ੍ਰਮਾਣਿਕ, ਸੰਭਾਵੀ ਨੁਕਸਾਨਦੇਹ, ਜਾਅਲੀ ਇਲਾਜਾਂ ਦਾ ਢੋਲ ਪਿਟਦੇ ਰਹਿਣਾ। ਰਾਸ਼ਟਰੀ ਪੋਲਾਂ ਅਨੁਸਾਰ ਲੋਕ ਵਾਇਰਸ ਦੇ ਮਾਮਲੇ ਵਿਚ ਟਰੰਪ ਨਾਲੋਂ ਗਵਰਨਰਾਂ ਜ਼ਿਆਦਾ ਵਿਸ਼ਵਾਸ ਕਰਨ ਲੱਗੇ।

ਜ਼ਾਹਿਰ ਤੌਰ 'ਤੇ ਖਬਰੇ ਮੂੰਹ ਰਖਾਈ ਲਈ ਤੇ ਕੁਝ ਲੋਕਾਂ ਨੂੰ ਝੂਠੀ ਉਮੀਦ ਦੇਣ ਲਈ ਮਹਾਮਾਰੀ ਦੌਰਾਨ ਟਰੰਪ ਖੋਟੇ ਦਾਅਵੇ ਕਰਦਾ ਰਿਹਾ। ਲਗਾਤਾਰ ਇਹ ਗਾਣਾ ਜਾਰੀ ਰੱਖਿਆ ਕਿ ਕਰੋਨਾ ਵਾਇਰਸ ਅਲੋਪ ਹੋ ਜਾਵੇਗਾ। ਜਿਹੜਾ ਵੀ ਵਿਅਕਤੀ ਵਾਇਰਸ ਦਾ ਟੈਸਟ ਚਾਹਵੇ, ਲੈ ਸਕਦਾ ਹੈ (6 ਮਾਰਚ)। ਅਮਰੀਕਨਾਂ ਨੂੰ ਕੋਵਿਡ-19 ਦੇ ਇਲਾਜ ਲਈ ਖਰਚਾ ਨਹੀਂ ਕਰਨਾ ਪਏਗਾ। 99 ਪ੍ਰਤੀਸ਼ਤ ਕਰੋਨਾ ਵਾਇਰਸ ਪਾਜ਼ੇਟਿਵ ਕੇਸ ਨੁਕਸਾਨਦੇਹ ਨਹੀਂ। ਅਸੀਂ ਮਹਾਮਾਰੀ ਨੂੰ ਮਾਤ ਪਾ ਰਹੇ ਹਾਂ। ਜਦੋਂ ਪਾਜ਼ੇਟਿਵ ਕੇਸ ਅਤੇ ਮੌਤਾਂ ਵਧ ਰਹੀਆਂ ਸਨ, ਉਸ ਵਕਤ ਆਪਣੇ ਪ੍ਰਸ਼ਾਸਨ ਵਿਚਲੇ ਜੀਵ ਵਿਗਿਆਨੀਆਂ ਤੇ ਡਾਕਟਰਾਂ ਦੀਆਂ ਭਵਿੱਖਬਾਣੀਆਂ ਦੇ ਵਿਰੁਧ ਵੈਕਸੀਨ ਬਹੁਤ ਜਲਦੀ ਉਪਲਬਧ ਹੋ ਜਾਣ ਦਾ ਥੋਥਾ ਦਾਅਵਾ ਕੀਤਾ ਗਿਆ।

ਅਮਰੀਕੀ ਰਾਜਨੀਤੀ ਵਿਚ, ਘੱਟੋ-ਘੱਟ ਰਾਸ਼ਟਰੀ ਮੁੱਦਿਆਂ 'ਤੇ, ਇੱਕ ਪਰੰਪਰਾ ਹੈ ਜੋ ਇਸ ਕਹਾਵਤ ਦੁਆਰਾ ਵੀ ਪ੍ਰਗਟ ਕੀਤੀ ਜਾਂਦੀ ਹੈ: "ਡਾਲਰ ਇੱਥੇ ਰੁਕਦਾ ਹੈ"। "ਇੱਥੇ" ਦਾ ਹਵਾਲਾ ਹੈ: ਪ੍ਰਧਾਨ ਦਾ ਮੇਜ਼। ਇਸ ਕਹਾਵਤ ਦਾ ਮਤਲਬ ਹੈ- ਪ੍ਰਧਾਨ ਹੀ ਕੌਮੀ ਮੁੱਦਿਆਂ ਜਾਂ ਸਮੱਸਿਆਵਾਂ ਲਈ ਜ਼ਿੰਮੇਵਾਰ ਹੁੰਦੇ ਹਨ। ਕਰੋਨਾ ਮਹਾਮਾਰੀ ਦੌਰਾਨ ਟਰੰਪ ਦਾ 'ਮੰਤਰ' ਰਿਹਾ ਹੈ: "ਬਿਲਕੁਲ ਜ਼ਿੰਮੇਵਾਰ ਨਹੀਂ।" ਉਦਾਹਰਣ ਵਜੋਂ ਜਦੋਂ ਰਿਪੋਰਟਰ ਨੇ ਸਵਾਲ ਪੁੱਛਿਆ ਕਿ ਕੀ ਉਹ "ਪਹਿਲਾਂ ਤੋਂ ਵੱਡੀ ਗਿਣਤੀ ਵਿਚ ਵਾਇਰਸ ਦੇ ਟੈਸਟ ਵੰਡਣ ਵਿਚ ਅਸਫਲਤਾ ਦੀ ਜ਼ਿੰਮੇਵਾਰੀ ਲੈਂਦੇ ਹਨ?" ਟਰੰਪ ਦਾ ਜਵਾਬ ਸੀ, "ਮੈਂ ਬਿਲਕੁੱਲ ਜ਼ਿੰਮੇਵਾਰੀ ਨਹੀਂ ਲੈਂਦਾ।" (13 ਮਾਰਚ)। "ਬਕ ਇੱਥੇ ਰੁਕਦਾ ਹੈ" ਦੀ ਬਜਾਏ, ਉਸ ਨੇ "ਪਾਸ ਦਾ ਬੱਕ" ਲਾਗੂ ਕਰਨਾ ਆਰੰਭ ਕਰ ਦਿੱਤਾ, ਮਤਲਬ ਜ਼ਿੰਮੇਵਾਰੀ ਜਾਂ ਦੋਸ਼ ਦੂਜਿਆਂ ਨੂੰ ਦੇ ਦਿਓ। ਟਰੰਪ ਨੇ ਚੀਨ ਅਤੇ ਡਬਲਯੂ.ਐਚ.ਓ. (ਵਿਸ਼ਵ ਸਿਹਤ ਸੰਗਠਨ) ਨੂੰ ਦੋਸ਼ੀ ਠਹਿਰਾਉਣਾ ਸ਼ੁਰੂ ਕਰ ਦਿੱਤਾ ਅਤੇ 'ਬੱਕ' ਸੂਬਿਆਂ ਦੇ ਗਵਰਨਰਾਂ ਨੂੰ ਪਾਸ ਕਰ ਦਿੱਤਾ।

## ਟੱਕਰ ਵਾਇਰਸ ਬਜਾਏ ਵਿਗਿਆਨ ਵਿਰੁੱਧ: ਸਮੱਸਿਆ ਲਈ ਖੋਟੇ ਹੱਲ

ਕਰੋਨਾ ਵਾਇਰਸ ਸੰਕਟ ਦੀ ਅਮਰੀਕਾ ਵਿਚ ਸ਼ੁਰੂਆਤ ਤੋਂ ਹੀ ਇਸ ਸੰਦਰਭ ਵਿਚ ਟਰੰਪ ਨੇ ਨਾ ਸਿਰਫ ਵਿਗਿਆਨ ਨੂੰ ਅਣਗੌਲਿਆਂ ਕੀਤਾ, ਬਲਕਿ ਵਿਗਿਆਨੀਆਂ ਅਤੇ ਡਾਕਟਰਾਂ ਵਿਰੁਧ ਜੰਗ ਛੇੜ ਦਿੱਤੀ। ਕਰੋਨਾ ਦੇ ਫੈਲਾਓ ਨੂੰ ਕਾਬੂ ਕਰਨ ਲਈ ਕਿਸੇ ਵੀ ਰਾਸ਼ਟਰੀ ਯੋਜਨਾ ਦੀ ਅਣਹੋਂਦ ਵਿਚ ਟਰੰਪ ਦੀ ਸਰਕਾਰੀ ਏਜੰਸੀ 'ਸੈਂਟਰਜ਼ ਫਾਰ ਰੋਗ ਕੰਟਰੋਲ ਐਂਡ ਪ੍ਰੀਵੈਂਸ਼ਨ' (ਸੀ.ਡੀ.ਸੀ.) ਅਤੇ ਟਰੰਪ ਪ੍ਰਸ਼ਾਸਨ ਦੇ ਅੰਦਰਲੇ ਵਿਗਿਆਨੀਆਂ ਤੇ ਡਾਕਟਰਾਂ ਦੀਆਂ ਸਿਫਾਰਸ਼ਾਂ ਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਪਹਿਲੇ ਨੌਂ ਰਾਜਾਂ ਨੇ ਆਪਣੇ ਤੌਰ 'ਤੇ 23 ਮਾਰਚ ਨੂੰ ਸਟੇ-ਐਟ-ਹੋਮ (ਘਰ-ਰਹੋ) ਆਦੇਸ਼ ਲਾਗੂ ਕਰ ਦਿੱਤੇ। ਉਸੇ ਸਮੇਂ 48 ਰਾਜਾਂ ਦੇ ਨਾਲ-ਨਾਲ ਡਿਸਟ੍ਰਿਕਟ ਆਫ ਕੋਲੰਬੀਆ ਨੇ ਬਾਕੀ 'ਵਿਦਿਅਕ ਵਰ੍ਹੇ' ਲਈ ਆਪਣੇ ਪਬਲਿਕ ਸਕੂਲ ਬੰਦ ਕਰ ਦਿੱਤੇ। ਇਕ ਹਫਤੇ ਦੇ ਅੰਦਰ 21 ਹੋਰ ਰਾਜ ਸਟੇ-ਐਟ-ਹੋਮ ਆਦੇਸ਼ਾਂ ਨੂੰ ਲਾਗੂ ਕਰਨ ਵਿਚ ਸ਼ਾਮਲ ਹੋਏ। ਇਸ ਦੌਰਾਨ ਪਾਜ਼ੇਟਿਵ ਕੇਸਾਂ ਦੀ ਗਿਣਤੀ ਠਾਠਾਂ ਮਾਰਦੀ ਹੋਈ 82,404 ਨੂੰ ਪਹੁੰਚ ਗਈ ਅਤੇ ਇਟਲੀ ਤੇ ਚੀਨ ਨੂੰ ਪਛਾੜਦਾ ਅਮਰੀਕਾ ਪਾਜ਼ੇਟਿਵ ਕੇਸਾਂ ਵਿਚ ਵਿਸ਼ਵ ਦਾ ਮੋਹਰੀ ਬਣ ਗਿਆ ਅਤੇ ਕੋਵਿਡ-19 ਮੌਤਾਂ ਦੀ ਗਿਣਤੀ 5,000 ਨੂੰ ਪਾਰ ਕਰ ਗਈ। ਇਸ ਬਾਰੇ ਟਰੰਪ ਦਾ ਤੁਰੰਤ ਜਵਾਬ ਕੀ ਸੀ? ਉਸ ਨੇ ਜਨਤਾ ਨੂੰ ਦੱਸਿਆ ਕਿ ਕੋਵਿਡ-19 ਪਿੱਛੇ ਹਟ ਰਿਹਾ ਹੈ, "ਮੈਂ ਕਿਹਾ ਕਿ ਇਹ ਦਫਾ ਹੋ ਰਿਹਾ ਸੀ। ਸੋ, ਇਹ ਦਫਾ ਹੋ ਰਿਹਾ ਹੈ।" ਇਸ ਦਾਅਵੇ ਦੇ ਛੇ ਦਿਨਾਂ ਬਾਅਦ ਅਮਰੀਕਾ ਵਿਚ ਮੌਤ ਗਿਣਤੀ ਇਟਲੀ ਨੂੰ ਪਛਾੜਦੀ ਹੋਈ 19,802 ਹੋ ਗਈ ਜਿਸ ਨਾਲ ਕਰੋਨਾ ਮੌਤਾਂ ਵਿਚ ਵੀ ਅਮਰੀਕਾ ਵਿਸ਼ਵ ਦਾ ਮੋਹਰੀ ਬਣ ਗਿਆ।

ਇਸ ਸਮੇਂ ਦੇ ਦੌਰਾਨ ਸੀ.ਡੀ.ਸੀ. ਅਤੇ ਹੋਰ ਵਿਗਿਆਨੀਆਂ ਦੁਆਰਾ ਵਿਗਿਆਨਕ ਦਿਸ਼ਾ-ਨਿਰਦੇਸ਼ਾਂ ਅਤੇ ਸਿਫਾਰਸ਼ਾਂ ਅਨੁਸਾਰ ਰਾਜਾਂ ਦੇ ਗਵਰਨਰ ਵਾਇਰਸ ਫੈਲਣ ਤੋਂ ਰੋਕਣ ਦੇ ਉਪਾਅ ਕਰ ਰਹੇ ਸਨ, ਜਿਵੇਂ ਜਨਤਕ ਇਕੱਠਾਂ ਵਿਚ ਲੋਕਾਂ ਦੀ ਗਿਣਤੀ 'ਤੇ ਪਾਬੰਦੀਆਂ, ਸਮਾਜਕ ਦੂਰੀ ਭਾਵ ਆਲੇ ਦੁਆਲੇ ਦੇ ਲੋਕਾਂ ਤੋਂ ਲਗਭਗ 6 ਫੁੱਟ ਦੂਰ ਰਹਿਣ ਦੀਆਂ ਹਦਾਇਤਾਂ ਤੇ ਨਕਾਬ (ਮਾਸਕ) ਪਹਿਨਣ ਲਈ ਲੋਕਾਂ ਨੂੰ ਉਤਸ਼ਾਹਤ ਕਰਨਾ। ਵਾਇਰਸ ਵਿਰੁਧ ਇਸ ਲੋੜੀਂਦੀ ਕਾਰਵਾਈ ਦੇ ਨਤੀਜੇ ਵਜੋਂ ਬੇਰੁਜ਼ਗਾਰੀ ਛਾਲਾਂ ਮਾਰਦੀ ਵਧਣ ਲੱਗੀ ਅਤੇ ਆਰਥਿਕ ਵਿਵਸਥਾ ਨੂੰ ਵੀ ਢਾਹ ਲੱਗਣੀ ਸ਼ੁਰੂ ਹੋ ਗਈ। ਸਪਸ਼ਟ ਤੌਰ 'ਤੇ ਸਿਆਣਾ ਤੇ ਸਹੀ ਹੱਲ ਇਹ ਹੋਣਾ ਸੀ ਕਿ ਪਹਿਲਾਂ ਕਰੋਨਾ ਕੇਸਾਂ ਅਤੇ ਮੌਤਾਂ ਦੀ ਦਰ ਨੂੰ ਬਿਲਕੁਲ ਥੱਲੇ ਲਿਆਇਆ ਜਾਂਦਾ, ਫਿਰ ਆਰਥਿਕਤਾ ਨੂੰ ਸੁਰੱਖਿਅਤ ਢੰਗ ਨਾਲ ਖੋਲ੍ਹਿਆ ਜਾਂਦਾ। ਰਾਜਾਂ ਨੂੰ ਅਜਿਹਾ ਕਰਨ ਖੁੱਲ੍ਹ, ਇਕਸਾਰ ਕੌਮੀ ਯੋਜਨਾ, ਸਹੀ ਸਮੇਂ ਤੇ ਆਰਥਿਕਤਾ ਨੂੰ ਸੁਰੱਖਿਅਤ ਢੰਗ ਨਾਲ ਖੋਲ੍ਹਣ ਦੀ ਮਦਦ ਦੇਣ ਦੀ ਬਜਾਏ ਟਰੰਪ ਨੇ ਆਪਣੀ ਟਵੀਟ-ਲੜੀ ਵਿਚ ਆਪਣੀ ਸਰਕਾਰ ਦੀ ਆਪਣੀ ਸੀ.ਡੀ.ਸੀ. ਅਤੇ ਕਰੋਨਾ ਟਾਸਕ ਫੋਰਸ ਦੇ ਵਿਰੁਧ ਭੁਗਤਦੇ ਹੋਏ ਡੈਮੋਕਰੇਟਿਕ ਗਵਰਨਰਾਂ ਦੇ ਸੂਬਿਆਂ ਵਿਚ ਸਮਾਜਕ ਦੂਰੀ ਤੇ ਹੋਰ ਪਾਬੰਦੀਆਂ ਖਿਲਾਫ ਪ੍ਰਦਰਸ਼ਨਾਂ ਨੂੰ ਉਤਸ਼ਾਹਤ ਕੀਤਾ, ਭੜਕਾਊ ਨਾਅਰਿਆਂ ਦੇ ਨਾਲ: "ਲਿਬਰੇਟ ਮਿਸ਼ਿਅਨ", "ਲਿਬਰੇਟ ਮਿੰਨੇਸੋਟਾ", "ਲਿਬਰੇਟ ਵਰਜੀਨੀਆ।" ਦਬਾਅ ਹੇਠਾਂ, ਖਾਸ ਕਰ ਟਰੰਪ ਦੀ ਰਿਪਬਲਿਕਨ ਪਾਰਟੀ ਦੇ ਗਵਰਨਰਾਂ ਨੇ ਸਟੇ-ਐਟ-ਹੋਮ ਆਰਡਰਾਂ ਨੂੰ ਲਾਗੂ ਕਰਨ ਦੀ ਸ਼ੁਰੂਆਤ ਦੇ ਸਿਰਫ ਇੱਕ ਮਹੀਨੇ ਬਾਅਦ ਹੀ

*(ਬਾਕੀ ਅਗਲੇ ਸਫੇ 'ਤੇ)*

# ਕਰੋਨਾ ਮਹਾਮਾਰੀ ਅਤੇ ਟਰੰਪ ਦੀ ਨਾਲਾਇਕੀ

*(ਪਿਛਲੇ ਸਫੇ ਦੀ ਬਾਕੀ)*

ਹੌਲੀ-ਹੌਲੀ ਪਾਬੰਦੀਆਂ ਹਟਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਕੁਝ ਕਾਰੋਬਾਰਾਂ ਨੂੰ ਖੋਲ੍ਹਣਾ ਸ਼ੁਰੂ ਕਰ ਦਿੱਤਾ।

ਮਈ ਦੇ ਅਖੀਰ ਤੱਕ 36 ਰਾਜ ਪਹਿਲਾਂ ਹੀ ਦੁਬਾਰਾ ਖੁੱਲ੍ਹ ਚੁੱਕੇ ਸਨ ਜਾਂ ਦੁਬਾਰਾ ਖੁੱਲ੍ਹਣ ਦੀ ਪ੍ਰਕਿਰਿਆ ਵਿਚ ਸਨ। ਅਮਰੀਕਾ ਵਿਚ ਕਰੋਨਾ ਪਾਜ਼ੇਟਿਵ ਕੇਸਾਂ ਅਤੇ ਮੌਤਾਂ ਦੀ ਗਿਣਤੀ ਕ੍ਰਮਵਾਰ 1,778,515 ਅਤੇ 104,051 'ਤੇ ਪਹੁੰਚ ਚੁੱਕੀ ਸੀ ਜੋ ਵਿਸ਼ਵ ਭਰ ਵਿਚ ਕਰੋਨਾ ਦੇ ਕੁੱਲ ਕੇਸਾਂ ਤੇ ਮੌਤਾਂ ਦੀ ਕ੍ਰਮਵਾਰ 29 ਪ੍ਰਤੀਸ਼ਤ ਅਤੇ 28 ਪ੍ਰਤੀਸ਼ਤ ਬਣਦੀ ਸੀ, ਹਾਲਾਂਕਿ ਅਮਰੀਕਾ ਦੀ ਆਬਾਦੀ ਵਿਸ਼ਵ ਦੀ ਆਬਾਦੀ ਦਾ ਸਿਰਫ 4% ਹਿੱਸਾ ਹੈ। ਰਾਜਾਂ ਵਿਚ ਬੰਦਸ਼ਾਂ ਤੇ ਬੰਦਾਂ ਨੂੰ ਲਾਗੂ ਕਰ ਕੇ ਵਾਇਰਸ ਉਪਰ ਹੱਦ ਤੱਕ ਪ੍ਰਾਪਤ ਕੀਤਾ ਕੰਟਰੋਲ ਗਾਇਬ ਹੋਣ ਲੱਗਾ, ਜਦੋਂ ਬਹੁਤ ਅਗੇਤੇ ਹੀ ਕਾਰੋਬਾਰਾਂ ਖੋਲਣੇ ਤੇ ਬੰਦਸ਼ਾਂ ਹਟਣੀਆਂ ਸ਼ੁਰੂ ਹੋ ਗਈਆਂ, ਵਿਗਿਆਨਕਾਂ ਤੇ ਡਾਕਟਰਾਂ ਵਲੋਂ ਇਸ ਜਲਦੀ ਖੁੱਲ੍ਹਣ ਵਿਰੁਧ ਚਿਤਾਵਨੀ ਬਾਵਜੂਦ ਵੀ। ਇਸ ਸਮੇਂ ਦੌਰਾਨ ਪ੍ਰਧਾਨ ਟਰੰਪ ਦੀ ਕੋਰੋਨ ਮਹਾਮਾਰੀ ਪ੍ਰਤੀ ਹੁੰਗਾਰਾ ਭਰਨ ਵਿਚ ਇਹ ਭੂਮਿਕਾ ਰਹੀ: ਰਾਜ ਗਵਰਨਰਾਂ ਅਤੇ ਸ਼ਹਿਰੀ ਸਰਕਾਰਾਂ ਉਤੇ ਲਗਾਤਾਰ ਦਬਾਅ ਪਾਉਣਾ ਕਿ ਉਹ ਬੰਦਸ਼ਾਂ ਹਟਾਉਣ; ਕਾਰੋਬਾਰਾਂ ਤੇ ਸਕੂਲਾਂ ਨੂੰ ਦੁਬਾਰਾਂ ਖੋਲ੍ਹਣ; ਅਜਿਹਾ ਕਰਨ ਲਈ ਬਿਨਾ ਕਿਸੇ ਕੌਮੀ ਯੋਜਨਾ ਮਦਦ-ਸਰੋਤਾਂ ਤੋਂ। ਉਹ ਇਸ ਤਰ੍ਹਾਂ ਦੇ ਮੰਤਰ ਜਪਦਾ ਰਿਹਾ: "ਕਰੋਨਾ ਅਲੋਪ ਹੋਣ ਜਾ ਰਿਹਾ ਹੈ", "ਸਕੂਲ ਖੋਲ੍ਹੋ ... ਬੱਚੇ ਅਤੇ ਜਵਾਨ ਲਗਭਗ ਕਰੋਨਾ ਵਾਇਰਸ ਤੋਂ ਸੁਰੱਖਿਅਤ ਹਨ, ਉਸ ਕਰੋਨਾ ਲੈ ਸਕਦੇ ਹਨ", "ਅਸੀਂ ਕਰੋਨਾ ਨੂੰ ਥੱਲੇ ਲਾ ਰਹੇ ਹਾਂ" ਅਤੇ "ਹੁਣ ਵੈਕਸੀਨ ਵੱਟ 'ਤੇ ਪਿਆ ਹੈ" ਆਦਿ।


ਜਦੋਂ 10 ਜੁਲਾਈ ਨੂੰ ਅਮਰੀਕਾ ਰੋਜ਼ਾਨਾ ਕੁਲ ਕਰੋਨਾਵਾਇਰਸ ਦੇ ਕੇਸਾਂ ਵਿਚ 70, 000 ਦੀ ਗਿਣਤੀ ਪਾਰ ਕਰ ਕੇ ਆਪਣਾ ਹੀ ਰਿਕਾਰਡ ਤੋੜ ਰਿਹਾ ਸੀ ਤਾਂ ਟਰੰਪ ਜ਼ੋਰ ਦੇ ਰਿਹਾ ਸੀ ਕਿ ਅਮਰੀਕੀ ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਆ ਰਹੀ ਪੱਤਝੜ ਰੁੱਤੇ ਖੁੱਲ੍ਹੇ ਰਹਿਣਾ ਚਾਹੀਦਾ ਹੈ। ਫਲੋਰਿਡਾ ਸੂਬਾ 15,300 ਕਰੋਨਾਵਾਇਰਸ ਦੇ ਇੱਕ-ਰੋਜ਼ਾ ਕੇਸਾਂ ਦਾ ਰਿਕਾਰਡ ਸਥਾਪਤ ਕਰ ਰਿਹਾ ਸੀ। ਅਜਿਹਾ ਤਾਂ ਹੋ ਰਿਹਾ ਕਿਉਂਕਿ ਰਾਜ ਦਾ ਗਵਰਨਰ ਪੂਰੀ ਸ਼ਰਧਾ ਨਾਲ ਟਰੰਪ ਦੀ ਲਾਇਨ 'ਤੇ ਚੱਲ ਰਿਹਾ ਸੀ, ਪਾਬੰਦੀਆਂ ਹਟਾਉਣ ਤੇ ਸਟੇਟ ਦੁਬਾਰਾ ਖੋਲ੍ਹਣ ਵਿਚ, ਵਿਗਿਆਨਕਾਂ, ਡਾਕਟਰਾਂ, ਤੇ ਸੀ.ਡੀ.ਸੀ. ਦੇ ਦਿਸ਼ਾ-ਨਿਰਦੇਸ਼ਾਂ ਤੇ ਸਿਫਾਰਸ਼ਾਂ ਦੀ ਉਲੰਘਣਾ ਕਰਦਾ ਹੋਇਆ।

ਉਪਰੋਕਤ ਚਰਚਾ ਤੋਂ ਪਤਾ ਚੱਲਦਾ ਹੈ ਕਿ ਪ੍ਰਧਾਨ ਟਰੰਪ ਦਾ ਵਾਇਰਸ ਬਾਰੇ ਪ੍ਰਤੀਕਰਮ ਨਾ ਸਿਰਫ ਗੈਰ-ਵਿਗਿਆਨਕ ਹੈ, ਬਲਕਿ ਅਕਸਰ ਵਿਗਿਆਨ ਦੇ ਐਨ ਵਿਰੋਧ ਵਿਚ ਵੀ ਹੁੰਦਾ ਹੈ। ਇਸੇ ਲਾਈਨ 'ਤੇ ਚਲਦੇ ਹੋਏ ਟਰੰਪ ਲਈ ਕਰੋਨਾ ਵਿਰੁਧ ਵਿਗਿਆਨਕ ਤੌਰ 'ਤੇ ਅਪ੍ਰਮਾਣਿਕ ਇਲਾਜਾਂ 'ਦਾ ਸੁਝਾਅ ਦਿੰਦਿਆਂ ਉਨ੍ਹਾਂ 'ਤੇ ਵਾਰ-ਵਾਰ ਜ਼ੋਰ ਪਾਉਂਦੇ ਅਤੇ ਲੋਕਾਂ ਨੂੰ ਉਨ੍ਹਾਂ ਬਾਰੇ ਉਕਸਾਉਂਦੇ ਰਹੇ। ਉਦਾਹਰਣ ਵਜੋਂ, ਉਸ ਨੇ ਐਂਟੀ-ਮਲੇਰੀਆ ਡਰੱਗ ਹਾਈਡਰੋਕਸਾਈਕਲੋਰੋਕਿਨ ਨੂੰ 'ਗੇਮ-ਚੇਂਜਰ' ਵਜੋਂ ਪ੍ਰਚਾਰਿਆ, ਹਾਲਾਂਕਿ ਇੱਕ ਤੋਂ ਵੱਧ ਅਧਿਐਨਾਂ ਵਿਚ ਇਹ ਦਿਖਾਇਆ ਕਿ ਇਹ ਡਰੱਗ ਮਦਦਗਾਰ ਨਹੀਂ ਸੀ, ਸਗੋਂ ਇਸ ਦੀ ਵਰਤੋਂ ਨਾਲ ਕਰੋਨਾ ਮਰੀਜ਼ ਦੇ ਮਰ ਜਾਣ ਦੀ ਸੰਭਾਵਨਾ ਵਧ ਸਕਦੀ ਹੈ। ਫਿਰ ਵੀ ਟਰੰਪ ਇਸ ਦੀ ਸਿਫਤ ਦੇ ਢੋਲ ਵਜਾਉਂਦਾ ਰਿਹਾ। ਉਹਦਾ ਸਭ ਤੋਂ ਮਸ਼ਹੂਰ 'ਇਲਾਜ' ਰਿਹਾ ਹੈ ਜਿਸ ਦਾ ਉਹ ਸੁਝਾਅ ਜੋ ਉਹਨੇ 23 ਅਪਰੈਲ ਨੂੰ ਟਾਸਕ ਫੋਰਸ ਦੀ ਪਬਲਿਕ ਬ੍ਰੀਫਿੰਗ ਦੌਰਾਨ ਦੁਨੀਆ ਸਾਹਮਣੇ ਪੇਸ਼ ਕੀਤਾ ਸੀ ਕਿ ਸਰੀਰ ਵਿਚ ਵੜੀ ਕਰੋਨਾ ਦਾ ਇਲਾਜ ਹੋ ਸਕਦਾ ਹੈ, ਰੋਗਾਣੂਨਾਸ਼ਕ ਤੇ ਸੂਰਜ ਦੀ ਰੋਸ਼ਨੀ ਨਾਲ, "ਮੈਂ ਦੇਖ ਸਕਦਾ ਹਾਂ, ਕੀਟਾਣੂਨਾਸ਼ਕ ਕਿਵੇਂ (ਸਰੀਰ ਵਿਚ) ਵਾਇਰਸ ਨੂੰ ਇੱਕ ਮਿੰਟ ਵਿਚ ਖਤਮ ਕਰ ਸਕਦੇ ਨੇ; (ਸਰੀਰ) ਅੰਦਰ (ਕੀਟਾਣੂਨਾਸ਼ਕ ਦਾ) ਟੀਕਾ ਲਗਾ ਕੇ ਜਾਂ ਇਹਦੇ ਨਾਲ ਸਫਾਈ ਕਰ ਕੇ; ਕੀ ਅਸੀਂ ਅਜਿਹਾ ਕੁਝ ਕਰ ਸਕਦੇ ਹਾਂ?" ਵਿਗਿਆਨਕ ਸੱਚ ਇਸ ਦੇ ਉਲਟ ਹੈ: ਕਿਸੇ ਵੀ ਕਿਸਮ ਦੇ ਸਫਾਈ ਕੀਟਾਣੂਨਾਸ਼ਕ ਉਤਪਾਦ ਦਾ ਸਰੀਰ ਵਿਚ ਟੀਕਾ ਲਗਾਉਣਾ ਜਾਂ ਉਹਨੂੰ ਕਿਸੇ ਢੰਗ ਨਾਲ ਸਰੀਰ ਅੰਦਰ ਪਾਉਣਾ ਖਤਰਨਾਕ ਹੈ; ਇੰਜ ਕਰਨਾ ਲੋਕਾਂ ਨੂੰ ਮਾਰ ਦੇਵੇਗਾ। ਟਰੰਪ ਨੇ ਇਹ ਵੀ ਸੁਝਾਅ ਦਿੱਤਾ ਕਿ ਜਦੋਂ ਅਮਰੀਕਨ ਗਰਮੀਆਂ ਦੇ ਦਿਨਾਂ ਦੀ ਧੁੱਪ ਵਿਚ ਬਾਹਰ ਨਿਕਲਣਗੇ ਤਾਂ ਸ਼ਾਇਦ ਅੰਦਰਲੀ ਵਾਇਰਸ ਦਾ ਇਲਾਜ ਹੋ ਜਾਵੇਗਾ।

ਅਮਰੀਕਾ ਦੇ ਇਤਿਹਾਸ ਵਿਚ ਪ੍ਰਧਾਨ ਆਮ ਤੌਰ 'ਤੇ ਸਰਕਾਰੀ ਵਿਗਿਆਨੀ ਅਤੇ ਵਿਗਿਆਨ ਏਜੰਸੀਆਂ ਨੂੰ ਵਿਗਿਆਨ ਦੇ ਆਧਾਰ 'ਤੇ ਆਪਣਾ ਕੰਮ ਕਰਨ ਦਿੰਦੇ ਹਨ ਅਤੇ ਉਨ੍ਹਾਂ ਦੇ ਦਿਸ਼ਾ-ਨਿਰਦੇਸ਼ਾਂ ਤੇ ਸਿਫਾਰਸ਼ਾਂ ਦੀ ਵਰਤੋਂ ਕਰਦੇ ਹਨ, ਨੀਤੀਆਂ ਤੇ ਯੋਜਨਾਵਾਂ ਬਣਾਉਣ ਤੇ ਲੋਕਾਂ ਦੀ ਮਦਦ ਕਰਨ ਲਈ, ਦੇਸ਼ ਨੂੰ ਪ੍ਰਗਤੀ ਦੇ ਰਾਹ 'ਤੇ ਚੱਲਦਾ ਰੱਖਣ ਲਈ, ਨਾ ਕਿ ਉਨ੍ਹਾਂ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਿਫਾਰਸ਼ਾਂ ਆਪਣੀ ਰਾਜਨੀਤੀ ਨਾਲ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨਾ, ਵਿਗਿਆਨਕ ਹਕੀਕਤ ਨੂੰ ਦਾਅ 'ਤੇ ਲਾਅ ਕੇ। ਹੋਰ ਬਹੁਤ ਸਾਰੀਆਂ ਚੰਗੀਆਂ ਪਰੰਪਰਾਵਾਂ ਦੀ ਤਰ੍ਹਾਂ, ਟਰੰਪ ਨੇ ਇਸ ਰਾਜਨੀਤਿਕ ਪਰੰਪਰਾਵਾਂ ਦਾ ਵੀ ਗਲਾ ਘੁੱਟਿਆਂ, ਕੋਰੋਨ ਨਾਲ ਟੱਕਰ ਲੈਣ ਬਾਰੇ ਵਿਗਿਆਨਕਾਂ ਦੀਆਂ ਸਿਫਾਰਸ਼ਾਂ ਅਤੇ ਸੀ.ਡੀ.ਸੀ. ਦੇ ਦਿਸ਼ਾ-ਨਿਰਦੇਸ਼ਾਂ ਨਾਲ ਅਸਹਿਮਤ ਹੁੰਦਿਆਂ ਜਾਂ ਵਿਰੋਧ ਕਰਦਿਆਂ, ਜੋ ਰਾਜਨੀਤੀ 'ਤੇ ਅਧਾਰਤ ਵਾਇਰਸ ਪ੍ਰਤੀ ਉਸਦੇ ਰਵੱਈਏ ਨਾਲ ਮੇਲ ਨਹੀਂ ਖਾਂਦੇ ਸਨ। ਅਜਿਹੇ ਵਿਗਿਆਨੀਆਂ ਅਤੇ ਡਾਕਟਰਾਂ ਨੂੰ ਭੰਡਣਾ ਅਤੇ ਡਰਾਉਣਾ ਧਮਕਾਉਣਾ ਉਹਦਾ ਆਮ ਅਮਲ ਰਿਹਾ ਹੈ।

ਉਦਾਹਰਣ ਵਜੋਂ, ਬਾਇਓਮੈਡੀਕਲ ਐਡਵਾਂਸਡ ਰਿਸਰਚ ਐਂਡ ਡਿਵੈਲਪਮੈਂਟ ਅਥਾਰਟੀ ਦੇ ਡਾਇਰੈਕਟਰ ਡਾ. ਰਿਕ ਬ੍ਰਾਈਟ ਜੋ ਉਦੋਂ ਕਰੋਨਾ ਦੀ ਵੈਕਸੀਨ ਵਿਕਸਤ ਕਰਨ ਦੀ ਸਰਕਾਰੀ ਕੋਸ਼ਿਸ਼ ਦੇ ਇੰਚਾਰਜ ਸਨ, ਨੂੰ ਉਸ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਕਿਉਂਕਿ ਉਸ ਅਨੁਸਾਰ, ਉਸ ਨੇ ਸਹੀ ਤੌਰ 'ਤੇ ਕਰੋਨਾ ਲਈ ਗੈਰ-ਅਜਮਾਈਆਂ ਦਵਾਈਆਂ ਲੋਕਾਂ ਨੂੰ ਪ੍ਰਦਾਨ ਕਰਨ ਦੀਆਂ ਕੋਸ਼ਿਸ਼ਾਂ ਦਾ ਵਿਰੋਧ ਕੀਤਾ ਸੀ; ਜਿਵੇਂ ਟਰੰਪ ਵਲੋਂ ਸਿਰ 'ਤੇ ਚੁੱਕੀਆਂ ਕਲੋਰੀਕੁਆਇਨ ਅਤੇ ਹਾਈਡਰੋਕਸਾਈਕਲੋਰੋਕਿਨ। ਡਾ. ਬ੍ਰਾਈਟ ਨੇ ਕਿਹਾ, "ਮੈਂ ਬੋਲ ਰਿਹਾ ਹਾਂ, ਕਿਉਂਕਿ ਇਸ ਮਾਰੂ ਵਾਇਰਸ ਦਾ ਮੁਕਾਬਲਾ ਕਰਨ ਲਈ ਵਿਗਿਆਨ ਨਾ ਕਿ ਰਾਜਨੀਤੀ ਜਾਂ ਭਾਈ-ਭਤੀਜਾਵਾਦ, ਰਾਹ-ਦਸੇਰਾ ਹੋਣਾ ਚਾਹੀਦਾ ਹੈ।" ਇਕ ਹੋਰ ਮਿਸਾਲ ਵਜੋਂ ਵ੍ਹਾਈਟ ਹਾਊਸ ਅਧਿਕਾਰੀਆਂ ਰਾਹੀਂ ਟਰੰਪ ਨੇ 'ਬਿਮਾਰੀ ਕੰਟਰੋਲ ਅਤੇ ਰੋਕਥਾਮ ਕੇਂਦਰਾਂ' ਦੇ ਨੇਤਾਵਾਂ 'ਤੇ ਦਬਾਅ ਪਾ ਕੇ ਸੀ.ਡੀ.ਸੀ. ਦੇ ਦਿਸ਼ਾ-ਨਿਰਦੇਸ਼ਾਂ ਨੂੰ ਬਦਲਣ ਵਿਚ ਸਫਲਤਾ ਹਾਸਲ ਕੀਤੀ ਜਿਨ੍ਹਾਂ ਵਿਚ ਹੁਣ ਬੱਚਿਆਂ ਉਪਰ ਕਰੋਨਾ ਵਾਇਰਸ ਦੇ ਜੋਖਮ ਨੂੰ ਘਟਾ ਪੇਸ਼ ਕੀਤਾ ਗਿਆ ਕਿਉਂਕਿ ਟਰੰਪ ਪ੍ਰਸ਼ਾਸਨ ਪਤਝੜ ਵਿਚ ਸਕੂਲ ਖੋਲ੍ਹਣ ਲਈ ਜ਼ੋਰ ਪਾ ਰਿਹਾ ਸੀ। ਜਦੋਂ ਸੀ.ਡੀ.ਸੀ. ਦੇ ਮੁਖੀ ਨੇ ਕਿਹਾ ਕਿ ਆਮ ਲੋਕਾਂ ਲਈ ਵੈਕਸੀਨ ਅਗਲੇ ਗਰਮੀ ਜਾਂ ਸ਼ਾਇਦ ਪਤਝੜ ਮੌਸਮ ਦੇ ਸ਼ੁਰੂ ਤੋਂ ਉਪਲਬਧ ਨਹੀਂ ਹੋਵੇਗੀ ਤਾਂ ਟਰੰਪ ਦਾ ਜਵਾਬ ਸੀ, "ਮੈਨੂੰ ਲਗਦਾ ਹੈ ਕਿ ਉਸ ਨੇ ਗਲਤੀ ਕੀਤੀ ਜਦੋਂ ਉਸ ਨੇ ਇਹ ਕਿਹਾ। ਇਹ ਗਲਤ ਜਾਣਕਾਰੀ ਹੈ।" ਟਰੰਪ ਨੇ ਅਜਿਹਾ ਇਸ ਲਈ ਕੀਤਾ ਕਿਉਂਕਿ ਉਹ "ਵੈਕਸੀਨ ਬਹੁਤ ਜਲਦੀ ... ਚੋਣਾਂ ਦੇ ਦਿਨ ਤੋਂ ਪਹਿਲਾਂ ਉਪਲਬਧ ਹੋਵੇਗੀ" ਦੇ ਮੰਤਰ ਦਾ ਜਾਪ ਕਰ ਰਿਹਾ ਸੀ।

ਜਦੋਂ ਅਮਰੀਕਾ ਕੁੱਲ ਕਰੋਨਾ ਕੇਸਾਂ ਅਤੇ ਮੌਤਾਂ ਦੀਆਂ ਸੰਖਿਆਵਾਂ ਵਿਚ ਵਿਸ਼ਵ ਦੀ ਅਗਵਾਈ ਜਾਰੀ ਰੱਖ ਰਿਹਾ ਸੀ, 3 ਅਗਸਤ ਨੂੰ ਟਰੰਪ ਨੇ ਟਾਸਕ ਫੋਰਸ ਦੇ ਕੋਆਰਡੀਨੇਟਰ ਡਾ. ਡੈਬੋਰਾਹ ਬਰਕਸ ਦੀ ਭੰਡੀ ਕੀਤੀ, ਜਦੋਂ ਉਸ ਨੇ ਅਮਰੀਕਨ ਲੋਕਾਂ ਨੂੰ ਸਚਾਈ ਦੱਸੀ ਕਿ ਕਰੋਨਾ ਦਾ ਅਮਰੀਕਾ ਵਿਚ ਫੈਲਾ ਅਸਾਧਾਰਨ ਤੌਰ 'ਤੇ ਵਿਆਪਕ ਸੀ ਤੇ ਇਹ ਮਹਾਮਾਰੀ 'ਨਵਾਂ, ਖਤਰਨਾਕ ਪੜਾਅ' ਵਿਚ ਦਾਖਲ ਹੋ ਰਹੀ ਸੀ। ਵ੍ਹਾਈਟ ਹਾਊਸ ਦੇ ਕਰੋਨਾ ਵਾਇਰਸ ਸਲਾਹਕਾਰ ਅਤੇ ਨੈਸ਼ਨਲ ਇੰਸਟੀਚਿਊਟ ਆਫ ਐਲਰਜੀ ਐਂਡ ਇਨਫੈਕਸ਼ਨਸ ਰੋਗਾਂ ਦੇ ਡਾਇਰੈਕਟਰ ਡਾ. ਐਂਥਨੀ ਫੌਸੀ ਵਿਗਿਆਨ ਦੇ ਆਧਾਰ ਤੇ ਕੋਵਿਡ-19 ਮਹਾਮਾਰੀ ਦੀ ਸਚਾਈ ਦੇ ਮਹਾਨ ਬੁਲਾਰੇ ਰਹੇ ਹਨ ਅਤੇ ਹੋਰ ਬਹੁਤ ਸਾਰੇ ਅਮਰੀਕੀ ਨੇ ਉਸ 'ਤੇ ਟਰੰਪ ਨਾਲੋਂ ਕਿਤੇ ਜ਼ਿਆਦਾ ਭਰੋਸਾ ਕਰਦੇ ਹਨ। ਇਹ ਸੱਚ ਅਕਸਰ ਕਰੋਨਾ ਪ੍ਰਤੀ ਰਾਜਨੀਤੀ ਦੇ ਆਧਾਰਿਤ ਟਰੰਪ ਦੇ ਰਵੱਈਏ ਦੇ ਸੂਤ ਨਹੀਂ ਬੈਠਦਾ। ਇਸੇ ਕਾਰਨ ਵਾ ਲੱਗਦੀ ਨੂੰ ਟਰੰਪ ਡਾ. ਫੌਸੀ ਦੀ ਆਲੋਚਨਾ ਕਰਦਾ ਰਹਿੰਦਾ ਹੈ ਅਤੇ 13 ਜੁਲਾਈ ਦੇ ਆਸ ਪਾਸ ਡਾ. ਫੌਸੀ ਦੀ ਭਰੋਸੇਯੋਗਤਾ ਨੂੰ ਕਮਜ਼ੋਰ ਤਹਿਸ਼-ਨਹਿਸ਼ ਕਰਨ ਦੇ ਇਰਾਦੇ ਨਾਲ ਟਰੰਪ ਨੇ ਵ੍ਹਾਈਟ ਹਾਊਸ ਦੇ ਸਰਕਾਰੀ ਰਿਲੀਜ਼ਾਂ ਤੇ ਵ੍ਹਾਈਟ ਹਾਊਸ ਦੇ ਅਧਿਕਾਰੀਆਂ ਨਾਲ ਇੱਕ ਆਵਾਜ਼ ਹੁੰਦੇ ਹੋਏ ਡਾ. ਫੌਸੀ 'ਤੇ ਹੱਲਾ ਬੋਲਿਆ, ਉਸ 'ਤੇ ਦੋਸ਼ ਲਗਾਉਂਦੇ ਹੋਏ ਕਿ ਉਹ ਕਈ ਚੀਜ਼ਾਂ 'ਤੇ ਗਲਤ ਹੈ ਤੇ ਅਮਰੀਕੀਆਂ ਨੂੰ ਗੁਮਰਾਹ ਕਰ ਰਿਹਾ ਹੈ ਪਰ ਉਹ ਆਪਣੇ ਮਿਸ਼ਨ ਵਿਚ ਅਸਫਲ ਰਹੇ।




*ਬੌਬ ਵੁਡਵਰਡ ਦੀ ਕਿਤਾਬ 'ਰੇਜ' (ਗੁੱਸਾ) ਦਾ ਟਾਈਟਲ ਜਿਸ ਵਿਚ ਕਰੋਨਾ ਬਾਰੇ ਟਰੰਪ ਦੇ ਕਿੱਸੇ ਬਿਆਨ ਕੀਤੇ ਗਏ ਹਨ।*

ਬਿਮਾਰੀ ਸਮੇਤ ਕਿਸੇ ਵੀ ਸਮੱਸਿਆ ਨਿਸ਼ਾਨਦੇਹੀ ਉਹਦਾ ਹੱਲ ਵਿਕਸਤ ਕਰਨ ਲਈ ਜ਼ਰੂਰੀ ਹੁੰਦੀ ਹੈ। ਕੋਵੀਡ-19 ਦੇ ਮਾਮਲੇ ਵਿਚ ਤੁਸੀਂ ਲੋਕਾਂ ਦੀ ਟੈਸਟ ਕਰਦੇ ਹੋ, ਘੱਟੋ-ਘੱਟ ਉਨ੍ਹਾਂ ਨੂੰ ਜਿਹੜੇ ਵਾਇਰਸ ਦੇ ਪਕੜਨ ਦੀ ਵਧੇਰੇ ਸੰਭਾਵਨਾ ਰੱਖਦੇ ਹਨ, ਇੰਜ ਪਾਜ਼ੇਟਿਵ ਕੇਸ ਦੀ ਨਿਸ਼ਾਨਦੇਹੀ ਕਰਦੇ ਹੋ, ਫਿਰ ਪਾਜ਼ੇਟਿਵ ਕੇਸ ਵਿਅਕਤੀ ਦੇ ਤਾਜ਼ਾ ਸੰਪਰਕਾਂ ਨੂੰ ਲੱਭਦੇ ਹੋ ਅਤੇ ਵਾਇਰਸ ਫੈਲਣ ਤੋਂ ਰੋਕਣ ਲਈ ਪਾਜ਼ੇਟਿਵ ਕੇਸ ਤੇ ਉਹਦੇ ਸੰਪਰਕਾਂ ਨੂੰ ਇਕਾਂਤਵਾਸ ਦਾ ਮੌਕਾ ਪ੍ਰਦਾਨ ਕਰਦੇ ਹੋ। ਇਹ ਕਰੋਨਾ ਮਹਾਮਾਰੀ ਪ੍ਰਤੀ ਟਰੰਪ ਦੇ ਸਮੁੱਚੇ ਰਵੱਈਏ ਦੀ ਇੱਕ ਝਲਕ ਹੈ ਕਿ ਸ਼ੁਰੂ ਤੋਂ ਅੱਜ ਤੱਕ ਇਸ ਮਹਾਮਾਰੀ ਦੌਰਾਨ ਅਮਰੀਕਾ ਵਿਚ ਮੁਨਾਸਬ ਟੈਸਟਿੰਗ ਦੀ ਘਾਤਕ ਕਮੀ ਰਹੀ ਹੈ। ਫਰਵਰੀ ਵਿਚ ਸੀ.ਡੀ.ਸੀ. ਦੁਆਰਾ ਦੇਸ਼ ਭਰ ਦੀਆਂ ਲੈਬਾਂ ਵਿਚ ਸਪਲਾਈ ਕੀਤੇ ਗਏ ਟੈਸਟ ਨਿਕੰਮੇ ਨਿਕਲੇ ਅਤੇ ਇਹ ਸਮੱਸਿਆ ਹਫਤਿਆਂ ਬੱਧੀ ਲਈ ਹੱਲ ਨਹੀਂ ਹੋ ਸਕੀ। ਫਿਰ ਤੁਲਨਾ ਕਰਨ ਦੀ ਜੁਅਰਤ ਕਰੋ: 11 ਮਾਰਚ ਤੱਕ ਅਮਰੀਕਾ ਵਿਚ ਜਿਸ ਦੀ ਆਬਾਦੀ 331 ਮਿਲੀਅਨ ਤੋਂ ਜ਼ਰਾ ਵੱਧ ਹੈ, ਕਰੋਨਾ ਲਈ ਸਿਰਫ 7,000 ਲੋਕਾਂ ਟੈਸਟ ਕੀਤੇ ਗਏ, ਜਦੋਂ ਕਿ ਸਿਰਫ 51 ਮਿਲੀਅਨ ਤੋਂ ਜ਼ਰਾ ਕੁ ਵੱਧ ਆਬਾਦੀ ਵਾਲਾ ਦੱਖਣੀ ਕੋਰੀਆ 222,395 ਲੋਕਾਂ ਨੂੰ ਟੈਸਟ ਕਰ ਚੁੱਕਿਆ ਸੀ; ਦੋਵਾਂ ਦੇਸ਼ਾਂ ਨੇ ਇੱਕੋ ਸਮੇਂ (ਦਿਨ) ਪਹਿਲੇ ਕਰੋਨਾ ਕੇਸ ਦੀ ਰਿਪੋਰਟ ਕੀਤੀ ਸੀ। ਯੋਜਨਾਬੰਦੀ ਤੇ ਟੈਸਟਿੰਗ ਵਾਇਰਸ ਦਾ ਮੁਕਾਬਲਾ ਕਰਨ ਵੱਲ ਪਹਿਲਾ ਕਦਮ, ਨੂੰ ਉਤਸ਼ਾਹਤ ਕਰਨ ਦੀ ਬਜਾਏ ਟਰੰਪ ਟੈਸਟਿੰਗ ਨੂੰ ਰੋਕਣ ਜਾਂ ਹੌਲੀ ਕਰਨ ਦੀ ਮੁਹਿੰਮ ਚਲਾਉਂਦਾ ਰਿਹਾ। ਅਮਰੀਕਾ ਵਿਚ ਕਰੋਨਾ ਕਰ ਕੇ ਪਹਿਲਾਂ ਹੀ 120,000 ਲੋਕਾਂ ਦੀ ਮੌਤ ਹੋ ਚੁੱਕੀ ਸੀ, ਜਦੋਂ ਡਾਕਟਰੀ ਮਾਹਰ ਲੰਮੇ ਸਮੇਂ ਤੋਂ ਇਹ ਕਹਿੰਦੇ ਆ ਰਹੇ ਸਨ ਕਿ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਪਾਜ਼ੇਟਿਵ ਕੇਸਾਂ ਦੀ ਨਿਸ਼ਾਨਦੇਹੀ ਕਰਨ ਤੇ ਤਾਜ਼ਾ ਸੰਪਰਕਾਂ ਨੂੰ ਲੱਭਣ ਹਿੱਤ ਟੈਸਟਿੰਗ ਅਤਿ ਜ਼ਰੂਰੀ ਹੈ; 20 ਜੂਨ ਨੂੰ ਟਰੰਪ ਨੇ ਤੁਲਸਾ, ਓਕਲਾਹੋਮਾ ਵਿਖੇ ਰੈਲੀ ਵਿਚ ਟੈਸਟਿੰਗ ਉਪਰ ਆਪਣੇ ਫਲਸਫੇ ਦਾ ਪ੍ਰਗਟਾਵਾ ਕੀਤਾ, "ਜਦੋਂ ਤੁਸੀਂ ਇਸ ਹੱਦ ਤਕ ਟੈਸਟ ਕਰਦੇ ਹੋ ਤਾਂ ਤੁਸੀਂ ਹੋਰ ਲੋਕਾਂ ਨੂੰ ਲੱਭਣ ਜਾ ਰਹੇ ਹੋ ਤਾਂ ਤੁਸੀਂ ਹੋਰ ਕੇਸ ਲੱਭਣ ਜਾ ਰਹੇ ਹੋ। ਇਸ ਲਈ ਮੈਂ ਆਪਣੇ ਲੋਕਾਂ ਨੂੰ ਕਿਹਾ, "ਕਿਰਪਾ ਕਰ ਕੇ ਟੈਸਟਿੰਗ ਨੂੰ ਹੌਲੀ ਕਰ ਦਿਓ।"

ਟੈਸਟਿੰਗ ਤੋਂ ਇਲਾਵਾ ਟਰੰਪ ਆਪਣੇ ਪ੍ਰਸ਼ਾਸਨ ਦੇ ਹੀ ਵਿਗਿਆਨੀਆਂ ਅਤੇ ਡਾਕਟਰੀ ਮਾਹਰਾਂ ਵਲੋਂ ਸਿਫਾਰਸ਼ ਕੀਤੇ ਕਰੋਨਾ ਦੇ ਫੈਲਣ ਵਿਰੁਧ ਰੋਕਥਾਮ ਉਪਾਵਾਂ ਦਾ ਵੀ ਵਿਰੋਧ ਕਰਦਾ ਰਿਹਾ, ਜਿਵੇਂ ਸੀ.ਡੀ.ਸੀ. ਦੇ ਦਿਸ਼ਾ-ਨਿਰਦੇਸ਼ਾਂ ਦਾ। ਉਦਾਹਰਣ ਵਜੋਂ, ਆਪ ਨਕਾਬ ਪਹਿਨਣ ਦੀ ਬਜਾਏ, ਉਹ ਆਪਣੇ ਵਿਰੋਧੀਆਂ ਦੇ ਨਿਯਮਿਤ ਤੌਰ 'ਤੇ ਨਕਾਬ ਪਹਿਨਣ ਦਾ ਮਖੌਲ ਉਡਾਉਂਦਾ ਅਤੇ ਅਕਸਰ ਅਮਲੀ ਤੌਰ 'ਨਾ-ਨਕਾਬ', 'ਨਾ ਸਮਾਜਿਕ ਦੂਰੀ' ਵਾਲੀਆਂ 'ਅਤਿ ਵਾਇਰਸ ਫੇਲਾਊ' ਚੋਣ ਰੈਲੀਆਂ ਕਰਦਾ ਰਿਹਾ।

ਸ਼ੁਰੂਆਤ ਵਿਚ ਹੀ ਇਹ ਜਾਣਨ ਦੇ ਬਾਵਜੂਦ ਕਿ ਕਰੋਨਾ ਵਾਇਰਸ ਉਡਦੇ-ਘੱਟੀ (ਏਅਰਬੌਰਨ) ਅਤੇ ਘਾਤਕ ਹੈ, ਟਰੰਪ ਮਹਾਮਾਰੀ ਦੌਰਾਨ ਕਰਦੇ ਰਹੇ ਇਸ ਤਰ੍ਹਾਂ ਦੇ ਮੰਤਰਾਂ ਦੇ ਜਾਪ ਕਿ ਕਰੋਨਾ ਵਾਇਰਸ "ਇੱਕ ਛਲ ਹੈ", "ਆਮ ਫਲੂ ਵਾਂਗ ਹੈ", "ਅਲੋਪ ਹੋ ਜਾਵੇਗੀ", "ਵੈਕਸੀਨ ਬਣੀ ਕਿ ਬਣੀ", "ਆਰਥਿਕਤਾ ਨੂੰ ਖੋਲ੍ਹੋ"। ਇਨ੍ਹਾਂ ਅਤੇ ਉਪਰੋਕਤ ਵਿਚਾਰੇ ਗਏ ਹੋਰ ਤੱਥਾਂ ਨਾਲ ਇਹ ਸਮਝਣ ਲਈ ਕਿਸੇ ਆਈਨਸਟਾਈਨ ਦੀ ਜ਼ਰੂਰਤ ਨਹੀਂ ਕਿ ਟਰੰਪ ਦੀ ਸ਼ੁਰੂ ਤੋਂ ਹੀ ਵਾਇਰਸ ਨਾਲ ਟੱਕਰ ਲੈਣ ਵਿਚ ਕੋਈ ਦਿਲਚਸਪੀ ਨਹੀਂ ਸੀ। ਜਦੋਂ ਉਸ ਨੇ ਲੋਕਾਂ ਨੂੰ ਕਰੋਨਾ 'ਤੇ ਸਵਾਰੀ ਲਈ ਕਿਹਾ, "ਇਸ ਦੀ ਮੱਝਾਂ/ਗਾਂਵਾਂ ਵਾਂਗ ਸਵਾਰੀ ਕਰੋ", ਤਾਂ ਉਹ ਸ਼ੁਗਲ ਨਹੀਂ ਸੀ ਕਰ ਰਿਹਾ। ਇਹ ਸਵਾਰੀ ਅਮਰੀਕਾ ਨੂੰ ਬਹੁਤ ਮਹਿਗੀ ਪੈ ਰਹੀ ਹੈ: 223,000 ਤੋਂ ਵੀ ਜ਼ਿਆਦਾ ਜ਼ਿੰਦਗੀਆਂ ਮੌਤ ਦੇ ਘਾਟ ਉਤਰ ਚੁੱਕੀਆਂ ਨੇ ਅਤੇ 8 ਮਿਲੀਅਨ ਲੋਕਾਂ ਕਰੋਨਾ ਪੀੜਤ ਨੇ; ਅਜੇ ਸਵਾਰੀ ਜਾਰੀ ਹੈ। ਇਨ੍ਹਾਂ ਵਿਚੋਂ 210, 000 ਤੱਕ ਲੋਕਾਂ ਦੀ ਜਾਨ ਬਚਾਈ ਜਾ ਸਕਦੀ ਸੀ, ਜੇ ਟਰੰਪ ਪ੍ਰਸ਼ਾਸਨ ਨੇ ਕਰੋਨਾ ਦਾ ਸਹੀ ਢੰਗ ਨਾਲ ਮੁਕਾਬਲਾ ਕੀਤਾ ਹੁੰਦਾ; ਇਹ ਕੋਲੰਬੀਆ ਯੂਨੀਵਰਸਿਟੀ, ਨਿਊ ਯਾਰਕ ਦੀ 22 ਅਕਤੂਬਰ 2020 ਨੂੰ ਰਿਲੀਜ਼ ਹੋਈ ਇੱਕ ਵਿਗਿਆਨਕ ਅਧਿਐਨ ਰਿਪੋਰਟ ਵਿਚਲਾ ਨਤੀਜਾ ਹੈ।

ਮੁੱਕਦੀ ਗੱਲ, ਪ੍ਰਧਾਨ ਟਰੰਪ ਦਾ ਵਾਇਰਸ ਬਾਰੇ ਪ੍ਰਤੀਕਰਮ ਨਾ ਸਿਰਫ ਗੈਰ-ਵਿਗਿਆਨ ਰਿਹਾ, ਬਲਕਿ ਅਕਸਰ ਵਿਗਿਆਨ ਦੇ ਐਨ ਵਿਰੋਧ ਵਿਚ ਵੀ ਹੁੰਦਾ ਹੈ। ਅਜਿਹੇ ਵਿਹਾਰਾਂ ਨੇ ਟਰੰਪ ਦੇ ਮਾਨਵਵਾਦ ਨਾਲ ਸੰਬੰਧ ਨੂੰ ਵੀ ਸਹਿਜ ਹੀ ਪ੍ਰਗਟ ਕਰ ਦਿੱਤਾ।

ਹੁਣ ਅਸੀਂ ਦੇਖਾਂਗੇ ਕਿ ਵਿਗਿਆਨ ਅਤੇ ਮਾਨਵਵਾਦ ਕਿਵੇਂ ਸਾਡੇ ਕੰਮਾਂ ਵਿਚ ਨੇੜਿਓਂ ਜੁੜੇ ਹੋ ਸਕਦੇ ਨੇ। ਸਾਡਿਆਂ ਕੰਮਾਂ ਵਿਚ ਲਾਗੂ ਵਿਗਿਆਨ ਪ੍ਰਤੀ ਸਾਡਾ ਰਵੱਈਆ/ਪਹੁੰਚ ਸਾਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਕ ਪਾਸੇ ਮਾਨਵਵਾਦੀ ਬਣਾ ਸਕਦੀ ਹੈ ਜਾਂ ਦੂਜੇ ਪਾਸੇ ਸਾਡੇ ਅਣਮਨੁੱਖੀ ਹੋਣ ਜਾਂ ਦਿਸਣ ਦਾ ਝਲਕਾਰਾ ਦੇ ਸਕਦੀ ਹੈ।

## ਵਿਗਿਆਨ ਤੋਂ ਮਾਨਵਵਾਦ ਤੱਕ

ਬੌਬ ਵੁਡਵਰਡ ਕਿਤਾਬ 'ਗੁੱਸਾ' (Rage) ਲਈ ਉਹਦੀਆਂ ਟਰੰਪ ਨਾਲ ਰਿਕਾਰਡ ਕੀਤੀਆਂ ਮੁਲਾਕਾਤਾਂ ਵਿਚੋਂ ਜਾਰੀ ਅੰਸ਼ਾਂ ਨੇ ਇਸ ਕੌੜੇ ਸੱਚ ਨੂੰ ਉਜਾਗਰ ਕਰ ਦਿੱਤਾ ਕਿ ਕਰੋਨਾ ਮਹਾਮਾਰੀ ਪ੍ਰਤੀ ਟਰੰਪ ਦਾ ਰਵੱਈਆ ਅਣਜਾਣਪੁਣੇ ਜਾਂ ਭਰਮ ਜਾਲ ਵਿਚੋਂ ਨਹੀਂ ਨਿਕਲਿਆ ਸੀ; ਇਹ ਉਹ ਸੀ ਜਿਸ ਨੂੰ ਬਹੁਤ ਸਾਰੇ ਲੋਕ ਚੇਤੰਨ ਧੋਖਾ ਜਾਂ ਛਲ ਕਹਿਣਗੇ। ਉਦਾਹਰਣ ਵਜੋਂ 7 ਫਰਵਰੀ ਦੇ ਫੋਨ ਕਾਲ ਦੌਰਾਨ ਟਰੰਪ ਨੇ ਕਰੋਨਾ ਨੂੰ ਉਡਦੇਘੱਟੀ (ਏਅਰਬੌਰਨ) ਦਰਸਾਇਆ, "ਇਹ ਹਵਾ ਵਿਚੋਂ ਲੰਘਦੀ ਹੈ, ਬੌਬ", "ਜੋ ਫਲੂ ਨਾਲੋਂ ਜ਼ਿਆਦਾ ਘਾਤਕ ਹੈ", "ਇਹ ਤੁਹਾਡੇ ਸਖਤ ਫਲੂ ਨਾਲੋਂ ਵੀ ਵਧੇਰੇ ਮਾਰੂ ਹੈ ... ਇਹ ਘਾਤਕ ਚੀਜ਼ ਹੈ।" ਫਿਰ ਵੀ ਟਰੰਪ ਲੋਕਾਂ ਸਾਹਵੇਂ ਕਰੋਨਾ ਵਾਇਰਸ ਨੂੰ ਆਮ ਫਲੂ ਕਹਿ ਰਿਹਾ ਸੀ। ਇਹ ਜਾਣਨ ਦੇ ਬਾਵਜੂਦ ਕਿ ਇਹ ਵਾਇਰਸ ਹਵਾ ਵਿਚੋਂ ਲੰਘ ਜਾਂਦੀ ਹੈ, ਉਹ ਮਾਸਕ ਪਹਿਨਣ ਦਾ ਮਜ਼ਾਕ ਉਡਾਉਂਦਾ ਅਤੇ 'ਨਾ-ਨਕਾਬ', 'ਨਾ ਸਮਾਜਿਕ ਦੂਰੀ' ਵਾਲੀਆਂ 'ਅਤਿ ਵਾਇਰਸ ਫੇਲਾਊ' ਚੋਣ ਰੈਲੀਆਂ ਕਰਦਾ ਰਿਹਾ। ਸੋਚ ਜਾਂ ਕਦਰ-ਕੀਮਤ ਜਿਹਨੂੰ ਕੋਈ ਚੇਤੰਨ ਤੌਰ 'ਤੇ ਲੋਕਾਂ ਨੂੰ ਮਾਰੂ ਵਾਇਰਸ ਦੇ ਮੂੰਹ ਵਿਚ ਧੱਕਣ ਲਈ ਵਰਤ ਸਕਦਾ ਸਕਦਾ ਹੈ, ਖੁਦ ਦੇ ਹਿੱਤ ਦੀ ਪੂਰਤੀ ਲਈ; ਕੀ ਰਿਸ਼ਤਾ ਹੋਵੇਗਾ ਅਜਿਹੀ ਸੋਚ ਜਾਂ ਕਦਰ ਕੀਮਤ ਦਾ ਮਾਨਵਵਾਦ ਦੇ ਨਾਲ?

ਟਰੰਪ ਨੂੰ ਪਹਿਲਾਂ ਪਤਾ ਸੀ ਕਿ ਕਰੋਨਾ ਵਾਇਰਸ ਨੌਜਵਾਨ ਲੋਕਾਂ ਲਈ ਵੀ ਖਤਰਨਾਕ ਹੈ, ਜਿਵੇਂ 19 ਮਾਰਚ ਨੂੰ ਉਹਨੇ ਵੁਡਵਰਡ ਨੂੰ ਕਿਹਾ, "ਇਹ ਸਿਰਫ ਬੁੱਢੇ ਲੋਕ 'ਤੇ ਹੀ ਨਹੀਂ ... ਬੱਚਿਆਂ/ਨੌਜਵਾਨਾਂ 'ਤੇ ਵੀ ਵਰ੍ਹਦੀ ਹੈ। ਫਿਰ ਵੀ ਉਸ ਨੇ ਅਮਰੀਕੀ ਜਨਤਾ ਨੂੰ ਝੂਠ ਦੱਸਿਆ ਕਿ ਬੱਚੇ/ਜਵਾਨ ਵਾਇਰਸ ਤੋਂ ਸੁਰੱਖਿਅਤ ਹਨ ਅਤੇ ਇਸ ਮੰਤਰ ਦਾ ਜਾਪ ਮਹਾਮਾਰੀ ਦੌਰਾਨ ਜਾਰੀ ਰੱਖਿਆ: "ਲਗਦਾ ਹੈ, ਯੁਵਾ ਲੋਕ ਬਹੁਤ ਚੰਗੇ ਰਹਿੰਦੇ ਨੇ (ਵਾਇਰਸ ਨਾਲ ਵੀ)" (ਅਪ੍ਰੈਲ)। ਵਾਇਰਸ ਦਾ "ਯੁਵਾ ਲੋਕਾਂ ਉਤੇ ਬਹੁਤ ਘੱਟ ਪ੍ਰਭਾਵ ਪਿਆ" (ਮਈ)। "ਜੇ ਤੁਸੀਂ ਬੱਚਿਆਂ ਨੂੰ ਵੇਖਦੇ ਹੋ - ਤੇ ਮੈਂ ਲਗਭਗ ਨਿਸ਼ਚਤ ਤੌਰ ਤੇ ਕਹਾਂਗਾ - ਇਸ ਬਿਮਾਰੀ ਤੋਂ ਮੁਕਤ ਹਨ।" (ਅਗਸਤ)। ਟਰੰਪ ਇਹ ਸਭ ਕਹਿ ਰਿਹਾ ਸੀ ਗਵਰਨਰਾਂ 'ਤੇ ਦਬਾਅ ਪਾਉਣ ਲਈ ਕਿ ਉਹ ਸਕੂਲਾਂ ਅਤੇ ਕਾਰੋਬਾਰਾਂ ਨੂੰ ਦੁਬਾਰਾ ਖੋਲ੍ਹਣ।

## ਪਰੰਪਰਾਵਾਂ ਨਾਲੋਂ ਤੋੜ-ਵਿਛੋੜਾ ਕਰਦਿਆਂ

ਆਮ ਤੌਰ 'ਤੇ ਵਿਗਿਆਨੀ ਤੇ ਮੈਡੀਕਲ ਪੇਸ਼ੇਵਰ ਅਤੇ ਉਨ੍ਹਾਂ ਦੀਆਂ ਸੰਸਥਾਵਾਂ ਪੇਸ਼ੇ ਵਜੋਂ ਰਾਜਨੀਤੀ ਤੋਂ ਬਾਹਰ ਰਹਿੰਦੇ ਹਨ ਪਰ ਕੁਦਰਤ ਦਾ ਇਹ ਬੇਮਿਸਾਲ ਵਿਆਪਕ ਪ੍ਰਯੋਗ ਜਿਸ ਨੂੰ ਕਰੋਨਾ ਵਾਇਰਸ ਮਹਾਮਾਰੀ ਕਿਹਾ ਜਾਂਦਾ ਹੈ, ਚੱਲ ਰਿਹਾ ਹੈ; ਜਿਸ ਵਿਚ ਵਿਗਿਆਨ ਤੇ ਮਨੁੱਖਤਾ ਜਾਂ ਮਨੁੱਖਤਾਵਾਦ ਪ੍ਰਤੀ ਮਨੁੱਖਾਂ ਦੇ ਰਵੱਈਏ ਦੀ ਅਜ਼ਮਾਇਸ਼ਾਂ ਵਿਚ ਰਹੀ ਹੈ। ਇਸ ਦੌਰਾਨ ਅਸਾਧਾਰਨ ਚੀਜ਼ਾਂ ਆਮ ਤੌਰ 'ਤੇ ਵਾਪਰਨਗੀਆਂ, ਜਾਂ ਜੋ ਉਹ ਪਹਿਲਾਂ ਹੀ ਵਾਪਰ ਰਹੀਆਂ ਸਨ, ਉਹ ਸ਼ਪਸ਼ਟ ਰੂਪ ਵਿਚ ਸਾਹਮਣੇ ਆਉਣਗੀਆਂ। ਆਧੁਨਿਕ ਯੁੱਗ ਦਾ ਸਭ ਤੋਂ ਅਸਾਧਾਰਨ ਵਰਤਾਰਾ ਜੋ ਕਰੋਨਾ ਤੋਂ ਵੀ ਪਹਿਲਾਂ ਤੋਂ ਹੀ ਵਾਪਰਿਆ ਆ ਰਿਹਾ ਹੈ, ਉਹ ਹੈ ਲੁਭਾਊ ਲਹਿਰ ਜੋ ਪੱਛਮੀ ਜਮਹੂਰੀਅਤ ਦੀ ਵਰਤੋਂ ਕਰਦੀ ਹੋਈ ਹੀ ਜਮਹੂਰੀਅਤ ਦੇ ਅਦਾਰਿਆਂ ਨੂੰ ਨੁਕਸਾਨ ਪਹੁੰਚਾ ਰਹੀ ਹੈ, ਜਮਹੂਰੀਅਤ ਨੂੰ ਤਹਿਸ-ਨਹਿਸ ਕਰਨ ਦੇ ਇਰਾਦੇ ਨਾਲ; ਇਸ ਪ੍ਰਕਿਰਿਆ ਵਿਚ ਤਰਕ, ਵਿਗਿਆਨ ਤੇ ਮਾਨਵਵਾਦ ਦਾ ਖੰਡਨ ਕਰਦੀ ਹੋਈ। ਕੁਦਰਤ ਕੋਲ ਭੌਤਿਕ ਵਿਗਿਆਨ ਉਸ ਸਿਧਾਂਤ ਦਾ ਆਪਣਾ ਸਮਾਜਕ ਰੂਪ ਵੀ ਹੋਵੇਗਾ ਜਿਸ ਸਿਧਾਂਤ ਅਨੁਸਾਰ ਹਰ ਕਿਰਿਆ ਪ੍ਰਤੀ ਇੱਕ ਬਰਾਬਰ ਸ਼ਕਤੀ ਵਾਲੀ ਉਲਟ-ਕਿਰਿਆ ਹੁੰਦੀ ਹੈ। ਕਰੋਨਾ ਵਾਇਰਸ ਮਹਾਮਾਰੀ ਦੇ ਸੰਬੰਧ ਵਿਚ ਲੁਭਾਊ ਲਹਿਰ ਦੇ ਵਿਸ਼ਵ ਨੇਤਾ ਆਪਣੀਆਂ ਕਾਰਵਾਈਆਂ ਤੇ ਨਾ-ਕਾਰਵਾਈਆਂ ਰਾਹੀਂ ਐਸੇ ਹੱਦਾਂ ਬੰਨੇ ਤੋੜ ਨਿਕਲੇ ਕਿ ਵਿਗਿਆਨ ਖੇਤਰ ਦਾ ਵੀ ਕੜ ਟੁੱਟ ਗਿਆ।

ਦੁਨੀਆ ਦੇ ਸਭ ਤੋਂ ਨਾਮਵਰ ਮੈਡੀਕਲ ਰਸਾਲਿਆਂ ਵਿਚੋਂ ਇਕ (The New England Journal of Medicine) ਨੇ ਰਾਜਨੀਤੀ ਵਿਚ ਦਖਲ ਨਾ ਦੇਣ ਦੀ ਆਪਣੀ ਦੋ ਸਦੀਆਂ ਤੋਂ ਵੀ ਪੁਰਾਣੀ ਪਰੰਪਰਾ ਨੂੰ ਤੋੜਦਿਆਂ ਕਰੋਨਾ ਮਹਾਮਾਰੀ ਦਾ ਟਾਕਰਾ ਕਰਨ ਵਿਚ ਟਰੰਪ ਪ੍ਰਸ਼ਾਸਨ ਨੂੰ "ਖਤਰਨਾਕ ਤੌਰ 'ਤੇ ਅਯੋਗ" ਹੋਣ ਦਾ ਖਿਤਾਬ ਦਿੰਦੇ ਵੋਟਾਂ ਪਾ ਕੇ ਇਸ ਨੂੰ ਦਫਤਰ ਤੋਂ ਬਾਹਰ ਕੱਢਣ ਦਾ ਸੱਦਾ ਦਿੱਤਾ। ਆਪਣੀ 175 ਸਾਲਾਂ ਦੀ ਪਰੰਪਰਾ ਤੋੜਦਿਆਂ ਇਕ ਹੋਰ ਵੱਕਾਰੀ ਅਮਰੀਕੀ ਮੈਗਜ਼ੀਨ 'ਸਾਇੰਟਫਿਕ ਅਮੈਰਿਕਨ' ਨੇ ਪਹਿਲਾਂ ਹੀ ਪਹਿਲੀ ਵਾਰ ਰਾਜਨੀਤੀ ਦਾ ਦਖਲ ਦਿੰਦੇ ਹੋਏ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਈਡਨ ਦੀ ਹਮਾਇਤ ਕੀਤੀ ਹੈ, ਇਹ ਕਹਿੰਦਿਆਂ, "ਡੋਨਲਡ ਟਰੰਪ ਨੇ ਅਮਰੀਕਾ ਤੇ ਇਸ ਦੇ ਲੋਕਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਹੈ - ਕਿਉਂਕਿ ਉਹ ਸਬੂਤ ਅਤੇ ਵਿਗਿਆਨ ਨੂੰ ਰੱਦ ਕਰਦਾ ਹੈ।"

# ਪੁਲੀਸ ਦਾ ਨਾਟਕ

ਕਲਾ ਪਰਿਕਰਮਾ

ਪੰਜਾਬ ਅੱਜਕੱਲ੍ਹ ਸੌਂਦਾ ਨਹੀਂ। ਸੜਕਾਂ, ਰੇਲ ਪਟੜੀਆਂ, ਟੋਲ ਪਲਾਜ਼ਿਆਂ, ਪੈਟਰੋਲ ਪੰਪਾਂ, ਵੱਡੇ ਸਟੋਰਾਂ ਦੇ ਸਾਹਮਣੇ ਚੌਕੀਦਾਰ ਵਾਂਗ ਖੜ੍ਹਾ ਹੈ। ਰੰਗਕਰਮੀ 'ਜਾਗਦੇ ਰਹੋ' ਦਾ ਹੋਕਾ ਦੇ ਰਿਹਾ ਹੈ। ਜਾਗਣ ਦੇ ਵੇਲੇ ਜੇ ਕੋਈ ਘੜੀ ਦੀਆਂ ਸੂਈਆਂ ਵੱਲ ਦੇਖ ਰਿਹਾ ਹੈ ਤਾਂ ਸਮਝੋ ਉਹਦੀ ਤੱਕਣੀ 'ਚ ਕਾਣ ਹੈ। ਬਿਲਕੁਲ ਉਵੇਂ ਹੀ ਜਿਵੇਂ ਮੋਰਚੇ ਦੇ ਦਿਨ ਗਿਣਨੇ ਨਾਂਹ ਪੱਖੀ ਸੋਚ ਹੈ। ਜਦੋਂ ਸਭ ਕੁਝ ਦਾਅ 'ਤੇ ਲੱਗਿਆ ਹੋਵੇ, ਉਦੋਂ ਸੁੱਤਿਆਂ ਵੀ ਬੰਦਾ ਜਾਗਦਾ ਰਹਿੰਦਾ ਹੈ ਪਰ ਜੋ ਸਦੀਆਂ ਤੋਂ ਸੁੱਤੇ ਹਨ, ਜੋ ਸਦੀਆਂ ਤੋਂ ਸਾਨੂੰ



**ਡਾ. ਸਾਹਿਬ ਸਿੰਘ**
ਫੋਨ: +91-98880-11096

ਸੌਣ ਦੀਆਂ ਨਸੀਹਤਾਂ ਦੇ ਰਹੇ ਹਨ, ਉਨ੍ਹਾਂ ਦਾ ਕੀ ਕਰੀਏ! ਆਓ ਇਕ ਨਾਟਕ ਦਿਖਾਵਾਂ। ਇਸ ਨਾਟਕ ਦਾ ਮੰਚਨ ਸਥਾਨ ਮੋਗਾ ਸ਼ਹਿਰ ਦੀਆਂ ਸੜਕਾਂ, ਰੇਲ ਦੀ ਪਟੜੀ, ਸਿਟੀ ਥਾਣਾ ਹੈ। ਰਾਤ ਦੇ ਦਸ ਵਜੇ ਤੋਂ ਉਪਰ ਦਾ ਸਮਾਂ ਹੈ। 'ਇਪਟਾ' ਮੋਗਾ ਦੇ ਕਲਾਕਾਰ ਚਾਅ, ਉਤਸ਼ਾਹ ਅਤੇ ਤਸੱਲੀ ਨਾਲ ਭਰੇ ਮਾਨਸਾ ਤੋਂ ਮੋਗਾ ਵੱਲ ਜਾ ਰਹੇ ਹਨ। ਚਾਅ ਸਰਗਰਮੀ ਭਰੇ ਦਿਨ ਦੀ ਸਮਾਪਤੀ ਦਾ ਹੈ। ਉਤਸ਼ਾਹ ਟਿਕਾਣੇ 'ਤੇ ਪਹੁੰਚ ਸਾਥੀਆਂ ਨਾਲ ਅੱਜ ਦੇ ਤਜਰਬੇ ਸਾਂਝੇ ਕਰਨ ਦਾ ਅਤੇ ਤਸੱਲੀ ਇਸ ਗੱਲ ਦੀ ਕਿ ਖੇਤਾਂ ਦੇ ਪੁੱਤਾਂ ਦੇ ਵਿੱਢੇ ਸੰਘਰਸ਼ ਵਿਚ ਆਪਣਾ ਹਿੱਸਾ ਪਾ ਕੇ ਆਏ ਹਾਂ। ਗੱਡੀ ਚਲਾਉਂਦੇ ਸੀਨੀਅਰ ਕਲਾਕਾਰ ਨੇ ਅੱਗੇ ਜਾਣਾ ਹੈ। ਉਸ ਨੇ ਤਿੰਨ ਕਲਾਕਾਰਾਂ ਨੂੰ ਬੱਸ ਸਟੈਂਡ ਦੇ ਲਾਗੇ ਸੜਕ ਉਤੇ ਲਾਹ ਦਿੱਤਾ ਹੈ। ਹੁਣ ਮੁੱਖ ਭੂਮਿਕਾ ਇਨ੍ਹਾਂ ਤਿੰਨਾਂ ਦੀ ਹੈ। ਗੱਲਾਂ ਕਰਦੇ, ਹਾਸੇ ਵੰਡਦੇ, ਤਿੰਨ ਕਲਾਕਾਰ ਰੇਲਵੇ ਪਟੜੀ ਵੱਲ ਵਧ ਰਹੇ ਹਨ ਜਿੱਥੇ ਪਹੁੰਚ ਕੇ ਧਰਨੇ 'ਤੇ ਬੈਠੇ ਸਾਥੀਆਂ ਸੰਗ ਇਨ੍ਹਾਂ ਰਾਤ ਦਾ ਲੰਗਰ ਛਕਣਾ ਹੈ ਤੇ ਫਿਰ ਨਛੱਤਰ ਭਵਨ 'ਚ ਜਾ ਕੇ ਆਰਾਮ ਕਰਨਾ ਹੈ।



ਫੁਰਸਤ ਦੇ ਪਲਾਂ ਦੌਰਾਨ ਨਾਟਕ ਕਲਾਕਾਰ।

ਭਰਪੂਰ ਨਾਟਕ ਇੰਨੀ ਸਹਿਜਤਾ ਨਾਲ ਕਦੋਂ ਸਮਾਪਤ ਹੁੰਦਾ ਹੈ। ਤਣਾਅ ਦੀ ਲੋੜ ਪੈਂਦੀ ਹੈ। ਦਰਸ਼ਕ ਨੂੰ ਟੱਕਰ ਚਾਹੀਦੀ ਹੈ। ਰਾਤ ਦੀ 'ਡਿਊਟੀ' ਨਿਭਾ ਰਿਹਾ ਇਕ ਪੁਲਸੀਆ ਇਹ ਫਰਜ਼ ਨਿਭਾਉਂਦਾ ਹੈ। ਉਸ ਨੂੰ ਤਣਾਅ ਸਿਰਜਣ ਦੀ ਏਡੀ ਕਾਹਲ ਹੈ ਕਿ ਉਹ ਵਰਦੀ ਉਤੇ ਫੀਤੀ ਵੀ ਨਹੀਂ ਸਜਾਉਂਦਾ, ਕਮੀਜ਼ ਉਤੇ ਨੇਮ ਪਲੇਟ ਵੀ ਨਹੀਂ ਲਗਾਉਂਦਾ, ਇਨ੍ਹਾਂ ਤਿੰਨਾਂ ਦਾ ਰਾਹ ਰੋਕਦਾ ਹੈ। ਵਰਦੀ ਦਾ ਰੋਹਬ ਦਿਖਾਉਂਦਾ ਹੈ ਤੇ ਰਾਤ ਦੇ ਸਾਢੇ ਦਸ ਵਜੇ 'ਸੜਕ ਉਤੇ ਤੁਰਨ' ਦਾ ਕਾਰਨ ਪੁੱਛਦਾ ਹੈ। ਕਲਾਕਾਰ ਪੜ੍ਹੇ ਲਿਖੇ ਹਨ। ਅਵਤਾਰ ਸਿੰਘ ਅਤੇ ਵੀਰਪਾਲ ਕੌਰ ਪੰਜਾਬ ਯੂਨੀਵਰਸਿਟੀ ਦੇ ਰੰਗਮੰਚ ਵਿਭਾਗ ਤੋਂ ਮਾਸਟਰਜ਼ ਦੀ ਡਿਗਰੀ ਕਰ ਰਹੇ ਹਨ ਅਤੇ ਗੁਰਤੇਜ ਬਰਜਿੰਦਰਾ ਕਾਲਜ ਫਰੀਦਕੋਟ ਤੋਂ ਮਾਸਟਰਜ਼ ਕਰ ਚੁੱਕਾ ਹੈ। ਉਹ ਸਿਆਣਿਆਂ ਵਾਂਗ ਜਵਾਬ ਦਿੰਦੇ ਹਨ। ਪੁਲਸੀਏ ਨੂੰ ਸ਼ਾਇਦ ਸਿਆਣੀ ਗੱਲ ਪੱਲੇ ਨਹੀਂ ਪੈਂਦੀ। ਉਹ ਇਸ ਨਾਟਕ ਨੂੰ ਅੱਗੇ ਤੋਰਦਾ ਹੈ।

ਕੁੜੀ ਨੂੰ ਕਹਿੰਦਾ ਹੈ ਕਿ ਉਹ ਆਪਣੇ ਮਾਪਿਆਂ ਨਾਲ ਉਸ ਦੀ ਗੱਲ ਕਰਾਵੇ। ਕੁੜੀ ਫਿਰ ਸਿਆਣਾ ਅਤੇ ਸੁਭਾਵਿਕ ਜਵਾਬ ਦਿੰਦੀ ਹੈ ਕਿ ਇਸ ਸਮੇਂ ਘਰ ਦੇ ਸੁੱਤੇ ਪਏ ਹੋਣਗੇ। ਉਸ ਵਿਚਾਰੀ ਨੂੰ ਕੀ ਪਤਾ ਕਿ ਇੰਨੀ ਗੱਲ ਕਹਿ ਕੇ ਉਸ ਨੇ ਪੁਲਸੀਏ ਦੇ ਅੰਦਰ ਬੈਠੇ, ਸਦੀਆਂ ਤੋਂ ਰੋਹਬ ਝਾੜਦੇ, ਫੈਸਲੇ ਕਰਦੇ, ਨੇਮ ਬਣਾਉਂਦੇ, ਸਜ਼ਾਵਾਂ ਦਿੰਦੇ ਜਗੀਰੂ ਰੁਤਬੇ ਨੂੰ ਜਗਾ ਦਿੱਤਾ ਹੈ। ਉਹ 'ਹੋਰ ਜ਼ਿਆਦਾ ਪੁਲਸੀਆ' ਹੋ ਜਾਂਦਾ ਹੈ ਤੇ ਜਾਣੀ-ਪਛਾਣੀ ਟਿੱਪਣੀ ਕਰਦਾ ਹੈ, 'ਐਸ ਵੇਲੇ ਸ਼ਰੀਫ ਲੋਕ ਸੁੱਤੇ ਹੀ ਹੁੰਦੇ ਨੇ!' ਹੁਣ ਉਹ ਖਾਕੀ ਵਰਦੀ ਵਾਲਾ ਪੁਲਸੀਆ ਘੱਟ 'ਸਮਾਜਿਕ ਪੁਲਸੀਆ' ਵੱਧ ਲੱਗਣ ਲੱਗ ਪਿਆ ਹੈ ਤੇ ਅਚਾਨਕ ਸਮਾਜ ਦੇ ਇਕ ਵੱਡੇ ਹਿੱਸੇ ਦੀ ਪ੍ਰਤੀਨਿਧਤਾ ਕਰਨ ਲੱਗਦਾ ਹੈ ਜਿਹੜਾ ਹਿੱਸਾ ਇਹ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਕਿੰਨੇ ਵਜੇ ਤਕ ਕੁੜੀਆਂ ਘਰਾਂ ਤੋਂ ਬਾਹਰ ਰਹਿਣ ਤਾਂ ਸ਼ਰੀਫ ਹੁੰਦੀਆਂ ਹਨ ਤੇ ਕਿੰਨੇ ਵਜੇ ਉਹ 'ਬਦਮਾਸ਼ ਤੇ ਬਦਚਲਣ' ਹੋ ਜਾਂਦੀਆਂ ਹਨ। ਉਹ ਆਪਣੇ ਜਿਸਮ 'ਤੇ ਟੰਗੀ ਅੱਧ ਅਧੂਰੀ ਵਰਦੀ ਦਾ ਫਰਜ਼ ਵੀ ਭੁੱਲ ਜਾਂਦਾ ਹੈ। ਜੇ ਸੱਚੀਂ ਉਸ ਨੂੰ ਲੱਗਦਾ ਹੈ ਕਿ ਰਾਤ ਨੂੰ ਕੁੜੀਆਂ ਸੁਰੱਖਿਅਤ ਨਹੀਂ ਤਾਂ ਉਹਦੀ ਵਰਦੀ ਦਾ ਫਰਜ਼ ਤਾਂ ਇਹ ਬਣਦਾ ਹੈ ਕਿ ਕੁੜੀਆਂ ਦੀ ਰਾਖੀ ਕਰੇ, ਕੁੜੀਆਂ ਲਈ ਖਤਰਾ ਪੈਦਾ ਕਰਨ ਵਾਲੇ ਅਨਸਰਾਂ ਨੂੰ ਨੱਥ ਪਾਵੇ, ਪਰ ਉਹ ਤਾਂ ਖੁਦ ਖਤਰਨਾਕ ਹੈ। ਉਹ ਨਸ਼ੇ 'ਚ ਹੈ, ਦੂਹਰੇ ਨਸ਼ੇ 'ਚ। ਇਕ ਤਾਕਤ ਦਾ ਨਸ਼ਾ ਤੇ ਉਤੋਂ ਡਿਊਟੀ ਸਮੇਂ ਉਸ ਦੀ ਪੀਤੀ ਹੋਈ ਹੈ। 'ਕਮਲੇ ਕਲਾਕਾਰ' ਕਿਸ ਨਾਲ ਟੱਕਰ ਲੈ ਰਹੇ ਹਨ। ਤਾਕਤ ਅਤੇ ਨਸ਼ਾ ਕਲਾਕਾਰਾਂ ਨੂੰ ਥਾਣੇ ਲੈ ਜਾਂਦਾ ਹੈ।

ਥਾਣੇ ਦਾ ਮੁਨਸ਼ੀ ਉਸ ਪੁਲਸੀਏ ਨੂੰ ਬਰਾਬਰ ਕੁਰਸੀ ਦਿੰਦਾ ਹੈ। ਕਲਾਕਾਰ ਸ਼ਿਕਾਇਤ ਕਰਦੇ ਹਨ ਕਿ ਪੁਲਸੀਏ ਦੀ ਪੀਤੀ ਹੋਈ ਹੈ। ਉਹ ਮਾਣ ਨਾਲ ਕਹਿੰਦਾ ਹੈ, 'ਹਾਂ, ਪੀਤੀ ਹੈ। ਫੇਰ?' ਮੁਨਸ਼ੀ ਉਸ ਨੂੰ ਵਰਜਦਾ ਨਹੀਂ। ਉਲਟਾ ਉਸ ਦਾ ਰੋਲ ਖੁਦ ਨਿਭਾਉਂਦਿਆਂ ਕੁੜੀ ਨੂੰ ਧਮਕੀ ਦਿੰਦਾ ਹੈ- 'ਤੇਰੇ ਵਰਗੀਆਂ' ਫਿਰ ਸ਼ਿਕਾਇਤਾਂ ਕਰਦੀਆਂ ਫਿਰਦੀਆਂ ਹੁੰਦੀਆਂ। ... ਲਗਭਗ ਰਾਤ ਦੇ ਗਿਆਰਾਂ ਵਜੇ ਨਿਆਂ ਅਤੇ ਕਾਨੂੰਨ ਨਾਲ ਜੁੜਿਆ ਇਕ ਅਦਾਰਾ ਇਸ ਟਿੱਪਣੀ ਤੋਂ ਬਾਅਦ ਸੁੰਨ ਹੋ ਜਾਂਦਾ ਹੈ। ਰਾਤ ਦੇ ਸੰਨਾਟੇ 'ਚ ਇਹ ਬੋਲ ਇਕ ਥੱਪੜ ਵਾਂਗ ਸਮਾਜ ਦੇ ਕਰੂਪ ਚਿਹਰੇ 'ਤੇ ਵੱਜਦੇ ਹਨ। ਇਉਂ ਲੱਗਦਾ ਜਿਵੇਂ ਥਾਣੇ ਦੀਆਂ ਕੰਧਾਂ ਐਲਾਨ ਕਰ ਰਹੀਆਂ ਹੋਣ, 'ਜ਼ੁਲਮ ਸਹੋ, ਧੱਕਾ ਬਰਦਾਸ਼ਤ ਕਰੋ, ਬੰਦਿਸ਼ਾਂ ਕਬੂਲ ਕਰੋ! ਪਰ ਸ਼ਿਕਾਇਤ ਨਾ ਕਰੋ।' ਦਿੱਲੀ ਦੀ ਬੱਸ 'ਚ ਬੈਠੀ ਨਿਰਭਯਾ ਦੀਆਂ ਅੱਖਾਂ ਸਾਹਮਣੇ ਧੁੰਦਲਾ ਅਕਸ ਸਿਰਜਦੀ ਲੋਹੇ ਦੀ ਰਾਡ ਵੀ ਤਾਂ ਸ਼ਾਇਦ ਇਹੀ ਐਲਾਨ ਕਰ ਰਹੀ ਸੀ। ਜਾਨਵਰਾਂ ਦੇ ਰੋਗ ਕੱਟਣ ਵਾਲੀ ਡਾ. ਪ੍ਰਿਅੰਕਾ ਉਤੇ ਜਦੋਂ ਤੇਲ ਛਿੜਕਿਆ ਗਿਆ ਹੋਵੇਗਾ, ਉਦੋਂ ਮਾਚਿਸ ਦੀ ਤੀਲੀ ਵੀ ਤਾਂ ਇਹੀ ਸਬਕ ਸਿਖਾ ਰਹੀ ਸੀ। ਇਕ ਧੀ ਦੀ ਜੀਭ ਉਨ੍ਹਾਂ ਠਾਕਰਾਂ ਨੇ ਐਵੇਂ ਤਾਂ ਨਹੀਂ ਸੀ ਕੱਟੀ। ਇਨ੍ਹਾਂ 'ਪੁਲਸੀਏ ਸ਼ਰੀਫਜ਼ਾਦਿਆਂ' ਦੀ ਸ਼ਹਿ 'ਤੇ ਹੀ ਤਾਂ ਕੱਟੀ ਸੀ ਤਾਂ ਕਿ ਉਹ ਇਨ੍ਹਾਂ ਬੁੱਚੜਖਾਨਿਆਂ 'ਚ ਪਹੁੰਚ ਕੇ ਕਿਤੇ ਸ਼ਿਕਾਇਤ ਨਾ ਕਰ ਦੇਵੇ ਕਿ ਉਸ ਦੀਆਂ ਹੱਡੀਆਂ ਸਿਰਫ ਚਾਰ ਲੋਕਾਂ ਨੇ ਨਹੀਂ, ਪੂਰੇ ਦੇ ਪੂਰੇ ਗੰਦੇ, ਭ੍ਰਿਸ਼ਟ, ਮੂੰਹਜ਼ੋਰ ਤੰਤਰ ਨੇ ਤੋੜੀਆਂ ਹਨ। ਪਾਗਲ ਨੇ ਇਹ ਕੁੜੀਆਂ। ਪਤਾ ਨਹੀਂ ਇਕ ਨਿੱਕੀ ਜਿਹੀ ਗੱਲ ਇਨ੍ਹਾਂ ਨੂੰ ਕਿੰਨੀ ਵਾਰ ਸਮਝਾਉਣੀ ਪਏਗੀ। ਅਸੀਂ ਤਾਂ ਫਰਾਂਸ ਤੋਂ ਆਈ 'ਕੇਤੀਆ' ਨੂੰ ਵੀ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਅਸੀਂ ਬਹੁਤ 'ਤਾਕਤਵਰ' ਹਾਂ। ਨਾਸਮਝਾਂ ਨੂੰ ਕੌਣ ਸਮਝਾਵੇ?

ਇਨ੍ਹਾਂ 'ਵੀਰਪਾਲਾਂ' 'ਤੇ ਤਾਂ ਦੁੱਗਣਾ ਗੁੱਸਾ ਹੈ। ਇਹ ਨਾ ਖੁਦ ਨਾਲ ਧੱਕਾ ਹੋਣ ਦਿੰਦੀਆਂ ਹਨ, ਨਾ ਕਿਸੇ ਹੋਰ ਨਾਲ ਹੋਇਆ ਧੱਕਾ ਬਰਦਾਸ਼ਤ ਕਰਦੀਆਂ ਸਗੋਂ ਬੋਲਦੀਆਂ ਹਨ। ਸੜਕਾਂ ਚੌਰਾਹਿਆਂ ਗਲੀਆਂ 'ਚ ਡਫਲੀ ਖੜਕਾਉਂਦੀਆਂ ਨੇ। ਆਜ਼ਾਦ ਹਸਤੀ ਦਾ ਇਹ ਪੈਗ਼ਾਮ ਤਾਂ ਬਰਦਾਸ਼ਤ ਨਹੀਂ ਹੋਵੇਗਾ। ਸਜ਼ਾ ਤਾਂ ਮਿਲੇਗੀ। ਹੁਣ ਤੁਸੀਂ ਮੂੰਹ ਚੁੱਕ ਕਿਸਾਨਾਂ ਦੇ ਧਰਨਿਆਂ 'ਚ ਵੀ ਆ ਵੜੀਆਂ। ਘਰੇ ਬੈਠੋ, ਚੁੱਲ੍ਹੇ ਬਾਲੋ, ਰੋਟੀਆਂ ਬਣਾਓ, ਬੱਚੇ ਜਣੋ। ਖਬਰਦਾਰ ਜੇ ਬੋਲੀਆਂ ਤਾਂ। ਪੁਲਸੀਆ ਤੇ ਮੁਨਸ਼ੀ ... ਤੇ ਅਗਲੇ ਦੋ ਦਿਨਾਂ ਤਕ ਮੁਆਫੀ ਤੋਂ ਟਾਲਾ ਵੱਟਣ ਵਾਲਾ ਸਮੁੱਚਾ ਪ੍ਰਬੰਧ ਇਕ ਵੀਰਪਾਲ ਰਾਹੀਂ ਧਰਨਿਆਂ 'ਤੇ ਬੈਠੀਆਂ ਕੇਸਰੀ, ਗੁਲਾਬੀ, ਕਾਲੀਆਂ, ਸੰਗਤਰੀ ਚੁੰਨੀਆਂ ਲੈ ਕੇ ਬੈਠੀਆਂ, ਡਾਢਿਆਂ ਦਾ ਸਿਆਪਾ ਕਰਦੀਆਂ ਤਮਾਮ ਮਾਵਾਂ ਭੈਣਾਂ ਧੀਆਂ ਨੂੰ ਵਰਜਣ ਦੀ ਕੋਸ਼ਿਸ਼ ਕਰ ਰਿਹੈ ਕਿ 'ਸ਼ਰੀਫ ਔਰਤਾਂ ਘਰੇ ਬਹਿੰਦੀਆਂ ਹੁੰਦੀਆਂ, ਧਰਨਿਆਂ 'ਤੇ ਨਹੀਂ। ਕਲਾਕਾਰ ਸਿਰਫ ਨੱਚਣ ਟੱਪਣ ਲਈ ਹੁੰਦੇ ਆ, ਫਿਕਰਮੰਦੀ ਵਾਲੀ ਭੂਮਿਕਾ ਨਿਭਾਉਣ ਲਈ ਨਹੀਂ!' ਨਿੱਕੀਆਂ ਜਮਾਤਾਂ 'ਚੋਂ ਪੜ੍ਹਦੇ ਆ ਰਹੇ ਹਾਂ ਕਿ ਨਾਟਕ ਦੀ ਸਮਾਪਤੀ 'ਤੇ ਲਿਖਿਆ ਹੁੰਦਾ ਹੈ- ਪਰਦਾ ਡਿੱਗਦਾ ਹੈ। ਕੀ ਕਰੀਏ, ਪਰਦਾ ਤਾਂ ਚੁੱਕਿਆ ਗਿਆ। ਨਾਟਕ ਐਨੇ ਸੌਖੇ ਸਮਾਪਤ ਕਦੋਂ ਹੁੰਦੇ ਨੇ। ਇਹ ਨਾਟਕ ਤਾਂ ਲੰਮਾ ਚੱਲੇਗਾ ਕਿਉਂਕਿ ਇਹਦਾ ਜਨਮ ਬਗਾਵਤ 'ਚੋਂ ਹੋਇਆ ਹੈ। ਇਹਨੂੰ ਸਿੰਜਿਆ ਪਿਘਲਦੇ, ਤੜਪਦੇ, ਫਿਕਰਮੰਦ ਜਜ਼ਬਿਆਂ ਨੇ ਹੈ। ਇਹਦਾ ਰਿਸ਼ਤਾ ਲੋਕਾਂ ਨਾਲ ਹੈ ਤੇ ਲੋਕ ਜ਼ਿੰਦਾ ਹੋਣ ਦਾ ਸਬੂਤ ਦੇ ਰਹੇ ਹਨ। ਇਨ੍ਹਾਂ ਜ਼ਿੰਦਾ ਲੋਕਾਂ ਦੇ ਹੁੰਦਿਆਂ ਕੀ ਮਜਾਲ ਇਨ੍ਹਾਂ 'ਪੁਲਸੀਏ ਲੋਕਾਂ' ਦੀ ਕਿ ਕਿਸੇ 'ਵੀਰਪਾਲ' ਦੀ ਸ਼ਰਾਫਤ ਦਾ ਪੈਮਾਨਾ ਪਰਖਣ। ਸਾਡੀ ਬਗਾਵਤ ਲਈ ਤਿਆਰ ਰਹੋ। 'ਸ਼ਰਾਫਤ ਦਾ ਪਿੰਜਰਾ' ਤੋੜਨ ਦਾ ਵਕਤ ਆ ਗਿਆ ਹੈ।



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਨਵੰਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-454



*ਸੁਣ ਬੀਬੀਏ! ਰਲ ਮਿਲ ਕੇ ਘਰ ਦੇ ਕੰਮ ਨਿਪਟਾਈਏ।*
*ਨਾਲੇ ਆਪਣੀ ਕਸਰਤ ਹੋ ਜੂ, ਆ ਜਾ ਜ਼ੋਰ ਅਜ਼ਮਾਈਏ।*

## ਕੈਪਸ਼ਨ ਮੁਕਾਬਲਾ-452



ਜ਼ਿੰਦਗੀ ਦਾ ਸੰਘਰਸ਼ ਕਿਵੇਂ ਹੈ ਕਰਨਾ
ਮਾਂ ਨੇ ਝੰਡਾ ਫੜਾਇਆ।
ਹੱਕ ਸੱਚ ਦੀ ਜੀਵਨ ਜਾਚ ਦਾ
ਪਹਿਲਾ ਪਾਠ ਪੜ੍ਹਾਇਆ।
ਗੁਰੂਆਂ ਵੀ ਸਿਖਿਆ ਇਹੀ ਦਿੱਤੀ
ਸ਼ਾਂਤਮਈ ਜਬਰ ਦਾ ਕਰੋ ਸਫਾਇਆ।
*-ਅਮਰਜੀਤ ਸਿੰਘ ਤੂਰ*
*ਫੋਨ: 91-98784-69639*

---

ਬੱਚੇ ਨੂੰ ਵੀ ਸਮਝ ਹੈ ਸਾਰੀ
ਝੰਡਾ ਚੁੱਕੀ ਜਾਵੇ।
ਬੀਬੀਆਂ ਨੇ ਬਣਾਇਆ ਜਥਾ
ਨਾਹਰੇ ਬੀਬੀ ਲਾਵੇ।
ਸਰਕਾਰਾਂ ਦੀਆਂ ਕੋਝੀਆਂ ਚਾਲਾਂ
ਉਚੀ ਬੋਲ ਸੁਣਾਵੇ।
ਹੁਣ ਨਾ ਰੋਕਿਆ ਰੁਕੇ ਕਿਸੇ ਤੋਂ
ਹੜ੍ਹ ਲੋਕਾਂ ਦਾ ਆਵੇ।
*-ਕੇਵਲ ਸਿੰਘ ਪੰਧੇਰ*
*ਫੋਨ: 91-98764-84032*

---

ਦਾਦੀਆਂ, ਮਾਂਵਾਂ ਤੁਰ ਪਈਆਂ ਜਦ
ਆਪਣੇ ਖੇਤ ਬਚਾਵਣ ਦੇ ਲਈ।
ਨਿੱਕੇ ਨੇ ਵੀ ਚੁੱਕ ਲਿਆ ਝੰਡਾ
ਆਪਣਾ ਫਰਜ਼ ਨਿਭਾਵਣ ਦੇ ਲਈ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਮੁਜਾਹਰਾ ਅੱਜ ਨਹੀਂ
ਕੱਲ ਵੀ ਚੱਲੇਗਾ ਕਿਸਾਨਾਂ ਦਾ,
ਮਸਲਾ ਹੱਲ ਹੋਣ 'ਤੇ ਹੀ
ਹਲ ਚੱਲੇਗਾ ਕਿਸਾਨਾਂ ਦਾ।

ਜਦੋਂ ਤੱਕ ਹੱਕਦਾਰਾਂ ਨੂੰ
ਉਨ੍ਹਾਂ ਦਾ ਹੱਕ ਨ੍ਹੀਂ ਮਿਲਦਾ,
ਉਦੋਂ ਤੱਕ ਖੇਤਾਂ 'ਚ ਖੂਨ ਬਣ ਕੇ
ਜਲ ਚੱਲੇਗਾ ਕਿਸਾਨਾਂ ਦਾ।
*-ਸਵਿੰਦਰ ਸਿੰਘ ਭੱਟੀ*

---

ਚੱਲ ਓਏ ਨਿੱਕਿਆ ਬੱਗਿਆ ਸ਼ੇਰਾ,
ਚੱਲ ਹੱਕਾਂ ਲਈ ਧਰਨੇ ਲਾਈਏ।
ਖੇਤ ਉਜਾੜਾਂ ਪੈ ਨਾ ਜਾਵਣ,
ਜਾ ਕੇ ਆਪਣੀ ਹੋਂਦ ਬਚਾਈਏ।
*-ਰਾਜਨਦੀਪ ਕੌਰ ਮਾਨ*
*ਫੋਨ: 91-62393-26166*

---

ਨਿੱਕਾ ਸ਼ੇਰ, ਰੋਹ ਦਾ ਭਰਿਆ,
ਬੀਬੀਆਂ ਦੇ ਜਥੇ ਦਾ ਬਣਿਆ ਆਗੂ।
ਚੁੱਕ ਕੇ ਝੰਡਾ, ਮਾਰੇ ਲਲਕਾਰੇ,
ਕਾਲੇ ਕਾਨੂੰਨ ਨਹੀਂ ਹੋਣ ਦੇਣੇ ਲਾਗੂ।
*-ਦਵਿੰਦਰ ਕੌਰ*

---

ਤੁਰ ਪੈਣ ਜਦੋਂ ਕਾਫਲੇ ਘੱਤ ਵਹੀਰਾਂ,
ਸੰਘਰਸ਼ ਬਦਲਦੇ ਨੇ ਝੱਟ ਤਕਦੀਰਾਂ।
ਹੱਕ ਦੇ ਲਈ ਲੜਨਾ ਧਰਮ ਸਿਖਾਵੇ,
ਚੁੱਕਿਆ ਝੰਡਾ ਭੁਝੰਗੀ ਇਹ ਦਿਖਾਵੇ।
*-ਸੇਵਾ ਸਿੰਘ ਨੂਰਪੁਰੀ*
*ਵੱਟਸ ਐਪ: 91-84378-79866*

---


ਭਾਵੇਂ ਹੈ ਨਿਆਣਾ ਪਰ ਕੰਮ ਸਿਆਣਾ।
ਆਪਣੇ ਹੱਕਾਂ ਨੂੰ ਲੈਣ ਲਈ
ਬਸ ਅੱਗੇ ਹੀ ਵਧਦੇ ਜਾਣਾ।
ਸਾਰਿਆਂ ਨਾਲ ਰਲ ਮਿਲ ਕੇ
ਆਪਣਾ ਭਵਿੱਖ ਵਧੀਆ ਬਣਾਉਣਾ।
*-ਇੰਦਰਜੀਤ ਮੰਗਾ ਪਿਟਸਬਰਗ*

---

ਹੱਕ ਮੰਗਿਆ ਮੂੰਹ-ਜ਼ਬਾਨੀ
ਨਾ ਮਿਲਿਆ ਕਦੇ, ਨਾ ਮਿਲਣ ਲੱਗਾ।
ਸਿਰੜ, ਆਪਾ ਵਾਰ, ਹਿੰਮਤ
ਮੰਗਦੀ ਕਿ ਮੰਜ਼ਿਲ 'ਤੇ ਪਹੁੰਚਣਾ।
ਰਾਹਾਂ 'ਚ ਹਨ ਕੱਖ-ਕਾਨੇ, ਸੂਲਾਂ ਤਿੱਖੀਆਂ
ਉਤੋਂ ਦੀ ਵੀ ਹੈ ਤੁਰਨਾ ਪੈਂਦਾ
ਜਿੱਤ ਗਏ ਤਾਂ ਤਖਤ, ਨਹੀਂ ਤਾਂ ਤਖਤਾ
ਦਿਲ-ਦਿਮਾਗ 'ਚ ਆਦਰਸ਼ ਰੱਖਣਾ ਪੈਂਦਾ।
*-ਦਰਸ਼ਨਪਾਲ ਦੋਸਾਂਝ*

ਬਰਸੀ 'ਤੇ ਵਿਸ਼ੇਸ਼

# ਹਰਦਿੱਤ ਸਿੰਘ ਮਲਿਕ



ਹਰਪਾਲ ਸਿੰਘ ਪੰਨੂ
ਫੋਨ: 91-94642-51454



23 ਨਵੰਬਰ 1894 ਨੂੰ ਹਰਦਿੱਤ ਸਿੰਘ ਮਲਿਕ ਖੁਸ਼ਹਾਲ ਮਾਪਿਆਂ ਘਰ ਰੌਣਕਾਂ ਭਰੇ ਸ਼ਹਿਰ ਰਾਵਲਪਿੰਡੀ (ਹੁਣ ਪਾਕਿਸਤਾਨ) ਵਿਚ ਜਨਮਿਆ। ਪਿਤਾ ਸਣੇ ਤਿੰਨ ਚਾਚਿਆਂ ਦੇ ਪਰਿਵਾਰ, ਨੌਕਰ-ਚਾਕਰ ਵੱਡੀ ਹਵੇਲੀ ਵਿਚ ਰਿਹਾ ਕਰਦੇ। ਹਰਦਿੱਤ ਦਾ ਪਿਤਾ ਰੇਲਵੇ ਲਾਈਨਾਂ ਵਿਛਾਉਣ ਦੇ ਠੇਕੇ ਲਿਆ ਕਰਦਾ, ਪੁਲ ਬਣਾਉਂਦਾ; ਕਾਰੋਬਾਰ ਵਧੀਆ ਚਲਣ ਸਦਕਾ ਇਲਾਕੇ ਦਾ ਤਕੜਾ ਜ਼ਿਮੀਂਦਾਰ ਹੋ ਗਿਆ। ਹਰਦਿੱਤ ਉਪਰ ਪਿਤਾ ਦਾ ਅਸਰ ਸਾਰਿਆਂ ਤੋਂ ਵਧੀਕ ਸੀ। ਪਰਿਵਾਰ ਕਿਹਾ ਕਰਦਾ, ਪਿਤਾ ਦਾ ਏਨਾ ਲਾਡ ਇਸ ਮੁੰਡੇ ਨੂੰ ਵਿਗਾੜ ਦਏਗਾ, ਕਿਉਂਕਿ ਜੋ ਮੰਗ ਮੂੰਹੋਂ ਕੱਢਦਾ, ਪਿਤਾ ਪੂਰੀ ਕਰ ਦਿੰਦਾ। ਮਾਂ ਨੂੰ ਸਵਾਲ ਪਾਉਂਦਾ ਵੀ ਨਾ, ਕਿਉਂਕਿ ਮਾਂ ਘੂਰ ਕੇ ਰੱਖਦੀ। ਉਹ ਨਿਤਨੇਮਣ ਬੀਬੀ ਸੀ, ਚਾਹੁੰਦੀ ਸੀ ਕਿ ਹਰਦਿੱਤ ਸਿੱਖ ਵਿਰਸੇ ਤੋਂ ਵਾਕਿਫ ਹੋਵੇ, ਸੰਜਮ ਨਾਲ ਰਹੇ। ਮਾਂ ਵਲੋਂ ਮਿਲਿਆ ਇਹ ਸੁਭਾਅ ਉਸ ਦੇ ਉਦੋਂ ਕੰਮ ਆਇਆ, ਜਦ ਪਰਦੇਸਾਂ ਵਿਚ ਇਕੱਲੇ ਨੂੰ ਵਕਤ ਬਤੀਤ ਕਰਨਾ ਪਿਆ। ਭਾਈ ਜੀ ਨੇ ਉਸ ਨੂੰ ਕੜਾ ਪਹਿਨਾਇਆ, ਜੋ ਉਸ ਨੇ ਸਾਰੀ ਉਮਰ ਵੱਖ ਨਹੀਂ ਕੀਤਾ, ਪਹਿਲੇ ਵਿਸ਼ਵ ਯੁੱਧ ਸਮੇਂ ਜੰਗੀ ਜਹਾਜ ਚਲਾਉਂਦਿਆਂ ਵੀ ਨਹੀਂ।

ਪਹਿਲਾਂ ਆਮ ਜਿਹੇ ਸਰਕਾਰੀ ਸਕੂਲ ਵਿਚ ਦਾਖਲ ਕਰਵਾਇਆ, ਪਰ ਪਿਤਾ ਨੇ ਜਲਦੀ ਐਂਗਲੋ ਇੰਡੀਅਨ ਮੋਰਿਸ ਜੋੜੇ ਵਲੋਂ ਖੋਲ੍ਹੇ ਸਕੂਲ ਵਿਚ ਭੇਜ ਦਿਤਾ। ਪਿਤਾ ਨੇ ਅੰਗਰੇਜ਼ੀ ਅਤੇ ਗਣਿਤ ਦੀ ਟਿਊਸ਼ਨ ਪੜ੍ਹਾਉਣ ਵਾਲੇ ਸਥਾਨਕ ਗੋਰਡਨ ਮਿਸ਼ਨ ਸਕੂਲ ਦੇ ਦੋ ਪ੍ਰੋਫੈਸਰ ਰੱਖ ਦਿਤੇ। ਪੜ੍ਹਾਈ ਦੇ ਨਾਲ ਨਾਲ ਮਾਪਿਆਂ ਨੇ ਹੱਥੀਂ ਕਿਰਤ ਕਰਨ ਦਾ ਮਹੱਤਵ ਸਮਝਾਇਆ ਤੇ ਦੱਸਿਆ ਆਤਮ ਸਨਮਾਨ ਰੱਖਣ ਵਾਸਤੇ ਕਿਰਤ ਜ਼ਰੂਰੀ ਹੈ। ਸਕੂਲ ਵਿਚ ਉਸ ਨੇ ਸੈਲਫ-ਹੈਲਪ ਨਾਂ ਦੀ ਅੰਗਰੇਜ਼ੀ ਕਿਤਾਬ ਏਨੀ ਵਾਰ ਪੜ੍ਹੀ ਕਿ ਜ਼ਬਾਨੀ ਯਾਦ ਹੋ ਗਈ। ਲਾਡ ਪਿਆਰ ਵਿਚ ਪਲਿਆ ਇਹ ਬੱਚਾ ਮਜ਼ਬੂਤ ਇਰਾਦੇ ਵਾਲਾ ਸਾਬਤ ਹੋਇਆ, ਹਾਲਾਂਕਿ ਸਾਰੇ ਉਸ ਨੂੰ ਵਿਗੜਿਆ ਤਿਗੜਿਆ ਛੋਕਰਾ ਸਮਝਦੇ।

ਪਿਤਾ ਨੇ ਦੇਖਿਆ, ਬੱਚੇ ਦੀ ਰੁਚੀ ਖੇਡਾਂ ਵਲ ਵੀ ਹੈ, ਕ੍ਰਿਕਟ ਅਤੇ ਟੈਨਿਸ ਦੀ ਕੋਚਿੰਗ ਦਾ ਪ੍ਰਬੰਧ ਕਰ ਦਿਤਾ। ਸਕੂਲ ਵਿਚ ਖੇਡਾਂ ਦਾ ਬੰਦੋਬਸਤ ਨਾ ਹੋਣ ਕਰਕੇ ਉਹ ਇਲਾਕੇ ਦੇ ਮੁੰਡੇ ਇਕੱਠੇ ਕਰਕੇ ਹਾਕੀ, ਕ੍ਰਿਕਟ, ਫੁੱਟਬਾਲ ਦੀਆਂ ਟੀਮਾਂ ਬਣਾ ਕੇ ਮੁਕਾਬਲੇ ਕਰਵਾਉਂਦਾ। ਸਾਰੀ ਉਮਰ ਦੇਸ਼-ਵਿਦੇਸ਼ ਵਿਚ ਖੇਡਾਂ ਨਾਲੋਂ ਉਸ ਦਾ ਨਾਤਾ ਨਹੀਂ ਟੁੱਟਾ। ਵਿਹਲੇ ਵਕਤ ਪਤੰਗਬਾਜ਼ੀ ਕਰਦਾ ਹੁੰਦਾ। ਦੂਜੇ ਦਾ ਪਤੰਗ ਕੱਟਣ ਵਾਸਤੇ ਬੜੀ ਮੁਸ਼ਤੈਦੀ ਵਰਤਣੀ ਪੈਂਦੀ। ਬਚਪਨ ਦੀਆਂ ਇਹ ਖੇਡਾਂ ਵਿਸ਼ਵ ਯੁੱਧ ਦੌਰਾਨ ਜਹਾਜ ਦੇ ਜੰਗੀ ਦਾਅ-ਪੇਚਾਂ ਵਕਤ ਸਹਾਈ ਹੋਈਆਂ।

ਨਿੱਕੇ ਹਰਦਿੱਤ ਦਾ ਮਨ ਕਰਦਾ ਇੰਗਲੈਂਡ ਜਾਵਾਂ। ਮਾਪਿਆਂ ਨੂੰ ਮਨਾਉਣ ਵਾਸਤੇ ਬੜਾ ਜ਼ੋਰ ਲੱਗਾ। 1908 ਵਿਚ ਚੌਦਾਂ ਸਾਲ ਦਾ ਹਰਦਿੱਤ ਰਾਵਲਪਿੰਡੀ ਤੋਂ ਇੰਗਲੈਂਡ ਪੁੱਜ ਗਿਆ, ਜਿੱਥੇ ਰਹਿੰਦਾ ਵੱਡਾ ਭਰਾ ਤੇਜਾ ਸਿੰਘ ਲੈਣ ਪੁੱਜਾ ਹੋਇਆ ਸੀ। ਤਿੰਨ ਸਾਲ ਉਸ ਨੇ ਸਕੂਲ ਦੀ ਪੜ੍ਹਾਈ ਕੀਤੀ, ਕ੍ਰਿਕਟ ਖੇਡੀ ਅਤੇ ਮੋਟਰ ਸਾਈਕਲ ਉੱਤੇ ਗੇੜੀਆਂ ਲਾਈਆਂ। ਇੰਗਲੈਂਡ ਪੜ੍ਹਨ ਗਏ ਨੂੰ ਰੈਗਿੰਗ ਕਰਦੀ ਫਿਰਦੀ ਗੋਰੇ ਛੋਕਰਿਆਂ ਦੀ ਟੋਲੀ ਨੇ ਘੇਰ ਲਿਆ। ਇਕ ਕਹਿੰਦਾ, "ਆਹ ਪਗੜੀ ਹੇਠ ਕੀ ਲੁਕਾਇਆ ਹੋਇਆ ਹੈ, ਪਗੜੀ ਉਤਾਰ ਕੇ ਦਿਖਾ।" ਮਲਿਕ ਨੇ ਕਿਹਾ, "ਸਿੱਖ ਕਿਸੇ ਦੇ ਮਜਬੂਰ ਕਰਨ 'ਤੇ ਦਸਤਾਰ ਨਹੀਂ ਉਤਾਰਿਆ ਕਰਦਾ। ਤੁਸੀਂ ਹੁਣ ਬਹੁਤੀ ਗਿਣਤੀ ਵਿਚ ਹੋ, ਸੋ ਕੁਝ ਨਹੀਂ ਕਰ ਸਕਦਾ। ਇਹ ਦੱਸ ਦਿੰਨਾਂ ਕਿ ਜਿਸ ਕਿਸੇ ਨੇ ਮੇਰੀ ਦਸਤਾਰ ਵੱਲ ਪਹਿਲਾਂ ਹੱਥ ਵਧਾਇਆ, ਸਮਾਂ ਮਿਲਣ 'ਤੇ ਉਸ ਦਾ ਕਤਲ ਕਰਾਂਗਾ।" ਭੀੜ ਖਿੰਡ ਗਈ।

1912 ਵਿਚ ਆਕਸਫੋਰਡ ਦੇ ਬਲੀਓਲ ਕਾਲਜ ਵਿਚ ਦਾਖਲਾ ਲੈ ਲਿਆ। ਯੂਨਾਨੀ ਅਤੇ ਲਾਤੀਨੀ ਪੜ੍ਹੀਆਂ, ਫਿਰ ਯੂਰਪ ਦਾ ਆਧੁਨਿਕ ਇਤਿਹਾਸ ਪੜ੍ਹਿਆ। ਪੜ੍ਹਨ ਅਤੇ ਖੇਡਣ-ਦੋਹਾਂ ਵਿਚ ਨਿਪੁੰਨ।

1914 ਵਿਚ ਵਿਸ਼ਵ ਯੁੱਧ ਛਿੜ ਪਿਆ। ਆਕਸਫੋਰਡ ਦੇ ਬਹੁਤ ਸਾਰੇ ਵਿਦਿਆਰਥੀ ਆਪਣੇ ਆਪ ਨੂੰ ਯੁੱਧਕਾਲੀ ਸੇਵਕਾਂ ਵਜੋਂ ਪੇਸ਼ ਕਰਨ ਲੱਗੇ। ਪਹਿਲੀ ਸਰਵਿਸ ਉਸ ਨੂੰ ਐਂਬੂਲੈਂਸ ਦੀ ਮਿਲੀ ਅਤੇ ਸਾਊਥੈਂਪਟਨ ਜਾਣ ਲਈ ਕਿਹਾ। ਇਕ ਸਾਲ ਮੈਡੀਕਲ ਸੇਵਾਵਾਂ ਦੇਣ ਲਈ ਫਰਾਂਸ ਵਿਚ ਰਿਹਾ। ਉਹ ਨੇ ਫਰਾਂਸ ਦੇ ਏਅਰ ਫੋਰਸ ਅਫਸਰਾਂ ਪਾਸ ਦਰਖਾਸਤ ਦਿਤੀ ਕਿ ਮੈਂ ਫਾਈਟਰ ਪਾਇਲਟ ਬਣਨ ਦਾ ਇੱਛੁਕ ਹਾਂ। ਉਸ ਦੀ ਅਰਜ਼ੀ ਮਨਜ਼ੂਰ ਹੋ ਗਈ। ਇੰਗਲੈਂਡ ਸਰਕਾਰ ਪਾਸੋਂ ਫਰਾਂਸੀਸੀ ਏਅਰਫੋਰਸ ਜੁਆਇਨ ਕਰਨ ਲਈ ਇਜਾਜ਼ਤ ਲੈਣ ਵਾਸਤੇ ਅਰਜ਼ੀ ਭੇਜੀ। ਏਅਰਫੋਰਸ ਨੇ ਕਿਹਾ, ਹਰਦਿੱਤ ਜੇ ਫਰਾਂਸ ਵਾਸਤੇ ਵਧੀਆ ਪਾਇਲਟ ਹੈ ਤਾਂ ਇੰਗਲੈਂਡ ਵਾਸਤੇ ਮਾੜਾ ਕਿਵੇਂ ਹੋਇਆ? ਜਰਨੈਲ ਹੈਂਡਰਸਨ ਨੇ ਇੰਟਰਵਿਊ ਲਈ ਅਤੇ 5 ਅਪਰੈਲ 1917 ਨੂੰ ਸੈਕੰਡ ਲੈਫਟੀਨੈਂਟ ਵਜੋਂ ਚੁਣਿਆ ਗਿਆ। ਉਹ ਪਹਿਲਾ ਭਾਰਤੀ ਅਫਸਰ ਤਾਂ ਨਿਯੁਕਤ ਹੋਇਆ ਹੀ, ਕੇਸਾਂ ਅਤੇ ਦਸਤਾਰਧਾਰੀ ਸਰਦਾਰ ਵਜੋਂ ਵੀ ਇਹ ਪਹਿਲਾ ਪਾਇਲਟ ਸੀ। ਉਸ ਦੀ ਬਹਾਦਰੀ ਅਤੇ ਸ਼ਕਲ ਵੱਖਰੀ ਤਰ੍ਹਾਂ ਦੀ ਹੋਣ ਕਰਕੇ ਉਸ ਦਾ ਨਾਮ ਉਡਣਾ-ਦੈਂਤ ਪੈ ਗਿਆ ਸੀ। ਸਿਰਫ ਢਾਈ ਘੰਟਿਆਂ ਦੀ ਟ੍ਰੇਨਿੰਗ ਪਿਛੋਂ ਉਸ ਨੂੰ ਸੋਲੋ ਭੇਜ ਦਿਤਾ, ਭਾਵ ਇਕੱਲੇ ਨੇ ਉਡਾਣ ਭਰੀ। ਇਕ ਮਹੀਨੇ ਦੇ ਅਭਿਆਸ ਬਾਅਦ ਉਹ ਹਵਾਈ ਹਮਲੇ ਕਰਨ ਲੱਗਾ।

ਮਲਿਕ ਦਾ ਫਲਾਈਟ ਕਮਾਂਡਰ ਕੈਨੇਡੀਅਨ ਮੇਜਰ ਵਿਲੀਅਮ ਬਾਰਕਰ ਸੀ, ਜਿਸ ਨੂੰ ਸ਼ਾਨਦਾਰ ਬਹਾਦਰੀ ਸਕਦਾ ਵਿਕਟੋਰੀਆ ਕ੍ਰਾਸ ਮਿਲਿਆ। ਜਿਹੋ ਜਿਹਾ ਮੁਰਸ਼ਦ, ਉਹੋ ਜਿਹਾ ਮੁਰੀਦ। ਹਰਦਿੱਤ ਨੇ ਜਰਮਨ ਫੋਕਰੈਂਡ ਜਹਾਜ ਫੁੰਡੇ। ਛੱਬੀ ਅਕਤੂਰ 1917 ਨੂੰ ਬਾਰਕਰ ਅਤੇ ਹਰਦਿੱਤ ਇਕੱਠੇ ਹਮਲਾ ਕਰਨ ਉਡੇ। ਮੌਸਮ ਖਰਾਬ ਸੀ, ਜਰਮਨ ਜੰਗੀ ਜਹਾਜਾਂ ਨੇ ਘੇਰ ਲਏ। ਹਰਦਿੱਤ ਨੇ ਇਕ ਜਹਾਜ ਫੁੰਡ ਲਿਆ, ਪਰ ਦੁਸ਼ਮਣ ਨੇ ਗੋਲੀਆਂ ਦਾ ਮੀਂਹ ਵਰ੍ਹਾ ਦਿਤਾ, ਜਹਾਜ ਦੇ 450 ਗੋਲੀਆਂ ਲੱਗੀਆਂ, ਦੋ ਗੋਲੀਆਂ ਹਰਦਿੱਤ ਦੀ ਲੱਤ ਵਿੰਨ੍ਹ ਗਈਆਂ। ਇਕ ਗੋਲੀ ਪੈਟਰੋਲ ਟੈਂਕ ਵਿਚ ਲੱਗੀ, ਜਿਸ ਕਰਕੇ ਧਾਰ ਹੇਠਾਂ ਵਗਣ ਲੱਗੀ। ਫਰਾਂਸ ਵਿਚ ਜਦੋਂ ਕ੍ਰੈਸ਼ ਲੈਂਡਿੰਗ ਕੀਤੀ, ਉਹ ਲਹੂ ਲੁਹਾਣ ਹੋਇਆ ਪਿਆ ਸੀ, ਨੱਕ ਦੀ ਹੱਡੀ ਟੁੱਟ ਗਈ ਸੀ। ਜਲਦੀ ਰਾਜ਼ੀ ਹੋ ਕੇ ਫਿਰ ਅਸਮਾਨ ਵਿਚ ਦਹਾੜਨ ਲੱਗਾ। ਆਖਰ ਯੁੱਧ ਖਤਮ ਹੋਇਆ।

ਅਰਜ਼ੀ ਦਿਤੀ ਕਿ ਭਾਰਤ ਜਾਣ ਵਾਸਤੇ ਛੁੱਟੀ ਦਿਉ ਅਤੇ ਭਾਰਤ ਵਿਚ ਰੌਇਲ ਏਅਰ ਫੋਰਸ ਵਿਚ ਬਦਲੀ ਕਰੋ। ਗਿਆਰਾਂ ਸਾਲ ਵਿਦੇਸ਼ ਵਿਚ ਬਿਤਾਉਣ ਬਾਅਦ ਅੱਠ ਮਹੀਨਿਆਂ ਦੀ ਛੁੱਟੀ ਲੈ ਕੇ ਵਾਪਸ ਪਰਤਿਆ। ਰਾਵਲਪਿੰਡੀ ਸ਼ਹਿਰ ਨੇ ਹੁੰਮਹੁਮਾ ਕੇ ਆਪਣੇ ਹੀਰੋ ਦਾ ਸੁਆਗਤ ਕੀਤਾ।

ਸਹੁਰਿਆਂ ਦੇ ਜ਼ੋਰ ਪਾਉਣ ਕਾਰਨ ਏਅਰਫੋਰਸ ਦੀ ਨੌਕਰੀ ਛੱਡ ਦਿਤੀ ਤੇ ਸਿਵਿਲ ਸਰਵਿਸ ਵਿਚ ਆ ਗਿਆ। ਕੈਨੇਡਾ ਵਿਚ ਆਜ਼ਾਦ ਭਾਰਤ ਦਾ ਪਹਿਲਾ ਸਫੀਰ ਨਿਯੁਕਤ ਹੋਇਆ, ਫਿਰ ਪਟਿਆਲਾ ਸਟੇਟ ਦਾ ਪ੍ਰਧਾਨ ਮੰਤਰੀ ਲੱਗਾ। ਸਾਲ 1956 ਵਿਚ ਰਿਟਾਇਰ ਹੋ ਕੇ ਮਨਪਸੰਦ ਖੇਡ ਗੌਲਫ ਖੇਡਣ ਲੱਗਾ। ਦਿੱਲੀ ਵਿਚ 31 ਅਕਤੂਬਰ 1985 ਨੂੰ ਉਹ ਫਾਨੀ ਸੰਸਾਰ ਤੋਂ 91 ਸਾਲ ਦੀ ਉਮਰ ਵਿਚ ਕੂਚ ਕਰ ਗਿਆ।

ਸ਼ਰਧਾਂਜਲੀ

# ਸਾਹਿਤਕ ਗੱਡੀ ਦਾ ਸਵਾਰ ਸੀ ਮੁਹਿੰਦਰ ਸਿੰਘ ਘੱਗ ਯੂਬਾ ਸਿਟੀ

ਹਰਬੰਸ ਸਿੰਘ ਜਗਿਆਸੂ

1993 ਵਿਚ ਜਦ ਸਾਲ 1982 ਤੋਂ ਚਲ ਰਹੀ ਸਾਹਿਤ ਸਭਾ ਯੂਬਾ ਸਿਟੀ ਨੂੰ ਸਾਹਿਤ ਸਭਾ ਕੈਲੀਫੋਰਨੀਆ ਵਿਚ ਤਬਦੀਲ ਕੀਤਾ ਗਿਆ ਤਾਂ ਇਸ ਦੀਆਂ ਤਿੰਨ ਇਕਾਈਆਂ-ਫਰਿਜ਼ਨੋ, ਬੇਅ ਏਰੀਆ ਤੇ ਯੂਬਾ ਸਿਟੀ-ਸੈਕਰਾਮੈਂਟੋ ਬਣਾਈਆਂ ਗਈਆਂ। ਹਰ ਤਿੰਨ ਮਹੀਨਿਆ ਪਿਛੋਂ ਸਾਰੀਆਂ ਇਕਾਈਆਂ ਦੀਆਂ ਇਕੱਤਰਤਾਵਾਂ ਸਾਰੀਆਂ ਥਾਂਵਾਂ ਉਤੇ ਵਾਰੋ ਵਾਰੀ ਕੀਤੀਆਂ ਜਾਣ ਲੱਗੀਆਂ। ਸਾਰੀਆਂ ਥਾਂਵਾਂ 'ਤੇ ਵਾਰੀ ਨਾਲ ਹਰ ਸਾਲ ਇਕ ਸਾਂਝੀ ਸਾਲਾਨਾ ਕਾਨਫਰੰਸ ਕੀਤੀ ਜਾਂਦੀ। ਦੂਰੋਂ ਨੇੜਿਓਂ ਆਏ ਸਥਾਪਿਤ ਸਾਹਿਤਕਾਰਾਂ ਨਾਲ ਚਰਚਾ ਤੇ ਉਨ੍ਹਾਂ ਦੇ ਢੁਕਵੇਂ ਸਨਮਾਨ ਲਈ ਖਾਸ ਬੈਠਕਾਂ ਵੀ ਕੀਤੀਆਂ ਜਾਣ ਲੱਗੀਆਂ। ਇਨ੍ਹਾਂ ਵਿਚ ਹਿੱਸਾ ਲੈਣ ਲਈ ਯੂਬਾ ਸਿਟੀ ਦੇ ਸਾਹਿਤਕਾਕਾਰਾਂ ਦੀ ਸਾਹਿਤਕ ਗੱਡੀ ਸਾਰੀਆਂ ਥਾਂਵਾਂ 'ਤੇ ਨੀਅਤ ਸਮੇਂ ਤੋਂ ਪਹਿਲਾਂ ਪਹੁੰਚ ਜਾਂਦੀ। ਇਸ ਸਾਹਿਤਕ ਗੱਡੀ ਦੇ ਚਾਰ ਪੱਕੇ ਸਵਾਰ ਸਨ-ਮੁਹਿੰਦਰ ਸਿੰਘ ਘੱਗ, ਗੁਰਚਰਨ ਸਿੰਘ ਜ਼ਖਮੀ, ਰਾਬਿੰਦਰ ਸਿੰਘ ਅਟਵਾਲ ਅਤੇ ਹਰਬੰਸ ਸਿੰਘ ਜਗਿਆਸੂ ਯਾਨਿ ਮੈਂ। ਗੁਰਚਰਨ ਸਿੰਘ ਜ਼ਖਮੀ 99 ਸਾਲ ਦੀ ਅਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਅਤੇ ਦੂਜੇ ਸਵਾਰ ਮੁਹਿੰਦਰ ਸਿੰਘ ਘੱਗ 90 ਸਾਲ ਦੀ ਸੰਸਾਰ ਯਾਤਰਾ ਪੂਰੀ ਕਰ ਕੇ 10 ਅਕਤੂਬਰ 2020 ਨੂੰ ਸਵਰਗ ਸਿਧਾਰ ਗਏ। ਰਾਬਿੰਦਰ ਸਿੰਘ ਅਟਵਾਲ ਦੀ ਨਜ਼ਰ ਬਿਲਕੁਲ ਚਲੀ ਗਈ ਹੈ ਅਤੇ ਮੇਰੀ ਓਪਨ ਹਾਰਟ ਸਰਜਰੀ ਤੋਂ ਪਿਛੋਂ ਆਉਣ-ਜਾਣ ਦੀ ਸਮਰੱਥਾ ਘਟ ਗਈ ਹੈ, ਪਰ ਲਿਖਣ ਪੜ੍ਹਨ ਅਤੇ ਸਾਹਿਤ ਉਤਪਤੀ ਲਈ ਅਜੇ ਵੀ ਯਤਨਸ਼ੀਲ ਹਾਂ।

ਮੁਹਿੰਦਰ ਸਿੰਘ ਘੱਗ ਕਰੀਬ 60 ਸਾਲ ਤੋਂ ਯੂਬਾ ਸਿਟੀ ਦੇ ਨਾਲ ਲਗਦੇ ਟਾਊਨ ਲਾਈਵ ਓਕ ਵਿਚ ਆਪਣੇ ਫਾਰਮ ਹਾਊਸ ਵਿਚ ਆਪਣੀ ਪਤਨੀ ਅਮਰੀਕ ਕੌਰ ਘੱਗ ਸਮੇਤ ਸਾਰੇ ਪਰਿਵਾਰ ਨੂੰ ਸੰਭਾਲੀ ਬੈਠੇ ਸਨ। ਬੇਟਾ ਲਖਵੀਰ ਸਿੰਘ ਘੱਗ, ਤਿੰਨ ਬੇਟੀਆਂ-ਸ਼ਰਨਜੀਤ ਕੌਰ, ਅਮਰਜੀਤ ਕੌਰ ਅਤੇ ਸੁਖਜੀਤ ਕੌਰ, ਜੋ ਸ਼ਾਦੀਸ਼ੁਦਾ ਹਨ ਤੇ ਆਪਣੇ ਆਪਣੇ ਪਰਿਵਾਰਾਂ ਵਿਚ ਸੁਖ ਨਾਲ ਰਹਿ ਰਹੀਆਂ ਹਨ। ਸ. ਮਹਿੰਦਰ ਸਿੰਘ ਘੱਗ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਦੇ ਵੱਡੇ ਖੁਸ਼ਹਾਲ ਪਰਿਵਾਰ ਦਾ ਸਾਥ ਮਾਣਦੇ ਹੋਏ, ਚਲਦੇ-ਫਿਰਦੇ, ਕੰਮ ਕਾਰ ਕਰਦੇ ਭਾਣਾ ਵਾਪਰਨ ਨਾਲ ਵਾਹਿਗੁਰੂ ਦੇ ਚਰਨਾਂ ਵਿਚ ਜਾ ਬਿਰਾਜੇ।

1982 ਵਿਚ (ਉਨ੍ਹਾਂ ਦੇ ਆਪਣੇ ਕਹੇ ਅਨੁਸਾਰ) ਜਸਪਾਲ ਸੂਸ ਦੀ ਪਹਿਲ ਕਦਮੀ ਅਤੇ ਸੰਤੋਖ ਗਿੱਲ ਦੇ ਉਦਮ ਨਾਲ ਯੂਬਾ ਸਿਟੀ ਦੇ ਲਿਖਾਰੀਆਂ, ਸਾਹਿਤਕਾਰਾਂ ਨੂੰ ਇਕੱਠਾ ਕਰ ਕੇ ਸ. ਘੱਗ ਨੂੰ ਪ੍ਰਧਾਨ ਥਾਪ ਦਿੱਤਾ ਗਿਆ। 1989 ਤੱਕ ਪੰਜਾਬੀ ਸਾਹਿਤ ਲਈ ਚੰਗੇ ਉਪਰਾਲੇ ਕੀਤੇ ਜਾਂਦੇ ਰਹੇ। ਇਕ ਮਾਸਕ ਸਾਹਿਤਕ ਪੱਤਰ 'ਸਾਹਿਤਕ ਕਿਰਨਾਂ' ਵੀ ਸਭਾ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ। ਦੋ ਕਾਨਫਰੰਸਾਂ ਕੀਤੀਆਂ ਗਈਆਂ, ਜਿਨ੍ਹਾਂ ਵਿਚ ਕਾਬਲ ਸਾਹਿਤਕਾਰਾਂ ਨੂੰ ਨੰਦ ਲਾਲ ਨੂਰਪੁਰੀ ਅਵਾਰਡ ਨਾਲ ਸਨਮਾਨਿਆ ਗਿਆ।

ਮੈਨੂੰ ਕੁਦਰਤੀ ਤੌਰ 'ਤੇ ਪੰਜਾਬੀ ਮਾਂ-ਬੋਲੀ ਨਾਲ ਬੜਾ ਲਗਾਓ ਸੀ। ਮੈਂ ਇਸ ਵਿਚ ਕਦੀ ਕਦਾਈਂ ਕੋਈ ਕਵਿਤਾ ਵੀ ਲਿਖ ਲੈਂਦਾ ਸਾਂ ਅਤੇ ਕਿਸੇ ਪੰਜਾਬੀ ਰਸਾਲੇ ਨੂੰ ਭੇਜ ਦਿੰਦਾ ਸੀ, ਜੋ ਛਪ ਵੀ ਜਾਂਦੀ ਸੀ। ਕਦੀ ਕਿਸੇ ਸਾਹਿਤਕ ਇਕੱਠ ਵਿਚ ਪੇਸ਼ ਕਰਨ ਦਾ ਮੌਕਾ ਵੀ ਲੈ ਲੈਂਦਾ ਸੀ। 1966 ਵਿਚ ਮੈਂ ਕਾਂਗੜੇ ਸੀ ਤੇ ਪੰਜਾਬੀ ਸੂਬਾ ਬਣਨ ਨਾਲ ਉਹ ਹਿਮਾਚਲ ਵਿਚ ਚਲਾ ਗਿਆ। ਹਿਮਾਚਲ ਸਰਕਾਰ ਨੇ ਵੀਹਾਂ ਸਾਲਾਂ ਤੋਂ ਪੜ੍ਹਾਈ ਜਾਂਦੀ ਪੰਜਾਬੀ ਭਾਸ਼ਾ ਦੀ ਥਾਂ ਉਰਦੂ ਚਾਲੂ ਕਰ ਦਿੱਤੀ। ਸਰਕਾਰ ਦੇ ਇਸ ਫੈਸਲੇ ਦੇ ਖਿਲਾਫ ਇਕੱਲੇ ਤੌਰ 'ਤੇ ਲਗਾਤਾਰ ਲੜਾਈ ਲੜੀ। ਉਨਾ ਵਿਚ ਇਸ ਮੰਗ ਨੂੰ ਲੈ ਕੇ ਇਕ ਵੱਡੀ ਕਾਨਫਰੰਸ ਕਰਕੇ ਤਿੰਨ ਸੌ ਤੋਂ ਵੱਧ ਹਸਤਾਖਰ ਕਰਾ ਕੇ ਸਰਕਾਰ ਨੂੰ ਭੇਜੇ। ਹਿਮਾਚਲ ਪ੍ਰਦੇਸ਼ ਦੇ ਗਵਰਨਰ ਨੂੰ ਸ਼ਿਮਲਾ ਜਾ ਕੇ ਮੰਗ ਪੱਤਰ ਦਿੱਤਾ। ਮੁੱਖ ਮੰਤਰੀ ਇੰਦਰਾ ਗਾਂਧੀ ਨੂੰ ਦਿੱਲੀ ਜਾ ਕੇ ਹੱਥੀਂ ਮੰਗ ਪੱਤਰ ਦਿੱਤਾ। ਪੰਜਾਬੀ ਬੋਲੀ ਦੀ ਮੰਗ ਨੂੰ ਜਿੰਦਾ ਰਖਿਆ ਤੇ ਸਰਕਾਰ ਨੂੰ ਇਸ ਬਾਰੇ ਮੁੜ ਵਿਚਾਰ ਕਰਨ ਲਈ ਮਜ਼ਬੂਰ ਕਰਦਾ ਰਿਹਾ।



ਸਵਰਗੀ ਮੁਹਿੰਦਰ ਸਿੰਘ ਘੱਗ

ਅਮਰੀਕਾ ਆ ਜਾਣ ਉਪਰੰਤ ਕੁਝ ਸਮਾਂ ਤਾਂ ਆਪਣੇ ਆਪ ਨੂੰ ਸੈਟ ਕਰਨ ਵਿਚ ਨਿਕਲ ਗਿਆ। ਜਦ ਕੁਝ ਠੀਕ ਹੋਇਆ ਤਾਂ ਮੁਹਿੰਦਰ ਸਿੰਘ ਘੱਗ ਨੂੰ ਮਿਲਣ ਲਈ ਮੈਂ ਉਨ੍ਹਾਂ ਦੇ ਘਰ ਗਿਆ ਤੇ ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਬਾਰੇ ਪੁਛਿਆ। ਉਨ੍ਹਾਂ ਦਾ ਉਤਰ ਸੀ, "ਉਹ ਤਾਂ ਹੁਣ ਡੈਡ ਹੈ।" ਇਹ ਸੁਣ ਕੇ ਮੈਨੂੰ ਬੜਾ ਧੱਕਾ ਲੱਗਾ, ਪਰ ਮੈਂ ਥੋੜ੍ਹਾ ਸੰਭਲ ਕੇ ਕਿਹਾ, "ਆਪਾਂ ਇਸ ਨੂੰ ਸੁਰਜੀਤ ਕਰ ਸਕਦੇ ਹਾਂ।"

ਘੱਗ ਸਾਹਿਬ ਨੇ ਬੜੀ ਗੌਹ ਨਾਲ ਮੇਰੇ ਵਲ ਤੱਕਿਆ ਤੇ ਕਿਹਾ, "ਕਰ ਸਕਦੇ ਹਾਂ, ਬੜੀ ਮੇਹਨਤ ਕਰਨੀ ਪੈਣੀ। ਜਸਪਾਲ ਸੂਸ ਕੈਨੇਡਾ ਚਲਿਆ ਗਿਆ ਤੇ ਮੁੜਿਆ ਨਹੀਂ। ਸੰਤੋਖ ਗਿੱਲ ਵੀ ਘਰ ਬੈਠ ਗਿਆ ਹੈ। ਸਾਹਿਤਕਾਰਾਂ ਤੇ ਪੰਜਾਬੀ ਬੋਲੀ ਦੇ ਪ੍ਰੇਮੀਆਂ ਨੂੰ ਇਕੱਠਾ ਕਰਨ ਵਾਲਾ ਹੁਣ ਕੋਈ ਨਹੀਂ।" ਮੈਂ ਕਿਹਾ, "ਮੈਂ ਹਾਂ, ਮੈਂ ਇਕੱਠਾ ਕਰਾਂਗਾ ਸਭ ਨੂੰ।"

ਇਹ ਸੁਣ ਕੇ ਘੱਗ ਸਾਹਿਬ ਕਹਿੰਦੇ, "ਦੱਸ ਫਿਰ ਕਿਦਾਂ ਕਰਨੀ?" ਮੈਂ ਕਿਹਾ, "ਮੈਂ ਲੰਡਨ ਫੈਸ਼ਨ ਵਾਲੇ ਰਾਬਿੰਦਰ ਸਿੰਘ ਅਟਵਾਲ ਨਾਲ ਗੱਲ ਕਰਕੇ ਆਪ ਮਿਲਦਾਂ।"

ਗੱਲ 1990 ਦੇ ਦਸੰਬਰ ਮਹੀਨੇ ਦੀ ਹੈ। ਮੈਂ ਉਸੇ ਦਿਨ ਹੀ ਅਟਵਾਲ ਸਾਹਿਬ ਨਾਲ ਮਿਲ ਕੇ ਆਉਂਦੇ ਐਤਵਾਰ ਨੂੰ ਉਨ੍ਹਾਂ ਦੇ ਸਟੋਰ ਉਤੇ ਈ ਮੀਟਿੰਗ ਰੱਖ ਦਿੱਤੀ। ਇਸ ਤੋਂ ਅਗਲੀ ਬੈਠਕ ਲਈ ਸਟਰ ਕਾਊਂਟੀ ਲਾਇਬਰੇਰੀ ਦਾ ਕਮਿਊਨਿਟੀ ਰੂਮ ਬੁਕ ਕਰ ਲਿਆ ਤੇ ਉਥੇ ਸਾਡੀਆਂ ਲਗਾਤਾਰ ਬੈਠਕਾਂ ਹੋਣ ਲੱਗ ਪਈਆਂ। ਮੈਂ ਨਿਰੰਤਰ ਪੰਜਾਬੀ ਦੇ ਲਿਖਾਰੀਆਂ, ਸਾਹਿਤਕਾਰਾਂ ਤੇ ਪੰਜਾਬੀ ਬੋਲੀ ਨਾਲ ਸਨੇਹ ਰੱਖਣ ਵਾਲਿਆਂ ਨਾਲ ਸੰਪਰਕ ਕਰਦਾ ਗਿਆ। ਇਸ ਤਰ੍ਹਾਂ ਪੰਜਾਬੀ ਸਾਹਿਤ ਸਭਾ ਦੀ ਮੈਂਬਰਸ਼ਿਪ ਵਿਚ ਵਾਧਾ ਹੁੰਦਾ ਚਲਾ ਗਿਆ ਤੇ ਗਿਣਤੀ ਦਿਨੋ ਦਿਨ ਵਧਦੀ ਗਈ। ਹਰ ਮਹੀਨੇ ਇਕੱਤਰਤਾਵਾਂ ਹੋਣ ਲੱਗ ਪਈਆਂ ਅਤੇ ਸਾਰਿਆਂ ਨੂੰ ਯਕੀਨ ਹੋ ਗਿਆ ਕਿ ਪੰਜਾਬੀ ਸਾਹਿਤ ਸਭਾ, ਯੂਬਾ ਸਿਟੀ ਸਰਜੀਤ ਹੋ ਗਈ ਹੈ ਤੇ ਤਰੱਕੀ ਕਰ ਰਹੀ ਹੈ।

1992 ਦੇ ਨਵੰਬਰ ਵਿਚ ਬੇਅ ਏਰੀਏ ਦੇ ਇਕ ਸਾਹਿਤਕਾਰ/ਗਜ਼ਲਗੋ ਸੁਰਿੰਦਰ ਸੀਰਤ ਯੂਬਾ ਸਿਟੀ ਦੇ ਕਹਾਣੀਕਾਰ ਰਾਬਿੰਦਰ ਸਿੰਘ ਅਟਵਾਲ ਨੂੰ ਉਨ੍ਹਾਂ ਦੇ ਲੰਡਨ ਫੈਸ਼ਨ ਸਟੋਰ ਉਤੇ ਆ ਕੇ ਉਨ੍ਹਾਂ ਨਾਲ ਮਿਲੇ ਤੇ ਦਾਵਤ ਦੇ ਗਏ ਕਿ ਬੇਅ ਏਰੀਏ ਵਿਚ ਰੱਖੀ ਗਈ ਸਾਹਿਤਕਾਰਾਂ ਦੇ ਇਕੱਠ ਵਿਚ ਹਿੱਸਾ ਲਓ, ਜਿਸ ਵਿਚ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਬਣਾਉਣ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਣਾ ਹੈ।

ਰਾਬਿੰਦਰ ਸਿੰਘ ਅਟਵਾਲ ਮੇਰੇ ਨਾਲ ਗੁਰਦੁਆਰਾ ਟਾਇਰਾ ਬਿਊਨਾ ਦੇ ਲੰਗਰ ਹਾਲ ਵਿਚ ਮਿਲੇ ਤੇ ਇਸ ਬਾਰੇ ਗੱਲ ਕੀਤੀ। ਉਸ ਤੋਂ ਅਗਲੇ ਦਿਨ ਮੀਟਿੰਗ ਸੀ। ਮੈਂ ਘੱਗ ਸਾਹਿਬ ਨੂੰ ਫੋਨ ਕਰਕੇ ਦਸਿਆ ਤੇ ਉਹ ਅਗਲੇ ਦਿਨ ਸਵੇਰੇ ਅੱਠ ਵਜੇ ਮੇਰੇ ਪਾਸ ਪਹੁੰਚ ਗਏ। ਅਸੀਂ ਉਸੇ ਵੇਲੇ ਚਲ ਪਏ ਅਤੇ ਬੈਠਕ ਦੇ ਸਥਾਨ ਉਤੇ ਸਮੇਂ ਸਿਰ ਅੱਪੜ ਗਏ। ਵਿਚਾਰ-ਵਟਾਂਦਰੇ ਪਿਛੋਂ ਸਾਰਿਆਂ ਨੇ ਆਪਣੀ ਸਹਿਮਤੀ ਪ੍ਰਗਟਾਈ ਅਤੇ ਅਗਲੀ ਬੈਠਕ ਤੱਕ ਇਸ ਦੇ ਬਾਈਲਾਅਜ਼ ਬਣਾ ਲਏ ਜਾਣ ਅਤੇ ਉਨ੍ਹਾਂ ਉਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਚੋਣ ਕਰ ਕੇ ਇਸ ਨੂੰ ਚਾਲੂ ਕਰ ਦਿੱਤਾ ਜਾਵੇ। ਇਕ ਮਹੀਨੇ ਬਾਅਦ ਅਗਲੀ ਮੀਟਿੰਗ ਵਿਚ ਰਾਬਿੰਦਰ ਸਿੰਘ ਅਟਵਾਲ ਵੀ ਨਾਲ ਗਏ। ਬਾਈਲਾਅਜ਼ ਨੂੰ ਪਾਸ ਕਰਨ ਉਪਰੰਤ ਚੋਣ ਕੀਤੀ ਗਈ।

ਮੁਹਿੰਦਰ ਸਿੰਘ ਘੱਗ ਨੂੰ ਸਰਬਸੰਮਤੀ ਨਾਲ ਇਸ ਦੇ ਪਹਿਲੇ ਪ੍ਰਧਾਨ ਚੁਣਿਆ ਗਿਆ। ਇਸ ਨੂੰ ਰਜਿਸਟਰ ਕਰਾਉਣਾ ਤੇ ਪਹਿਲੀ ਸਾਲਾਨਾ ਕਾਨਫਰੰਸ ਦਾ ਪ੍ਰਬੰਧ ਉਨ੍ਹਾਂ ਜ਼ਿੰਮੇ ਲਾਇਆ ਗਿਆ। ਇਨ੍ਹਾਂ ਜ਼ਿੰਮੇਵਾਰੀਆਂ ਨੂੰ ਅਸਾਂ ਰਲ ਕੇ ਪੂਰਾ ਕੀਤਾ। ਇਸ ਬਾਰੇ ਸਾਰੇ ਸਾਹਿਤਕਾਰ, ਲਿਖਾਰੀ ਤੇ ਹੋਰ ਲੋਕ ਪੂਰੀ ਤਰ੍ਹਾਂ ਜਾਣੂ ਹਨ। ਸਾਰੀਆਂ ਥਾਂਵਾਂ 'ਤੇ ਮਹੀਨਾਵਾਰ, ਤ੍ਰੈਮਾਸਕ ਤੇ ਖਾਸ ਬੈਠਕਾਂ ਪੂਰੇ ਉਤਸ਼ਾਹ ਨਾਲ ਭਰਵੀਆਂ ਹੁੰਦੀਆਂ ਰਹੀਆਂ। ਹਰ ਮੌਕੇ ਯੂਬਾ ਸਿਟੀ ਦੀ ਇਹ ਸਾਹਿਤਕ ਗੱਡੀ ਸਭ ਤੋਂ ਪਹਿਲਾਂ ਪਹੁੰਚ ਜਾਂਦੀ ਸੀ ਤੇ ਸਭਾ ਦੀ ਕਾਰਵਾਈ ਸਮੇਂ ਨਾਲ ਸ਼ੁਰੂ ਹੋ ਜਾਂਦੀ। ਮੀਟਿੰਗ ਦੀ ਸਮਾਪਤੀ ਉਤੇ ਘੱਗ ਸਾਹਿਬ ਆਪਣੀ ਚਰਚਾ ਛੇੜ ਲੈਂਦੇ ਤੇ ਗੱਡੀ ਦੀਆਂ ਬਾਕੀ ਸਵਾਰੀਆਂ ਉਡੀਕਦੀਆਂ ਰਹਿੰਦੀਆਂ। ਜਦ ਉਹ ਕਾਰ ਵਿਚ ਆ ਕੇ ਬੈਠ ਜਾਂਦੇ ਤਾਂ ਸਾਰਿਆਂ ਦਾ ਐਨਾ ਦਿਲ ਲਾਉਂਦੇ ਕਿ ਪਤਾ ਵੀ ਨਾ ਚਲਦਾ ਕਿ ਅਸੀਂ ਯੂਬਾ ਸਿਟੀ ਪਹੁੰਚ ਗਏ ਹੁੰਦੇ।

# ਗੁਣਵੰਤਾ ਦੀ ਗਾਥਾ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਤ੍ਰੇਲ ਦੇ ਤੁਪਕਿਆਂ ਦੀ ਛੋਹ ਜਿਹਾ ਅਹਿਸਾਸ ਪ੍ਰਗਟਾਇਆ ਸੀ ਕਿ ਤ੍ਰੇਲ ਵਰਗੇ ਲੋਕ ਜਦ ਜ਼ਿੰਦਗੀ ਵਿਚ ਮਿਲਦੇ ਤਾਂ ਜ਼ਿੰਦਗੀ ਦੀ ਸੁੱਚਮਤਾ ਤੇ ਉਚਮਤਾ ਵਿਚ ਜ਼ਿਕਰਯੋਗ ਵਾਧਾ ਹੁੰਦਾ ਬਸ਼ਰਤੇ ਸਾਨੂੰ ਅਜਿਹੇ ਲੋਕਾਂ ਦੀ ਪਛਾਣ ਹੋਵੇ। ਉਨ੍ਹਾਂ ਕਿਹਾ ਸੀ, "ਜ਼ਿੰਦਗੀ ਵੀ ਤ੍ਰੇਲ-ਤੁਪਕਿਆਂ ਜਿਹੀ ਹੀ ਹੋਣੀ ਚਾਹੀਦੀ ਤਾਂ ਕਿ ਇਹ ਖੁਸ਼ੀਆਂ, ਖੇੜਿਆਂ ਤੇ ਪਾਕੀਜ਼ਗੀ ਦਾ ਸੁਨੇਹੇ ਜੀਵਨ-ਦਰਾਂ 'ਤੇ ਤ੍ਰੌਂਕਦੀ, ਜੀਵਨ ਦੇ ਉਦਾਸ ਪਲਾਂ ਨੂੰ ਹੁਲਾਸ ਨਾਲ ਭਰ, ਆਪਣੀ ਰੁਖਸਤਗੀ ਦਾ ਜਸ਼ਨ ਮਨਾਏ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਗੁਣਾਂ ਦੀ ਪੋਟਲੀ ਛੰਡਦਿਆਂ ਗੁਣਵੰਤਾ ਦੀ ਗਾਥਾ ਛੋਹੀ ਹੈ। ਉਹ ਕਹਿੰਦੇ ਹਨ, "ਗੁਣਾਂ ਨਾਲ ਹੀ ਗੁਣਵੰਤਾ ਅਤੇ ਗੂੜ੍ਹ-ਗਿਆਨੀ ਦਾ ਮਰਤਬਾ ਹਾਸਲ ਹੁੰਦਾ। ਮਨੁੱਖ ਨੇ ਗੁਣਵੰਤਾ ਹੋ ਕੇ ਆਪਣੀ ਪਛਾਣ ਬਣਾਉਣੀ ਜਾਂ ਗਵਾਰ ਹੋ ਕੇ ਪਛਾਣ ਦੀ ਬੇਖੁਦੀ ਨੂੰ ਹੰਢਾਉਣਾ, ਇਹ ਮਨੁੱਖ 'ਤੇ ਨਿਰਭਰ।...ਕੋਈ ਸਰਬ-ਗੁਣੀ ਸੰਪੂਰਨ ਨਹੀਂ ਹੁੰਦਾ। ਹਰੇਕ ਵਿਚ ਕੁਝ ਕਮੀਆਂ, ਖਾਮੀਆਂ ਜਾਂ ਕੁਝ ਕੋਹਜ ਹੁੰਦੇ, ਪਰ ਇਹ ਮਨੁੱਖ 'ਤੇ ਨਿਰਭਰ ਕਰਦਾ ਏ ਕਿ ਉਸ ਨੇ ਚੰਗੇ ਗੁਣਾਂ ਨੂੰ ਗ੍ਰਹਿਣ ਕਰਨਾ ਕਿ ਮਾੜੇ ਗੁਣਾਂ ਦੀ ਕੁਸੰਗਤੀ 'ਚੋਂ ਆਪਣੇ ਜੀਵਨ ਨੂੰ ਹੀ ਦਾਅ 'ਤੇ ਲਾਉਣਾ। ਡਾ. ਭੰਡਾਲ ਮੁਤਾਬਕ "ਗੁਣਵੰਤੇ ਬਣੋ ਉਨ੍ਹਾਂ ਗੁਣਾਂ ਦੇ, ਜਿਨ੍ਹਾਂ 'ਤੇ ਖੁਦ ਨੂੰ, ਪਰਿਵਾਰ, ਸਮਾਜ, ਕੌਮ ਅਤੇ ਦੇਸ਼ ਨੂੰ ਨਾਜ਼ ਹੋਵੇ; ਕਿਉਂਕਿ ਗੁਣਵੰਤਿਆਂ ਦੀਆਂ ਗੱਲਾਂ ਹੁੰਦੀਆਂ, ਗੀਤ ਗਾਏ ਜਾਂਦੇ, ਗੁਫਤਗੂ ਵਿਚ ਹਾਜ਼ਰ-ਨਾਜ਼ਰ, ਗ੍ਰੰਥ ਰਚੇ ਜਾਂਦੇ ਅਤੇ ਗ੍ਰਹਿਣੇ ਵਕਤਾਂ ਨੂੰ ਸੁਰਖ ਭਾਅ ਬਖਸ਼ੇ ਜਾਂਦੇ।...ਕਿਰਤੀ, ਕਵੀ, ਕਲਾਕਾਰ, ਕਥਾਕਾਰ, ਕਿਸਾਨ, ਕ੍ਰਿਪਾਲੂ, ਕ੍ਰਿਤਾਰਥੀ, ਕਹਿਣੇਕਾਰ, ਕਰਿੰਦਾ, ਕਰਮਯੋਗੀ ਅਤੇ ਕਰਮਵੰਤੇ ਆਦਿ ਲੋਕ ਹੁੰਦੇ, ਜੋ ਜ਼ਿੰਦਗੀ ਵਿਚ ਅਦਬ ਅਤੇ ਅਦਾਬ ਸੰਗ ਜਿਉਂਦੇ।" -ਸੰਪਾਦਕ***

ਗੁਣਵੰਤਾ, ਗੁਣਾਂ ਦਾ ਸੰਗ੍ਰਹਿ-ਕਰਤਾ, ਮਾਨਵੀ ਕਦਰਾਂ-ਕੀਮਤਾਂ ਦਾ ਧਾਰਨੀ ਅਤੇ ਗ੍ਰਹਿਣ ਕਰਤਾ। ਗੁਣ ਕਦਰਾਂ-ਕੀਮਤਾਂ, ਜਿਨ੍ਹਾਂ ਨੇ ਮਨੁੱਖ ਤੇ ਮਨੁੱਖਤਾ ਨੂੰ ਪਰਿਭਾਸ਼ਤ ਕਰਨਾ ਹੁੰਦਾ। ਗੁਣ, ਮਨੁੱਖ ਦੀਆਂ ਵਿਸ਼ੇਸ਼ਤਾਵਾਂ, ਖਾਸੀਅਤਾਂ ਅਤੇ ਮਨੁੱਖੀ ਸਮਰੱਥਾਵਾਂ ਦੀ ਸੰਭਾਵਨਾ ਤੇ ਸੁਪਨਸ਼ੀਲਤਾ।

ਗੁਣ, ਕੁਝ ਜਨਮ ਤੋਂ ਮਿਲਦੇ, ਕੁਝ ਪਰਿਵਾਰਕ ਚੌਗਿਰਦੇ ਵਿਚੋਂ ਹਾਸਲ ਹੁੰਦੇ, ਕੁਝ ਆਲੇ-ਦੁਆਲੇ ਅਤੇ ਕੁਝ ਸੰਗੀ-ਸਾਥੀਆਂ ਦੀ ਸੁਹਬਤ ਵਿਚੋਂ ਮਨੁੱਖ ਗ੍ਰਹਿਣ ਕਰਦਾ। ਗੁਣ ਕਿਸ ਰੂਪ ਵਿਚ ਅਤੇ ਕਿਹੜੇ ਵਰਤੋਂ-ਵਿਹਾਰ ਵਿਚ ਆਪਣਾ ਰੰਗ ਪ੍ਰਗਟਾਉਂਦੇ, ਇਹ ਮਨੁੱਖ ਦੀ ਸਮੁੱਚਤਾ 'ਤੇ ਨਿਰਭਰ। ਫਿਤਰਤ ਦਾ ਅੰਗ ਅਤੇ ਉਸ ਦਾ ਸੋਚ ਵਿਚ ਉਕਰਿਆ, ਜਿਉਣ-ਢੰਗ।

ਗੁਣ, ਕੁਝ ਬਾਹਰੀ ਤੇ ਕੁਝ ਅੰਤਰੀਵੀ। ਕੁਝ ਖੁਦ ਨੂੰ ਸੰਬੋਧਿਤ ਅਤੇ ਕੁਝ ਸਮੂਹ ਦੇ ਸਨਮੁੱਖ। ਕੁਝ ਸੁਚੇਤ ਰੂਪ ਵਿਚ ਸਾਹਮਣੇ ਆਉਂਦੇ ਅਤੇ ਕੁਝ ਅਚੇਤ ਰੂਪ ਰਾਹੀਂ ਨਜ਼ਰ ਆਉਂਦੇ, ਜਿਨ੍ਹਾਂ ਦਾ ਕਈ ਵਾਰ ਖੁਦ ਨੂੰ ਵੀ ਪਤਾ ਨਹੀਂ ਹੁੰਦਾ।

ਗੁਣਾਂ ਨਾਲ ਹੀ ਗੁਣਵੰਤਾ ਅਤੇ ਗੂੜ੍ਹ-ਗਿਆਨੀ ਦਾ ਮਰਤਬਾ ਹਾਸਲ ਹੁੰਦਾ। ਮਨੁੱਖ ਨੇ ਗੁਣਵੰਤਾ ਹੋ ਕੇ ਆਪਣੀ ਪਛਾਣ ਬਣਾਉਣੀ ਜਾਂ ਗਵਾਰ ਹੋ ਕੇ ਪਛਾਣ ਦੀ ਬੇਖੁਦੀ ਨੂੰ ਹੰਢਾਉਣਾ, ਇਹ ਮਨੁੱਖ 'ਤੇ ਨਿਰਭਰ।

ਗੁਣ, ਕੁਝ ਉਸਾਰੂ ਤੇ ਕੁਝ ਸੁਚਾਰੂ, ਕੁਝ ਉਲਾਰ ਤੇ ਕੁਝ ਸਹਿਜ-ਆਚਾਰ। ਕੁਝ ਗੁਣ ਮਨੁੱਖ ਦਾ ਗਹਿਣਾ ਬਣ ਕੇ ਉਸ ਦੀ ਸਰਬ-ਸੁੰਦਰਤਾ ਨੂੰ ਚਾਰ ਚੰਨ ਲਾਉਂਦੇ, ਪਰ ਕੁਝ ਗੁਣ ਅਜਿਹੇ ਹੁੰਦੇ, ਜਿਨ੍ਹਾਂ ਕਾਰਨ ਮਨੁੱਖ, ਮਨੁੱਖ ਹੋਣ ਤੋਂ ਹੀ ਮੁਨਕਰ ਹੋ ਜਾਂਦਾ। ਉਸ ਦੀਆਂ ਆਦਤਾਂ, ਕੁਹਜਾਂ, ਕਮੀਨਗੀਆਂ ਤੇ ਕੁਕਰਮਾਂ ਕਾਰਨ ਮਨੁੱਖਤਾ ਸ਼ਰਮਸ਼ਾਰ ਹੁੰਦੀ। ਕਈ ਵਾਰ ਤਾਂ ਮਾਰੂ ਗੁਣ ਮਨੁੱਖ ਦਾ ਮਰਸੀਆ ਪੜ੍ਹਦੇ। ਸੰਤਾਪੇ ਗੁਣਾਂ ਕਾਰਨ ਹੀ ਸਮਾਜ ਨੂੰ ਨਮੋਸ਼ੀ ਝੱਲਣੀ ਪੈਂਦੀ। ਅਜਿਹੇ ਮਨੁੱਖ ਖੁਦ ਵੀ ਗਰਕਣੀ 'ਚ ਗਰਕਦੇ ਅਤੇ ਆਲੇ-ਦੁਆਲੇ ਨੂੰ ਚਿੱਕੜ ਨਾਲ ਲਬੇੜਦੇ।

ਗੁਣ, ਗਨੀਮਤ ਤੇ ਗੁਣ ਗਿਆਨ। ਗੁਣ, ਗੁਨਾਹ ਤੇ ਗੁਣ ਗੁਮਾਨ। ਗੁਣ ਦੀ ਆਭਾ ਮੁੱਖ 'ਤੇ ਫੈਲਿਆ ਚਾਨਣ। ਗੁਣ ਦੀ ਬਗਲੀ ਪਾ ਕੇ ਬੰਦਾ ਕਰਦਾ ਜਦ ਵਿਖਿਆਨ, ਤਦ ਇਸ ਦੇ ਬੋਲਾਂ ਰਾਹੀਂ ਬੋਲੇ ਖੁਦ ਭਗਵਾਨ। ਗੁਣ ਗੰਦਰਵ ਤੇ ਗੁਣ ਗਰੀਬ, ਗੁਣ ਹੀ ਅਦਬ-ਅਦੀਬ। ਗੁਣ ਵਿਚੋਂ ਖੁਦਾਈ ਬੋਲੇ ਜਾਂ ਹੋਵੇ ਖੁਦ ਦੇ ਕਰੀਬ।

ਗੁਣ, ਬੰਦੇ ਦੀ ਸੁਹਜ-ਮੱਤ, ਗੁਣ ਚੰਗਿਆਈਆਂ ਤੱਤ। ਗੁਣ ਹੀ ਮਨ ਦੀ ਸਹਿਜ ਅਵਸਥਾ, ਤੇ ਗੁਣ ਗੰਭੀਰੀ ਗੱਤ। ਗੁਣ ਵਿਚੋਂ ਹੀ ਗੁਣ ਉਪਜਦੇ ਅਤੇ ਗੁਣ ਹੀ ਗੁਣਾਂ ਦੀ ਖਾਣ। ਗੁਣਾਂ ਨਾਲ ਹੀ ਬੰਦਾ ਨਿਖਰੇ ਤੇ ਵੰਡੇ ਗੂੜ੍ਹ-ਗਿਆਨ।

ਗੁਣ ਬੰਦੇ ਦੀ ਨਿਰਮਲ ਆਭਾ ਤੇ ਗੁਣ ਬੰਦੇ ਦੇ ਪੀਰ। ਗੁਣਾਂ ਵਿਚੋਂ ਤਬੀਅਤ ਨਿੱਖਰੇ ਅਤੇ ਗੁਣ ਹੀ ਤਨ-ਤਾਸੀਰ। ਗੁਣਾਂ ਵਿਚੋਂ ਹੀ ਸ਼ਖਸੀ ਬਿੰਬ ਨੂੰ ਮਿਲੇ ਨਿਰੋਈ ਦਿੱਖ। ਗੁਣਾਂ ਵਾਲੇ ਨਾ ਝੋਲੀ ਅੱਡ ਕੇ ਕਦੇ ਮੰਗਦੇ ਭਿੱਖ। ਗੁਣ ਦਰਿਆ ਦਾ ਵਗਦਾ ਪਾਣੀ ਤੇ ਵਹਿੰਦੀ ਨਿਰਮਲ-ਧਾਰਾ। ਲਹਿਰਾਂ ਵਿਚੋਂ ਜ਼ਿੰਦਗੀ ਉਗਮੇ, ਬਣ ਕੇ ਸਰਘ-ਉਜਿਆਰਾ।

ਗੁਣਾਂ ਦੀ ਗਾਥਾ ਜਦ ਹਰ ਹੋਠਾਂ 'ਤੇ ਬਣਦੀ ਲੋਕ-ਅਵਾਜ਼ ਤਾਂ ਸੋਚਾਂ ਵਿਚ ਉਭਰ ਆਵੇ ਹਰਦਮ ਜਿਉਣ-ਅੰਦਾਜ਼। ਇਸ ਵਿਚੋਂ ਖੁੱਲ੍ਹ ਜਾਂਦੇ ਕੁਝ ਅਛੋਪਲੇ ਰਾਜ਼। ਬਨਦਾ ਆਖਰ ਗੁਣਵੰਤਾ ਦਾ ਮੁਕਟ ਤੇ ਤਾਜ਼।

ਗੁਣਾਂ ਨੂੰ ਪ੍ਰਾਪਤ ਕਰਨਾ, ਸਿੱਖਣਾ, ਸਮਝਣਾ ਅਤੇ ਇਨ੍ਹਾਂ ਨੂੰ ਜੀਵਨ ਦਾ ਮੂਲ-ਮੰਤਰ ਬਣਾਉਣਾ, ਨਿਰੰਤਰ ਅਭਿਆਸ ਤੇ ਸੁੱਚੀ ਆਸ। ਇਸ ਰਾਹ 'ਤੇ ਨਹੀਂ ਹੋਣਾ ਚਾਹੀਦਾ ਨਿਰਾਸ਼ ਜਾਂ ਉਦਾਸ, ਕਿਉਂਕਿ ਆਖਰ ਨੂੰ ਗੁਣੀ ਵਿਅਕਤੀਆਂ ਦੀ ਅਹਿਮੀਅਤ ਦਾ ਜਦ ਹੁੰਦਾ ਏ ਸਮਾਜ ਨੂੰ ਅਹਿਸਾਸ ਤਾਂ ਮਰਨਹਾਰੀ ਆਸ ਵੀ ਹੋ ਜਾਂਦਾ ਏ ਨਵਾਂ-ਨਿਰੋਇਆ ਵਿਸ਼ਵਾਸ।

ਕੋਈ ਸਰਬ-ਗੁਣੀ ਸੰਪੂਰਨ ਨਹੀਂ ਹੁੰਦਾ। ਹਰੇਕ ਵਿਚ ਕੁਝ ਕਮੀਆਂ, ਖਾਮੀਆਂ ਜਾਂ ਕੁਝ ਕੋਹਜ ਹੁੰਦੇ, ਪਰ ਇਹ ਮਨੁੱਖ 'ਤੇ ਨਿਰਭਰ ਕਰਦਾ ਏ ਕਿ ਉਸ ਨੇ ਚੰਗੇ ਗੁਣਾਂ ਨੂੰ ਗ੍ਰਹਿਣ ਕਰਨਾ ਕਿ ਮਾੜੇ ਗੁਣਾਂ ਦੀ ਕੁਸੰਗਤੀ 'ਚੋਂ ਆਪਣੇ ਜੀਵਨ ਨੂੰ ਹੀ ਦਾਅ 'ਤੇ ਲਾਉਣਾ। ਜੀਵਨ ਦੇ ਹਰ ਮੋੜ, ਹਰ ਅਦਾਰੇ ਅਤੇ ਹਰ ਮੌਕੇ 'ਤੇ ਬਹੁਤ ਸਾਰੇ ਲੋਕ ਮਿਲਦੇ। ਉਨ੍ਹਾਂ ਦੀਆਂ ਕਈ ਪਰਤਾਂ ਜੱਗ-ਜਾਹਰ ਹੁੰਦੀਆਂ, ਕੁਝ ਲੁੱਕੀਆਂ ਰਹਿੰਦੀਆਂ। ਜਰੂਰੀ ਹੈ ਕਿ ਅਸੀਂ ਸੁਹਜ ਤੇ ਕੁਹਜ ਦੀ ਪਛਾਣ ਕਰਨ ਦੇ ਸਮਰੱਥ ਹੋਈਏ। ਸੁੱਚੇ ਰੰਗਾਂ ਨਾਲ ਵਿਅਕਤੀਤਵ ਨੂੰ ਨਿਖਾਰਨ ਅਤੇ ਉਭਾਰਨ ਦੇ ਯਤਨ ਜਾਰੀ ਰੱਖੀਏ। ਸੂਝਵਾਨ ਅਤੇ ਮਹਾਨ ਵਿਅਕਤੀ ਦੇ ਜ਼ਿੰਦਗੀ ਦੇ ਵਰਕਿਆਂ ਨੂੰ ਫਰੋਲਣਾ, ਪਤਾ ਲਗੇਗਾ ਕਿ ਉਨ੍ਹਾਂ ਨੇ ਕਿਹੜੇ ਕਸ਼ਟਾਂ, ਤਕਲੀਫਾਂ ਅਤੇ ਦੁੱਖਾਂ ਵਿਚੋਂ ਅਜਿਹੀ ਪੈੜ ਸਿਰਜੀ, ਜੋ ਉਨ੍ਹਾਂ ਦੀ ਸੁਰਖ ਪਛਾਣ ਬਣੀ।

ਗੁਣ-ਪ੍ਰਾਪਤੀ, ਨਿਰੰਤਰ ਸਾਧਨਾ, ਸਿਰੜ, ਸਮਰਪਣ ਅਤੇ ਸਖਤ ਮਿਹਨਤ ਵਿਚੋਂ ਹੀ ਹਾਸਲ ਹੁੰਦੀ। ਗੁਣ ਵਿਰਾਸਤ ਨਹੀਂ। ਨਿੱਜਤਾ 'ਤੇ ਨਿਰਭਰ। ਕਈ ਵਾਰ ਕਿਸੇ ਨਲਾਇਕ ਬਾਪ ਦੇ ਬੱਚੇ ਬਹੁਤ ਲਾਇਕ ਹੁੰਦੇ। ਅਕਸਰ ਗੋਦੜੀਆਂ ਵਿਚੋਂ ਹੀ ਲਾਲ ਪੈਦਾ ਹੁੰਦੇ।

ਗੁਣ ਗ੍ਰੰਥਾਂ, ਗੁਫਤਗੂ, ਸੰਵਾਦ ਅਤੇ ਸੇਧਤ ਸੋਚ ਨਾਲ ਹੀ ਮਨੁੱਖ ਅਪਨਾਵੇ ਤਾਂ ਉਹ ਇਨ੍ਹਾਂ ਗੁਣਾਂ ਦਾ ਮਾਣ ਬਣ ਜਾਵੇ ਅਤੇ ਗੁਣਾਂ ਦੀ ਤਾਸੀਰ ਤੇ ਤਰਜ਼ੀਹ ਵਿਚੋਂ ਤਦਬੀਰ ਨੂੰ ਤਕਦੀਰ ਬਣਾਵੇ।

ਉਪਕਾਰੀ, ਉਦਮੀ, ਉਤਸ਼ਾਹੀ ਅਤੇ ਉਸਾਰੂ ਸੋਚ ਨਾਲ ਭਰਪੂਰ ਵਿਅਕਤੀਆਂ ਦੇ ਮੱਥੇ ਦਾ ਟਿੱਕਾ ਬਣਨ ਲਈ ਚੰਦਰਮਾ ਹਮੇਸ਼ਾ ਉਤਸੁਕ ਰਹਿੰਦਾ ਜਦ ਕਿ ਉਲਾਰਵਾਦੀ, ਉਜੱਡ ਲੋਕ ਵਕਤ ਦੀ ਕਾਲਖ ਹੁੰਦੇ।

ਆਤਮ-ਵਿਸ਼ਵਾਸੀ, ਆਸਵੰਤਾ, ਆਗਿਆਕਾਰੀ, ਆਦਰਯੋਗ, ਅੰਤਰਜ਼ਾਮੀ, ਅਦਬੀ, ਅਦੀਬ, ਅਕਲਮੰਦ, ਆਲਮ-ਫਾਜ਼ਲ, ਅਣਖੀ, ਆਦਿ ਵਿਅਕਤੀ ਗੁਣਾਂ ਦੀ ਗੁੱਥਲੀ; ਪਰ ਅੱਖੜ, ਅਕ੍ਰਿਤਘਣ, ਆਲਸੀ, ਅਧਰਮੀ, ਅਭਿਮਾਨੀ, ਅਤਿਆਚਾਰੀ, ਅਗਿਆਨੀ ਮਨੁੱਖ ਤਾਂ ਦੁਰਕਾਰਨਯੋਗ। ਇਸ ਵਿਚੋਂ ਹੀ ਮਨੁੱਖੀ ਫਿਤਰਤ ਦਾ ਚੰਗਾ ਜਾਂ ਮਾੜਾ ਜਲੌਅ ਪ੍ਰਗਟਦਾ।

ਇੱਜਤਦਾਰ, ਈਮਾਨਦਾਰ, ਇਤਬਾਰੀ, ਇਖਲਾਕੀ ਮਨੁੱਖ ਦੀ ਸੁਚੱਜੀ ਪਛਾਣ ਦਾ ਨਾਮ। ਉਨ੍ਹਾਂ ਦੇ ਅੰਤਰੀਵ ਵਿਚੋਂ ਪਾਰਦਸ਼ਤਾ ਨੂੰ ਕਿਆਸਿਆ ਜਾ ਸਕਦਾ, ਪਰ ਈਰਖਾਲੂ ਸਿਰਫ ਈਰਖਾ ਹੀ ਕਰ ਸਕਦਾ। ਪੱਲੇ ਵਿਚ ਕੁਝ ਨਹੀਂ ਹੁੰਦਾ।

ਸੂਝਵਾਨ, ਸਿਆਣਾ, ਸੰਜਮੀ, ਸੰਸਕਾਰੀ, ਸਮਝਦਾਰ, ਸਮਦਰਸ਼ੀ, ਸੁਆਮੀ, ਸ਼ਰਮੀਲਾ, ਸੁਹੇਲਾ, ਸਚਿਆਰਾ, ਸੁੰਦਰ, ਸੰਤੋਖੀ, ਸੁਪਨਸ਼ੀਲ, ਸਹਿਜਭਾਵੀ, ਸੂਖਮਭਾਵੀ, ਸਮਰਪਿਤ, ਸਦਭਾਵੀ, ਸੰਸਕਾਰੀ ਅਤੇ ਸਾਦਗੀ ਤੇ ਸੁਹਜ ਨਾਲ ਭਰਪੂਰ ਗੁਣਾਂ ਵਾਲੇ ਵਿਅਕਤੀਤਵ ਸੂਰਜਾਂ ਦੀ ਤਸ਼ਬੀਹ ਹੁੰਦੇ। ਸ਼ੁਹਦਾ, ਸ਼ੱਕੀ, ਸ਼ਿਕਾਇਤੀ, ਸ਼ਰਾਰਤੀ, ਸੂਮ ਆਦਿ ਵਿਅਕਤੀ ਨੂੰ ਕਿਸ ਨਾਲ ਤਸ਼ਬੀਹ ਦੇਵੋਗੇ?

ਹੱਸਮੁੱਖ, ਹਿੰਮਤੀ, ਹਰਦਿਲ-ਅਜ਼ੀਜ਼, ਹਰਫਨਮੌਲਾ ਅਤੇ ਹਸਾਸ ਨਾਲ ਭਰੇ ਬੰਦੇ ਵਿਚੋਂ ਹੋ ਰਹੀ ਬੰਦਿਆਈ ਦੀ ਬਾਰਸ਼ ਵਿਚ ਜਦ ਕੋਈ ਭਿੱਜਦਾ ਤਾਂ ਉਸ ਦੀਆਂ ਜੀਵਨੀ ਔੜਾਂ ਦੀ ਪਿਆਸ ਮਿੱਟਦੀ; ਜਦੋਂ ਕਿ ਹਾਰਿਆ, ਹੰਭਿਆ, ਹੰਕਾਰੀ, ਹੂੜਮੱਤਾ, ਹੱਠੀ ਆਦਿ ਵਿਅਕਤੀ ਤਾਂ ਰੱਕੜ ਦਾ ਨਾਮਕਰਨ ਹੁੰਦੇ।

ਕਿਰਤੀ, ਕਵੀ, ਕਲਾਕਾਰ, ਕਥਾਕਾਰ, ਕਿਸਾਨ, ਕ੍ਰਿਪਾਲੂ, ਕ੍ਰਿਤਾਰਥੀ, ਕਹਿਣੇਕਾਰ, ਕਰਿੰਦਾ, ਕਰਮਯੋਗੀ ਅਤੇ ਕਰਮਵੰਤੇ ਆਦਿ ਲੋਕ ਹੁੰਦੇ, ਜੋ ਜ਼ਿੰਦਗੀ ਵਿਚ ਅਦਬ ਅਤੇ ਅਦਾਬ ਸੰਗ ਜਿਉਂਦੇ। ਉਨ੍ਹਾਂ ਨੂੰ ਜੀਵਨ-ਜਾਚ ਦਾ ਹੁਨਰ ਅਤੇ ਹੱਕ ਹਾਸਲ ਹੁੰਦਾ, ਜਦੋਂ ਕਿ ਕੰਜੂਸ, ਕਮੀਨੇ, ਕੁਕਰਮੀ, ਕਾਤਲ, ਕਹਿਰਵਾਨ, ਕੋਹਜੇ, ਕੁਰਾਹੀਏ, ਕੁਸੰਗਤੀ, ਕੁਰਹਿਤੀ ਆਦਿ ਵਿਅਕਤੀਆਂ ਤੋਂ ਤਾਂ ਬਚਣ ਵਿਚ ਹੀ ਭਲਾਈ।

ਖਬਤੀ, ਖੁਆਬੀ, ਖੁਸ਼-ਮਿਜ਼ਾਜ਼ ਅਤੇ ਖਾਮੋਸ਼ ਵਿਅਕਤੀ ਚੜ੍ਹਦੇ ਦਿਨ ਦੀ ਰੌਸ਼ਨੀ ਹੁੰਦੇ; ਜਦੋਂ ਕਿ ਖਰਚੀਲਾ, ਖੁੰਦਕੀ, ਖੜਪੈਂਚ, ਖੁਣਸੀ, ਖਰਵਾ, ਖਤਰਨਾਕ ਵਿਅਕਤੀ ਉਤਰ ਰਹੀ ਸ਼ਾਮ ਦਾ ਹਨੇਰਾ, ਜੋ ਮਨੁੱਖਤਾ ਲਈ ਘੁਸਮੁੱਸਾ ਹੁੰਦੇ।

ਗਰੀਬ, ਗੁਣੀ, ਗਿਆਨੀ, ਗੁਣਵੰਤਾ, ਗਹਿਰ-ਗੰਭੀਰ, ਗੁਰੂ, ਗੌਰਵਮਈ, ਗਿਆਨੀ, ਗੱਦੀ-ਨਸ਼ੀਨ ਬੰਦਾ ਜ਼ਿੰਦਗੀ ਦੇ ਰੌਸ਼ਨ ਪੱਖ। ਗਮਗੀਨ, ਗੰਵਾਰ, ਗੱਦਾਰ, ਗਾਲੜੀ ਆਦਿ ਜੀਵਨ ਦਾ ਅੰਧੇਰਾ ਪੱਖ। ਇਹ ਮਨੁੱਖ ਦੀ ਅਰਧ-ਚੇਤਨਾ ਵਿਚ ਬੈਠੀ ਸੋਚ 'ਤੇ ਨਿਰਭਰ ਕਿ ਉਸ ਨੇ ਕਿਹੜਾ ਪੱਖ ਚੁਣਨਾ ਏ। ਮਨੁੱਖੀ ਲੋਚਾ ਵੀ ਆਪਣਾ ਰੋਲ ਅਦਾ ਕਰਦੀ।

ਘੁਣਤਰੀ, ਘਬਰਾਉਣ ਵਾਲਾ, ਘੂਰਨ ਵਾਲਾ, ਘੁਮੰਡੀ ਬਣ ਕੇ ਕਿਸੇ ਦੇ ਪੈਰਾਂ ਦੀ ਛਣਕਾਰ ਬਣਨਾ ਜਦ ਕਿਸੇ ਵਿਅਕਤੀ ਦੀ ਜ਼ਿਹਨੀ ਕਮਜ਼ੋਰੀ ਬਣ ਜਾਵੇ ਤਾਂ ਇਸ ਵਿਚੋਂ ਕਿਹਾ-ਜਿਹਾ ਰੰਗ ਉਘੜੇਗਾ, ਦੱਸਣ ਦੀ ਲੋੜ ਨਹੀਂ ਰਹਿ ਜਾਂਦੀ।

ਚੁਸਤ, ਚੁਲਬੁਲਾ, ਚੁੱਪ-ਚੁਪੀਤਾ, ਚਰਿੱਤਰਵਾਨ ਵਿਅਕਤੀ ਹੁੰਦੇ ਨੇ ਗੰਦਮੀ ਨਿਖਾਰ; ਜਦੋਂ ਕਿ ਚਮਚੇ, ਚੁਗਲਖੋਰ, ਚਲਾਕ, ਚੋਰ, ਚਗਲਿਆ, ਚਰਿੱਤਰਹੀਨ ਵਿਅਕਤੀ ਤਾਂ ਵਕਤ ਦਾ ਕਾਲਖੀ ਵਰਤਾਰਾ, ਜਿਸ ਵਿਚੋਂ ਉਸ ਦੇ ਵਿਨਾਸ਼ ਦੀ ਨਿਸ਼ਾਨਦੇਹੀ ਕਰਦੀਆਂ ਅਲਾਮਤਾਂ ਦੀ ਕਰੂਰਤਾ ਨਜ਼ਰ ਆਉਂਦੀ।

ਜਜ਼ਬਾਤੀ, ਜਿਗਰੀ, ਜੋਸ਼ੀਲਾ, ਜੰਗਜੂ, ਜੋਗੀ, ਜੋਬਨਵੰਤ, ਵਿਅਕਤੀ ਸਰਘੀ ਦਾ ਝਲਕਾਰਾ; ਜਦੋਂ ਕਿ ਜ਼ਾਲਮ, ਜੋਰਾਵਰ, ਜਮ੍ਹਾਂਖੋਰ, ਜੁਗਾੜੀ, ਵਿਅਕਤੀ ਸ਼ਾਮ ਦਾ ਅੰਧਕਾਰਾ। ਕੁਝ ਉਘੜਦੀਆਂ ਪੈੜਾਂ ਦੇ ਨਿਸ਼ਾਨ ਅਤੇ ਕੁਝ ਮਿੱਟ ਰਹੇ ਰਾਹਾਂ ਦੀਆਂ ਸਾਹ-ਵਰੋਲਦੀਆਂ ਲਕੀਰਾਂ।

ਝਗੜਾਲੂ ਤੇ ਝਮੱਖੇ ਵਿਅਕਤੀ ਦੀ ਔਕਾਤ ਹੀ ਕੀ! ਉਹ ਕਬਰਾਂ, ਕਾਲਖਾਂ ਅਤੇ ਕੁਤਾਹੀਆਂ ਨੂੰ ਹੀ ਕੀਰਤੀ ਸਮਝਣ ਦੀ ਭੁੱਲ ਕਰਦਾ ਏ ਸਾਰੀ ਉਮਰ।

ਟੌਹਰੀ, ਟਰਕਾਊ, ਟੱਪਲੇਬਾਜ਼ ਵਿਅਕਤੀ ਅਜਿਹੇ ਹੁੰਦੇ, ਜਿਨ੍ਹਾਂ ਵਿਚੋਂ ਸਿਰਫ ਮੱਸਿਆ ਦੀ ਰਾਤ ਦੇ ਹੀ ਦੀਦਾਰੇ ਹੁੰਦੇ ਅਤੇ ਇਨ੍ਹਾਂ ਵਿਚੋਂ ਪੁੰਨਿਆਂ ਦਾ ਪੂਰਾ ਚੰਨ ਕਦੇ ਨਹੀਂ ਦੇਖ ਸਕਦੇ।

ਠਰੰਮੇ ਨੂੰ ਯਾਰ ਬਣਾਉਣ ਵਾਲੇ ਵਿਅਕਤੀ ਸੂਰਜ ਵੰਨੀਂ ਕੀਤੇ ਮੁੱਖ ਦਾ ਨਾਮ, ਜਦੋਂ ਕਿ ਠੱਗ ਤੇ ਠਰਕੀ ਲੋਕ ਸੂਰਜ ਨੂੰ ਪਿੱਠ ਦਿਖਾਉਣ ਦੀ ਚਿੰਤਾ ਹੁੰਦੇ। ਆਦਮੀ ਨੇ ਸੂਰਜ ਵੰਨੀਂ ਜਾਂਦੀਆਂ ਰਾਹਾਂ ਮੱਲਣੀਆਂ ਜਾਂ ਸੂਰਜ ਤੋਂ ਦੂਰ ਜਾਣ ਵਾਲੇ ਪੈਂਡਿਆਂ ਦਾ ਰਾਹੀ ਬਣਨਾ, ਮਨੁੱਖ ਦੇ ਵਿਕਾਸ ਜਾਂ ਵਿਨਾਸ਼ ਦਾ ਪ੍ਰਤੀਕ ਹੁੰਦਾ।

ਡਰਪੋਕ ਲੋਕ ਬਹੁਤ ਛੇਤੀ ਮੁਸ਼ਕਿਲਾਂ ਤੋਂ ਘਬਰਾ ਜਾਂਦੇ ਅਤੇ ਉਹ ਹਾਰੇ ਹੋਏ ਸੁਪਨਿਆਂ ਦਾ ਸੱਚ ਜਿਉਣ ਦੀ ਹੀ ਚਾਹਤ ਹੁੰਦੇ। ਢੌਂਗੀ ਵਿਅਕਤੀ ਕੋਲੋਂ ਕਿਸੇ ਚੰਗੇਰੇ ਕਾਰਜ਼ ਜਾਂ ਅਰਥਮਈ ਸੋਚ ਦੀ ਆਸ ਕਿਵੇਂ ਰੱਖ ਸਕਦੇ ਹੋ?

ਤਰਸ, ਤਹਿਕਣ, ਤੰਗ-ਦਿਲ, ਤਪੀਸਰ, ਤਰਲੇ ਮਾਰਨ ਵਾਲੇ ਲੋਕ ਬਣਨਾ ਜਾਂ ਤਾਂਘ, ਤੜਪ ਅਤੇ ਤਮੰਨਾ ਨੂੰ ਆਪਣਾ ਹਮਸਫਰ ਬਣਾ ਕੇ ਜੀਵਨ ਦੇ ਉਚੇਰੇ ਦਿਸਹੱਦਿਆਂ ਨੂੰ ਆਪਣੀ ਬੁੱਕਲ ਦਾ ਯਾਰ ਬਣਾਉਣਾ, ਇਹ ਮਨੁੱਖੀ ਮਸਤਕ ਵਿਚ ਵੱਸਦੀ ਆਰਜਾ ਅਤੇ ਊਰਜਾ 'ਤੇ ਨਿਰਭਰ।

ਥਰਥਰਾਹਟ ਅਤੇ ਥਰਕਣ ਨੂੰ ਆਪਣਾ ਯਾਰ ਬਣਾਉਣ ਵਾਲੇ ਲੋਕਾਂ ਨੂੰ ਜੀਵਨ-ਫੁੱਲਾਂ 'ਤੇ ਡਲਕਦੀ ਤ੍ਰੇਲ ਵਿਚੋਂ ਸਤਰੰਗੀਆਂ ਨੂੰ ਬਿਖਾਰਨ ਅਤੇ ਰੰਗ-ਆਭਾ ਨੂੰ ਵਿਸਥਾਰਨ ਦਾ ਵਰ ਮਿਲਦਾ। ਥੱਕੇ ਹੋਏ ਲੋਕਾਂ ਕੋਲੋਂ ਤਾਂ ਜੀਵਨ-ਰਾਹਾਂ ਵੀ ਗਵਾਚ ਜਾਂਦੀਆਂ।

ਦਰਦਵੰਤਾ, ਦਰਿਆ-ਦਿਲ, ਦੁੱਖ-ਸੁੱਖ ਦਾ ਸਾਥੀ, ਦਲੇਰ, ਦਇਆਵਾਨ ਮਨੁੱਖ ਤਾਂ ਸੁਰਖ ਰੰਗਤ ਦੀ ਬਖਸ਼ਿਸ਼। ਦਲੇਰ ਲੋਕ ਹੀ ਸੁਪਨਿਆਂ ਦਾ ਪਿੱਛਾ ਕਰਦਿਆਂ, ਉਨ੍ਹਾਂ ਨੂੰ ਸੰਪੂਰਨਤਾ ਦਾ ਵਰ ਦਿੰਦੇ। ਦਾਦਾਗਿਰੀ ਤੇ ਦਕਿਆਨੂਸੀ ਵਿਅਕਤੀ ਪਲਿੱਤਣਾਂ ਦਾ ਪਹਿਰਾ। ਸਮਿਆਂ ਦੀ ਕੇਹੀ ਤ੍ਰਾਸਦੀ ਕਿ ਪੱਤਝੜ ਵਰਨ ਵਾਲੇ ਲੋਕ ਹੀ ਬਹਾਰਾਂ ਨੂੰ ਪੈਰਾਂ ਤਲੇ ਕੁੱਚਲਣ ਦਾ ਘੋਰ ਅਤਿਆਚਾਰ ਕਰ ਰਹੇ ਨੇ।

ਧਨੀ, ਧੁਨ ਦੇ ਪੱਕੇ, ਧਰਮੀ, ਧਨਵੰਤਰੀ, ਧਿਆਵਨਹਾਰ, ਧੰਨਤਾ ਦੇ ਯੋਗ ਜਰੂਰ ਬਣਨਾ, ਕਿਉਂਕਿ ਇਹ ਲੋਕ ਨਸੀਬ ਦੇ ਚਿਤੇਰੇ ਹੁੰਦੇ। ਲੋੜ ਹੈ, ਮਸਤਕ 'ਤੇ ਉਕਰੇ ਨਕਸ਼ਾਂ ਵਿਚੋਂ ਮਾਨਵੀ ਰੂਹਾਨੀਅਤ ਦਾ ਉਹ ਨਕਸ਼ ਪੈਦਾ ਹੋਵੇ, ਜਿਸ ਦੀ ਆਭਾ ਵਿਚ ਚੌਗਿਰਦਾ ਲਬਰੇਜ਼ ਹੋਵੇ; ਪਰ ਕਦੇ ਵੀ ਧੱਕੜ ਜਾਂ ਧਗੇੜ ਨਾ ਬਣਨਾ।

ਨਰਮ ਦਿਲ, ਨੇਕਨੀਤ, ਨਿਹਕਾਮੀ, ਨਿਮਾਣੇ, ਨਿਆਂਸ਼ੀਲ, ਨਿਤਾਣੇ, ਨਿਥਾਂਵੇਂ, ਨਿਘਰੇ ਲੋਕ ਅੰਬਰ ਵਿਚ ਵੀ ਉਡਾਰੀ ਭਰਨ ਦੇ ਸਮਰੱਥ। ਅਸਮਾਨ ਨੂੰ ਆਪਣਾ ਟੀਚਾ ਮਿੱਥੋ, ਤੁਹਾਡੇ ਹਿੱਸੇ ਦਾ ਅੰਬਰ ਤੁਹਾਡਾ ਸਾਥ ਮਾਣੇਗਾ। ਨਿੰਦਕ, ਨਗੋਚੀ, ਨੀਚ, ਨਾ-ਸ਼ੁਕਰੇ ਲੋਕ ਤਾਂ ਰਸਾਤਲ ਵਿਚ ਜਾਣ ਨੂੰ ਆਪਣਾ ਅਕੀਦਾ ਮੰਨਦੇ।

ਪਾਕ, ਪਵਿੱਤਰ, ਪ੍ਰੇਮੀ, ਪਿਆਰੇ, ਪਾਕੀਜ਼, ਪ੍ਰੇਰਨਾਮਈ, ਪਾਬੰਦ, ਪ੍ਰਤੀਬੱਧ, ਪੁਜਾਰੀ, ਪਹਿਰੇਦਾਰ ਅਤੇ ਪਰਖੂ ਲੋਕ ਨਰੋਈ ਦਿੱਖ ਅਤੇ ਸੇਧਤ-ਸੋਚ ਸਦਕਾ ਨਵੀਆਂ ਪਹਿਲਾਂ ਅਤੇ ਪ੍ਰਾਪਤੀਆਂ ਦਾ ਅਜਿਹਾ ਇਤਿਹਾਸ ਸਿਰਜਦੇ, ਜਿਸ 'ਤੇ ਤਹਿਜ਼ੀਬ ਨੂੰ ਵੀ ਗਰਵ ਹੁੰਦਾ। ਪਾਖੰਡੀ ਤੇ ਪਾਪੀ ਲੋਕ ਤਾਂ ਕੁਕਰਮਾਂ ਦੀ ਖੇਤੀ ਕਰਨ ਜੋਗੇ ਹੀ ਹੁੰਦੇ।

ਫੱਕਰ, ਫਕੀਰ, ਫਰਜ਼-ਸ਼ਨਾਸ਼ ਅਤੇ ਫਰਮਾਬਰਦਾਰ ਲੋਕ-ਵੰਨਗੀਆਂ ਸਮਾਜਕ ਸੁੱਚਮ। ਇਨ੍ਹਾਂ ਵਿਚੋਂ ਸਭ ਤੋਂ ਬਿਹਤਰੀਨ ਏ ਫੱਕਰਤਾ, ਜਿਸ ਵਿਚੋਂ ਖੁਦਾਈ ਅਤੇ ਬੰਦਾਈ ਨੂੰ ਪਾ ਕੇ ਮਨੁੱਖ, ਮਨੁੱਖ ਹੋਣ ਦਾ ਫਰਜ਼ ਅਦਾ ਕਰਦਾ। ਫਰੇਬੀ ਤੇ ਫੂਹਸ਼ ਲੋਕ ਸਿਰਫ ਖੁਦ ਦੀ ਰਾਖ ਫਰੋਲਦੇ।

ਬੰਦਿਆਈ ਭਰਪੂਰ, ਬੰਦਗੀ ਕਰਨ ਵਾਲੇ, ਬਹਾਦਰ, ਬਖਸ਼ਿੰਦ, ਬੇਗਾਨੇ, ਬੇਲਿਹਾਜ਼, ਬਦਨੀਤ, ਬਦਕਾਰ, ਬੇਸ਼ਰਮ, ਬਦਨੁਮਾ ਅਦਿ ਗੁਣਾਂ ਵਿਚੋਂ ਬੰਦੇ ਨੇ ਕਿਹੜੇ ਗੁਣਾਂ ਦਾ ਨੇੜ ਪਾਲਣਾ ਅਤੇ ਕਿਸ ਤੋਂ ਦੂਰੀ ਬਣਾਉਣੀ, ਇਹ ਮਨੁੱਖ ਦੇ ਸੰਸਕਾਰਾਂ 'ਤੇ ਨਿਰਭਰ। ਚੰਗੇਰੇ ਗੁਣਾਂ ਨਾਲ ਵਿਅਕਤੀਤਵ ਨੂੰ ਵਿਕਾਸ ਤੇ ਵਿਸਥਾਰ ਵਿਚ ਮਦਦ ਮਿਲਦੀ, ਜੋ ਸਮਾਜਕ ਸਰੋਕਾਰਾਂ ਨੂੰ ਨਵੀਂ ਪਰਵਾਜ਼ ਦਿੰਦਾ।

ਭਲਾਈ ਕਰਨ ਵਾਲਾ, ਭਗਤ, ਭਲਾਮਾਣਸ, ਭੁੱਲਣਹਾਰ, ਭਗੌੜਾ, ਭੋਗੀ, ਭਰਥਰੀ, ਭਗਵਾਂ, ਭਰਮੀ, ਆਦਿ ਗੁਣਾਂ ਨੂੰ ਆਪਣੇ ਵਿਚ ਰਮਾਉਣ ਵਾਲੇ ਲੋਕਾਂ ਦਾ ਕਿਹੜਾ ਰੂਪ ਜੱਗ-ਜਾਹਰ ਹੁੰਦਾ ਅਤੇ ਕਿਸ ਕਰੂਪ ਨੂੰ ਉਹ ਪ੍ਰਗਟ ਹੋਣ ਤੋਂ ਹੋੜਦੇ, ਇਹ ਮਨੁੱਖ ਦੀ ਸਿਆਣਪ, ਸੂਝ ਅਤੇ ਸਾਰਥਕਤਾ 'ਤੇ ਨਿਰਭਰ।

ਮਰਦਾਨਾ, ਮੁਹਤਾਜ਼, ਮਹਿਰਮ, ਮੁਲਾਜ਼ਮ, ਮਿਹਰਬਾਨ, ਮੋਹਵੰਤਾ, ਮਾਲਕ, ਮਹਾ-ਪੁਰਖ, ਮਹਾਤਮਾ, ਮਦਦਗਾਰ, ਮਿਹਨਤੀ, ਮੁਲਜ਼ਮ ਆਦਿ ਮਾਨਵੀ ਗੁਣਾਂ ਵਿਚੋਂ ਬਹੁਤਾਤ ਉਨ੍ਹਾਂ ਗੁਣਾਂ ਦੀ, ਜੋ ਪਰਮ-ਮਨੁੱਖ ਬਣਨ ਵੰਨੀਂ ਜਾਂਦੇ ਰਾਹਾਂ ਦੀ ਨਿਸ਼ਾਨਦੇਹੀ ਕਰਦੇ ਅਤੇ ਫਿਰ ਪਗਡੰਡੀਆਂ ਨੂੰ ਮਾਰਗ ਬਣਾਉਣ ਦਾ ਹੱਠ ਤੇ ਹੀਆ ਪੈਦਾ ਕਰਦੇ।

ਯਾਰ ਤਾਂ ਬਹੁਤ ਘੱਟ ਹੁੰਦੇ, ਜਿਨ੍ਹਾਂ ਨਾਲ ਦਿਲ ਦੀਆਂ ਬਾਤਾਂ ਪਾਈਆਂ ਜਾ ਸਕਦੀਆਂ, ਮਨ ਦੀਆਂ ਗੁੰਝਲਾਂ ਨੂੰ ਸੁਲਝਾਇਆ ਜਾ ਸਕਦਾ, ਜਿਸ ਦੇ ਮੋਢੇ 'ਤੇ ਸਿਰ ਰੱਖ ਕੇ ਬੰਦਾ ਰੋ ਵੀ ਸਕਦਾ ਤੇ ਰੁਆ ਵੀ ਸਕਦਾ, ਹੱਸ ਵੀ ਸਕਦਾ ਤੇ ਹਸਾ ਵੀ ਸਕਦਾ, ਸੁਸਤਾ ਵੀ ਸਕਦਾ ਅਤੇ ਉਸ ਦੀ ਬੁੱਕਲ ਵਿਚੋਂ ਨਿੱਘ ਨੂੰ ਯਾਰ ਬਣਾ ਵੀ ਸਕਦਾ।

ਰਮਤੇ, ਰੂਹਦਾਰ, ਰਮਜ਼ੀ, ਰੱਖਣਹਾਰੇ, ਰੰਗਰੇਜ਼ ਅਤੇ ਰੂਹਾਨੀ ਲੋਕ ਰੂਹ ਦੇ ਵਣਜਾਰੇ। ਰੂਹ ਦੇ ਅੰਬਰ ਵਿਚ ਉਡਾਰੀਆਂ ਲਾਉਂਦੇ। ਰੂਹਾਂ ਦੀਆਂ ਬਾਤਾਂ ਪਾਉਂਦੇ। ਰੂਹ ਦੇ ਸਾਜ਼ ਨੂੰ ਰੂਹਦਾਰੀ ਨਾਲ ਵਜਾ, ਦਿਲਾਂ ਦੀਆਂ ਸੁੱਤੀਆਂ ਤਾਰਾਂ ਵਿਚ ਸੰਗੀਤਕਤਾ ਭਰ, ਫਿਜ਼ਾ ਨੂੰ ਵੀ ਰੁਮਕਣ ਲਾਉਂਦੇ ਅਤੇ ਪੌਣ ਦੇ ਨਾਮ ਜੀਵਨ-ਰਵਾਨਗੀ ਭਰਦੇ।

ਲਾਲਚੀ, ਲਾਈਲੱਗ, ਲੁਟੇਰੇ, ਲਟਬੌਰੇ, ਲੜਾਕੇ ਜਿਹੇ ਗੁਣਵੰਤਿਆਂ ਦੀ ਸਮਾਜ ਨੂੰ ਲੋੜ ਤਾਂ ਨਹੀਂ, ਪਰ ਅਜੋਕੇ ਸਮੇਂ ਵਿਚ ਇਨ੍ਹਾਂ ਦਾ ਰਾਜ। ਜਰੂਰੀ ਹੈ ਕਿ ਲੋੜਵੰਦਾਂ ਦੀ ਬਾਂਹ ਫੜ, ਉਨ੍ਹਾਂ ਦੇ ਨੈਣਾਂ ਵਿਚ ਸੁਪਨਿਆਂ ਦੀ ਦੀਪਮਾਲਾ ਕਰੀਏ ਤਾਂ ਕਿ ਉਨ੍ਹਾਂ ਵਿਚ ਵੀ ਜ਼ਿੰਦਗੀ ਨੂੰ ਜਿਉਣ ਅਤੇ ਮਾਣਨ ਦਾ ਚਾਅ ਪੈਦਾ ਹੋਵੇ।

ਵਿਖਿਆਨੀ, ਵੱਡਭਾਗੀ, ਵਖਤਾਂ ਮਾਰੇ ਲੋਕ ਜ਼ਿੰਦਗੀ ਦਾ ਸੁਹੱਪਣ; ਪਰ ਵਿਹਲੇ, ਵੈਰੀ, ਵਿਰੋਧੀ, ਵਰਗਲਾਉਣ ਵਾਲੇ, ਵਹਿਮੀ ਲੋਕਾਂ ਨੂੰ ਕਿਸ ਵੰਨਗੀ ਨਾਲ ਤਸ਼ਬੀਹ ਦੇਵੋਗੇ, ਕਿਉਂਕਿ ਇਨ੍ਹਾਂ ਦੇ ਮਨ ਵਿਚ ਜੀਵਨ ਦੀ ਕੋਮਲਤਾ ਤੇ ਸੁਹਜ ਲਈ ਕੋਈ ਥਾਂ ਨਹੀਂ। ਉਹ ਕਿਸੇ ਅਨਾਥ ਦੇ ਦੁੱਖ ਵਿਚ ਅੱਖਾਂ ਦੀ ਸਿੱਲ ਬਣ ਕੇ ਧਰਮ ਪਾਲਣ ਦਾ ਕਰਮ ਨਹੀਂ ਕਰਦੇ।

ਗੁਣਾਂ ਦੀ ਕਦਰ ਕਰਦੇ ਨੇ ਲੋਕ, ਬਸ਼ਰਤੇ ਇਹ ਗੁਣ, ਚੰਗਿਆਈ, ਸੁੱਚਮਤਾ ਅਤੇ ਉਚਮਤਾ ਦਾ ਉਦੇਸ਼ ਹਰ ਸੋਚ-ਜੂਹ ਵਿਚ ਧਰਨ ਅਤੇ ਹਰੇਕ ਨੂੰ ਕੁਝ ਚੰਗੇਰਾ ਕਰਨ ਵੰਨੀਂ ਪ੍ਰੇਰਿਤ ਕਰਨ।

ਗੁਣ, ਪੈਗੰਬਰੀ ਪਹੁੰਚ, ਪ੍ਰੇਰਨਾ ਅਤੇ ਪ੍ਰਾਪਤੀ ਦਾ ਪਰਿਪੇਖ। ਕਈ ਵਾਰ ਸਾਨੂੰ ਸਾਡੇ ਛੁਪੇ ਹੋਏ ਗੁਣਾਂ ਦਾ ਪਤਾ ਨਹੀਂ ਹੁੰਦਾ, ਤਾਂ ਹੀ ਸੂਝਵਾਨ ਗੁਰੂ, ਅਧਿਆਪਕ ਜਾਂ ਤੀਬਰ ਨੀਝ ਵਾਲੇ ਪਾਰਖੂ ਨਵੀਆਂ ਪ੍ਰਤਿਭਾਵਾਂ ਨੂੰ ਖੋਜਣ, ਤਰਾਸ਼ਣ ਅਤੇ ਲਿਸ਼ਕਾ ਕੇ ਸਮਾਜ ਵਿਚ ਵਿਕੋਲਿਤਰੀਆਂ ਪੈੜਾਂ ਸਿਰਜਦੇ ਨੇ।

*(ਬਾਕੀ ਅਗਲੇ ਸਫੇ 'ਤੇ)*

# ਐਸ. ਪੀ .ਸਿੰਘ ਉਰਫ ਸੁਰਿੰਦਰ ਸਿੰਘ ਨੂੰ ਯਾਦ ਕਰਦਿਆਂ

ਸ਼ਰਧਾਂਜਲੀ


ਪਿਛਲੇ ਸਾਲ ਅਕਤੂਬਰ ਮਹੀਨੇ 10 ਤਾਰੀਖ ਨੂੰ ਮੈਂ ਤੇ ਮੇਰੀ ਜੀਵਨ ਸਾਥਣ ਅਟਲਾਂਟਾ ਸ਼ਹਿਰ ਐਸ. ਪੀ. ਸਿੰਘ ਨੂੰ ਮਿਲਣ ਗਏ। ਮੈਂ ਉਨ੍ਹਾਂ ਨੂੰ ਪਹਿਲਾਂ ਹੀ ਫੋਨ ਕਰਕੇ ਦੱਸਿਆ ਕਿ ਅਸੀਂ ਤੁਹਾਨੂੰ ਮਿਲਣ ਆ ਰਹੇ ਹਾਂ। ਫਲਾਈਟ ਪਹੁੰਚਣ ਦਾ ਉਨ੍ਹਾਂ ਨੂੰ ਪਤਾ ਹੋਣ ਕਰਕੇ ਜਦੋਂ ਹੀ ਅਸੀਂ ਏਅਰ ਪੋਰਟ ਪਹੁੰਚੇ ਤਾਂ ਫੋਨ ਆ ਗਿਆ ਕਿ ਕਿੱਥੇ ਹੋ? ਅਸੀਂ ਲੰਚ ਇਕੱਠਿਆਂ ਖਾਣਾ ਹੈ, ਛੇਤੀ ਆ ਜਾਵੋ। ਸਾਨੂੰ ਏਅਰ ਪੋਰਟ

ਮਨਮੋਹਨ ਪੁਨੀ, ਨਿਊ ਯਾਰਕ
ਫੋਨ: 347-753-5940

'ਤੇ ਰੈਂਟਲ ਕਾਰ ਲੈਂਦਿਆਂ ਦੇਰ ਹੋ ਗਈ। ਪਤਾ ਨਹੀਂ ਕਿੰਨੀ ਵਾਰ ਉਨ੍ਹਾਂ ਫੋਨ ਕੀਤਾ! ਕਾਰ ਮਿਲਣ ਉਪਰੰਤ ਅਸੀਂ ਉਨ੍ਹਾਂ ਦੇ ਘਰ ਪਹੁੰਚ ਗਏ। ਬੈੱਲ ਕੀਤੀ ਤਾਂ ਐਸ. ਪੀ. ਸਿੰਘ ਦੀ ਧਰਮ ਪਤਨੀ ਡਾ. ਰਘਬੀਰ ਕੌਰ ਨੇ ਦਰਵਾਜਾ ਖੋਲ੍ਹਿਆ। ਭਾਅ ਜੀ ਨੂੰ ਇੰਨੀ ਖੁਸ਼ੀ ਹੋਈ ਕਿ ਉਹ ਆਪਣੀ ਬੀਮਾਰੀ ਭੁੱਲ ਕੇ ਸਾਡੇ ਕੋਲ ਆ ਕੇ ਬੈਠ ਗਏ। ਮੈਂ ਵੀ ਬਹੁਤ ਖੁਸ਼ ਸਾਂ।

ਪਾਣੀ ਵਗੈਰਾ ਲਿਆ ਤੇ ਗੱਲ੍ਹਾਂ ਸ਼ੁਰੂ ਹੋ ਗਈਆਂ। ਭਾਅ ਜੀ ਐਸ. ਪੀ. ਸਿੰਘ ਨੂੰ ਮਿਲ ਕੇ ਗਦਰ ਲਹਿਰ ਦੇ ਅਹਿਮ ਆਗੂ ਗਿਆਨੀ ਭਗਵਾਨ ਸਿੰਘ 'ਪ੍ਰੀਤਮ' ਦੇ ਅਣਖੀ ਇਤਿਹਾਸ ਦਾ ਜ਼ਿਕਰ ਹੋਣਾ ਸੁਭਾਵਿਕ ਹੀ ਸੀ। ਭਾਅ ਜੀ ਦੇ ਨਾਨਾ ਜੀ ਸਨ ਗਿਆਨੀ ਪ੍ਰੀਤਮ, ਜਿਨ੍ਹਾਂ ਨੇ 'ਗਦਰ ਦੀਆਂ ਗੂੰਜਾਂ' ਦੀਆਂ ਅਨੇਕ ਕਵਿਤਾਵਾਂ ਲਿਖ ਕੇ ਹਿੰਦੋਸਤਾਨੀਆਂ ਨੂੰ ਅੰਗਰੇਜ਼ ਰਾਜ ਵਿਰੁੱਧ ਸੁੱਤਿਆਂ ਨੂੰ ਜਗਾਇਆ ਹੀ ਨਹੀਂ, ਸਗੋਂ ਸੰਘਰਸ਼ ਦੇ ਰਸਤੇ ਵੀ ਦੱਸੇ।

ਅਸੀਂ ਸਾਰੇ ਦੁਪਹਿਰ ਦਾ ਖਾਣਾ ਖਾਣ ਲਈ ਆਪਣੀ ਆਪਣੀ ਕੁਰਸੀ ਉਤੇ ਬੈਠੇ, ਪਰ ਸੁਰਿੰਦਰ ਭਾਅ ਜੀ ਦੀ ਸਿਹਤ ਬਾਹਲੀ ਚੰਗੀ ਨਾ ਹੋਣ ਕਰਕੇ ਵੀ ਮੇਰੇ ਲਈ ਖਾਣਾ ਪਰੋਸਣ ਦਾ ਯਤਨ ਕਰਦੇ ਰਹੇ। ਖਾਣੇ 'ਚ ਕਈ ਕਿਸਮ ਦੇ ਪਕਵਾਨ ਸਨ, ਪਰ ਅਸੀਂ ਕਿੰਨਾ ਕੁ ਖਾ ਸਕਣਾ ਸੀ! ਅਜੇ ਦੋ-ਤਿੰਨ ਘੰਟੇ ਪਹਿਲਾਂ ਨਿਊ ਯਾਰਕ ਤੋਂ ਖਾ ਕੇ ਤੁਰੇ ਸਾਂ।




ਖਾਣਾ ਖਾਧਾ ਅਤੇ ਫਿਰ ਸਾਡੇ ਨਾਲ ਹੀ ਭਾਅ ਜੀ ਸੋਫੇ 'ਤੇ ਬੈਠ ਗਏ। ਭਾਈ ਭਗਵਾਨ ਸਿੰਘ ਦੀਆਂ ਲਿਖਤਾਂ ਬਾਰੇ ਉਨ੍ਹਾਂ ਦੇ ਜੀਵਨ ਪ੍ਰਤੀ ਦੱਸਣ ਲੱਗ ਪਏ। ਗਦਰ ਪਾਰਟੀ 'ਚ ਪਾਏ ਯੋਗਦਾਨ ਅੱਧੀ ਸਦੀ ਦੇ ਇਤਿਹਾਸ ਨੂੰ ਘੰਟਿਆਂ 'ਚ ਬਿਆਨ ਕਰਨਾ ਸੌਖਾ ਨਹੀਂ ਹੁੰਦਾ, ਪਰ ਭਾਅ ਜੀ ਨੇ ਬਹੁਤ ਕੁਝ ਦੱਸਿਆ ਅਤੇ ਅਣਛਪੇ ਡਾਕੂਮੈਂਟਸ ਤੇ ਰਚਨਾਵਾਂ ਦੇ ਖਰੜੇ ਵੀ ਦਿਖਾਏ, ਜਿਨ੍ਹਾਂ ਬਾਰੇ ਮੇਰੇ ਸਾਹਮਣੇ ਡਾ. ਗੁਰੂਮੇਲ ਸਿੱਧੂ ਨਾਲ ਫੋਨ 'ਤੇ ਗੱਲਬਾਤ ਵੀ ਕੀਤੀ ਕਿ ਤੁਹਾਡੀ ਜ਼ਿੰਮੇਵਾਰੀ ਹੈ, ਗਿਆਨੀ ਜੀ ਵਲੋਂ ਲਿਖੀਆਂ ਲਿਖਤਾਂ ਨੂੰ ਛਾਪ ਕੇ ਸੰਘਰਸ਼ ਕਰ ਰਹੇ ਲੋਕਾਂ ਦੇ ਹੱਥਾਂ 'ਚ ਪਹੁੰਚਾਉਣਾ।

ਮੈਨੂੰ ਆਪਣੇ ਪੜ੍ਹਨ ਵਾਲੇ ਕਮਰੇ 'ਚ ਲੈ ਗਏ ਤੇ ਨਾਲ ਚਾਹ ਬਣਾਉਣ ਲਈ ਭੈਣ ਜੀ ਨੂੰ ਕਿਹਾ। ਮੈਨੂੰ ਕਿਤਾਬਾਂ ਦਿਖਾਈ ਜਾਣ ਤੇ ਨਾਲ ਹੀ ਕਹੀ ਜਾਣ, 'ਤੂੰ ਲੈ ਜਾਹ ਜਿਹੜੀ ਵੀ ਕਿਤਾਬ ਤੈਨੂੰ ਚੰਗੀ ਲਗਦੀ, ਲੈ ਜਾਹ।' ਮੈਂ ਇੱਕ ਕਿਤਾਬ, ਜੋ 'ਗਦਰ ਲਹਿਰ ਦੀ ਕਵਿਤਾ' ਸ. ਕੇਸਰ ਸਿੰਘ ਨਾਵਲਕਾਰ ਵਲੋਂ ਸੰਗ੍ਰਹਿ ਕੀਤੀ ਹੋਈ ਹੈ, ਰੱਖ ਲਈ। ਉਸ ਉਪਰ ਉਨ੍ਹਾਂ ਵਲੋਂ ਲਿਖੇ ਹੋਏ ਸ਼ਬਦ ਮੇਰੇ ਨਾਲ ਨੇੜਤਾ ਅਤੇ ਪਿਆਰ ਦੀ ਝਲਕ ਹੈ।

ਅਸੀਂ ਚਾਹ ਪੀਣ ਲਈ ਬੈਠ ਗਏ, ਗੱਲਾਂ ਕਰਦੇ ਸਮੇਂ ਕਸ਼ਮੀਰ ਕਾਂਗਣਾ ਨੂੰ ਯਾਦ ਕੀਤਾ ਕਿ ਉਹ ਵੀ ਗਦਰੀਆਂ ਤੇ ਗਦਰ ਲਹਿਰ ਦੇ ਇਤਿਹਾਸ ਨੂੰ ਲੋਕਾਂ ਤੱਕ ਲੈ ਕੇ ਜਾਣ ਲਈ ਤਤਪਰ ਰਹਿੰਦਾ ਹੈ। ਸ. ਗੁਰਦੀਪ ਸਿੰਘ ਅਣਖੀ ਨੂੰ ਯਾਦ ਕਰਦਿਆਂ ਕਹਿਣ ਲੱਗੇ ਕਿ ਉਨ੍ਹਾਂ ਵੀ ਸਾਰਾ ਜੀਵਨ ਲੋਕ ਸੰਘਰਸ਼ ਹਵਾਲੇ ਕੀਤਾ। ਐਸ. ਪੀ. ਭਾਅ ਜੀ ਦਾ ਕਹਿਣਾ ਸੀ ਕਿ ਮੈਂ ਇਨ੍ਹਾਂ ਸਭ ਨੂੰ ਬਹੁਤ ਪਸੰਦ ਕਰਦਾ ਹਾਂ।

ਅਸੀਂ ਚਾਰ ਕੁ ਘੰਟੇ ਦਾ ਸਮਾਂ ਬੀਤਾ ਕੇ ਆਪਣੇ ਹੋਟਲ ਨੂੰ ਜਾਣ ਦੀ ਇਜਾਜ਼ਤ ਮੰਗੀ ਤਾਂ ਭੈਣ ਜੀ ਤੇ ਭਾਅ ਜੀ ਕਹਿੰਦੇ, "ਇੱਥੇ ਹੀ ਠਹਿਰਨਾ ਹੈ, ਤੁਹਾਡੇ ਵਾਸਤੇ ਕਮਰਾ ਹੈ।" ਪਰ ਅਸੀਂ ਤਾਂ ਪਹਿਲਾਂ ਹੀ ਹੋਟਲ 'ਚ ਕਮਰਾ ਬੁੱਕ ਕਰਵਾਇਆ ਹੋਇਆ ਸੀ। ਸ਼ਾਮ ਨੂੰ ਫਿਰ ਮੁੜ ਮਿਲਣ ਲਈ ਵਿਦਿਆ ਲੈ ਕੇ ਅਸੀਂ ਹੋਟਲ ਆ ਗਏ।

11 ਅਕਤੂਬਰ 2019 ਨੂੰ ਅਸੀਂ ਕੈਲੀਫੋਰਨੀਆ ਜਾਣਾ ਸੀ। ਅਜੇ ਸੁੱਤੇ ਉਠੇ ਸਾਂ ਕਿ ਭੈਣ ਜੀ ਦਾ ਫੋਨ ਆ ਗਿਆ ਕਿ ਤੁਹਾਡੇ ਭਾਅ ਜੀ ਬਹੁਤ ਯਾਦ ਕਰ ਰਹੇ ਹਨ, ਤੁਸੀਂ ਆ ਜਾਵੋ। ਅਸੀਂ ਹੋਟਲ ਦਾ ਪੇਪਰ ਵਰਕ ਮੁਕਾ ਕੇ ਬਾਹਰ ਆ ਗਏ। ਹੋਟਲ ਦੇ ਕੋਲ ਰੈਸਟੋਰੈਂਟ 'ਚ ਬਰੇਕਫਾਸਟ ਕੀਤਾ ਤੇ ਸੁਰਿੰਦਰ ਭਾਅ ਜੀ ਕੋਲ ਪਹੁੰਚ ਗਏ। ਉਹ ਦਵਾਈ ਲੈ ਕੇ ਅਰਾਮ ਕਰ ਰਹੇ ਸਨ, ਪਰ ਮੇਰੀ ਧੀਮੀ ਅਵਾਜ਼ ਨੇ ਵੀ ਉਨ੍ਹਾਂ ਨੂੰ ਉਠਾ ਦਿੱਤਾ। ਅਸੀਂ ਥੋੜ੍ਹਾ ਸਮਾਂ ਹੋਰ ਭਾਅ ਜੀ ਤੇ ਭੈਣ ਜੀ ਕੋਲ ਠਹਿਰੇ ਅਤੇ ਯਾਦਾਂ ਦੀਆਂ ਗੰਢਾਂ ਲੈ ਕੇ ਕੈਲੀਫੋਰਨੀਆ ਜਾਣ ਲਈ ਅਟਲਾਂਟਾ ਏਅਰ ਪੋਰਟ ਪਹੁੰਚ ਗਏ।

ਹਫਤੇ ਕੁ ਪਿਛੋਂ ਨਿਊ ਯਾਰਕ ਵਾਪਿਸ ਆ ਕੇ ਐਸ .ਪੀ. ਭਾਅ ਜੀ ਨੂੰ ਫੋਨ ਕੀਤਾ, ਪਰ ਫੋਨ ਉਨ੍ਹਾਂ ਦੀ ਪਤਨੀ ਨੇ ਚੁੱਕਿਆ। ਪਤਾ ਲੱਗਾ ਕਿ ਸਿਹਤ ਠੀਕ ਨਾ ਹੋਣ ਕਾਰਨ ਭਾਅ ਜੀ ਹਸਪਤਾਲ ਹਨ। ਚਿੰਤਾ ਸੀ, ਕੁਝ ਦਿਨ ਬਾਅਦ ਫਿਰ ਮੁੜ ਰਾਜੀ ਖੁਸ਼ੀ ਪੁੱਛਣ ਦਾ ਯਤਨ ਕੀਤਾ ਤਾਂ ਕਿਸੇ ਨੇ ਵੀ ਜਵਾਬ ਨਹੀਂ ਦਿੱਤਾ। ਮੈਂ ਮੈਸੇਜ਼ ਛੱਡ ਦਿੱਤਾ। ਦੋ ਕੁ ਦਿਨ ਬਾਅਦ ਯਾਨਿ 26 ਅਕਤੂਬਰ 2019 ਨੂੰ ਇਸ ਦੁੱਖ ਭਰੀ ਖਬਰ ਦਾ ਪਤਾ ਲੱਗਾ ਕਿ ਸੁਰਿੰਦਰ ਭਾਅ ਜੀ ਸਦੀਵੀ ਵਿਛੋੜਾ ਦੇ ਗਏ ਹਨ। ਇਹ ਖਬਰ ਸੁਣਨ ਪਿਛੋਂ ਸੱਚਮੁਚ ਹੀ ਬਹੁਤ ਦੁੱਖ ਹੋਇਆ।

ਮੇਰੇ ਨਾਲ ਭਾਅ ਜੀ ਐਸ. ਪੀ. ਸਿੰਘ ਉਰਫ ਸੁਰਿੰਦਰ ਸਿੰਘ ਦਾ ਰਿਸ਼ਤਾ ਇੱਕ ਲੋਕ ਪੱਖੀ ਸਾਂਝੀ ਸੋਚ ਦਾ ਸੀ, ਜੋ ਕਦੀ ਵੀ ਖਤਮ ਨਹੀਂ ਹੁੰਦਾ। ਉਹ ਸਾਡੇ ਕੋਲੋਂ ਜਿਸਮਾਨੀ ਤੌਰ 'ਤੇ ਦੂਰ ਹਨ, ਪਰ ਉਨ੍ਹਾਂ ਦੇ ਲੋਕ ਹਿਤੈਸ਼ੀ ਵਿਚਾਰ ਸਾਡੇ ਨਾਲ ਹੀ ਨਹੀਂ, ਸਗੋਂ ਸਾਡੇ ਤੋਂ ਬਾਅਦ ਵੀ ਜਿਉਂਦੇ ਰਹਿਣਗੇ। "ਉਚੇ, ਸੁੱਚੇ ਤੇ ਉਸਾਰੂ ਵਿਚਾਰਾਂ ਵਾਲੇ ਇਨਸਾਨ ਸਬੰਧਤ ਦੋਸਤਾਂ-ਮਿੱਤਰਾਂ ਅਤੇ ਪਰਿਵਾਰ ਦੇ ਮੈਂਬਰਾਂ ਲਈ ਸਿਰ ਚੁੱਕ ਕੇ ਜਿਉਣ ਦਾ ਮਾਣ ਹੁੰਦੇ ਹਨ।" ਅਮਰ ਵਿਚਾਰਾਂ ਦੇ ਮਾਲਕ ਨੂੰ ਸੱਚੀ ਸ਼ਰਧਾਂਜਲੀ ਪੇਸ਼ ਕਰਦੇ ਹਾਂ।

# ਪੰਜਾਬੀ ਮਨ ਦੀ ਤਹਿ 'ਚ ਬੈਠੇ ਬੰਦੇ ਦੇ ਗਲਪ ਦਾ 'ਢਾਹਾਂ ਸਨਮਾਨ'


ਪੰਜਾਬੀ ਸਭਿਆਚਾਰ/ਮਾਂ ਬੋਲੀ ਨੂੰ ਸੀਨੇ 'ਚ ਸਾਂਭੀ ਬੈਠੇ ਕੈਨੇਡਾ ਵੱਸਦੇ ਬਾਰਜ ਢਾਹਾਂ ਵੱਲੋਂ 2013-14 ਤੋਂ ਸ਼ੁਰੂ ਕੀਤੇ ਢਾਹਾਂ ਸਾਹਿਤ ਸਨਮਾਨ 'ਚ ਇਸ ਵਾਰ ਪੰਜਾਬੀ ਗਲਪਕਾਰ ਕੇਸਰਾ ਰਾਮ ਨੇ ਬਾਜ਼ੀ ਮਾਰੀ ਹੈ। ਉਸ ਦੀ ਕਥਾ-ਪੁਸਤਕ 'ਜਨਾਨੀ ਪੌਦ' ਨੂੰ 25,000 ਕੈਨੇਡੀਅਨ ਡਾਲਰ ਦਾ ਇਹ ਢਾਹਾਂ ਸਨਮਾਨ ਦਿੱਤਾ ਗਿਆ ਹੈ। ਦੂਜੇ ਦੋ ਸਨਮਾਨ ਕ੍ਰਮਵਾਰ ਗਲਪਕਾਰਾ ਹਰਕੀਰਤ ਕੌਰ ਚਹਿਲ ਅਤੇ ਕਥਾਕਾਰ ਜ਼ੁਬੈਰ

ਦੇਸ ਰਾਜ ਕਾਲੀ

ਅਹਿਮਦ ਦੀਆਂ ਕਿਤਾਬਾਂ 'ਆਦਮ-ਗ੍ਰਹਿਣ' ਅਤੇ 'ਪਾਣੀ ਦੀ ਕੰਧ' ਨੂੰ ਦਿੱਤੇ ਗਏ ਹਨ। ਇਨ੍ਹਾਂ ਸਨਮਾਨਾਂ 'ਚ ਰਾਸ਼ੀ 10,000 ਡਾਲਰ ਪ੍ਰਤੀ ਸਨਮਾਨ ਹੈ। ਢਾਹਾਂ ਸਨਮਾਨ ਸਿਰਫ ਪੈਸੇ ਦੇ ਮੁੱਲ ਕਰ ਕੇ ਹੀ ਧਿਆਨ ਨਹੀਂ ਖਿੱਚ ਰਿਹਾ, ਸਗੋਂ ਦੋਹਾਂ ਪੰਜਾਬਾਂ ਦੀਆਂ ਉਸ ਸਾਲ ਦੀਆਂ ਕੁਝ ਚੰਗੀਆਂ ਕਿਤਾਬਾਂ ਦੀ ਨਿਸ਼ਾਨਦੇਹੀ ਵੀ ਹੋ ਜਾਂਦੀ ਹੈ, ਜੋ ਪਾਠਕ ਨੂੰ ਇੱਕ ਸੇਧ ਵੀ ਦੇ ਜਾਂਦੀ ਹੈ।


ਕੇਸਰਾ ਰਾਮ


ਹਰਕੀਰਤ ਕੌਰ ਚਹਿਲ


ਜ਼ੁਬੈਰ ਅਹਿਮਦ

ਸਾਲ 2020 ਦੇ ਇਸ ਸਨਮਾਨ ਲਈ ਕੇਸਰਾ ਰਾਮ ਨੂੰ ਜੇ ਦੇਖਦੇ ਹਾਂ ਤਾਂ ਪੰਜਾਬ ਦੇ ਇੱਕ ਕੋਨੇ 'ਚ ਹਰਿਆਣਾ ਦੇ ਸ਼ਹਿਰ ਸਿਰਸਾ 'ਚ ਬੈਠਾ ਇਹ ਗਲਪਕਾਰ ਚੁੱਪਚਾਪ ਕਈ ਵਰ੍ਹਿਆਂ ਤੋਂ ਕਹਾਣੀ ਲਿਖਦਾ ਤੁਰਿਆ ਆ ਰਿਹਾ ਹੈ। ਮਸਤ ਚਾਲੇ, ਪਰ ਲਗਾਤਾਰ। ਇਹਦੀ ਕਹਾਣੀ ਕਦੇ ਲਿਫਦੀ ਨਹੀਂ ਲੱਭੀ। ਉਹਨੇ ਜਿਸ ਪਿੱਚ 'ਤੇ ਲਿਖਣਾ ਸ਼ੁਰੂ ਕੀਤਾ, ਉਸ ਨੂੰ ਦਹਾਕਿਆਂ ਤੋਂ ਕਾਇਮ ਰੱਖਿਆ ਹੋਇਆ ਹੈ। ਮੌਜੂਦਾ ਸਿਸਟਮ 'ਤੇ ਪ੍ਰਹਾਰ ਕਰਦੀਆਂ ਉਹਦੀਆਂ ਤਿੱਖੀਆਂ ਕਹਾਣੀਆਂ ਭਾਵੇਂ ਪੰਜਾਬੀ ਆਲੋਚਕ ਦੀ ਨਜ਼ਰੇ ਘੱਟ ਹੀ ਪਈਆਂ ਨੇ, ਪਰ ਪੰਜਾਬੀ ਪਾਠਕ ਨੇ ਕੇਸਰਾ ਰਾਮ 'ਚ ਭਰੋਸਾ ਬਣਾਇਆ ਹੋਇਆ ਹੈ। ਏਡਾ ਸਿਆਸੀ ਲੇਖਕ ਪੰਜਾਬੀ 'ਚ ਘੱਟ ਹੀ ਨਜ਼ਰ ਆਉਂਦਾ ਹੈ। ਕੇਸਰਾ ਰਾਮ ਦੇ ਗਲਪ ਦੀ ਸਿਫਤ ਇਹ ਹੈ ਕਿ ਉਹਨੇ ਸਿਸਟਮੀ ਪਹੁੰਚ ਦੇ ਵਿਰੋਧ 'ਚ ਅਤੇ ਲੋਕਾਈ ਨਾਲ ਜੁੜੇ ਮਸਲਿਆ ਦੇ ਪੱਖ 'ਚ ਕਲਮ ਚਲਾਈ। ਉਹ ਸਿੱਧਾ ਪੁਲਿਟੀਕਲ ਕੁਮੈਂਟੇਟਰ ਹੈ ਆਪਣੇ ਗਲਪ 'ਚ। ਉਹ ਪੁਲਿਸ ਤੰਤਰ ਨੂੰ ਨੰਗਿਆਂ ਕਰਦਾ ਹੈ, ਨਿਆਂ ਤੰਤਰ ਨੂੰ ਨੰਗਿਆਂ ਕਰਦਾ ਹੈ, ਸਿਸਟਮੀ ਘੋਲ 'ਚ ਪਿਸ ਰਹੇ ਬੰਦੇ ਦੀ ਹੋਣੀ ਉਸ ਦੀ ਪਹਿਲ ਹੈ। ਉਹ ਨਾਰੀ ਦਰਦ ਦਾ ਕਹਾਣੀਕਾਰ ਵੀ ਹੈ। ਬੰਦੇ ਦੇ ਮਨ-ਮਸਤਕ 'ਤੇ ਕਿਵੇਂ ਹੈਜਮੋਨਿਕ ਦਾਬਾ ਅਸਰ ਕਰਦਾ ਹੈ, ਕੇਸਰਾ ਰਾਮ ਜਾਣਦਾ ਹੈ ਤੇ ਉਸ ਉੱਤੇ ਪ੍ਰਹਾਰ ਕਰਦਾ ਹੈ। ਉਹ ਹੁਣ ਤੱਕ 'ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ', 'ਪੁਲਸੀਆ ਕਿਉਂ ਮਾਰਦਾ ਹੈ', 'ਬੁਲਬੁਲਿਆਂ ਦੀ ਕਾਸ਼ਤ' ਅਤੇ 'ਸੈਕਸ ਏ ਲੌਟ ਪੁੱਤਰਾ' ਕਹਾਣੀ-ਸੰਗ੍ਰਹਿ ਪੰਜਾਬੀ ਮਾਂ ਬੋਲੀ ਦੀ ਝੋਲੀ ਪਾ ਚੁਕਾ ਹੈ। ਕੇਸਰਾ ਰਾਮ ਦੀ ਕਥਾ ਸ਼ੈਲੀ 'ਤੇ ਰਾਜਸਥਾਨੀ ਪ੍ਰਭਾਵ ਦੇਖਿਆ ਜਾ ਸਕਦਾ ਹੈ। ਇਨਾਮ ਪ੍ਰਾਪਤ ਕਹਾਣੀ-ਸੰਗ੍ਰਹਿ 'ਜਨਾਨੀ ਪੌਦ' ਦੀ ਟਾਈਟਲ ਕਹਾਣੀ ਸਮਾਜਕ ਦਾਬੇ 'ਚ ਅਉਧ ਹੰਢਾ ਰਹੀਆਂ ਦੋ ਔਰਤ ਪਾਤਰਾਂ ਦੇ ਦੁਖਾਂਤ ਦੀ ਕਹਾਣੀ ਹੈ।

ਹਰਕੀਰਤ ਕੌਰ ਚਹਿਲ ਨੇ ਆਪਣੇ ਕਹਾਣੀ-ਸੰਗ੍ਰਹਿ 'ਪਰੀਆਂ ਸੰਗ ਸੰਵਾਦ' ਅਤੇ ਨਾਵਲਾਂ 'ਤੇਰੇ ਬਾਝੋਂ', 'ਥੋਹਰਾਂ ਦੇ ਫੁੱਲ' ਨਾਲ ਪੰਜਾਬੀ ਪਾਠਕਾਂ ਦਾ ਭਰਪੂਰ ਪਿਆਰ ਬਟੋਰਿਆ। ਉਹ ਪੰਜਾਬੀ ਧਰਾਤਲ ਦੇ ਤਰਲ ਮਨ ਦੀ ਬਾਤ ਪਾਉਣ ਵਾਲੀ ਤੇ ਗਹਿਰੇ ਕਿਤੇ ਨਾਰੀ-ਸੰਵੇਦਨਾ ਦੀ ਥਾਹ ਪਾਉਣ ਵਾਲੀ ਗਲਪਕਾਰ ਹੈ। ਉਹ ਯਥਾਰਥਵਾਦੀ ਗਲਪ ਦੀ ਵਾਹਕ ਹੈ। ਉਹਦਾ ਨਾਵਲ 'ਆਦਮ ਗ੍ਰਹਿਣ' ਉਨ੍ਹਾਂ ਸਮਾਜ ਦੇ ਵਿਯੋਗ ਦਾ ਦੁੱਖ ਜਰ ਰਹੇ ਪਾਤਰਾਂ (ਕਿੰਨਰਾਂ) ਬਾਰੇ ਹੈ, ਜਿਨ੍ਹਾਂ ਨੂੰ ਉਹ 'ਰੱਬ ਦੀ ਨਸਲ' ਦੇ ਬੰਦੇ ਕਹਿੰਦੀ ਹੈ। ਉਹਦੀ ਖੋਜ ਤੇ ਸੰਵੇਦਨਾ ਦਾ ਜੋੜ ਇਹ ਨਾਵਲ ਪੰਜਾਬੀ ਪਾਠਕ ਨੂੰ ਤਰਲ ਕਰ ਦਿੰਦਾ ਹੈ। ਮਨ ਵਹਿ ਤੁਰਦਾ ਹੈ, ਇਹਦੇ ਪਾਤਰਾਂ ਦੀ ਵੇਦਨਾ ਮਹਿਸੂਸ ਕਰਦਿਆਂ। ਚਹਿਲ ਕੋਲ ਸ਼ੈਲੀ ਬਹੁਤ ਹੀ ਅਸਰਦਾਰ ਹੈ। ਪੰਜਾਬੀ ਵਾਕ ਬਣਤਰ ਰਾਹੀਂ ਉਹ ਦ੍ਰਿਸ਼ ਪੈਦਾ ਕਰਦੀ ਹੈ। ਉਹਦੇ ਨਾਵਲਾਂ 'ਚ ਪੇਂਡੂ ਮਾਹੌਲ ਝੱਬਵਾਂ ਪ੍ਰਭਾਵ ਸਿਰਜਦਾ ਹੈ। ਕੈਨੇਡਾ ਰਹਿ ਕੇ ਵੀ ਉਹਦਾ ਦਿਲ ਪੰਜਾਬ 'ਚ ਹੀ ਧੜਕਦਾ ਹੈ।

ਜ਼ੁਬੈਰ ਅਹਿਮਦ ਨੂੰ ਇਹ ਸਨਮਾਨ ਦੂਜੀ ਵਾਰ ਮਿਲਿਆ ਹੈ। ਪਹਿਲਾਂ 2014 'ਚ ਉਨ੍ਹਾਂ ਦੇ ਕਥਾ-ਸੰਗ੍ਰਹਿ 'ਕਬੂਤਰ ਬਨੇਰੇ ਤੇ ਗਲੀਆਂ' ਨੂੰ ਇਹ ਸਨਮਾਨ ਮਿਲ ਚੁਕਾ ਹੈ। ਇਸ ਵਾਰ ਉਨ੍ਹਾਂ ਦੇ ਕਥਾ-ਸੰਗ੍ਰਹਿ 'ਪਾਣੀ ਦੀ ਕੰਧ' ਨੂੰ ਇਸ ਸਨਮਾਨ ਨਾਲ ਨਿਵਾਜਿਆ ਗਿਆ ਹੈ। ਲਾਹੌਰ ਦੀ ਮਹਿਕ ਨਾਲ ਭਰੀਆਂ ਜ਼ੁਬੈਰ ਦੀਆਂ ਕਹਾਣੀਆਂ ਮਨੁੱਖੀ ਮਨ ਦੇ ਹਨੇਰੇ ਕੋਨਿਆਂ 'ਚੋਂ ਕਿਤੇ ਖੌਫ ਦੀ ਨਿਸ਼ਾਨਦੇਹੀ ਕਰਦੀਆਂ ਹਨ, ਕਿਤੇ ਸਿਸਟਮ ਦੇ ਦਾਬੇ ਦੀ ਤਹਿ ਫਰੋਲਦੀਆਂ ਹਨ, ਕਿਤੇ ਇਤਿਹਾਸ 'ਚੋਂ ਕੁਝ ਫਰੋਲਦੀਆਂ ਹਨ ਤੇ ਕਿਤੇ ਵੰਡ ਤੋਂ ਬਾਦ ਦੇ ਸਭਿਆਚਾਰ ਨੂੰ ਸਮਝਣ ਦੇ ਰਾਹ ਤੁਰਦੀਆਂ ਹਨ। ਇਹ ਆਤਮਿਕ ਸਾਂਝਾਂ ਦਾ ਕਹਾਣੀਕਾਰ ਹੈ। ਉਸ ਦੀ ਸ਼ੈਲੀ 'ਚ ਲਾਹੌਰ ਬੋਲਦਾ ਹੈ। ਲਾਹੌਰ ਦੀ ਵਾਸ਼ਨਾ ਨਾਲ ਭਰੀਆਂ ਹਨ, ਉਸ ਦੀਆਂ ਕਹਾਣੀਆਂ। ਉਹ 'ਕਿਤਾਬ ਤ੍ਰਿੰਜਣ' ਨਾਮ ਨਾਲ ਕਿਤਾਬ ਘਰ ਵੀ ਚਲਾ ਰਹੇ ਹਨ। ਪੰਜਾਬੀ ਪਾਠਕ ਦੇ ਮਨ 'ਚ ਉਨ੍ਹਾਂ ਦਾ ਪ੍ਰਭਾਵ ਹੈ।

ਇਨ੍ਹਾਂ ਤਿੰਨੇ ਗਲਪਕਾਰਾਂ ਦਾ ਸਵਾਗਤ ਅਤੇ ਬਾਰਜ ਢਾਹਾਂ ਅਤੇ ਢਾਹਾਂ ਸਨਮਾਨ ਦੇ ਚੇਅਰਮੈਨ ਪ੍ਰੇਮ ਮਾਨ ਦਾ ਸ਼ੁਕਰੀਆ, ਗਲਪ ਨੂੰ ਸਨਮਾਨਣ ਵਾਸਤੇ।

## ਗੁਣਵੰਤਾ ਦੀ ਗਾਥਾ

(ਪਿਛਲੇ ਸਫੇ ਦੀ ਬਾਕੀ)

ਗੁਣਵੰਤਾ ਬਣਨ ਲਈ ਸਭ ਤੋਂ ਜ਼ਰੂਰੀ ਹੈ ਖੁਦ ਦੀ ਸਮਰੱਥਾ, ਤਾਕਤ, ਗੁਣ ਅਤੇ ਮਿਹਨਤ 'ਤੇ ਵਿਸ਼ਵਾਸ ਕਰਨਾ, ਕਿਉਂਕਿ ਜੇ ਤੁਸੀਂ ਆਪਣੇ 'ਤੇ ਹੀ ਯਕੀਨ ਨਹੀਂ ਕਰੋਗੇ ਤਾਂ ਕੌਣ ਕਰੇਗਾ ਤੁਹਾਡੇ 'ਤੇ ਵਿਸ਼ਵਾਸ?

ਗੁਣਵੰਤਾ ਇਕ ਚੰਦਰਮਾ ਜਿਹਾ, ਜੋ ਸਿਰਫ ਚਾਨਣ ਪੱਖ ਹੀ ਦਿਖਾਉਂਦਾ ਅਤੇ ਹਨੇਰੇ ਪੱਖ ਨੂੰ ਖੁਦ ਤੋਂ ਵੀ ਬਹੁਤ ਦੂਰ ਰੱਖਦਾ ਤਾਂ ਹੀ ਚੰਨ-ਚਾਨਣੀ ਮਨ ਨੂੰ ਮੋਂਹਦੀ। ਪਿਆਰ ਭਿੱਜੇ ਪਲਾਂ ਦਾ ਨਿਉਂਦਾ ਵੀ ਦਿੰਦੀ, ਠੰਢਕ ਦਾ ਅਹਿਸਾਸ ਮਨਾਂ ਵਿਚ ਪੈਦਾ ਕਰਦੀ ਅਤੇ ਰੌਸ਼ਨੀ ਦੀਆਂ ਬਾਤਾਂ ਦਾ ਹੁੰਗਾਰਾ ਭਰਨ ਨੂੰ ਵੀ ਜੀਅ ਕਰਦਾ।

ਗੁਣਵੰਤਿਆਂ ਦੀਆਂ ਗੱਲਾਂ ਹੁੰਦੀਆਂ, ਗੀਤ ਗਾਏ ਜਾਂਦੇ, ਗੁਫਤਗੂ ਵਿਚ ਹਾਜ਼ਰ-ਨਾਜ਼ਰ, ਗ੍ਰੰਥ ਰਚੇ ਜਾਂਦੇ ਅਤੇ ਗ੍ਰਹਿਣੇ ਵਕਤਾਂ ਨੂੰ ਸੁਰਖ ਭਾਅ ਬਖਸ਼ੇ ਜਾਂਦੇ।

ਗੁਣਵੰਤੇ ਹੀ ਗੱਦੀ-ਨਸ਼ੀਨ ਬਣ ਕੇ ਗੁਰੂ ਦੇ ਉਦੇਸ਼ ਦੀ ਪੂਰਤੀ ਲਈ ਸੁਗਮ ਸੰਦੇਸ਼ ਅਤੇ ਇਸ ਦੀ ਸਾਰਥਕਤਾ ਨੂੰ ਸੰਗਤੀ ਰੂਪ ਵਿਚ ਵੰਡਦੇ। ਨਵੀਆਂ ਪਿਰਤਾਂ ਤੇ ਪਹਿਲਾਂ ਦਾ ਪੈਗਾਮ ਬਣ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਣ ਬਣਦੇ।

ਗੁਣਵੰਤੇ ਹੀ ਘਰਾਣਿਆਂ ਦੇ ਵਾਰਸ। ਗੁਣਵੰਤੇ ਹੀ ਗੁਰਬਤ ਰੂਪੀ ਗਹਿਣੇ ਨੂੰ ਗਲ 'ਚ ਪਾ ਕੇ ਗਰੀਬੀ ਨੂੰ ਨਵੇਂ ਅਰਥਾਂ ਨਾਲ ਸ਼ਿੰਗਾਰਦੇ ਅਤੇ ਉਹ ਲੋਕ-ਚੇਤਿਆਂ ਵਿਚ ਗੱਲ-ਕੱਥ ਦਾ ਆਧਾਰ ਵੀ ਬਣਦੇ।

ਗੁਣਵੰਤਾ ਸਿਰਫ ਬਾਹਰੀ ਗੁਣਾਂ ਵਿਚੋਂ ਹੀ ਆਪਣੀ ਸਿਰਜਣਾ ਨਹੀਂ ਕਰਦਾ। ਉਸ ਵਲੋਂ ਸਮਾਜਕ ਕਦਰਾਂ ਦੀ ਕਿਰਨਈ-ਕਤਾਰਬੰਦੀ। ਉਸ ਦੇ ਬੋਲਾਂ ਵਿਚ, ਕਲਮ ਵਿਚ, ਵਰਤਾਰੇ ਵਿਚ, ਸਮਾਜਕ ਵਿਹਾਰ ਦੌਰਾਨ ਗੁਣਾਂ ਦੀ ਝਲਕ। ਆਪਣੇ ਕਿੱਤੇ ਪ੍ਰਤੀ ਸਮਰਪਣ, ਸ਼ੌਕ ਪ੍ਰਤੀ ਨਿਸ਼ਠਾ, ਖੁਦ ਪ੍ਰਤੀ ਜਵਾਬਦੇਹੀ ਅਤੇ ਸਮਾਜ ਨੂੰ ਕੁਝ ਅਰਪਣ ਕਰਨ ਦੀ ਬਿਰਤੀ। ਗੁਣਾਂ ਦੀ ਗੁਣਵੰਤਾਂ ਨੂੰ ਪੜਚੋਲਣ ਲਈ ਪਾਰਦਰਸ਼ਤਾ, ਪਾਕੀਜ਼ਗੀ ਅਤੇ ਪ੍ਰਾਪਤੀਆਂ ਦਾ ਅਜਿਹਾ ਸੰਸਾਰ ਸਿਰਜਣ ਦੀ ਲੋੜ ਹੁੰਦੀ, ਜਿਸ ਵਿਚੋਂ ਕੀਰਤੀਮਾਨ ਤੇ ਕੀਰਤੀਆਂ ਦਾ ਕਰਮ-ਖੇਤਰ ਬਹੁਤ ਦੂਰ ਤੀਕ ਫੈਲਿਆ ਹੋਵੇ।

ਗੁਣਵੰਤੇ ਬਣੋ, ਉਨ੍ਹਾਂ ਗੁਣਾਂ ਦੇ ਜਿਨ੍ਹਾਂ 'ਤੇ ਖੁਦ ਨੂੰ, ਪਰਿਵਾਰ, ਸਮਾਜ, ਕੌਮ ਅਤੇ ਦੇਸ਼ ਨੂੰ ਨਾਜ਼ ਹੋਵੇ ਅਤੇ ਜੋ ਗੁਣ ਵੱਖਰੀ ਪਛਾਣ ਤੇ ਪੈਮਾਨਾ ਨਿਰਧਾਰਤ ਕਰਨ, ਜਿਨ੍ਹਾਂ ਵਿਚੋਂ ਬੰਦਗੀ, ਬੰਦਿਆਈ ਅਤੇ ਬਿਹਤਰੀ ਦਾ ਨਾਦ ਗੂੰਜਦਾ ਹੋਵੇ, ਜਿਸ ਨਾਲ ਖੂਬਸੂਰਤ ਜ਼ਿੰਦਗੀ ਨੂੰ ਹੋਰ ਖੂਬਸੂਰਤ ਅਤੇ ਹੁਸੀਨ ਬਣਾਉਣ ਦੇ ਖਾਬ ਦੀ ਪੂਰਤੀ ਹੁੰਦੀ ਹੋਵੇ।

ਅਜਿਹੇ ਗੁਣਵੰਤਾ ਬਣਨਾ ਕਠਿਨ ਤਾਂ ਹੈ, ਪਰ ਨਾ-ਮੁਮਕਿਨ ਨਹੀਂ। ਇਸ ਮਾਰਗ 'ਤੇ ਪਹਿਲਾ ਕਦਮ ਉਠਾਉਣ ਵਿਚ ਹਰਜ ਵੀ ਕੀ ਆ!

ਗੁਰਬਾਣੀ ਵਿਆਖਿਆ

# ਸਚ ਖੰਡਿ ਵਸੈ ਨਿਰੰਕਾਰੁ

ਸੈਤੀਵੀਂ ਪਉੜੀ ਦੇ ਦੂਜੇ ਅੱਧ ਵਿਚ ਗੁਰੂ ਸਾਹਿਬ ਸਚ ਖੰਡ ਦਾ ਜ਼ਿਕਰ ਕਰਦੇ ਹਨ। ਇਹ ਸਚ ਖੰਡ ਕੀ ਹੈ? ਸਾਧਾਰਨ ਤੇ ਵਿਸ਼ੇਸ਼-ਦੋਵੇਂ ਅਰਥਾਂ ਵਿਚ ਇਹ ਖੰਡ ਸਚ ਦੇ ਅਧਿਕਾਰ (Domain) ਵਾਲਾ ਖੇਤਰ ਹੈ, ਜਿੱਥੇ ਪਰਮ-ਸਤਿ ਦਾ ਨਿਵਾਸ ਹੈ; ਪਰ ਇਹ ਖੇਤਰ ਹੈ ਕਿਥੇ? ਅਧਿਆਤਮਵਾਦੀਆਂ ਦੀ ਸੁਣੋ ਤਾਂ ਇਹ ਦੂਰ ਕਿਤੇ ਅਸਮਾਨ ਵਿਚ ਜਾਂ ਦੂਜੀ ਦੁਨੀਆਂ ਵਿਚ ਹੈ। ਉਹ ਇਹ ਵੀ ਕਹਿ ਸਕਦੇ ਹਨ ਕਿ ਉਸ ਦੇ ਘਰ ਦਾ ਕਿਸੇ ਨੂੰ ਨਹੀਂ ਪਤਾ। ਪਤਾ ਨਾ ਹੋਣਾ ਕੋਈ ਦਲੀਲ ਨਹੀਂ, ਕਿਉਂਕਿ ਇਸ ਦਾ ਬਾਣੀ ਨਾਲ ਕੋਈ ਸਬੰਧ ਨਹੀਂ। ਜਦੋਂ ਗੁਰੂ ਸਾਹਿਬ ਨੇ ਲਿਖਿਆ ਹੈ ਤਾਂ ਇਹ ਮੰਨ ਕੇ ਚਲਣਾ ਪਵੇਗਾ ਕਿ ਇਹ ਕਿਤੇ ਤਾਂ ਹੈ ਅਤੇ ਜਿੱਥੇ ਕਿਤੇ ਇਹ ਹੈ, ਨਿਰੰਕਾਰ ਵੀ ਉਥੇ ਹੀ ਹੈ। ਕਈ ਅਜੋਕੇ ਸਿੱਖ ਵਿਦਵਾਨ ਕਹਿੰਦੇ ਹਨ ਕਿ ਇਹ ਖੰਡ ਮਨੁੱਖ ਦੇ ਦਿਮਾਗ ਵਿਚ ਹੈ। ਅਰਥਾਤ ਇਹ ਉਥੇ ਹੈ, ਜਿੱਥੇ ਉਹ ਕਹਿੰਦੇ ਹਨ ਕਿ 'ਦਸਵਾਂ ਦਵਾਰ' ਹੈ। ਉਨ੍ਹਾਂ ਅਨੁਸਾਰ ਭਗਤੀਆਂ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਤੇ ਤਪਸਿਆਵਾਂ ਉਪਰੰਤ ਇਸ ਦਵਾਰ ਦੇ ਖੁਲ੍ਹਣ ਨਾਲ ਹੀ ਸਚ ਖੰਡ ਵਿਚ ਪ੍ਰਵੇਸ਼ ਕਰੀਦਾ ਹੈ ਤੇ ਉੱਥੇ ਨਿਰੰਕਾਰ ਦੇ ਦਰਸ਼ਨ ਹੁੰਦੇ ਹਨ; ਪਰ ਗੁਰੂ ਸਾਹਿਬ ਤਾਂ ਕਹਿੰਦੇ ਹਨ ਕਿ ਉਹ ਕੁਦਰਤ ਵਿਚ ਵਸਦਾ ਹੈ। ਇਸ ਤਰ੍ਹਾਂ ਸਚ ਖੰਡ ਮਨੁੱਖੀ ਸਿਰ ਵਿਚ ਨਹੀਂ, ਸਗੋਂ ਕੁਦਰਤ ਵਿਚ ਹੈ। ਤਾਂ ਫਿਰ ਦਸਮ ਦਵਾਰ ਦੀ ਗੱਲ ਮਨ-ਘੜਤ ਹੈ ਅਰਥਾਤ ਇਹ ਇਕ ਅਧਿਆਤਮਵਾਦੀ ਤੁੱਕਾ ਹੈ। ਇਸ ਦਾ ਮਤਲਬ ਹੋਇਆ ਕਿ ਦਸਮ ਦੁਆਰ ਖੋਲ੍ਹਣ ਦੀ ਆਸ ਵਿਚ ਧਿਆਨ-ਤਪੱਸਿਆਵਾਂ ਕਰਨਾ ਕਰਮ ਕਾਂਡ ਹੈ, ਪਰ ਕੁਝ ਵੀ ਕਹੋ ਅਜੋਕੇ ਵਿਦਵਾਨ ਦਸਮ ਦਵਾਰ ਨੂੰ ਹੱਥੋਂ ਨਹੀਂ ਨਿਕਲਣ ਦਿੰਦੇ। ਮੁੜ ਆਪਣੀ ਗੱਲ 'ਤੇ ਆਉਂਦੇ ਉਹ ਕਹਿੰਦੇ ਹਨ ਕਿ ਪਰਮ-ਸਤਿ ਭਾਵੇਂ ਵਸਦਾ ਸ੍ਰਿਸ਼ਟੀ ਵਿਚ ਹੈ, ਪਰ ਉਸ ਦਾ ਅਨੁਭਵ ਤਾਂ ਮੱਥੇ ਵਾਲਾ ਦਸਮ ਦਵਾਰ ਖੁਲ੍ਹਣ ਨਾਲ ਹੀ ਹੁੰਦਾ ਹੈ। ਉਹ ਸਮਝਦੇ ਹਨ ਕਿ ਬਾਦਸ਼ਾਹ ਭਾਵੇਂ ਕਿਸੇ ਕਮਰੇ ਵਿਚ ਬੈਠਾ ਹੋਵੇ, ਪਰ ਉਸ ਨੂੰ ਮਿਲਣ ਤਾਂ ਮਹਿਲ ਦੇ ਦਰਵਾਜੇ ਥਾਣੀਂ ਜਾਣਾ ਪੈਂਦਾ ਹੈ। ਉਨ੍ਹਾਂ ਦੀ ਇਹ ਉਕਤੀ ਵੀ ਉਨ੍ਹਾਂ ਲਈ ਸੁਖਾਵੀਂ ਨਹੀਂ, ਕਿਉਂਕਿ ਪੱਕੇ ਅਧਿਆਤਮਵਾਦੀਆਂ ਵਾਂਗ ਉਹ ਸਾਹਮਣੇ ਪਈ ਕੁਦਰਤ ਨੂੰ ਵੀ ਦਸਮ ਦਵਾਰ ਰਾਹੀਂ ਦੇਖਣਾ ਚਾਹੁੰਦੇ ਹਨ।

ਇਸ ਲਈ ਅਜੋਕੇ ਸਿੱਖ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਦੇ ਹੱਥਾਂ ਵਿਚ ਸਚ ਖੰਡ ਤੇ ਨਿਰੰਕਾਰ ਇਕ ਮ੍ਰਿਗ-ਤ੍ਰਿਸ਼ਨਾ ਵਾਂਗ ਹਨ, ਜਿਨ੍ਹਾਂ ਦਾ ਜ਼ਿਕਰ ਤਾਂ ਸਾਰੇ ਕਰਦੇ ਹਨ, ਪਰ ਪਤਾ ਕਿਸੇ ਨੂੰ ਨਹੀਂ ਕਿ ਉਹ ਕੀ ਹਨ ਤੇ ਕਿੱਥੇ ਹਨ। ਉਨ੍ਹਾਂ ਦੇ ਸੋਹਲੇ ਸਭ ਗਾਉਂਦੇ ਹਨ, ਪਰ ਸੋਧ ਕਿਸੇ ਕੋਲ ਨਹੀਂ ਹੈ। ਸੋਹਲੇ ਵੀ ਤਾਂ ਹੀ ਕਹਿ ਸਕਦੇ ਹਾਂ ਜੇ ਉਹ ਸੰਜੀਦਗੀ ਨਾਲ ਇਸ ਦੀ ਭਾਲ ਵਿਚ ਜੁਟੇ ਹੋਣ; ਪਰ ਜੇ ਮਨੋਰਥ ਪੈਸਾ ਇਕੱਠਾ ਕਰਨਾ ਹੋਵੇ, ਫਿਰ ਤਾਂ ਕਿਸੇ ਪੂਜਾ ਪਾਠ ਤੇ ਗਾਉਣ ਵਜਾਉਣ ਦਾ ਵੀ ਕੋਈ ਮਹੱਤਵ ਨਹੀਂ।

ਜੇ ਕਿਸੇ ਨੇ ਸਚ ਖੰਡ ਖੋਜਣਾ ਹੋਵੇ, ਤਾਂ ਉਹ ਇਸ ਦੀ ਨਿਸ਼ਾਨਦੇਹੀ ਲਈ ਆਪ ਜਪੁਜੀ ਦੀ ਇਹ ਪਉੜੀ ਵਿਚਾਰੇ। ਇਸ ਵਿਸ਼ੇ 'ਤੇ ਉਨ੍ਹਾਂ ਦੇ ਵਿਚਾਰ ਜਾਣਨ ਲਈ ਇਹ ਹੀ ਇਕ ਯੋਗ ਕਾਰਜ ਹੈ। ਜੇ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਜਪੁਜੀ ਦੀ ਇਸ ਪਉੜੀ ਦਾ ਇਹ ਹਿੱਸਾ ਚੰਗੀ ਤਰ੍ਹਾਂ ਪੜ੍ਹ ਕੇ ਸਮਝ ਲੈਣ ਤਾਂ ਉਹ ਸਚ ਖੰਡ ਬਾਰੇ ਗੁਰੂ ਸਾਹਿਬ ਦੇ ਦਿੱਤੇ ਕਈ ਸੂਤਰ (Clues) ਜਾਣ ਸਕਦੇ ਹਨ। ਪਹਿਲਾ ਇਹ ਕਿ ਗੁਰੂ ਸਾਹਿਬ ਨੇ ਇਸ ਪਉੜੀ ਵਿਚ 'ਸਚ ਖੰਡਿ ਵਸੈ ਨਿਰੰਕਾਰੁ' ਨੂੰ ਕਰਮ ਖੰਡ ਦੇ ਵਰਣਨ ਤੋਂ ਤੁਰੰਤ ਬਾਅਦ ਲਿਖਿਆ ਹੈ। ਇਸ ਲਈ ਜਿਸ ਸਚ ਖੰਡ ਦੀ ਗੱਲ ਉਹ ਕਰਦੇ ਹਨ, ਉਹ ਕਰਮ ਖੰਡ ਤੇ ਹੋਰ ਖੰਡਾਂ ਵਾਂਗ ਇਸ ਧਰਤੀ ਉੱਤੇ ਹੀ ਹੈ। ਭਾਵ ਜੋ ਧਰਤੀ ਆਪਣੇ ਬਹੁ-ਪਰਤੀ ਚੌਗਿਰਦੇ ਤੇ ਵਾਤਾਵਰਣ ਵਿਚ ਘਿਰੀ ਇਕ ਧਰਮਸਾਲ ਹੈ, ਜਿੱਥੇ ਬੇਪ੍ਰਵਾਹ ਵਿਚਰਦੇ ਕੁਦਰਤੀ ਨਿਯਮਾਂ ਦੇ ਪੱਕੇ ਸਮੀਕਰਣ ਬਣੇ ਹੋਏ ਹਨ, ਤਾਂ ਸਚ ਖੰਡ ਉੱਥੇ ਹੀ ਹੈ। ਸਿੱਧੇ ਸ਼ਬਦਾਂ ਵਿਚ ਕਹੀਏ, ਸਚ ਖੰਡ ਵੀ ਦੂਜੇ ਸਭ ਖੰਡਾਂ ਵਾਂਗ ਇਸ ਧਰਤੀ ਧਰਮਸਾਲ ਦਾ ਹੀ ਹਿੱਸਾ ਹੈ, ਕਿਉਂਕਿ ਇਸ ਦਾ ਜ਼ਿਕਰ ਵੀ ਦੂਜੇ ਖੰਡਾਂ ਦੇ ਨਾਲ ਇਸੇ ਧਰਤੀ ਦੇ ਸੰਦਰਭ ਵਿਚ ਕੀਤਾ ਹੋਇਆ ਹੈ। ਵਿਚਾਰ ਪਲਟ ਕੇ ਗੱਲ ਕਰੀਏ ਤਾਂ ਸਚ ਖੰਡ ਧਰਤੀ ਤੋਂ ਬਾਹਰ ਨਹੀਂ ਹੈ ਭਾਵ ਇਸ ਤੋਂ ਪਰ੍ਹੇ ਨਹੀਂ ਹੈ। ਭਾਵ, ਨਾ ਇਹ ਅੰਬਰਾਂ ਵਿਚ ਹੈ, ਨਾ ਕਲਪਨਾ ਵਿਚ, ਨਾ ਵਿਚਾਰਾਂ ਵਿਚ ਅਤੇ ਨਾ ਹੀ ਅਖੌਤੀ ਦਸਮ ਦੁਆਰ ਦੇ ਅੰਦਰ ਹੈ। ਇਹ ਕੁਦਰਤ ਦੇ ਨਿਯਮਾਂ ਵਿਚ ਬੰਨੀ ਧਰਤੀ ਤੇ ਉਸ ਦੇ ਵਾਯੂਮੰਡਲ ਵਿਚ ਹੈ। ਅਰਥਾਤ ਇਹ ਕੋਈ ਭਾਵਵਾਚਕ ਜਾਂ ਅਧਿਆਤਮਕ ਅਰਥਾਤ ਮਿਥਿਆ ਸਥਾਨ ਨਹੀਂ, ਸਗੋਂ ਇਕ ਯਥਾਰਥਕ ਥਾਂ ਹੈ, ਜੋ ਸੱਚੀ ਮੁੱਚੀ ਹੈ ਤੇ ਲੱਭੀ ਜਾ ਸਕਦੀ ਹੈ।

ਦੂਜਾ ਸੂਤਰ ਇਹ ਕਿ ਇਹ ਸਥਾਨ ਧਰਤੀ ਦੇ ਨਾਲ ਨਾਲ ਇਸ ਦੇ 'ਰਾਤੀ ਰੁਤੀ ਥਿਤੀ ਵਾਰ' ਆਦਿ ਦੇ ਚੌਗਿਰਦੇ ਵਿਚ ਵੀ ਹੈ, ਜਿਥੇ 'ਖੰਡ ਮੰਡਲ ਵਰਭੰਡ' ਹਨ। ਇਸ ਦਾ ਮਤਲਬ ਇਹ ਨਹੀਂ ਕਿ ਸਚ ਖੰਡ ਨੂੰ ਧਰਤੀ ਛੱਡ ਕੇ ਦੂਜੇ ਗ੍ਰਹਿਆਂ 'ਤੇ ਲੱਭਣ ਜਾਣਾ ਪਵੇਗਾ। ਜੋ ਬਾਹਰਲੇ ਬ੍ਰਹਿਮੰਡ ਵਿਚ ਹੈ, ਉਹੀ ਧਰਤੀ 'ਤੇ ਹੈ ਅਤੇ ਉਹੀ ਧਰਤੀ ਦੀਆਂ ਸਭ ਵਸਤਾਂ ਵਿਚ ਹੈ। ਇਸ ਲਈ ਗੁਰੂ ਸਾਹਿਬ ਅਨੁਸਾਰ ਇਸ ਨੂੰ ਧਰਤੀ 'ਤੇ ਰਹਿੰਦਿਆਂ ਧਰਤੀ ਦੇ ਵਿਚ ਹੀ ਖੋਜਿਆ ਜਾ ਸਕਦਾ ਹੈ। ਭਾਵ ਚੌਲ ਦੀ ਖੋਜ ਲਈ ਥਾਈਲੈਂਡ ਦੇ ਖੇਤਾਂ ਵਿਚ ਜਾਣਾ ਜਰੂਰੀ ਨਹੀਂ, ਘਰ ਦੇ ਬਾਹਰ ਉਗੀ ਜੀਰੀ ਵਿਚ ਵੀ ਉਹੀ ਚੌਲ ਹੈ। ਜੇ ਵਿਸਥਾਰ ਨਾਲ ਕਹੀਏ, ਸਚ ਖੰਡ ਕੁਦਰਤ ਦੇ ਹਰ ਜ਼ੱਰੇ ਵਿਚ ਸਥਿੱਤ ਹੈ, ਭਾਵ ਇਹ ਤਾਰਿਆਂ, ਸਿਤਾਰਿਆਂ, ਗ੍ਰਹਿਆਂ, ਉਲਕਾਵਾਂ, ਬਲੈਕ ਹੋਲਾਂ ਤੇ ਪੁਲਾੜੀ ਗਲੈਕਸੀਆਂ ਵਿਚ ਹੈ। ਇਹ ਹਵਾ, ਪਾਣੀ, ਅਗਨੀ, ਧੁਪ, ਛਾਂ, ਧਰਤੀ, ਪਸ਼ੂ, ਪੰਛੀਆਂ ਤੇ ਬਨਾਸਪਤੀ ਸਭ ਵਿਚ ਹੈ। ਇਹ ਪੱਥਰ, ਕੰਕਰ, ਰੇਤ, ਪਹਾੜ, ਖਣਿਜ, ਲਾਵਾ, ਝੀਲ, ਬੀਚ ਤੇ ਤਲਾਬ ਵਿਚ ਵੀ ਹੈ। ਇੱਥੋਂ ਤੀਕ ਕਿ ਇਹ ਘਰ, ਛੱਪਰ, ਕੰਧ, ਇੱਟ, ਬੂਹਾ, ਸਮਿੰਟ, ਫਰਸ਼, ਟੂਟੀ, ਪਾਈਪ, ਲੱਕੜ ਆਦਿ ਸਭ ਵਿਚ ਹੈ। ਕਹਿਣ ਨੂੰ ਤਾਂ ਇਨ੍ਹਾਂ ਬੇਅੰਤ ਚੀਜ਼ਾਂ ਨੂੰ 'ਸਮੱਸਤ ਪਦਾਰਥ' ਕਹਿ ਕੇ ਦੋ ਸ਼ਬਦਾਂ ਵਿਚ ਗੱਲ ਮੁਕਾਈ ਜਾ ਸਕਦੀ ਹੈ, ਪਰ ਇੰਦਾਂ ਕਰਨ ਨਾਲ ਇਸ ਵਿਆਖਿਆ ਦੇ 'ਮਾਰਕਸਵਾਦੀ' ਹੋ ਜਾਣ ਦਾ ਡਰ ਹੈ! ਇਸ ਲਈ 'ਪਦਾਰਥ' ਦਾ ਨਾਂ ਲਏ ਬਿਨਾ ਵੱਖ ਵੱਖ ਸਥੂਲ ਚੀਜ਼ਾਂ ਦੇ ਨਾਂ ਗਿਣਾ ਕੇ ਗੱਲ ਕਰਨਾ ਹੀ ਵਧੇਰੇ ਠੀਕ ਹੈ, ਭਾਵੇਂ ਇੰਦਾਂ ਗੱਲ ਕਹਿਣੀ ਕਠਿਨ ਹੀ ਕਿਉਂ ਨਾ ਹੋਵੇ। ਮੁੱਕਦੀ ਗੱਲ, ਸਚ ਖੰਡ ਸਭ ਚੀਜ਼ਾਂ ਅੰਦਰ ਹੈ ਤੇ ਇਸ ਦੀ ਖੋਜ ਕਿਸੇ ਵੀ ਦੁਨਿਆਵੀ ਵਸਤੂ ਵਿਚ ਕੀਤੀ ਜਾ ਸਕਦੀ ਹੈ।

ਤੀਜਾ ਸੂਤਰ ਸਚ ਖੰਡ ਦੀ ਰੂਪ ਰੇਖਾ ਬਾਰੇ ਹੈ। ਜੋ ਲੋਕ ਕਹਿੰਦੇ ਹਨ ਕਿ ਨਿਰੰਕਾਰ ਪੱਤੇ ਪੱਤੇ ਵਿਚ ਵਸਦਾ ਹੈ, ਉਹ ਤੁੱਕੇ ਦੇ ਮਾਹਰ ਹਨ, ਪਰ ਉਨ੍ਹਾਂ ਦਾ ਤੁੱਕਾ ਪੂਰੀ ਤਰ੍ਹਾਂ ਸਹੀ ਨਹੀਂ ਹੈ। ਨਿਰੰਕਾਰ ਪੱਤਿਆਂ ਵਿਚ ਹੈ ਤਾਂ ਸਹੀ, ਪਰ ਬਾਹਰ ਖੁੱਲ੍ਹਾ ਨਹੀਂ ਬੈਠਿਆ ਹੋਇਆ, ਜਿੱਥੇ ਦੁਨੀਆਂ ਉਸ ਨੂੰ ਵੇਖ ਸਕੇ। ਸਚ ਖੰਡ ਹਰ ਪੱਤੇ ਦੇ ਹਰ ਛੋਟੇ ਸੈੱਲ ਦੀ ਡੂੰਘਾਈ ਵਿਚ ਬਣਿਆ ਹੋਇਆ ਹੈ ਤੇ ਨਿਰੰਕਾਰ ਉਸ ਸਚ ਖੰਡ ਦੇ ਧੁਰ ਅੰਦਰ ਵਿਚ ਰਹਿੰਦਾ ਹੈ। ਇਹ ਇੰਨਾ ਭੀੜਾ ਤੇ ਤੰਗ ਅਸਥਾਨ ਹੈ ਕਿ ਇਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹ ਅਣੂਆਂ ਤੋਂ ਵੀ ਅੱਗੇ ਪ੍ਰਮਾਣੂਆਂ ਵਿਚ ਹੈ ਤੇ ਜੇ ਇਸ ਤੋਂ ਵੀ ਛੋਟੀ ਕੋਈ ਚੀਜ਼ ਸੰਭਵ ਹੈ, ਇਹ ਉੱਥੇ ਵੀ ਹੈ। ਇਸ ਤੋਂ ਇਕ ਨਿੱਕਾ ਸਿੱਟਾ (Corollary) ਇਹ ਨਿਕਲਦਾ ਹੈ ਕਿ ਨਿਰੰਕਾਰ ਦਾ ਕੋਈ ਲੰਮਾ ਚੌੜਾ ਸ਼ਾਹੀ ਦਰਬਾਰ ਨਹੀਂ ਹੈ, ਉਹ ਤਾਂ ਸਚ ਖੰਡ ਦੀ ਛੋਟੀ ਜਿਹੀ ਥਾਂ ਵਿਚ ਰਹਿ ਕੇ ਕੁਦਰਤ ਦਾ ਕੰਮ ਕਾਜ ਸੰਭਾਲਦਾ ਹੈ। ਦੂਜਾ ਛੋਟਾ ਸਿੱਟਾ ਇਹ ਕਿ ਜੇ ਨਿਰੰਕਾਰ ਦਾ ਨਿਵਾਸ ਅਸਥਾਨ ਇੰਨਾ ਛੋਟਾ ਹੈ ਤਾਂ ਨਿਰੰਕਾਰ ਆਕਾਰ ਪੱਖੋਂ ਉਸ ਤੋਂ ਕਿਤੇ ਛੋਟਾ ਹੋਵੇਗਾ! ਪਰ ਕਿੰਨਾ ਵੀ ਛੋਟਾ ਕਿਉਂ ਨਾ ਹੋਵੇ, ਇਹ ਯਥਾਰਥ ਦਾ ਹਿੱਸਾ ਹੈ ਤੇ ਇਸ ਲਈ ਇਸ ਦੀ ਖੋਜ ਸੰਭਵ ਹੈ। ਪਰ ਜੇ ਕਿਸੇ ਨੇ ਨਿਰੰਕਾਰ ਜਾਂ ਪਰਮ-ਸਤਿ ਨੂੰ ਖੋਜਣਾ ਹੈ, ਉਸ ਨੂੰ ਪਹਿਲਾਂ ਇਸ ਧਰਤੀ 'ਤੇ ਹੀ ਉਸ ਦੇ ਨਿਵਾਸ ਅਸਥਾਨ ਭਾਵ ਸਚ ਖੰਡ ਨੂੰ ਖੋਜਣਾ ਪਵੇਗਾ। ਇਸ ਖੋਜ ਦੀ ਵਿਧੀ ਪੂਜਾ ਪਾਠ ਦੀ ਨਹੀਂ, ਸਗੋਂ ਗਣਿਤ ਵਿਗਿਆਨ ਦੀ ਹੈ।

ਚੌਥਾ ਸੂਤਰ ਇਹ ਕਿ ਗੁਰੂ ਸਾਹਿਬ ਨੇ ਇਸ ਪਉੜੀ ਵਿਚ ਅਖੌਤੀ ਬ੍ਰਹਮ ਗਿਆਨੀਆਂ ਨੂੰ ਕਰਤਾ ਪੁਰਖ ਬਾਰੇ ਸਹੀ ਜਾਣਕਾਰੀ ਪ੍ਰਾਪਤ ਕਰਨ ਦਾ ਦੂਜਾ ਮੌਕਾ ਦਿੱਤਾ ਹੈ। ਭਾਵ ਜੋ ਵਿਦਵਾਨ ਮੂਲ ਮੰਤਰ ਦੇ ਵਿਸ਼ੇਸ਼ਣਾਂ ਤੋਂ ਕਰਤਾ ਪੁਰਖ ਦਾ ਸਰੂਪ ਨਾ ਸਮਝ ਸਕੇ, ਉਹ ਇੱਥੋਂ ਸਮਝ ਸਕਦੇ ਹਨ। ਮਿਸਾਲ ਵਜੋਂ ਜੋ ਨਿਰੰਕਾਰ ਪੱਥਰ ਜਿਹੇ ਨਿਰਜਿੰਦ (Inorganic) ਪਦਾਰਥ ਵਿਚ ਵੀ ਮੌਜੂਦ ਹੈ ਤਾਂ ਉਹ ਜਾਨ ਜਾਂ ਆਤਮਾ ਵਾਲੀ ਚੀਜ਼ ਨਹੀਂ ਹੋ ਸਕਦੀ। ਗੁਰੂ ਸਾਹਿਬ ਨੇ ਇਸ ਵਿਚਾਰ ਨਾਲ ਪਹਿਲਾਂ ਤੋਂ ਹੀ ਸਹਿਮਤੀ ਪ੍ਰਗਟਾਈ ਹੋਈ ਹੈ, ਕਿਉਂਕਿ ਮੂਲਮੰਤਰ ਵਿਚ ਉਨ੍ਹਾਂ ਨੇ ਉਸ ਨੂੰ ਅਜੂਨੀ ਕਿਹਾ ਹੈ। ਇਸ ਅਨੁਸਾਰ ਜਿਸ ਪਰਮ-ਸਤਿ ਨੂੰ ਭਗਤ ਜਨ ਹਜਾਰਾਂ ਮਨੁੱਖੀ ਨਾਂਵਾਂ ਨਾਲ ਪੁਕਾਰਦੇ ਹਨ, ਉਨ੍ਹਾਂ ਦਾ ਇਸ ਨਿਰਜਿੰਦ ਨੂੰ ਇਵੇਂ ਪੁਕਾਰਨਾ ਉਚਿਤ ਨਹੀਂ ਹੈ। ਸੋ ਗੁਰੂ ਸਾਹਿਬ ਨੇ ਵੀ ਇਸ ਲਈ ਕੋਈ ਮਨੁੱਖੀ ਸੰਬੋਧਨ ਨਹੀਂ ਵਰਤਿਆ, ਜੇ ਕਿਤੇ ਕੋਈ ਵਰਤਿਆ ਹੈ, ਉਹ ਸਿਰਫ ਵਿਅਕਤੀਕਰਨ (Personification) ਦੇ ਮੰਤਵ ਲਈ ਹੈ। ਇਸ ਲਈ ਸਹੀ ਦਿਸ਼ਾ ਵਿਚ ਕੰਮ ਕਰਨ ਵਾਲਿਆਂ ਲਈ ਇਸ ਭੁਲੇਖਾ ਪਾਊ ਮਨੁੱਖੀ ਧਾਰਨਾ ਦਾ ਕੋਈ ਮਹੱਤਵ ਨਹੀਂ ਹੈ।

ਪੰਜਵਾਂ ਸੂਤਰ ਇਹ ਕਿ ਸਚ ਖੰਡ ਇਕ ਘਰ ਜਾਂ ਦਰਬਾਰ ਵਾਂਗ ਨਹੀਂ ਹੈ, ਸਗੋਂ ਇਹ

ਗੁਰੂ ਸਾਹਿਬ ਨੇ ਇਸ ਪਉੜੀ ਵਿਚ 'ਸਚ ਖੰਡਿ ਵਸੈ ਨਿਰੰਕਾਰੁ' ਨੂੰ ਕਰਮ ਖੰਡ ਦੇ ਵਰਣਨ ਤੋਂ ਤੁਰੰਤ ਬਾਅਦ ਲਿਖਿਆ ਹੈ। ਇਸ ਲਈ ਜਿਸ ਸਚ ਖੰਡ ਦੀ ਗੱਲ ਉਹ ਕਰਦੇ ਹਨ, ਉਹ ਕਰਮ ਖੰਡ ਤੇ ਹੋਰ ਖੰਡਾਂ ਵਾਂਗ ਇਸ ਧਰਤੀ ਉੱਤੇ ਹੀ ਹੈ। ਭਾਵ ਜੋ ਧਰਤੀ ਆਪਣੇ ਬਹੁ-ਪਰਤੀ ਚੌਗਿਰਦੇ ਤੇ ਵਾਤਾਵਰਣ ਵਿਚ ਘਿਰੀ ਇਕ ਧਰਮਸਾਲ ਹੈ, ਜਿੱਥੇ ਬੇਪ੍ਰਵਾਹ ਵਿਚਰਦੇ ਕੁਦਰਤੀ ਨਿਯਮਾਂ ਦੇ ਪੱਕੇ ਸਮੀਕਰਣ ਬਣੇ ਹੋਏ ਹਨ, ਤਾਂ ਸਚ ਖੰਡ ਉੱਥੇ ਹੀ ਹੈ।

ਇਕ ਕਾਰਖਾਨੇ ਜਿਹਾ ਸਥਾਨ ਹੈ। ਇੱਥੇ ਨਿਰੰਕਾਰ ਕਿਸੇ ਸਿੰਘਾਸਨ 'ਤੇ ਬੈਠਾ ਹੁਕਮਰਾਨੀ ਨਹੀਂ ਕਰਦਾ, ਸਗੋਂ ਕੰਮ-ਕਿੱਤੇ ਵਿਚ ਮਸ਼ਰੂਫ ਰਹਿੰਦਾ ਹੈ। ਭਾਵ ਉਹ ਮਲਕ ਭਾਗੋ ਵਾਂਗ ਦੂਜਿਆਂ 'ਤੇ ਹੁਕਮ ਨਹੀਂ ਝਾੜਦਾ, ਸਗੋਂ ਭਾਈ ਲਾਲੋ ਵਾਂਗ ਸੱਚੀ ਕਿਰਤ ਕਰਦਾ ਹੈ। ਗੁਰੂ ਸਾਹਿਬ ਨੇ ਲਿਖਿਆ ਹੈ, 'ਕਰਿ ਕਰਿ ਵੇਖੈ ਨਦਰਿ ਨਿਹਾਲ', ਭਾਵ ਉਹ ਇਕ ਸੱਚੇ ਕੀਰਤੀ ਵਾਂਗ ਆਪਣੀ ਕਿਰਤ ਦੀਆਂ ਕ੍ਰਿਤੀਆਂ ਅਰਥਾਤ ਨਮੂਨਿਆਂ ਨੂੰ ਵੇਖ ਕੇ ਅਨੰਦ ਮਹਿਸੂਸ ਕਰਦਾ ਹੈ। ਉਹ ਵੱਡੇ-ਵੱਡੇ ਖੰਡਾਂ ਵਰਭੰਡਾਂ ਤੋਂ ਲੈ ਕੇ ਛੋਟੇ ਛੋਟੇ ਜੀਵਾਂ ਦੀ ਰਚਨਾ ਕਰਦਾ ਹੈ। ਜਿਸ ਜਿਸ ਤਰ੍ਹਾਂ ਦੇ ਜੀਵ ਬਣਾਉਂਦਾ ਹੈ, ਉਸੇ ਤਰ੍ਹਾਂ ਦੇ ਹੀ ਉਨ੍ਹਾਂ ਨੂੰ ਕੰਮ ਧੰਦੇ ਸੌਂਪਦਾ ਹੈ। ਉਸ ਦੀ ਇਹ ਉਤਪਾਦਨ ਕ੍ਰਿਆ ਇੱਛਤ ਨਹੀਂ, ਨਿਯਮ ਆਧਾਰਿਤ ਹੈ। ਇਸੇ ਲਈ ਇਹ ਨਾ ਕਦੇ ਰੁਕਦੀ ਹੈ ਤੇ ਨਾ ਇਸ ਵਿਚ ਕੋਈ ਕੁਤਾਹੀ ਹੁੰਦੀ ਹੈ, ਪਰ ਆਦਰਸ਼ਵਾਦੀ ਤੇ ਅਧਿਆਤਮਵਾਦੀ ਵਿਦਵਾਨ ਇਸ ਸੂਤਰ ਨੂੰ ਕਦੇ ਪਕੜ ਨਾ ਸਕੇ। ਇਸ ਲਈ ਉਹ ਨਿਰੰਕਾਰ ਨੂੰ ਇਕ ਸ਼ਕਤੀਸ਼ਾਲੀ ਮੁਕਟਧਾਰੀ ਹੁਕਮਰਾਨ ਦੇ ਰੂਪ ਵਿਚ ਦੇਖਦੇ ਰਹੇ, ਜੋ ਗਲਤ ਹੈ।

ਸਚ ਖੰਡ ਦਾ ਛੇਵਾਂ ਸੂਤਰ ਹੈ ਕਿ ਇਹ ਖੰਡ ਸੁਚਾ ਤੇ ਪਵਿੱਤਰ (Virgin) ਹੈ। ਇਸ ਦਾ ਭਾਵ ਇਹ ਨਹੀਂ ਕਿ ਇਹ ਕੋਈ ਸਾਫ ਸਫਾਈ ਵਾਲਾ ਦੁੱਧ-ਸਰਫ ਨਾਲ ਧੋਤਾ ਪੂਜਨੀਕ ਸਥਾਨ ਹੈ, ਸਗੋਂ ਇਹ ਕਿ ਇਹ ਹਾਲੇ ਤੀਕ ਮਨੁੱਖੀ ਛੋਹ, ਪਹੁੰਚ ਤੇ ਸੋਚ ਤੋਂ ਬਾਹਰ ਹੈ। ਇਹ ਨਿਰਮਲ ਹੈ, ਕਿਉਂਕਿ ਇਸ ਨੂੰ ਕਿਸੇ ਨੇ ਜੱਥ ਲਾ ਕੇ ਭਿੱਟਿਆ ਜਾਂ ਖਰਾਬ ਨਹੀਂ ਕੀਤਾ। ਇੱਥੇ ਕਿਸੇ ਦਾ ਪੈਰ ਤਾਂ ਕੀ, ਨਜ਼ਰ ਵੀ ਨਹੀਂ ਪਈ, ਕਿਉਂਕਿ ਇਸ ਪਾਸੇ ਕਦੇ ਕਿਸੇ ਨੇ ਸੋਚਿਆ ਹੀ ਨਹੀਂ ਤੇ ਇਸ ਤੀਕ ਪਹੁੰਚਣ ਦੇ ਕਿਸੇ ਕੋਲ ਸਾਧਨ ਵੀ ਨਹੀਂ। ਬੱਸ ਇਸ ਨਿਵੇਕਲੀ ਥਾਂ ਵਿਚ ਰਹਿ ਕੇ ਨਿਰੰਕਾਰ ਭਾਵ ਸੈਭੰ ਕਰਤਾ ਪੁਰਖ ਆਪਣੇ ਨਿਰਭਉ ਨਿਰਵੈਰ ਅਰਥਾਤ ਸੁਤੰਤਰ ਅੰਦਾਜ਼ ਵਿਚ ਬ੍ਰਹਿਮੰਡ ਦੀ ਕਰਤਾਗੀਰੀ ਕਰ ਰਿਹਾ ਹੈ। ਇਹੀ ਉਸ ਸੱਚੇ ਦੀ ਸੱਚੀ ਕਾਰ ਹੈ, ਜਿਸ ਨੂੰ ਦੇਖ ਦੇਖ ਉਹ ਨਿਹਾਲ ਹੋਈ ਜਾਂਦਾ ਹੈ, ਭਾਵ ਠੀਕ ਮੰਨੀ ਜਾਂਦਾ ਹੈ।

ਇਸ ਸਬੰਧੀ ਸੱਤਵਾਂ ਸੂਤਰ ਇਹ ਹੈ ਸਚ ਖੰਡ ਵਿਚ ਝਾਕਣਾ ਲੋਹੇ ਦੇ ਕਿਲੇ ਵਿਚ ਸੁਰਾਗ ਕਰਨ ਵਾਂਗ ਹੈ। ਇਸ ਦਾ ਵਰਨਣ ਕਰਨਾ ਲੋਹਾ ਭੰਨਣ ਵਾਂਗ ਹੈ। ਗੁਰੂ ਸਾਹਿਬ ਇਸ ਬਾਰੇ ਸੋਚ ਕੇ ਹੈਰਾਨ ਹੋਈ ਜਾਂਦੇ ਹਨ ਤੇ ਇਸ ਸਿੱਟੇ ਤੇ ਪਹੁੰਚਦੇ ਹਨ ਕਿ ਇਸ ਬਾਰੇ ਕੁਝ ਵੀ ਕਹਿਣਾ ਮੁਸ਼ਕਿਲ ਹੈ। ਜਿਸ ਨੂੰ ਦੇਖਿਆ ਨਹੀਂ ਉਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। "ਨਾਨਕ ਕਥਨਾ ਕਰੜਾ ਸਾਰੁ" ਦੇ ਇਹੀ ਅਰਥ ਨਿਕਲਦੇ ਹਨ। ਗੁਰੂ ਸਾਹਿਬ ਨੇ ਸਿਰਫ ਕੁਝ ਨਿਸ਼ਾਨੀਆਂ ਦਿੱਤੀਆਂ ਹਨ, ਭਾਵ ਇਕ ਸੇਧ ਦਿੱਤੀ ਹੈ, ਪਰ ਵਿਸਥਾਰ ਨਾਲ ਦੱਸਣ ਯੋਗ ਕੁਝ ਨਹੀਂ ਪਾਇਆ। ਪਾਉਣਾ ਤਾਂ ਇਸ ਨੂੰ ਇਹ ਸੇਧ ਲੈ ਕੇ ਖੋਜੀ ਵਿਦਵਾਨਾਂ ਭਾਵ ਵਿਗਿਆਨਕਾਂ ਨੇ ਹੈ। ਇਸ ਤੋਂ ਇਕ ਬਾਰੀਕ ਸਿੱਟਾ ਇਹ ਵੀ ਨਿਕਲਦਾ ਹੈ ਕਿ ਜੇ ਸਚ ਖੰਡ ਬਾਰੇ ਗੁਰੂ ਸਾਹਿਬ ਜਿਹੇ ਬੁੱਧੀਮਾਨਾਂ ਨੇ ਹੀ ਬਹੁਤਾ ਕੁਝ ਨਹੀਂ ਦੱਸਿਆ ਤਾਂ ਜਾਪਾਂ, ਪਾਠਾਂ ਤੇ ਭਜਨ ਬੰਦਗੀ ਵਾਲੇ ਅਧਿਆਤਮਵਾਦੀਆਂ ਨੂੰ ਇਸ ਬਾਰੇ ਕੀ ਪਤਾ ਹੋ ਸਕਦਾ ਹੈ? ਉਨ੍ਹਾਂ ਦੇ ਇਹ ਫੋਕਟ ਕਾਰਜ ਇਸ ਨੂੰ ਪਾਉਣ ਲਈ ਉਨੇ ਕੁ ਹੀ ਕਾਰਆਮਦ ਹੋ ਸਕਦੇ ਹਨ, ਜਿੰਨੇ ਕਰੋਨਾ ਨੂੰ ਭਜਾਉਣ ਲਈ ਟੱਲੀਆਂ, ਥਾਲੀਆਂ ਤੇ ਤਾਲੀਆਂ!

ਸਚ ਖੰਡ ਦਾ ਅੱਠਵਾਂ ਸੂਤਰ ਇਸ ਦੇ ਨਾਂ ਬਾਰੇ ਹੈ। ਇਸ ਮੁਤਾਬਿਕ ਸਚ ਖੰਡ ਇਕ ਭਾਵਆਤਮਿਕ (Abstract) ਨਾਂ ਨਹੀਂ, ਸਗੋਂ ਇਕ ਸਾਧਾਰਨ (Generic) ਤੇ ਸਮੂਹਿਕ (Collective) ਨਾਂ ਹੈ। ਇਸ ਦਾ ਅਰਥ ਇਹ ਹੈ ਕਿ ਅਸਤਿਤਵ ਵਜੋਂ ਸਚ ਖੰਡ ਇਕ ਨਹੀਂ, ਸਗੋਂ ਅਸੰਖ ਤੇ ਅਨੰਤ ਹਨ, ਪਰ ਆਕਾਰ ਤੇ ਕਾਰਜ ਪੱਖੋਂ ਉਹ ਸਭ ਇਕੋ ਜਿਹੇ (Identical) ਗੁਣਾਂ ਵਾਲੇ ਹਨ। ਇਸ ਲਈ ਇਨ੍ਹਾਂ ਸਭਨਾਂ ਨੂੰ ਇਕ ਹੀ ਸਾਂਝੇ (Common) ਨਾਮ ਨਾਲ ਸੱਦਿਆ ਜਾਂਦਾ ਹੈ। ਇਹ ਇਵੇਂ ਹੈ, ਜਿਵੇਂ ਇਕ ਪੱਥਰ ਦੇ ਅਨੇਕ ਟੁਕੜੇ ਕਰਨ ਨਾਲ ਇਸ ਦਾ ਅੰਸ਼ ਅਨੇਕ ਟੁਕੜਿਆਂ ਵਿਚ ਚਲਾ ਜਾਂਦਾ ਹੈ; ਪਰ ਕਿਉਂਕਿ ਇਨ੍ਹਾਂ ਸਾਰੇ ਅੰਸ਼ਾਂ ਦੇ ਇਕੋ ਜਿਹੇ ਗੁਣ-ਆਕਾਰ ਹਨ, ਇਸ ਲਈ ਇਨ੍ਹਾਂ ਵਿਚੋਂ ਇਕ ਨੂੰ ਜਾਣਨ ਨਾਲ ਬਾਕੀ ਸਭ ਦਾ ਗਿਆਨ ਹੋ ਜਾਂਦਾ ਹੈ। ਇਸ ਲਈ ਇਨ੍ਹਾਂ ਸਭਨਾਂ ਨੂੰ ਸੰਬੋਧਨ ਕਰਨ ਲਈ ਇਕ ਬਚਨੀ ਨਾਮ ਵਰਤਣਾ ਵਧੇਰੇ ਠੀਕ ਹੈ। ਅਰਥਾਤ ਜਦੋਂ ਕਹੀਏ ਕਿ ਬੇਰ ਬੇਰੀ 'ਤੇ ਲਗਦਾ ਹੈ ਤਾਂ ਇਹ ਇਕ ਬੇਰ ਦੀ ਗੱਲ ਨਹੀਂ, ਸਭ ਬੇਰ ਹੀ ਬੇਰੀ 'ਤੇ ਲਗਦੇ ਹਨ। ਜਿਵੇਂ ਬੇਰ ਅਨੇਕ ਹਨ, ਇਵੇਂ ਹੀ ਸਚ ਖੰਡ ਅਨੇਕ ਹਨ, ਪਰ ਅਸੀਂ ਸਭ ਦਾ ਬਿਰਤਾਂਤ ਇਕਵਚਨ ਨਾਮ ਨਾਲ ਕਰ ਦਿੰਦੇ ਹਾਂ। ਇਹ ਇਕਵਚਨੀ ਗੱਲ ਸਚ ਖੰਡ ਤੇ ਨਿਰੰਕਾਰ 'ਤੇ ਵੀ ਲਾਗੂ ਹੁੰਦੀ ਹੈ।

ਸਚ ਖੰਡ ਦਾ ਨੌਵਾਂ ਸੂਤਰ ਇਸ ਦੇ ਮਾਡਲ ਤੇ ਖੋਜ ਵਿਧੀ ਬਾਰੇ ਹੈ। ਸਚ ਖੰਡ ਪਦਾਰਥ ਦੀ ਤਹਿ ਵਿਚ ਉਹ ਥਾਂ ਹੈ, ਜਿੱਥੇ ਦਿੱਸਦੇ ਪਦਾਰਥੀ ਸੰਸਾਰ ਦੀ ਰੂਪ-ਰੇਖਾ ਘੜੀ ਜਾਂਦੀ ਹੈ। ਇਹ ਥਾਂ ਅਨੁਭਵੀ ਦੁਨੀਆਂ ਦਾ ਵਿੰਢ-ਸਥਾਨ (Settings) ਹੈ। ਇਹ ਇਵੇਂ ਹੀ ਹੈ, ਜਿਵੇਂ ਮੋਬਾਈਲ ਫੋਨ ਦੀ ਸਕਰੀਨ ਦੇ ਰੰਗਾਂ, ਸ਼ਕਲਾਂ ਅਤੇ ਅੱਖਰਾਂ ਦੀ ਅਦਲਾ ਬਦਲੀ ਹੇਠਲੀ ਤਹਿ ਵਿਚ ਜਾ ਕੇ ਸੈਟਿੰਗਜ਼ ਵਿਚੋਂ ਹੁੰਦੀ ਹੈ। ਕਿਸੇ ਵੈਬ-ਪੇਜ ਦੀ ਬਾਹਰਲੀ ਬਣਤਰ ਤੇ ਇਬਾਰਤ ਵੀ ਇਸ ਦੇ ਅੰਦਰ ਪਏ ਸੋਰਸ ਪੇਜ ਦੀ ਕੋਡ ਭਾਸ਼ਾ ਬਦਲਣ ਨਾਲ ਬਦਲ ਹੁੰਦੀ ਹੈ। ਇਸੇ ਤਰ੍ਹਾਂ ਜਗਤ ਦੀ ਰਚਨਾ ਦਾ ਕੰਟਰੋਲ ਇਸ ਦੇ ਪਦਾਰਥ ਦੀਆਂ ਐਟਮੀ ਡੂੰਘਾਈਆਂ ਵਿਚ ਜਾ ਕੇ ਹੈ। ਇਸ ਲਈ ਜੋ ਲੋਕ ਅੱਖਾਂ ਬੰਦ ਕਰ ਕੇ ਹੀ ਸੱਚ ਖੰਡ ਦੇ ਦਰਸ਼ਨਾਂ ਦੀ ਅਭਿਲਾਸ਼ਾ ਰੱਖਦੇ ਹਨ, ਉਹ ਆਪ ਤਾਂ ਅੰਧਕਾਰ ਵਿਚ ਫਸੇ ਹੋਏ ਹਨ, ਦੂਜਿਆਂ ਨੂੰ ਵੀ ਇਸ ਵਿਚ ਪਾ ਰਹੇ ਹਨ।

ਸੋ ਇਸ ਪਉੜੀ ਵਿਚ ਗੁਰੂ ਸਾਹਿਬ ਨੇ ਸੱਚ ਖੰਡ ਬਾਰੇ ਇਕ ਬੁਝਾਰਤ ਦੇ ਅਤੇ-ਪਤੇ ਵਾਂਗ ਕੁਝ ਅਹਿਮ ਸੁਰਾਗ ਦਿੱਤੇ ਹਨ; ਪਰ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਇਨ੍ਹਾਂ ਨੂੰ ਵਰਤਣ ਦੇ ਨੇੜੇ ਵੀ ਨਹੀਂ ਜਾਂਦੇ। ਕਾਰਨ ਇਹ ਕਿ ਨਾ ਉਨ੍ਹਾਂ ਦੀ ਅਜਿਹੀ ਸਿੱਖਿਆ (Education) ਹੈ, ਨਾ ਸਿਖਲਾਈ? (Training), ਨਾ ਲਗਨ (Aptitude) ਅਤੇ ਨਾ ਮਨੋਰਥ (Goal)। ਉਨ੍ਹਾਂ ਦੀ ਕਰਮਕਾਂਡੀ ਪਹੁੰਚ ਉਨ੍ਹਾਂ ਨੂੰ ਅਧਿਆਤਮਵਾਦ ਵਾਲੇ ਪਾਸੇ ਲੈ ਜਾਂਦੀ ਹੈ। ਇਹ ਤੱਥ ਉਨ੍ਹਾਂ ਦੀਆਂ ਇਸ ਪਉੜੀ ਦੀਆਂ ਹੇਠ ਦਿੱਤੀਆਂ ਵਿਆਖਿਆਵਾਂ ਤੋਂ ਭਲੀਭਾਂਤ ਸਪਸ਼ਟ ਹੋ ਜਾਂਦੇ ਹਨ। ਪਹਿਲਾਂ ਪਉੜੀ ਦੀਆਂ ਸਬੰਧਤ ਤੁਕਾਂ ਹਾਜਰ ਹਨ ਤੇ ਫਿਰ ਵਿਆਖਿਆਵਾਂ।

ਸਚ ਖੰਡਿ ਵਸੈ ਨਿਰੰਕਾਰੁ॥
ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥੈ ਖੰਡ ਮੰਡਲ ਵਰਭੰਡ॥
ਜੇ ਕੋ ਕਥੈ ਤ ਅੰਤ ਨ ਅੰਤ॥
ਤਿਥੈ ਲੋਅ ਲੋਅ ਆਕਾਰ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ॥
ਨਾਨਕ ਕਥਨਾ ਕਰੜਾ ਸਾਰੁ॥੩੭॥

ਪਉੜੀ ਦੇ ਇਸ ਹਿੱਸੇ ਵਿਚ ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਧਰਤੀ 'ਤੇ ਬਾਕੀ ਖੰਡਾਂ ਦੇ ਨਾਲ ਨਾਲ ਇਕ ਸਚ ਖੰਡ ਵੀ ਹੈ, ਜਿੱਥੇ ਨਿਰੰਕਾਰ ਭਾਵ ਸ੍ਰਿਸ਼ਟੀ ਦੇ ਰਚਣਹਾਰ ਦਾ ਨਿਵਾਸ ਅਸਥਾਨ ਅਰਥਾਤ ਕਾਰਜ-ਖੇਤਰ (Workshop) ਹੈ। ਇਸ ਵਿਚ ਉਹ ਆਪਣੀਆਂ ਕਲਾ ਕ੍ਰਿਤੀਆਂ ਘੜਦਾ ਹੈ ਤੇ ਉਨ੍ਹਾਂ ਨੂੰ ਪ੍ਰਸੰਨ ਚਿੱਤ ਨਿਹਾਰਦਾ ਹੈ। ਇਸ ਵਿਚ ਉਸ ਨੇ ਵੱਡੇ ਵੱਡੇ ਭੂ-ਭਾਗ, ਤਾਰਾ-ਮੰਡਲ ਭਾਵ ਸਮੁੱਚਾ ਸੰਸਾਰ ਘੜ ਰੱਖਿਆ ਹੈ। ਜੇ ਕੋਈ ਇਸ ਦਾ ਵਰਣਨ ਕਰਨ ਲੱਗੇ ਤਾਂ ਉਹ ਪੂਰਾ ਨਾ ਕਰ ਸਕੇ। ਇੱਥੇ ਉਹ ਤਰ੍ਹਾਂ ਤਰ੍ਹਾਂ ਦੇ ਜਿਸਮਾਂ ਆਕਾਰਾਂ ਦੇ ਜੀਵ ਵੀ ਘੜਦਾ ਹੈ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਗੁਣਾਂ ਅਨੁਸਾਰ ਕੰਮ ਸੌਂਪਦਾ ਹੈ। ਉਹ ਕਹਿੰਦੇ ਹਨ ਕਿ ਇਸ ਨੂੰ ਵਰਣਨ ਕਰਨਾ ਲੋਹੇ ਨੂੰ ਤੋੜਨ ਜਿੰਨਾ ਕਠਿਨ ਹੈ।

ਇਸ ਪਉੜੀ ਦੀ ਵਿਆਖਿਆ ਕਰਦਿਆਂ ਡਾ. ਕੁਲਵੰਤ ਸਿੰਘ ਲਿਖਦੇ ਹਨ, "ਸੱਚ-ਖੰਡ (ਸੱਚਾਈ ਦਾ ਮੰਡਲ, ਮਨ ਦੀ ਬੰਦਗੀ ਦੀ ਅਵਸਥਾ) ਵਿਚ ਨਿਰੰਕਾਰ (ਜਿਸ ਦੀ ਸ਼ਕਲ-ਸੂਰਤ ਨਹੀਂ, ਭਾਵ ਵਾਹਿਗੁਰੂ) ਰਹਿੰਦਾ ਹੈ। ਵਾਹਿਗੁਰੂ ਇਹ ਰਚਨਾ ਕਰਕੇ (ਭਗਤਾਂ ਦੇ ਮਨ ਦੀ ਭਗਤੀ-ਭਾਵ ਵਾਲੀ ਅਵਸਥਾ ਬਣਾ ਕੇ), ਉਨ੍ਹਾਂ ਨੂੰ ਮਿਹਰ ਦੀ ਨਜ਼ਰ ਦੇ ਨਾਲ ਦੇਖ ਕੇ ਨਿਹਾਲ (ਸ਼ਾਂਤੀ ਭਰੀ ਖੁਸ਼ੀ) ਕਰਦਾ ਹੈ (ਧਿਆਨ ਕਰਦਾ, ਪਾਲਦਾ ਹੈ। ਆਪਣੇ ਨਾਲ ਮਿਲਾਉਂਦਾ ਹੈ)। ਉੱਚੀ ਆਤਮਿਕ ਅਵਸਥਾ ਵਿਚ, ਆਤਮਿਕ ਸੂਝ-ਬੂਝ ਬਹੁਤ ਵੱਧ ਜਾਂਦੀ ਹੈ। ਉਨ੍ਹਾਂ ਨੂੰ ਸਾਰੀ ਕੁਦਰਤ ਦੀ ਸਮਝ ਆ ਜਾਂਦੀ ਹੈ ਕਿ ਇਹ ਸਾਰੀ ਰਚਨਾ ਪਰਮਾਤਮਾ ਦੀ ਕੀਤੀ ਹੈ, ਹਰ ਥਾਂ ਹਰ ਚੀਜ਼ ਵਿਚ ਵਾਹਿਗੁਰੂ ਹੈ। ਜੇ ਕੋਈ ਲੇਖਾ ਲਾਉਣਾ ਚਾਹੇ (ਕਿ ਪਰਮਾਤਮਾ ਅਤੇ ਇਹਦੀ ਰਚਨਾ ਕਿੱਡੀ ਹੈ ਕਿ ਜਿਸ ਦਾ ਇਹਨੂੰ ਗਿਆਨ ਹੋ ਗਿਆ ਹੈ) ਤਾਂ ਭਾਈ ਕੁਦਰਤ ਦਾ ਤੇ ਕੋਈ ਅੰਤ ਨਹੀਂ! ਉਥੇ (ਰੱਬ ਦੀ ਕੁਦਰਤ ਵਿਚ, ਭਗਤ ਦੇ ਮਨ ਦੀ ਅਵਸਥਾ ਵਿਚ) ਬੇਅੰਤ ਸੰਸਾਰਾਂ ਦੀ ਬਣਤਰ, ਰਚਨਾ ਹੈ। ਭਗਤ ਨੂੰ ਇਨ੍ਹਾਂ ਦਾ-ਕੁਦਰਤ ਦੀ ਖੇਡ ਦਾ, ਗਿਆਨ ਹੋ ਜਾਂਦਾ ਹੈ ਕਿ ਇਹਦਾ ਅੰਤ ਨਹੀਂ ਅਤੇ ਇਹਨੂੰ ਬਣਾਉਣ ਵਾਲਾ ਬੇਅੰਤ ਹੈ, ਕੁਦਰਤ ਵਿਚ ਪਰਮਾਤਮਾ ਵਸਦਾ ਹੈ। ਜਿਸ ਤਰ੍ਹਾਂ ਵਾਹਿਗੁਰੂ ਚਾਹੁੰਦਾ ਹੈ, ਉਸੇ ਤਰ੍ਹਾਂ ਹੀ ਸੰਸਾਰ ਦਾ ਸਾਰਾ ਕਾਰ-ਵਿਹਾਰ ਚਲਦਾ ਹੈ (ਸਭ ਉਹਦੇ ਹੁਕਮ ਵਿਚ ਹਨ। ਕਿਸੇ ਦੀ ਬੰਦਗੀ, ਗਿਆਨ-ਸਭ ਪਰਮਾਤਮਾ ਦੇ ਹੱਥ ਹੈ)। ਵਾਹਿਗੁਰੂ ਆਪਣਾ ਕੀਤਾ ਦੇਖ ਖੁਸ਼ ਹੁੰਦਾ ਹੈ। (ਕੀਤੇ ਦੀ ਖੁਸ਼ੀ ਦੇ ਨਾਲ ਸੰਭਾਲ ਕਰਦਾ ਹੈ)। ਨਾਨਕ, ਵਾਹਿਗੁਰੂ ਦੇ (ਕੰਮਾਂ, ਰਚਨਾ, ਕਿਰਪਾ ਤੇ ਹੋਰ ਵਡਿਆਈਆਂ) ਬਾਰੇ ਕੁਝ ਕਹਿਣਾ ਬੜੀ ਔਖੀ ਗੱਲ ਹੈ ਕਿ ਜਿੱਦਾਂ ਸਖਤ ਸਾਰ (ਲੋਹਾ) ਖਾਣਾ ਹੋਵੇ।"

ਇਸੇ ਤਰ੍ਹਾਂ ਇਸ ਬਾਰੇ ਪ੍ਰੋ. ਸਾਹਿਬ ਸਿੰਘ ਲਿਖਦੇ ਹਨ, "ਸੱਚ ਖੰਡ ਵਿਚ (ਭਾਵ, ਅਕਾਲ ਪੁਰਖ ਨਾਲ ਇਕ-ਰੂਪ ਹੋਣ ਵਾਲੀ ਅਵਸਥਾ ਵਿਚ) ਮਨੁੱਖ ਦੇ ਅੰਦਰ (ਉਹ ਅਕਾਲ ਪੁਰਖ) ਆਪ ਹੀ ਵੱਸਦਾ ਹੈ, ਜੋ ਸ੍ਰਿਸ਼ਟੀ ਨੂੰ ਰਚ ਰਚ ਕੇ ਮਿਹਰ ਦੀ ਨਜ਼ਰ ਨਾਲ ਉਸ ਦੀ ਸੰਭਾਲ ਕਰਦਾ ਹੈ। ਉਸ ਅਵਸਥਾ ਵਿਚ (ਭਾਵ, ਅਕਾਲ ਪੁਰਖ ਨਾਲ ਇਕ-ਰੂਪ ਹੋਣ ਵਾਲੀ ਅਵਸਥਾ ਵਿਚ) ਮਨੁੱਖ ਨੂੰ ਬੇਅੰਤ ਖੰਡ, ਬੇਅੰਤ ਮੰਡਲ ਤੇ ਬੇਅੰਤ ਬ੍ਰਹਿਮੰਡ (ਦਿਸਦੇ ਹਨ, ਇਤਨੇ ਬੇਅੰਤ ਕਿ) ਜੇ ਕੋਈ ਮਨੁੱਖ ਉਨ੍ਹਾਂ ਦਾ ਕਥਨ ਕਰਨ ਲੱਗੇ, ਤਾਂ ਉਨ੍ਹਾਂ ਦੇ ਓੜਕ ਨਹੀਂ ਪਾ ਸਕਦੇ। ਉਸ ਅਵਸਥਾ ਵਿਚ ਬੇਅੰਤ ਭਵਨ ਤੇ ਅਕਾਰ ਦਿੱਸਦੇ ਹਨ (ਜਿਨ੍ਹਾਂ ਸਭਨਾਂ ਵਿਚ) ਉਸੇ ਤਰ੍ਹਾਂ ਕਾਰ ਚਲ ਰਹੀ ਹੈ, ਜਿਵੇਂ ਅਕਾਲ ਪੁਰਖ ਦਾ ਹੁਕਮ ਹੁੰਦਾ ਹੈ (ਭਾਵ, ਇਸ ਅਵਸਥਾ ਵਿਚ ਅੱਪੜ ਕੇ ਮਨੁੱਖ ਨੂੰ ਹਰ ਥਾਂ ਅਕਾਲ ਪੁਰਖ ਦੀ ਰਜ਼ਾ ਵਰਤਦੀ ਦਿੱਸਦੀ ਹੈ)। (ਉਸ ਨੂੰ ਪਰਤੱਖ ਦਿੱਸਦਾ ਹੈ ਕਿ) ਅਕਾਲ ਪੁਰਖ ਵਿਚਾਰ ਕਰ ਕੇ (ਸਭ ਜੀਵਾਂ ਦੀ) ਸੰਭਾਲ ਕਰਦਾ ਹੈ ਤੇ ਖੁਸ਼ ਹੁੰਦਾ ਹੈ। ਹੇ ਨਾਨਕ! ਇਸ ਅਵਸਥਾ ਦਾ ਕਥਨ ਕਰਨਾ ਬੜਾ ਹੀ ਔਖਾ ਹੈ

(ਬਾਕੀ ਅਗਲੇ ਸਫੇ 'ਤੇ)

# ਗੁਰਮਤਿ ਸੰਗੀਤ ਦੀ ਕਾਵਿਕ ਤੇ ਕਲਾਸਿਕ ਹਸਤੀ: ਡਾ. ਗੁਰਨਾਮ ਸਿੰਘ

## ਭਾਈ ਮਰਦਾਨਾ ਯਾਦਗਾਰੀ ਗੁਰਮਤਿ ਸੰਗੀਤ ਪੁਰਸਕਾਰ ਮਿਲਣ ਮੌਕੇ

**ਪ੍ਰੋ. ਕੁਲਵੰਤ ਸਿੰਘ ਔਜਲਾ**
ਫੋਨ: 91-84377-88856

ਗੁਰਮਤਿ ਸੰਗੀਤ ਦਾ ਵੱਡਾ ਤੇ ਵੱਡਆਕਾਰੀ ਨਾਮ ਹੈ ਡਾ. ਗੁਰਨਾਮ ਸਿੰਘ। ਡਾ. ਗੁਰਨਾਮ ਸਿੰਘ ਨੇ ਲਗਾਤਾਰ ਮਿਹਨਤ ਤੇ ਸਮਰਪਣ ਦੇ ਰੂਹੀ ਰਿਆਜ਼ ਨਾਲ ਕਮਾਇਆ ਹੈ ਇਹ ਨਾਮ। ਪਰਿਵਾਰ ਵਿਚੋਂ ਪ੍ਰਾਪਤ ਹੋਈ ਗੁਰਮਤਿ ਸੰਗੀਤ ਦੀ ਪਰੰਪਰਾ ਨੂੰ ਮੌਲਿਕ ਤੇ ਮਾਣਯੋਗ ਸ਼ਨਾਖਤ ਦੀਆਂ ਬੁਲੰਦੀਆਂ ਤੀਕ ਲਿਜਾਣਾ ਉਸ ਦੀ ਬਹੁਪੱਖੀ ਪ੍ਰਤਿਭਾ ਦਾ ਹਾਸਲ ਹੈ। ਉਨ੍ਹਾਂ ਦੇ ਪਿਤਾ ਭਾਈ ਉਤਮ ਸਿੰਘ ਪਤੰਗ ਤੇ ਵੱਡੇ ਭਾਈ ਡਾ. ਜਾਗੀਰ ਸਿੰਘ ਦੀ ਪੰਜਾਬ ਸਰਕਾਰ ਵਲੋਂ ਸ਼ਿਰੋਮਣੀ ਰਾਗੀ ਪੁਰਸਕਾਰ ਨਾਲ ਸਨਮਾਨਿਤ ਹਸਤੀਆਂ ਹਨ। ਦੋਹਾਂ ਮਾਣਯੋਗ ਹਸਤੀਆਂ ਨੇ ਗੁਰਮਤਿ ਸੰਗੀਤ ਦੀਆਂ ਪਰੰਪਰਕ ਰਵਾਇਤਾਂ ਤੇ ਰਾਗਦਾਰੀਆਂ ਨੂੰ ਰੱਜ ਕੇ ਜੀਵਿਆ ਤੇ ਗਾਇਆ, ਪਰ ਪਰਿਵਾਰ ਦੀ ਗੁਰਮਤਿ ਸੰਗੀਤ ਪਰੰਪਰਾ ਨੂੰ ਖਾਨਦਾਨੀ ਘਰਾਣੇ ਦੀ ਸਨਦ ਅਤੇ ਸ਼ਨਾਖਤ ਵਿਚ ਢਾਲਣ ਦਾ ਮਾਣ ਤੇ ਮੋਹ ਡਾ. ਗੁਰਨਾਮ ਸਿੰਘ ਦੀ ਗੁਣਵੰਤ ਪ੍ਰਤਿਭਾ ਦੇ ਹਿੱਸੇ ਆਇਆ ਹੈ।

ਬਹੁਪਾਸਾਰੀ ਸ਼ਖਸੀਅਤ ਦੇ ਮਾਲਕ ਡਾ. ਗੁਰਨਾਮ ਸਿੰਘ ਗੁਰਮਤਿ ਸੰਗੀਤ ਦੀ ਸਿਧਾਂਤਕਾਰੀ ਤੇ ਸੰਵੇਦਨਾ ਦੇ ਗਹਿਰੇ ਤੇ ਗਗਨਮੁਖੀ ਵਿਦਵਾਨ ਹਨ। ਅਨੇਕਾਂ ਪੁਸਤਕਾਂ, ਖੋਜ ਪੱਤਰਾਂ ਤੇ ਪ੍ਰਸਤੁਤੀਆਂ ਦੇ ਮਾਲਕ ਇਸ ਪਿਆਰੇ ਇਨਸਾਨ ਦੀ ਰੂਹ ਵਿਚ ਖੋਜ, ਖਾਬ ਤੇ ਖਬਤ ਦੀ ਮਿਸ਼ਰਤ ਧੁਨੀ ਹੈ। ਗੁਰਮਤਿ ਸੰਗੀਤ ਲਈ ਸੁਪਨੇ ਲੈਣਾ ਅਤੇ ਫਿਰ ਸਹਿਜ ਤੇ ਸਿਰੜ ਨਾਲ ਇਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਨਿਰੰਤਰ ਯਤਨ ਕਰਨਾ ਡਾ. ਗੁਰਨਾਮ ਸਿੰਘ ਦਾ ਸੁਭਾਅ ਹੈ। ਡਾ. ਗੁਰਨਾਮ ਸਿੰਘ ਗੁਰਮਤਿ ਸੰਗੀਤ ਦਾ ਧੜਕਦਾ ਵਿਸ਼ਵਕੋਸ਼ ਹੈ। ਸਮਕਾਲ ਵਿਚ ਉਸ ਵਰਗੀ ਵਿਲੱਖਣ ਤੇ ਵਡਭਾਗੀ ਸ਼ਖਸੀਅਤ ਹੋਰ ਕੋਈ ਨਹੀਂ। ਉਨ੍ਹਾਂ ਜਿਹਾ ਹੋਣ ਨੂੰ ਹਰ ਇਕ ਦਾ ਜੀਅ ਕਰਦਾ ਹੈ। ਉਨ੍ਹਾਂ ਜਿਹਾ ਹੋਣਾ ਪਰ ਬਹੁਤ ਔਖਾ ਹੈ। ਉਨ੍ਹਾਂ ਜਿਹੀ ਕਾਵਿਕ, ਕਰਮਸ਼ੀਲ ਤੇ ਕੁਦਰਤੀ ਬਿਰਤੀ ਵਿਰਲਿਆਂ ਨੂੰ ਨਸੀਬ ਹੁੰਦੀ ਹੈ। ਉਨ੍ਹਾਂ ਕੋਲ ਜੰਗਲ ਵਿਚ ਮੰਗਲ ਲਾਉਣ ਦੀ ਸੁਪਨਗੋਈ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਗੁਰਮਤਿ ਸੰਗੀਤ ਵਿਭਾਗ ਚੇਅਰ ਦਾ ਸੁਪਨਾ ਉਨ੍ਹਾਂ ਦਾ ਹੱਥੀਂ ਲਾਇਆ ਬੂਟਾ ਹੈ। ਇਸ ਬੂਟੇ ਨੂੰ ਰੋਜ਼ ਸਿੰਜਣਾ ਤੇ ਬੱਚਿਆਂ ਵਾਂਗ ਉਸ ਨੂੰ ਪਾਲਣਾ ਉਸ ਦਾ ਪੱਕਾ ਨਿਤਨੇਮ ਰਿਹਾ। ਇਸ ਘਣਛਾਵੇਂ ਬੂਟੇ ਦੀ ਸੁਰਵੰਤ ਖੁਸ਼ਬੂ ਹੁਣ ਅੰਬਰਾਂ ਨੂੰ ਛੂੰਹਦੀ ਹੈ। ਗੁਰਮਤਿ ਸੰਗੀਤ ਚੇਅਰ ਵਿਭਾਗ ਤੇ ਡਾ. ਗੁਰਨਾਮ ਸਿੰਘ ਇਕ ਦੂਜੇ ਵਿਚ ਘੁਲ ਮਿਲ ਗਏ ਹਨ। ਵੱਖ ਕਰਨਾ ਅਸੰਭਵ ਹੈ। ਪਾਕ ਤੇ ਪੱਕੀਆਂ ਸੰਗੀਤਕ ਰੂਹਾਂ ਹਮੇਸ਼ਾ ਇਸ ਸੁਰਮਈ ਤੇ ਸਹਿਜ ਆਲੇ ਦੁਆਲੇ ਵਿਚੋਂ ਡਾ. ਗੁਰਨਾਮ ਸਿੰਘ ਨੂੰ ਸੇਵਾ ਮੁਕਤੀ ਤੋਂ ਬਾਅਦ ਵੀ ਲੱਭਦੀਆਂ ਤੇ ਪਛਾਣਦੀਆਂ ਰਹਿਣਗੀਆਂ। ਹਵਾ ਵਿਚ ਲਿਖੇ ਹਰਫਾਂ ਨੇ ਸਦੀਵੀ ਤੇ ਸਦਾਬਹਾਰ ਯਾਦ ਵਜੋਂ ਧੜਕਦੇ ਤੇ ਮਹਿਕਦੇ ਰਹਿਣਾ ਹੁੰਦਾ ਹੈ।

ਡਾ. ਗੁਰਨਾਮ ਸਿੰਘ ਦਾ ਹਰ ਕਾਰਜ ਭਵਿਖਮੁਖੀ ਤੇ ਸੁਹੰਢਣਾ ਹੈ। ਘਰ ਵਿਚ ਸੰਗੀਤਕ ਮਾਹੌਲ ਸੀ। ਡਾ. ਗੁਰਨਾਮ ਸਿੰਘ ਨੇ ਇਸ ਮਾਹੌਲ ਨੂੰ ਜੀਵਨ ਮਕਸਦ ਬਣਾ ਕੇ ਪੜਾਅ ਦਰ ਪੜਾਅ ਤਰੱਕੀ ਕੀਤੀ ਹੈ। ਮੈਂ ਉਨ੍ਹਾਂ ਨੂੰ ਸਹਿਜੇ ਸਹਿਜੇ ਇਸ ਸਫਰ ਨੂੰ ਸਿਦਕ ਤੇ ਸਾਧਨਾ ਨਾਲ ਸਰ ਕਰਦੇ ਵੇਖਿਆ ਹੈ। ਹੁਣ ਉਸ ਕੋਲ ਸੰਗੀਤਕ ਅੰਬਰ ਦੇ ਧਰੂ ਤਾਰੇ ਹੋਣ ਦਾ ਰੁਤਬਾ ਤੇ ਰੌਸ਼ਨੀ ਹੈ। ਸੰਗੀਤ, ਸਾਜਿੰਦਗੀ ਤੇ ਸ਼ਾਸ਼ਤਾਰਥ ਦੀ ਮਹੀਨ ਤੇ ਮਾਹਿਰ ਨਜ਼ਰ ਹੈ ਉਨ੍ਹਾਂ ਕੋਲ। ਸਿਧਾਂਤਕ ਤੇ ਅਕਾਦਮਿਕ ਗਹਿਰ ਗੰਭੀਰਤਾ ਦੇ ਨਾਲ ਨਾਲ ਗਾਇਨ ਕਲਾ ਦੀ ਬਿਰਤੀ ਤੇ ਬਖਸ਼ਿਸ਼ ਉਨ੍ਹਾਂ ਦੀ ਖੁਸ਼ਨਸੀਬੀ ਹੈ। ਕਲਾ ਤੇ ਸਿਧਾਂਤ ਦਾ ਸੁਮੇਲ ਥੋੜ੍ਹਿਆਂ ਕੋਲ ਹੁੰਦਾ। ਡੂੰਘੀ, ਭਰਵੀਂ ਤੇ ਲੈਆਤਮਕ ਅਵਾਜ਼ ਦੇ ਮਾਲਕ ਡਾ. ਗੁਰਨਾਮ ਸਿੰਘ ਡੁੱਬ ਕੇ ਗਾਉਣ ਦੀ ਮੁਹਾਰਤ ਦੇ ਮਾਲਕ ਹਨ। ਬਹੁਤ ਸਾਰੀਆਂ ਗੁਰਮਤਿ ਸੰਗੀਤ ਦੀਆਂ ਕੈਸੇਟਾਂ ਤੋਂ ਬਿਨਾ ਉਸ ਨੇ ਦੇਸ਼-ਵਿਦੇਸ਼ ਵਿਚ ਆਪਣੀ ਗਾਇਨ ਕਲਾ ਨਾਲ ਜੱਸ ਪ੍ਰਾਪਤ ਕੀਤਾ ਹੈ। ਉਨ੍ਹਾਂ ਨੂੰ ਅਨੇਕਾਂ ਵਾਰ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਤੇ ਦੀਵਾਨ ਹਾਲ, ਮੰਜੀ ਸਾਹਿਬ ਵਿਖੇ ਹੁੰਦੇ ਵਾਰਸ਼ਿਕ ਰਾਗ ਦਰਬਾਰਾਂ ਵਿਚ ਕੀਰਤਨ ਕਰਨ ਦਾ ਫਖਰ ਮਿਲਿਆ ਹੈ। ਇਨ੍ਹਾਂ ਦੋਵਾਂ ਪਾਕ ਅਸਥਾਨਾਂ ਉਤੇ ਰੂਹ, ਰਮਜ਼ ਤੇ ਰਾਗ ਸੰਗ ਭਿੱਜ ਕੇ ਕੀਰਤਨ ਕਰਦੇ ਡਾ. ਗੁਰਨਾਮ ਸਿੰਘ ਦੇ ਚਿਹਰੇ ਦਾ ਜਲਵਾ-ਏ-ਨੂਰ ਮੈਂ ਦੇਖਿਆ ਤੇ ਮਾਣਿਆ ਹੈ। ਨੇੜਤਾ ਤੇ ਨਿਹੁੰ ਸਦਕਾ ਮੇਰਾ ਮਨ ਉਨ੍ਹਾਂ ਦੀਆਂ ਬਾਤਰੰਨਮੀ ਤੇ ਬੇਹਤਰੀਨ ਪੇਸ਼ਕਾਰੀਆਂ ਦੇਖ ਕੇ ਪਸੀਜਦਾ ਰਿਹਾ ਹੈ। ਡਾ. ਗੁਰਨਾਮ ਸਿੰਘ ਆਕਰਸ਼ਕ ਤੇ ਅਨੁਭਵੀ ਪੇਸ਼ਕਾਰ ਹਨ। ਉਨ੍ਹਾਂ ਦੀ ਗਾਇਨ ਸ਼ੈਲੀ ਦਾ ਅੰਦਾਜ਼ ਤੇ ਅਦਾਇਗੀ ਟੁੰਬਦੀ ਹੈ। ਸ਼ਬਦਾਂ ਦੀ ਚੋਣ, ਉਚਾਰਨ, ਮੌਕੇ ਅਤੇ ਮਾਹੌਲ ਅਨੁਸਾਰ ਸ਼ਬਦਾਂ ਨੂੰ ਰਾਗਬੱਧ ਵਿਉਂਤ ਵਿਚ ਢਾਲਣ ਦੀ ਸੂਝ ਅਤੇ ਠਹਿਰਾਉ ਉਨ੍ਹਾਂ ਦੀ ਗਾਇਨ ਕਲਾ ਦਾ ਗੌਰਵ ਹਨ। ਰਾਗਾਤਮਕ ਲੈਅ ਤੇ ਲੈਆਤਮਕ ਲਿਵ ਡਾ. ਗੁਰਨਾਮ ਸਿੰਘ ਦੇ ਗਾਇਨ ਸੁਭਾਅ ਦੀ ਸੁਰਵੰਤ ਸਨਦ ਹੈ।



ਅਵੇਸਲੀ ਤੇ ਅਵਸਰਵਾਦੀ ਹੋ ਗਈ ਗੁਰਮਤਿ ਸੰਗੀਤ ਪਰੰਪਰਾ ਨੂੰ ਮੁੜ ਰਾਗਾਤਮਕ ਲੀਹਾਂ 'ਤੇ ਲਿਆਉਣ ਦੀ ਲੋੜ ਹੈ ਤੇ ਲੈਅ ਜਾਗ੍ਰਿਤ ਕਰਕੇ ਡਾ. ਗੁਰਨਾਮ ਸਿੰਘ ਨੇ ਇਤਿਹਾਸਕ ਰੋਲ ਨਿਭਾਇਆ ਹੈ। ਤੰਤੀ ਸਾਜ਼ਾਂ ਦਾ ਗਿਆਨ ਵੰਡਿਆ ਅਤੇ ਗਿਆਨ ਨੂੰ ਅਮਲ ਵਿਚ ਲਿਆਉਣ ਲਈ ਤੰਤੀ ਸਾਜ਼ ਵਜਾਉਣ ਵਾਲੇ ਹੁਨਰਮੰਦ ਸ਼ਾਗਿਰਦ ਤੇ ਸਾਥੀ ਪੈਦਾ ਕੀਤੇ। ਜਿਸ ਕਰਕੇ ਤੰਤੀ ਸਾਜ਼ਾਂ ਦੀ ਮੰਗ ਤੇ ਮਹੱਤਤਾ ਵਧੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਤੰਤੀ ਸਾਜ਼ਾਂ ਦੀ ਅਰੰਭਤਾ ਹੋਈ। ਰਾਗ ਦਰਬਾਰਾਂ ਦੀ ਰਵਾਇਤ ਪ੍ਰਚਲਿਤ ਹੋਈ। ਵਿਦਿਆਰਥੀਆਂ ਨੇ ਤੰਤੀ ਸਾਜ਼ਾਂ ਨੂੰ ਕਿੱਤੇ ਵਜੋਂ ਅਪਨਾਇਆ। ਇਸ ਬਹੁਮੰਤਵੀ ਲਹਿਰ ਤੇ ਲੋਅ ਜਗਾਉਣ ਹਿਤ ਡਾ. ਗੁਰਨਾਮ ਸਿੰਘ ਦਾ ਰੋਲ ਦਿੱਲੀ ਪ੍ਰਸ਼ੰਸਾ ਦਾ ਲਖਾਇਕ ਹੈ। ਸਨੇਹ, ਸਹਿਯੋਗ, ਸੰਵੇਦਨਾ ਤੇ ਸੁਪਨਸ਼ੀਲ ਸੰਸਥਾ ਦਾ ਰੂਪ ਤੇ ਰੂਪਕ ਹਨ ਡਾ. ਗੁਰਨਾਮ ਸਿੰਘ।

ਡਾ. ਗੁਰਨਾਮ ਸਿੰਘ ਦੀ ਰੂਹ ਵਿਚ ਸ਼ਾਇਰਾਨਾ ਸਿਨਫ ਤੇ ਸੰਵੇਦਨਾ ਧੜਕਦੀ ਹੈ। ਖਾਬਾਂ ਤੇ ਖਿਆਲਾਂ ਨੂੰ ਜਿਉਣਾ ਉਨ੍ਹਾਂ ਦੀ ਜੀਵਨ ਜਾਚ ਹੈ। ਕੁਝ ਨਾ ਕੁਝ ਕਰੀ ਜਾਣ ਦੀ ਤਲਬ ਤੇ ਤਮੰਨਾ ਉਨ੍ਹਾਂ ਨੂੰ ਟਿਕਣ ਨਹੀਂ ਦਿੰਦੀ। ਟਿਕ ਕੇ ਕੰਮ ਕਰਨ ਦਾ ਟਿਕਾਉ ਨਾਲ ਨਾਲ ਰਹਿੰਦਾ ਹੈ। ਉਹ ਆਦਰਸ਼ ਅਧਿਆਪਕ, ਪ੍ਰਬੀਨ ਪ੍ਰਬੰਧਕ ਤੇ ਵੇਦਾਂਤੀ ਵਿਉਂਤਕਾਰ ਹਨ। ਵਕਤ, ਸਦਾਚਾਰ ਅਤੇ ਸਹਿਜ ਦੇ ਪਾਬੰਦ। ਮਨੋਰਥ ਨੂੰ ਇਸ਼ਟ, ਇਕਾਗਰਤਾ ਤੇ ਇਬਾਦਤ ਵਿਚ ਲੀਨ ਕਰਨ ਦੇ ਮਾਹਿਰ। ਉਨ੍ਹਾਂ ਦਾ ਮਿਆਰੀ ਕੰਮ ਬੋਲਦਾ ਹੈ।

ਗੁਰਮਤਿ ਸੰਗੀਤ ਚੇਅਰ ਦੇ ਅਧੀਨ ਬਹੁਤ ਸਾਰੇ ਸੁਪਨਈ ਕਾਰਜ ਵੀ ਕੀਤੇ ਅਤੇ ਯੂਨੀਵਰਸਿਟੀ ਦੇ ਉਚੇਰੇ ਅਕਾਦਮਿਕ ਅਹੁਦਿਆਂ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਈਆਂ। ਗੁਰਮਤਿ ਦੀ ਆਨ ਲਾਈਨ ਸਿੱਖਿਆ ਦੇ ਕੋਰਸ, ਐਮ. ਏ. ਦੀ ਪੜ੍ਹਾਈ ਅਤੇ ਪੀਐਚ.ਡੀ. ਦੇ ਖੋਜ ਕਾਰਜਾਂ ਨੂੰ ਪੂਰੀ ਦਿਆਨਤਦਾਰੀ ਨਾਲ ਅਗਵਾਈ ਦੇ ਕੇ ਵਿਦਿਆਰਥੀਆਂ ਨੂੰ ਭਵਿਖਮੁਖੀ ਕਿੱਤਿਆਂ ਨਾਲ ਜੋੜਨਾ ਉਨ੍ਹਾਂ ਦਾ ਬਾਕਮਾਲ ਯੋਗਦਾਨ ਹੈ। ਵਿਦਿਆਰਥੀਆਂ ਨਾਲ ਬੱਚਿਆਂ ਵਾਂਗ ਮੋਹ ਵੀ ਕਰਨਾ ਤੇ ਉਨ੍ਹਾਂ ਨੂੰ ਕੰਮ ਪ੍ਰਤੀ ਕਰੜੇ ਅਨੁਸ਼ਾਸਨ ਤੇ ਸੰਜਮ ਵਿਚ ਪਰੋ ਕੇ ਵੀ ਰੱਖਣਾ ਉਨ੍ਹਾਂ ਦਾ ਅਧਿਆਪਕੀ ਧਰਮ ਰਿਹਾ ਹੈ। ਇਸੇ ਕਰਕੇ ਵਿਦਿਆਰਥੀ ਉਨ੍ਹਾਂ ਨੂੰ ਦਿਲੋਂ ਪਿਆਰ ਕਰਦੇ ਹਨ ਅਤੇ ਉਨ੍ਹਾਂ ਨੂੰ ਆਦਰਸ਼ਕ ਰਹਿਬਰ ਤੇ ਰਾਹਦਸੇਰਾ ਮੰਨਦੇ ਹਨ। ਵਿਭਾਗ ਤੋਂ ਬਿਨਾ ਆਪਣੇ ਘਰ ਲਿਜਾ ਕੇ ਕਈ ਕਈ ਘੰਟੇ ਸੰਗੀਤ ਦਾ ਰਿਆਜ਼ ਕਰਾਉਣਾ ਉਨ੍ਹਾਂ ਦਾ ਪਾਬੰਦ ਸਲੀਕਾ ਹੈ।

ਡਾ. ਗੁਰਨਾਮ ਸਿੰਘ ਦੀ ਰੂਹ ਵਿਚ ਰਾਗ ਹਨ। ਰਾਗ ਵਿਦਿਆ ਤੇ ਵਿਹਾਰ ਨਾਲ ਉਨ੍ਹਾਂ ਦਾ ਪੱਕਾ ਨਾਮ ਜੁੜ ਗਿਆ ਹੈ। ਰਾਗ ਨੂੰ ਹਰ ਕੋਣ ਤੋਂ ਸਮਝਣ, ਜਾਣਨ ਤੇ ਮਾਣਨ ਦੀ ਮੁਹਾਰਤ ਦੇ ਮਾਲਕ ਡਾ. ਗੁਰਨਾਮ ਸਿੰਘ ਨੇ ਗੁਰਬਾਣੀ ਦੇ ਸਾਰੇ ਰਾਗਾਂ ਦਾ ਗਾਇਨ ਕਰਕੇ ਸਾਂਭਣਯੋਗ ਤੇ ਸੁੰਦਰ ਕੰਪੋਜੀਸ਼ਨਾਂ ਸਿਰਜੀਆਂ ਹਨ। ਰਾਗਾਂ ਨੂੰ ਅਵਾਜ਼ ਤੇ ਸਾਜ਼ ਦੇ ਸੁਮੇਲ ਅਤੇ ਸੁਰ-ਸਹਿਜ ਵਿਚ ਭਿਉਂ ਕੇ ਪ੍ਰਸਤੁਤ ਕੀਤਾ। ਉਨ੍ਹਾਂ ਦਾ ਵਡਮੁੱਲਾ ਸੰਗੀਤਕ ਕਾਰਜ ਵੱਡੀ ਪ੍ਰਤਿਭਾ ਦੀ ਨੂਰੀ ਹਿੰਮਤ ਤੇ ਨੂਰਾਨੀ ਹੁਨਰ ਨਾਲ ਭਰਿਆ ਦੁਰਲੱਭ ਹੈ।

ਡਾ. ਗੁਰਨਾਮ ਸਿੰਘ ਨੂੰ ਅਨੇਕਾਂ ਵੱਡੇ ਸਨਮਾਨ ਮਿਲੇ ਹਨ ਅਤੇ ਉਨ੍ਹਾਂ ਨੇ ਬਹੁਤ ਸਾਰੇ ਸਨਮਾਨ ਪ੍ਰਦਾਨ ਵੀ ਕੀਤੇ ਹਨ। ਵਿਭਾਗ ਵਲੋਂ ਗੁਰਮਤਿ ਸੰਗੀਤ ਘਰਾਣਿਆਂ ਦਾ ਹਰ ਸਾਲ ਸਨਮਾਨ ਕਰਨਾ ਅਤੇ ਸੰਗੀਤ ਦੀਆਂ ਨਾਮਾਵਰ ਹਸਤੀਆਂ ਨੂੰ ਸਤਿਕਾਰ ਤੇ ਸਨੇਹ ਦੇਣਾ ਵਿਭਾਗ ਦੀ ਪਰੰਪਰਾ ਰਹੀ ਹੈ। ਆਪਣੇ ਗੁਰੂਆਂ ਤੇ ਸਮਕਾਲੀਆਂ ਦਾ ਮਾਣ ਕਰਨਾ ਉਨ੍ਹਾਂ ਨੂੰ ਆਉਂਦਾ ਹੈ। ਸ਼ਤਾਬਦੀਆਂ, ਸੈਮੀਨਾਰਾਂ ਤੇ ਸੰਗੀਤਕ ਮਹਿਫਿਲਾਂ ਦਾ ਆਯੋਜਨ ਕਰਨਾ ਡਾ. ਗੁਰਨਾਮ ਸਿੰਘ ਨੂੰ ਊਰਜਾ ਦਿੰਦਾ ਰਿਹਾ ਹੈ। ਉਨ੍ਹਾਂ ਦੇ ਸਨਮਾਨਾਂ ਤੇ ਪਦਵੀਆਂ ਦੀ ਲਿਸਟ ਲੰਬੀ ਹੈ। ਉਨ੍ਹਾਂ ਦੀ ਲੰਬੀ ਤੇ ਲੈਅਯੁਕਤ ਘਾਲ ਕਮਾਈ ਦੇ ਸਿੱਟੇ ਵਜੋਂ ਇਹ ਤਮਾਮ ਸ਼ੋਹਰਤਾਂ ਤੇ ਸਤਿਕਾਰ ਉਨ੍ਹਾਂ ਦੇ ਘਰ ਚੱਲ ਕੇ ਆਏ ਹਨ। ਯੂਨੀਵਰਸਿਟੀ ਦੇ ਤਿੰਨ-ਚਾਰ ਮਹਿਕਮਿਆਂ ਦੀ ਡੀਨਸ਼ਿਪ ਤੋਂ ਇਲਾਵਾ ਪਤਾ ਨਹੀਂ ਕਿੰਨੇ ਪ੍ਰਾਜੈਕਟਾਂ, ਕਿੰਨੀਆਂ ਸੰਸਥਾਵਾਂ ਤੇ ਕਿੰਨੇ ਅਦਾਰਿਆਂ ਦੀ ਅਗਵਾਈ ਤੇ ਰਹਿਨੁਮਾਈ ਕਰਨ ਦਾ ਸ਼ਰਫ ਉਨ੍ਹਾਂ ਨੂੰ ਹਾਸਲ ਹੋਇਆ ਹੈ। ਪੰਜਾਬ ਸਰਕਾਰ ਵਲੋਂ ਸ਼ਿਰੋਮਣੀ ਰਾਗੀ, ਭਾਰਤ ਸਰਕਾਰ ਵਲੋਂ ਸੰਗੀਤ ਨਾਟਕ ਅਕਾਦਮੀ ਦਾ ਰਾਸ਼ਟਰਪਤੀ ਪੁਰਸਕਾਰ ਅਤੇ ਬਹੁਤ ਸਾਰੀਆਂ ਦੇਸ਼ ਤੇ ਵਿਦੇਸ਼ ਦੀਆਂ ਸੰਗੀਤਕ, ਧਾਰਮਿਕ ਤੇ ਅਕਾਦਮਿਕ ਸੰਸਥਾਵਾਂ ਵਲੋਂ ਮਿਲੇ ਸਨਮਾਨਾਂ ਦੀ ਗੁਣਾਤਮਕ ਗਿਣਤੀ ਸਿਰ ਉਚਾ ਕਰਦੀ ਹੈ ਅਤੇ ਹੁਣ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਐਲਾਨੇ ਗਏ ਭਾਈ ਮਰਦਾਨਾ ਯਾਦਗਾਰੀ ਗੁਰਮਤਿ ਸੰਗੀਤ ਪੁਰਸਕਾਰ ਨਾਲ ਡਾ. ਗੁਰਨਾਮ ਸਿੰਘ ਦੀ ਕਾਬਲ ਕਾਬਲੀਅਤ ਨੂੰ ਸਮੁੱਚੇ ਸਿੱਖ ਸੰਸਾਰ ਵਲੋਂ ਮਾਨਤਾ ਤੇ ਮੋਹ ਮਿਲਿਆ ਹੈ। ਡਾ. ਗੁਰਨਾਮ ਸਿੰਘ ਦੇ ਪਰਿਵਾਰ ਨਾਲ ਗੂੜ੍ਹੇ ਸਬੰਧ ਤੇ ਸਨੇਹ ਕਰਕੇ ਮੈਨੂੰ ਨਿਜੀ ਰੂਪ ਵਿਚ ਇਸ ਵੱਕਾਰੀ ਤੇ ਵਿਲੱਖਣ ਪੁਰਸਕਾਰ ਮਿਲਣ ਦੀ ਭਾਵੁਕ ਖੁਸ਼ੀ ਹੋਈ ਹੈ। ਸਿੱਟੇ ਵਜੋਂ ਭਾਵਨਾ ਤੇ ਵਜਦ ਦੇ ਵਹਿਣ ਵਿਚ ਮੇਰੇ ਅੰਦਰੋਂ ਡਾ. ਗੁਰਨਾਮ ਸਿੰਘ ਦੀ ਅਦੁੱਤੀ ਤੇ ਆਦਰਯੋਗ ਸ਼ਖਸੀਅਤ ਬਾਰੇ ਪਾਕ ਤੇ ਪੁਰਨੂਰ ਸ਼ਬਦ ਆਪ ਮੁਹਾਰੇ ਰੂਪ ਵਿਚ ਪ੍ਰਗਟ ਹੋਏ ਹਨ। ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਮਹਾਨ ਤੇ ਮਹਾਤਮੀ ਪਰੰਪਰਾ ਵਲੋਂ ਮਿਲੀ ਵਡਿਆਈ ਦੇ ਮੁਕਾਬਲੇ ਮੇਰੇ ਸ਼ਬਦ ਕੋਈ ਮੁੱਲ ਨਹੀਂ ਰੱਖਦੇ। ਵੱਡਾ ਹੋਣ ਦੇ ਨਾਤੇ ਆਪਣੇ ਭਰਾਵਾਂ ਵਰਗੇ ਮੋਹ ਖੋਰੇ ਮਿੱਤਰ ਦੀਆਂ ਪ੍ਰਾਪਤੀਆਂ ਵਾਸਤੇ ਮੋਹ ਤੇ ਮੁਬਾਰਕਾਂ ਅਤੇ ਭਵਿੱਖ ਦੇ ਮਜ਼ਬੂਤ ਕਦਮਾਂ ਤੇ ਕੰਮਾਂ ਦੀ ਨਿਰੰਤਰਤਾ ਲਈ ਢੇਰ ਸਾਰੀਆਂ ਅਸੀਸਾਂ ਤੇ ਅਰਜ਼ੋਈਆਂ।

ਗੁਰਮਤਿ ਸੰਗੀਤ ਡਾ. ਗੁਰਨਾਮ ਸਿੰਘ ਦਾ ਅਕੀਦਾ, ਆਦਰਸ਼ ਤੇ ਅੰਬਰ ਹੈ, ਪਰ ਸੰਗੀਤ ਦਾ ਵਿਦਵਾਨ ਤੇ ਵਿਸ਼ੇਸ਼ਗ ਹੋਣ ਦੇ ਨਾਲ ਨਾਲ ਉਹ ਸ਼ਾਸ਼ਤਰੀ, ਲੋਕਧਾਰਾਈ ਤੇ ਗੀਤਾਤਮਕ ਖੇਤਰ ਦਾ ਪਰਬੀਨ ਗਾਇਕ ਵੀ ਹੈ। ਪੂਰੀ ਦੁਨੀਆਂ ਦੇ ਸੰਗੀਤ ਕਲਾਕਾਰਾਂ, ਕਲਾਪ੍ਰੇਮੀਆਂ ਤੇ ਕਦਰਦਾਨਾਂ ਵਿਚ ਉਸ ਦੀ ਮੁਹੱਬਤੀ ਪਛਾਣ ਹੈ। ਸਰਕਾਰੀ, ਗੈਰ ਸਰਕਾਰੀ, ਧਾਰਮਿਕ ਤੇ ਅਕਾਦਮਿਕ ਖੇਤਰ ਦੇ ਸੰਗੀਤਕ ਆਦਾਰੇ ਤੇ ਕਮੇਟੀਆਂ ਡਾ. ਗੁਰਨਾਮ ਸਿੰਘ ਦੀ ਸ਼ਾਨਦਾਰ ਸ਼ਖਸੀਅਤ ਦਾ ਲਾਹਾ ਲੈ ਰਹੀਆਂ ਹਨ। ਸਰਕਾਰਾਂ ਤੇ ਸੰਸਥਾਵਾਂ ਨੂੰ ਸੰਸਥਾ ਵਰਗੀ ਇਸ ਪ੍ਰਤਿਭਾ ਦਾ ਭਵਿਖਮੁਖੀ ਕਾਰਜਾਂ ਲਈ ਸਦਉਪਯੋਗ ਹੀ ਹੈ।

ਡਾ. ਗੁਰਨਾਮ ਸਿੰਘ ਦੇ ਉਜਵਲ ਭਵਿਖ ਲਈ ਦੁਆਵਾਂ ਤੇ ਸ਼ੁਭ ਇੱਛਾਵਾਂ।

ਰਲ ਮਿਲ ਕਰੀਏ ਦੁਆਵਾਂ ਸ਼ਬਾ ਖੈਰ ਹੋਵੇ
ਬਤੀਤ ਸੁੱਖਾਂ ਨਾਲ ਉਮਰ ਦਾ ਹਰ ਪਹਿਰ ਹੋਵੇ
ਨਾ ਵਿੱਥਾਂ, ਵਿਤਕਰੇ, ਨਾ ਵਣਜ, ਨਾ ਵੈਰ ਹੋਵੇ
ਹਰ ਚਾਹਤ ਵਿਚ ਬੇਗਮਪੁਰੇ ਦਾ ਸ਼ਹਿਰ ਹੋਵੇ
ਘਰ ਘਰ ਵਿਚ ਹੋਣ ਅੱਖਰਾਂ ਦੀਆਂ ਖੇਤੀਆਂ
ਨਾੜ ਨਾੜ ਵਿਚ ਅਦਬ ਦੀ ਲਹਿਰ ਹੋਵੇ।

---

# ਸਚ ਖੰਡਿ ਵਸੈ ਨਿਰੰਕਾਰੁ

*(ਪਿਛਲੇ ਸਫੇ ਦੀ ਬਾਕੀ)*

(ਭਾਵ, ਇਹ ਅਵਸਥਾ ਬਿਆਨ ਨਹੀਂ ਹੋ ਸਕਦੀ, ਅਨੁਭਵ ਹੀ ਕੀਤੀ ਜਾ ਸਕਦੀ ਹੈ)।"

ਇਹ ਦੋਵੇਂ ਵਿਦਵਾਨ ਸਚ ਖੰਡ ਨੂੰ ਮਨੁੱਖੀ ਮਨ ਦੀ ਉੱਚੀ ਅਵਸਥਾ ਮੰਨਦੇ ਹਨ, ਜਿੱਥੇ ਅਕਾਲ ਪੁਰਖ ਨਿਵਾਸ ਕਰਦਾ ਹੈ। ਉਹ ਕਹਿੰਦੇ ਹਨ ਕਿ ਜੇ ਮਨੁੱਖ ਮਨ ਦੀ ਅਵਸਥਾ ਉੱਚੀ ਕਰ ਲਵੇ ਤਾਂ ਉਸ ਨੂੰ ਸਚ ਖੰਡ ਦੇ ਨਾਲ ਕਈ ਹੋਰ ਭਵਨ ਤੇ ਆਕਾਰ ਵੀ ਦਿਖਾਈ ਦਿੰਦੇ ਹਨ, ਜਿਨ੍ਹਾਂ ਦਾ ਬਿਆਨ ਕਰਨਾ ਔਖਾ ਹੈ। ਪਰ ਗੁਰੂ ਸਾਹਿਬ ਨੇ ਤਾਂ ਕਿਹਾ ਹੈ ਕਿ ਉਸ ਦੀਆਂ ਬਣਾਈਆਂ ਵਸਤਾਂ ਵਿਚ ਤਰ੍ਹਾਂ ਤਰ੍ਹਾਂ ਦੇ ਖੰਡ, ਮੰਡਲ ਤੇ ਵਰਮੰਡ ਵੀ ਹਨ, ਜਿਨ੍ਹਾਂ ਦੀ ਗਿਣਤੀ ਇੰਨੀ ਹੈ ਕਿ ਜੇ ਕੋਈ ਦੱਸੇ ਤਾਂ ਵੀ ਵਰਣਨ ਨਾ ਹੋਵੇ। ਉਨ੍ਹਾਂ ਨੇ ਤਾਂ ਕਿਤੇ ਨਹੀਂ ਕਿਹਾ ਕਿ ਇਹ ਸਾਰਾ ਕੁਝ ਉੱਚੀ ਮਾਨਸਿਕ ਅਵਸਥਾ ਨਾਲ ਦਿਖਾਈ ਦੇ ਜਾਂਦਾ ਹੈ। ਮਾਨਸਿਕ ਸੋਚ ਬਾਰੇ ਤਾਂ ਉਨ੍ਹਾਂ ਨੇ 'ਸੋਚੈ ਸੋਚਿ ਨ ਹੋਵਈ' ਲਿਖਿਆ ਹੈ। ਇਹ ਵਿਦਵਾਨ ਖਿਆਲ ਕਰਨ ਕਿ ਜੇ ਇਹ ਖੰਡ, ਭਵਨ ਤੇ ਆਕਾਰ ਕਿਸੇ ਮਾਨਸਿਕ ਅਵਸਥਾ ਨਾਲ ਦਿਖਾਈ ਦੇ ਜਾਣ, ਫਿਰ ਹੁਕਮ ਜਾਣਨ ਦੀ ਤੇ ਖੋਜ ਕਰਨ ਦੀ ਕੀ ਲੋੜ ਹੈ!

ਕੀ ਲੋੜ ਹੈ ਫਿਰ ਵਿਗਿਆਨਕ ਵਿਧੀ ਦੀ ਤੇ ਗਣਿਤੀ ਵਿਧਾਨ ਦੀ। ਫਿਰ ਤਾਂ ਲੋਕ ਬੱਸ ਸਮਾਧੀਆਂ ਵਿਚ ਜਾਣ, ਉਚੀ ਮਾਨਸਿਕ ਅਵਸਥਾ ਬਣਾਉਣ, ਸੱਚ ਖੰਡ ਦੀ ਸੈਰ ਕਰ ਆਉਣ, ਆ ਕੇ ਇਸ ਦੇ ਗੁਣ ਗਾਉਣ ਤੇ ਆਪਣੇ ਆਪ ਨੂੰ ਪਰਮਾਤਮਾ ਦੀ ਵਿਸ਼ੇਸ਼ ਕਿਰਪਾ ਦੇ ਪਾਤਰ ਦੱਸ ਕੇ ਆਪਣੀ ਸ਼ੋਭਾ ਬਣਾਉਣ। ਕੋਈ ਪੁੱਛੇ ਤਾਂ ਇਹੀ ਕਹਿਣ ਕਿ ਇਸ ਬਾਰੇ ਕੁਝ ਕਹਿਣਾ 'ਲੋਹੇ ਦੇ ਚਣੇ' ਚਬਾਉਣ ਬਰਾਬਰ ਹੈ। ਇਸੇ ਪਖੰਡ ਦਾ ਨਾਮ ਤਾਂ ਅਧਿਆਤਮਵਾਦ ਹੈ!

---

# ਦੁਖੁ ਸਬਾਇਆ ਜਗਿ

**ਕਿਰਨ ਕੌਰ**
ਫੋਨ: +43-68864-013133

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ
ਦੁਖੁ ਸਬਾਇਆ ਜਗਿ॥
ਊਚੈ ਚੜਿ ਕੈ ਦੇਖਿਆ
ਤਾ ਘਰਿ ਘਰਿ ਏਹਾ ਅਗਿ॥

ਬਾਬਾ ਸ਼ੇਖ ਫਰੀਦ ਜੀ ਆਪਣੀ ਬਾਣੀ ਵਿਚ ਲਿਖਦੇ ਹਨ ਕਿ ਮੈਂ ਸਮਝਿਆ ਦੁੱਖ ਸਿਰਫ ਮੈਨੂੰ ਹੀ ਹੈ, ਪਰ ਜਦੋਂ ਮੈਂ ਉਚੇਰਾ ਧਿਆਨ ਮਾਰਿਆ ਤਾਂ ਪਤਾ ਲੱਗਾ ਕਿ ਸਾਰਾ ਸੰਸਾਰ ਹੀ ਦੁਖੀ ਹੈ। ਇਸੇ ਤਰ੍ਹਾਂ ਅਸੀਂ ਸਾਰੇ ਸੋਚਦੇ ਹਾਂ ਕਿ ਮੈਨੂੰ ਹੀ ਬਹੁਤ ਦੁੱਖ ਤਕਲੀਫਾਂ ਹਨ, ਪਰ ਨਹੀਂ, ਇਹ ਸਾਰਾ ਸੰਸਾਰ ਹੀ ਦੁਖੀ ਹੈ। ਫਰੀਦ ਜੀ ਦੀਆਂ ਇਹ ਪੰਕਤੀਆਂ ਸਾਨੂੰ ਕੁਦਰਤ ਦੇ ਨਿਯਮ ਨੂੰ ਭਲੀਭਾਂਤ ਸਮਝਾਉਂਦੀਆਂ ਹਨ ਕਿ ਜ਼ਿੰਦਗੀ ਸੁੱਖ ਤੇ ਦੁੱਖ-ਦੋਹਾਂ ਦਾ ਹੀ ਸੁਮੇਲ ਹੁੰਦੀ ਹੈ, ਪਰ ਅਸੀਂ ਹਮੇਸ਼ਾ ਸੁੱਖਾਂ ਦੀ ਭਾਲ ਵਿਚ ਭਟਕਦੇ ਰਹਿੰਦੇ ਹਾਂ ਅਤੇ ਇਹ ਭਟਕਣ ਸਾਨੂੰ ਹੋਰ ਵੀ ਬੇਚੈਨ ਤੇ ਦੁਖੀ ਕਰਦੀ ਹੈ। ਕਿਉਂ ਨਾ ਅਸੀਂ ਜ਼ਿੰਦਗੀ ਦੇ ਇਸ ਪਰਮ ਸੱਚ ਨੂੰ ਅਪਨਾ ਲਈਏ ਕਿ ਜ਼ਿੰਦਗੀ ਵਿਚ ਦੁੱਖ ਤੇ ਸੁੱਖ-ਦੋਵੇਂ ਹੀ ਮਿਲਣੇ ਹਨ, ਕਿਉਂਕਿ ਜਦ ਅਸੀਂ ਸੱਚ ਨੂੰ ਅਪਨਾ ਲੈਂਦੇ ਹਾਂ ਤਾਂ ਸਾਨੂੰ ਦੁੱਖ ਵੀ ਦੁੱਖ ਨਹੀਂ ਲੱਗਦਾ, ਸਗੋਂ ਜ਼ਿੰਦਗੀ ਵਿਚ ਵਾਪਰ ਰਹੀ ਇਕ ਮਾਮੂਲੀ ਘਟਨਾ ਲੱਗਦੀ ਹੈ ਅਤੇ ਅਸੀਂ ਉਸ ਘਟਨਾ ਨੂੰ ਇਕ ਮੁਸ਼ਕਿਲ ਸਮਝ ਕੇ ਉਸ ਦੇ ਹੱਲ ਵੱਲ ਤੁਰ ਪੈਂਦੇ ਹਾਂ।

ਕਿਸੇ ਨੇ ਬਹੁਤ ਖੂਬ ਕਿਹਾ ਹੈ ਕਿ ਸਮਾਂ ਜਿਵੇਂ ਦਾ ਵੀ ਹੋਵੇ, ਲੰਘ ਜਾਂਦਾ ਹੈ। ਜੇ ਸੁੱਖ ਨਹੀਂ ਠਹਿਰਿਆ ਤਾਂ ਦੁੱਖ ਵੀ ਨਹੀਂ ਠਹਿਰੇਗਾ, ਇਸ ਲਈ ਸਾਨੂੰ ਦੁੱਖਾਂ ਤੋਂ ਭੱਜਣਾ ਨਹੀਂ, ਸਗੋਂ ਉਨ੍ਹਾਂ ਨੂੰ ਖਿੜੇ ਮੱਥੇ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਜ਼ਿੰਦਗੀ ਦੀਆਂ ਮੁਸ਼ਕਿਲਾਂ ਨਾਲ ਜੂਝਣਾ ਚਾਹੀਦਾ ਹੈ।

ਸਾਡਾ ਸਕਾਰਾਤਮਕ ਨਜ਼ਰੀਆ ਸਾਡੀ ਜ਼ਿੰਦਗੀ ਨੂੰ ਬਿਹਤਰੀਨ ਤੇ ਖੂਬਸੂਰਤ ਬਣਾ ਸਕਦਾ ਹੈ। ਜੇ ਅਸੀਂ ਦੁੱਖਾਂ ਨੂੰ ਸਮਝਣ ਦਾ ਆਪਣਾ ਨਜ਼ਰੀਆ ਹੀ ਬਦਲ ਲਈਏ ਤਾਂ ਦੁੱਖ ਵੀ ਸੁੱਖ ਬਣ ਜਾਵੇਗਾ। ਫਿਰ ਦੁੱਖ-ਤਕਲੀਫਾਂ ਵੀ ਜ਼ਿੰਦਗੀ ਦਾ ਇੱਕ ਸੋਹਣਾ ਹਿੱਸਾ ਲੱਗਣਗੀਆਂ।

ਕੀ ਅਸੀਂ ਕਦੇ ਸੋਚਿਆ ਹੈ ਕਿ ਜੇ ਜ਼ਿੰਦਗੀ ਵਿਚ ਦੁੱਖ-ਤਕਲੀਫਾਂ ਨਾ ਆਉਂਦੀਆਂ ਤਾਂ ਜ਼ਿੰਦਗੀ ਕਿੰਨੀ ਬੇਰਸ ਹੋਣੀ ਸੀ? ਅਸਲ 'ਚ ਇਹ ਦੁੱਖ-ਤਕਲੀਫਾਂ ਤਾਂ ਸਾਨੂੰ ਜ਼ਿੰਦਗੀ ਦਾ ਅਸਲੀ ਪਾਠ ਪੜ੍ਹਾਉਂਦੀਆਂ ਹਨ। ਸਾਨੂੰ ਆਪਣੇ ਹੀ ਆਪ ਦੇ ਹੋਰ ਕਰੀਬ ਕਰਦੀਆਂ ਨੇ, ਸਾਨੂੰ ਸਾਡੇ ਚੰਗੇ-ਮਾੜੇ ਦੋਸਤ, ਰਿਸ਼ਤੇਦਾਰਾਂ ਦੀ ਪਛਾਣ ਕਰਾਉਂਦੀਆਂ ਨੇ। ਇਹ ਦੁੱਖ ਹੀ ਤਾਂ ਹਨ, ਜੋ ਸਾਨੂੰ ਸੁੱਖ ਦੀ ਅਸਲੀ ਅਹਿਮੀਅਤ ਦੱਸਦੇ ਨੇ, ਸਾਨੂੰ ਮੁਸੀਬਤਾਂ ਨਾਲ ਲੜਨ ਦੀ ਸ਼ਕਤੀ ਪ੍ਰਦਾਨ ਕਰਦੇ ਨੇ।

ਜੇ ਦੁੱਖ ਸਾਨੂੰ ਏਨਾ ਕੁਝ ਦਿੰਦੇ ਨੇ, ਫਿਰ ਕਿਉਂ ਅਸੀਂ ਦੁੱਖਾਂ ਨੂੰ ਮਾੜਾ ਕਹਿ ਜ਼ਿੰਦਗੀ ਨੂੰ ਹੋਰ ਵੀ ਬੇਰਸ ਬਣਾਈਏ! ਜਿਵੇਂ ਪਾਣੀ ਨਿਵਾਣ ਵੱਲ ਤੇਜ਼ੀ ਨਾਲ ਵਧਦਾ ਹੈ, ਇਸੇ ਤਰ੍ਹਾਂ ਹੀ ਮਨੁੱਖੀ ਮਨ ਵੀ ਜਲਦੀ ਨਕਾਰਾਤਮਕਤਾ ਵੱਲ ਵਧਦਾ ਹੈ। ਜ਼ਿੰਦਗੀ ਵਿਚ ਕੋਈ ਦੁੱਖ-ਤਕਲੀਫ ਆਵੇ ਤਾਂ ਝੱਟ ਹੀ ਅਸੀਂ ਜ਼ਿੰਦਗੀ ਨੂੰ ਕੋਸਣਾ ਸ਼ੁਰੂ ਕਰ ਦਿੰਦੇ ਹਾਂ, ਪਰ ਜੇ ਅਸੀਂ ਆਪਣੀ ਊਰਜਾ ਨੂੰ ਸਹੀ ਢੰਗ ਨਾਲ ਸਹੀ ਦਿਸ਼ਾ ਵੱਲ ਵਰਤ ਲਈਏ ਤਾਂ ਜ਼ਿੰਦਗੀ ਬਹੁਤ ਹੀ ਖੂਬਸੂਰਤ ਹੋ ਜਾਵੇਗੀ। ਜ਼ਿੰਦਗੀ ਵਿਚ ਜਦੋਂ ਵੀ ਕੋਈ ਦੁੱਖ-ਤਕਲੀਫ ਆਵੇ ਤਾਂ ਸਭ ਤੋਂ ਪਹਿਲਾਂ ਉਸ ਨੂੰ ਸਵੀਕਾਰ ਕਰੋ, ਆਪਣੀ ਜ਼ਿੰਦਗੀ ਦਾ ਹਿੱਸਾ ਸਮਝੋ ਅਤੇ ਫਿਰ ਖੁਦ ਨੂੰ ਸਕਾਰਾਤਮਕ ਮਾਹੌਲ ਦੇਵੋ, ਇਸ ਪ੍ਰੇਸ਼ਾਨੀ ਤੋਂ ਨਿਕਲਣ ਬਾਰੇ ਸੋਚੋ। ਹਰ ਮੁਸੀਬਤ ਦਾ ਹੱਲ ਜ਼ਰੂਰ ਹੁੰਦਾ ਹੈ, ਬਸ ਲੋੜ ਹੁੰਦੀ ਹੈ ਸਹੀ ਮਾਰਗ ਦੀ। ਕਿਉਂ ਨਾ ਤੁਸੀਂ ਖੁਦ ਦੇ ਪ੍ਰੇਰਕ ਆਪ ਹੀ ਬਣ ਜਾਓ!

ਤੁਸੀਂ ਆਪਣੀ ਸੋਚ ਨੂੰ ਜਿੱਧਰ ਲੈ ਕੇ ਜਾਓਗੇ, ਤੁਹਾਡੀ ਜ਼ਿੰਦਗੀ ਵੀ ਉਵੇਂ ਹੀ ਬਣਨੀ ਸ਼ੁਰੂ ਹੋ ਜਾਵੇਗੀ। ਤੁਹਾਡੇ 'ਮਨ ਦੀ ਅਵਸਥਾ' ਹੀ ਤੁਹਾਡੀ ਜ਼ਿੰਦਗੀ ਹੈ। ਮਿਸਾਲ ਵਜੋਂ ਕੁਝ ਲੋਕ ਛੋਟੇ ਘਰਾਂ ਵਿਚ ਘੱਟ ਪੈਸੇ, ਘੱਟ ਚੀਜ਼ਾਂ ਨਾਲ, ਇਕ ਦੂਜੇ ਨਾਲ ਬਹੁਤ ਪਿਆਰ ਨਾਲ ਰਹਿੰਦੀ ਹਨ ਅਤੇ ਖੁਸ਼ ਹਨ, ਕਿਉਂਕਿ ਉਨ੍ਹਾਂ ਆਪਣੀ ਪ੍ਰਸਥਿਤੀ ਨੂੰ ਸਵੀਕਾਰ ਕਰ ਲਿਆ ਹੈ। ਅਜਿਹੇ ਲੋਕ ਮਿਹਨਤ ਕਰਦੇ ਹਨ, ਪਰ ਆਪਣੇ ਮਨ ਨੂੰ ਬੇਚੈਨ ਨਹੀਂ। ਇਸੇ ਤਰ੍ਹਾਂ ਜਦੋਂ ਸਾਡੀ ਜ਼ਿੰਦਗੀ ਵਿਚ ਵੀ ਕੋਈ ਦੁੱਖ-ਤਕਲੀਫ ਆਵੇ ਤਾਂ ਸਭ ਤੋਂ ਪਹਿਲਾਂ ਮਨ ਦੀ ਅਵਸਥਾ ਨੂੰ ਬੇਚੈਨ ਹੋਣ ਤੋਂ ਬਚਾਓ ਅਤੇ ਆਪਣੀ ਸਾਰੀ ਊਰਜਾ ਪ੍ਰੇਸ਼ਾਨੀ ਤੋਂ ਬਾਹਰ ਨਿਕਲਣ ਲਈ ਲਾਓ। ਮੇਰਾ ਯਕੀਨ ਹੈ ਕਿ ਇਸ ਤਰ੍ਹਾਂ ਤੁਸੀਂ ਆਪਣੀ ਜ਼ਿੰਦਗੀ ਨੂੰ ਇੱਕ ਵਧੀਆ ਢੰਗ ਨਾਲ ਬਿਤਾ ਸਕੋਗੇ।

# ਸਿੱਖ ਧਰਮ ਵਿਚ ਪਰਸਪਰ ਵਿਰੋਧ ਕਿਉਂ ਹੈ?

ਹਾਕਮ ਸਿੰਘ
hak1270@yahoo.com

ਹਿੰਦੂ ਧਰਮ ਜਾਤ-ਪਾਤ ‘ਤੇ ਆਧਾਰਤ ਹੈ। ਸਿੱਖ ਸਮਾਜ ਵਿਚ ਵੀ ਜਾਤ-ਪਾਤ ਦਾ ਬੋਲ ਬਾਲਾ ਹੈ। ਸਮਾਜਕ ਪੱਧਰ ‘ਤੇ ਸਿੱਖ ਧਰਮ ਦੀ ਹਿੰਦੂ ਧਰਮ ਨਾਲ ਬਹੁਤ ਸਾਂਝ ਹੈ। ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹਿੰਦੂ ਸਮਾਜ ਵਿਚ ਪ੍ਰਚਲਤ ਜਾਤ-ਪਾਤ, ਬੁੱਤ ਪੂਜਾ ਅਤੇ ਪਖੰਡਵਾਦ ਦਾ ਖੰਡਨ ਕਰਦੀ ਹੈ; ਪਰ ਸਿੱਖ ਆਪਣੇ ਜੀਵਨ ਵਿਚ ਗੁਰਬਾਣੀ ਦੇ ਇਨ੍ਹਾਂ ਵਿਚਾਰਾਂ ਨੂੰ ਨਜ਼ਰ ਅੰਦਾਜ਼ ਕਰ ਦਿੰਦੇ ਹਨ, ਕਿਉਂਕਿ ਸਿੱਖ ਧਾਰਮਿਕ ਜੀਵਨ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ‘ਤੇ ਆਧਾਰਤ ਨਹੀਂ ਹੈ, ਸਿੱਖ ਰਹਿਤ ਮਰਯਾਦਾ ‘ਤੇ ਆਧਾਰਤ ਹੈ। ਸਿੱਖ ਰਹਿਤ ਮਰਯਾਦਾ ਗੁਰਬਾਣੀ ਨਹੀਂ ਹੈ, ਉਦਾਸੀਆਂ ਵਲੋਂ ਬਣਾਈਆਂ ਰਹਿਤ ਮਰਯਾਦਾਵਾਂ ਤੋਂ ਵਿਕਸਿਤ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਵਾਣਿਤ ਧਾਰਮਿਕ ਵਿਹਾਰ ਦੀ ਨੇਮਾਵਲੀ ਹੈ। ਇਸ ਦਾ ਤਜਵੀਜ਼ ਕੀਤਾ ਵਿਹਾਰ ਗੁਰਬਾਣੀ ਵਿਚ ਦੱਸੇ ਜੀਵਨ ਢੰਗ ਨਾਲ ਮੇਲ ਨਹੀਂ ਖਾਂਦਾ। ਮਿਸਾਲ ਵਜੋਂ ਗੁਰਬਾਣੀ ਵਿਚ ਪ੍ਰਭੂ ਲਈ ਰਾਮ ਅਤੇ ਹਰਿ ਸ਼ਬਦਾਂ ਦੀ ਬਹੁਤ ਵਰਤੋਂ ਕੀਤੀ ਗਈ ਹੈ, ਪਰ ਸਿੱਖ ਇਹ ਸ਼ਬਦ ਨਹੀਂ ਵਰਤਦੇ। ਇਨ੍ਹਾਂ ਦੀ ਥਾਂ ਵਾਹਿਗੁਰੂ ਸ਼ਬਦ ਵਰਤਦੇ ਹਨ, ਜੋ ਕਿਸੇ ਵੀ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਨਹੀਂ ਵਰਤਿਆ, ਸਿਰਫ ਭੱਟਾਂ ਨੇ ਗੁਰੂ ਸਾਹਿਬਾਨ ਦੀ ਮਹਿਮਾ ਵਿਚ ਲਿਖੇ ਸਵੱਯੀਆਂ ਵਿਚ ਹੀ ਵਰਤਿਆ ਹੈ। ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਤਾਂ ਮੰਨਦੇ ਹਨ, ਪਰ ਬਹੁਤੇ ਉਸ ਤੋਂ ਸਿਖਿਆ ਲੈਣੀ ਜ਼ਰੂਰੀ ਨਹੀਂ ਸਮਝਦੇ। ਸਿੱਖ ਧਰਮ ਦੀ ਬਹੁਤੀ ਸਿਖਿਆ ਉਦਾਸੀ ਅਤੇ ਨਿਰਮਲੇ ਸਾਧੂਆਂ ਦੀਆਂ ਰਚਨਾਵਾਂ ਤੋਂ ਲਈ ਜਾਂਦੀ ਹੈ। ਕਈ ਸਿੱਖ ਗੁਰੂ ਤੋਂ ਜੀਵਨ ਵਿਚ ਸਫਲਤਾ ਤੇ ਪ੍ਰਸਿੱਧੀ ਲਈ ਅਰਦਾਸਾਂ ਕਰਨ ਜਾਂ ਪੁਜਾਰੀਆਂ ਤੋਂ ਅਰਦਾਸਾਂ ਕਰਵਾਉਣ ਨੂੰ ਧਾਰਮਿਕ ਕਿਰਿਆ ਮੰਨਦੇ ਹਨ, ਜਦੋਂ ਕਿ ਗੁਰਬਾਣੀ ਦੁਨਿਆਵੀ ਲਾਭ ਲਈ ਅਰਦਾਸ ਨੂੰ ਢੌਂਗ ਦੱਸਦੀ ਹੈ,

ਕਿਆ ਮੁਹੁ ਲੈ ਕੀਚੈ ਅਰਦਾਸਿ॥
ਪਾਪੁ ਪੁੰਨੁ ਦੋਇ ਸਾਖੀ ਪਾਸਿ॥
(ਪੰਨਾ 351)

ਸਿੱਖ ਧਰਮ ਵਿਚ ਐਸੇ ਬਹੁਤ ਸਾਰੇ ਪਰਸਪਰ ਵਿਰੋਧੀ ਅਤੇ ਅਸੰਗਤ ਵਿਚਾਰ ਅਤੇ ਵਿਹਾਰ ਪ੍ਰਚਲਤ ਹਨ।

ਸਿੱਖ ਜਗਤ ਵਿਚ ਸਿੱਖ ਰਹਿਤ ਮਰਯਾਦਾ ਨੂੰ ਹੀ ਸਿੱਖ ਰਿਲੀਜਨ (Religion), ਮਜ਼੍ਹਬ ਅਤੇ ਧਰਮ ਸਮਝਿਆ ਜਾਂਦਾ ਹੈ। ਅਸਲ ਵਿਚ ਧਰਮ ਨਿੱਜੀ ਧਾਰਮਿਕ ਵਿਸ਼ਵਾਸ ਹੁੰਦਾ ਹੈ। ਇਹ ਮੂਲ ਰੂਪ ਵਿਚ ਆਪਣੇ ਆਪ, ਆਪਣੇ ਨਿੱਜ ਨਾਲ ਸਬੰਧ ਦੀ ਕਿਰਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਧਰਮ ਨੂੰ ਵਿਸ਼ਵਾਸ ‘ਤੇ ਆਧਾਰਤ ਕਿਰਿਆ ਮੰਨਦੀ ਹੈ ਅਤੇ ਉਸ ਨੂੰ “ਸਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ॥” (ਪੰਨਾ 351) ਆਖਦੀ ਹੈ। ਉਸ ਨੂੰ ਜੀਵਨ ਸਾਧਣ ਵਾਲੇ ਗੁਣਾਂ ਵਲ ਧਿਆਨ ਦਿਵਾਉਣ ਵਾਲਾ ਜਨੇਊ ਆਖਦੀ ਹੈ, “ਦਇਆ ਕਪਾਹੁ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤਾ ਪਾਡੇ ਘਤੁ॥” (ਪੰਨਾ 471) ਸੱਚੀ ਕਿਰਿਆ, ਸੱਚ, ਸੰਤੋਖ, ਦਇਆ ਅਤੇ ਜਤ (ਇੰਦ੍ਰੀਆਂ ਨੂੰ ਕਾਬੂ ਵਿਚ ਰਖਣਾ) ਧਰਮ ਦੇ ਗੁਣ ਹਨ।

ਗੁਰਬਾਣੀ ਅਨੁਸਾਰ ਧਰਮ ਨੇ ਹੀ ਧੌਲ ਬੈਲ ਬਣ ਕੇ ਸੰਤੋਖ ਦੇ ਆਸਰੇ ਸੰਸਾਰ ਨੂੰ ਵਿਨਾਸ਼ ਤੋਂ ਬਚਾਇਆ ਹੋਇਆ ਹੈ, “ਧੌਲੁ ਧਰਮੁ ਦਇਆ ਕਾ ਪੂਤੁ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥” (ਪੰਨਾ 3) ਧਰਮ ਨਿਰੀ ਸੋਚ, ਵਿਚਾਰ ਅਤੇ ਵਿਸ਼ਵਾਸ ਹੀ ਨਹੀਂ, ਇਹ ਉਸ ਕਿਰਿਆ ਦੇ ਪੇੜ ਦਾ ਫੁੱਲ ਹੈ, ਜਿਸ ਨੂੰ ਗਿਆਨ ਦਾ ਫਲ ਲਗਦਾ ਹੈ, “ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥” (ਪੰਨਾ 1168) ਇਹ ਗਿਆਨ ਪ੍ਰਾਪਤੀ ਦਾ ਮਾਰਗ ਹੈ। ਧਰਮ ਵਿਚਾਰ ਅਤੇ ਗਿਆਨ ਨੂੰ ਪ੍ਰਥਮਕਤਾ ਦਿੰਦਾ ਹੈ ਅਤੇ ਵਿਹਾਰ ਨੂੰ ਵਿਚਾਰ ਦੇ ਅਨੁਕੂਲ ਰੱਖਣ ਦਾ ਉਪਦੇਸ਼ ਕਰਦਾ ਹੈ। ਗੁਰਬਾਣੀ ਅਨੁਸਾਰ ਧਰਮ ਦਾ ਦੂਜਿਆਂ ਅਤੇ ਸਮਾਜ ਨਾਲ ਕੋਈ ਵਾਸਤਾ ਨਹੀਂ ਹੁੰਦਾ ਅਤੇ ਨਾ ਹੀ ਧਰਮ ਕੋਈ ਸਮਾਜ, ਸੰਸਥਾ, ਅਨੁਸ਼ਾਸਨ ਜਾਂ ਸਭਿਆਚਾਰ ਹੈ। ਧਰਮ ਅਸਥਾਈ ਸੰਸਾਰ ਨੂੰ ਆਮ ਸੋਚ ਨਾਲੋਂ ਵਖਰੀ ਅਪ੍ਰਤੱਖ ਅਸਲੀਅਤ (Imperceptible alternative reality) ਵਜੋਂ ਦੇਖਦਾ ਹੈ।

ਗੁਰਬਾਣੀ ਵਿਚ ਬਿਆਨ ਕੀਤੇ ਧਰਮ ਦੇ ਗੁਣਾਂ ਬਾਰੇ ਸਿੱਖ ਜਗਤ ਵਿਚ ਵਿਆਪਕ ਅਗਿਆਨਤਾ ਹੈ। ਆਮ ਸਿੱਖ ਤੇ ਰਹਿਤ ਮਰਯਾਦਾ ਦੇ ਧਾਰਮਿਕ ਵਿਹਾਰ ਨੂੰ ਹੀ ਧਰਮ ਮੰਨਦੇ ਹਨ ਅਤੇ ਉਸ ਰਹਿਤ ਦਾ ਗੁਰਬਾਣੀ ਵਿਚਾਰਧਾਰਾ ਦੇ ਅਨੁਕੂਲ ਹੋਣਾ ਜ਼ਰੂਰੀ ਨਹੀਂ ਸਮਝਦੇ। ਸਿੱਖ ਰਹਿਤ ਮਰਯਾਦਾ ਗੁਰਮਤਿ ਨੂੰ ਇੱਕ ਨਿਵੇਕਲੇ ਕਰਮ ਕਾਂਡ ਵਜੋਂ ਬਿਆਨ ਕਰਦੀ ਹੈ। ਰਹਿਤ ਮਰਯਾਦਾ ‘ਤੇ ਆਧਾਰਤ ਸਿੱਖ ਧਰਮ ਵਿਸ਼ੇਸ਼ ਧਾਰਮਿਕ ਸੋਚ ਦੇ ਧਾਰਨੀਆਂ ਦਾ ਸੰਗਠਨ ਹੈ। ਇਹ ਇੱਕ ਵਖਰਾ ਸਭਿਆਚਾਰ ਹੈ, ਜਿਸ ਦੇ ਧਾਰਨੀਆਂ ਲਈ ਨਿੱਤ ਨੇਮ ਕਰਨਾ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਕਰਨਾ/ਸੁਣਨਾ, ਮਨ ਨੀਵਾਂ ਤੇ ਮਤ ਉਚੀ ਰੱਖਣਾ, ਅੰਮ੍ਰਿਤ ਪਾਨ ਅਤੇ ਰਹਿਤ ਵਾਲਾ ਜੀਵਨ ਧਾਰਨ ਕਰਨਾ ਜ਼ਰੂਰੀ ਮੰਨਿਆ ਗਿਆ ਹੈ। ਇਹ ਸਿੱਖ ਧਰਮ ਉਦਾਸੀ ਮੱਤ ਦੀ ਮੱਧਕਾਲੀ ਸੋਚ ‘ਤੇ ਆਧਾਰਤ ਸਿੱਖ ਰਹਿਤ ਮਰਯਾਦਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਇਸ਼ਟ ਮੰਨਣ ਵਾਲੀਆਂ ਸਿੱਖ ਸੰਪਰਦਾਵਾਂ ਦੇ ਵਿਚਾਰਾਂ ਤੇ ਵਿਹਾਰਾਂ ਦਾ ਮਿਸ਼ਰਨ ਹੈ, ਜਿਸ ਨੂੰ ਹੁਣ ਇੱਕ ਸਿੱਖ ਧਾਰਮਿਕ ਸੰਸਥਾਪਨ ਪ੍ਰਚਾਰਦਾ ਅਤੇ ਉਸ ਦੀ ਰਾਖੀ ਕਰਦਾ ਹੈ। ਧਰਮ ਸ਼ਾਸਤਰੀ ਅਤੇ ਵਿਦਵਾਨ ਵੀ ਗੁਰਬਾਣੀ ਦੀ ਵਿਆਖਿਆ ਤੇ ਟੀਕੇ ਉਸੇ ਧਾਰਮਿਕ ਸੰਸਥਾਪਨ ਵਲੋਂ ਪ੍ਰਵਾਣਿਤ ਦ੍ਰਿਸ਼ਟੀਕੋਣ ਤੋਂ ਕਰਦੇ ਹਨ। ਸਿੱਖ ਧਰਮ ਦਾ ਇਤਿਹਾਸ ਵੀ ਸੰਸਥਾਪਨ ਦੇ ਵਿਚਾਰਾਂ ਅਤੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖ ਕੇ ਲਿਖਿਆ ਜਾਂਦਾ ਹੈ ਅਤੇ ਧਰਮ ਬਾਰੇ ਰੂੜ੍ਹੀਮੁਕਤ ਵਿਚਾਰਾਂ ਅਤੇ 21ਵੀਂ ਸਦੀ ਦੀ ਵਿਗਿਆਨਕ ਸੋਚ ਨੂੰ ਅਣਡਿਠ ਕਰਨ ਦਾ ਦਸਤੂਰ ਹੈ; ਪਰ ਸਿੱਖ ਧਰਮ ਦਾ ਰਖਿਅਕ ਸੰਸਥਾਪਨ ਸਵੈਧੀਨ ਨਹੀਂ ਹੈ। ਉਹ ਭਾਰਤੀ ਕਾਨੂੰਨ ਦੀ ਉਪਜ ਤੇ ਕਿਰਤ ਹੈ ਅਤੇ ਉਸ ‘ਤੇ ਆਸ਼ਰਿਤ ਹੈ। “ਸਿਖੀ ਸਿਖਿਆ ਗੁਰ ਵਿਚਾਰਿ” ਤੋਂ ਸ਼ੁਰੂ ਹੋਏ ਸਿੱਖ ਧਰਮ ਦੀ ਪ੍ਰਤੀਨਿਧਤਾ ਹੁਣ ਭਾਰਤੀ ਕਾਨੂੰਨ ਦਾ ਸਿਰਜਿਆ ਧਾਰਮਿਕ ਸੰਸਥਾਪਨ ਕਰਦਾ ਹੈ। ਸਿੱਖ ਧਰਮ ਦੇ ਸਫਰ ਦੀ ਗਾਥਾ ‘ਤੇ ਸਰਸਰੀ ਨਜ਼ਰ ਮਾਰਨ ਦਾ ਯਤਨ ਕਰਦੇ ਹਾਂ।

ਗੁਰੂ ਨਾਨਕ ਸਾਹਿਬ ਨੇ ਪ੍ਰਕਿਰਤੀ ਦਾ ਨਿਰੀਖਣ, ਧਰਮ ਦਾ ਡੂੰਘਾ ਅਧਿਐਨ ਅਤੇ ਜਗਤ ਦੇ ਪ੍ਰਸਿਧ ਭਗਤਾਂ, ਧਰਮ ਸ਼ਾਸਤਰੀਆਂ ਤੇ ਵਿਦਵਾਨਾਂ ਨਾਲ ਵਿਚਾਰ-ਵਟਾਂਦਰੇ ਕਰਕੇ ਅਧਿਆਤਮਕ ਗਿਆਨ ਅਤੇ ਮਨੁੱਖੀ ਆਜ਼ਾਦੀ ਤੇ ਬਰਾਬਰੀ ਦੀ ਧਾਰਕ (Proponent) ਨਾਨਕ ਵਿਚਾਰਧਾਰਾ ਸਿਰਜੀ ਸੀ। ਉਨ੍ਹਾਂ ਦੀ ਵਿਚਾਰਧਾਰਾ ਦਾ ਹਿੰਦੂ ਧਰਮ ਅਤੇ ਜੋਗੀ ਮੱਤ ਦੇ ਉਪਾਸ਼ਕਾਂ ਵਲੋਂ ਵਿਰੋਧ ਹੋਣਾ ਸੁਭਾਵਿਕ ਸੀ, ਪਰ ਉਨ੍ਹਾਂ ਦਾ ਆਪਣਾ ਪੁੱਤਰ, ਸ੍ਰੀ ਚੰਦ ਵੀ ਵਿਰੋਧ ਕਰਨ ਲੱਗ ਪਿਆ। ਸੱਤਾ ਬਲਵੰਡ ਆਪਣੀ ਵਾਰ ਵਿਚ ਲਿਖਦੇ ਹਨ, “ਪੁੱਤਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ॥” (ਪੰਨਾ 967) ਗੁਰੂ ਨਾਨਕ ਸਾਹਿਬ ਤੋਂ ਸ਼ੁਰੂ ਹੋਈ ਪਰਿਵਾਰਕ ਵਿਅਕਤੀਆਂ ਵਲੋਂ ਗੁਰੂ ਸਾਹਿਬਾਨ ਦੀ ਵਿਰੋਧਤਾ ਸਮਾਂ ਪੈਣ ਨਾਲ ਹਿੰਸਾਤਮਕ ਹੋ ਗਈ। ਗੁਰੂ ਸਾਹਿਬਾਨ ਦੇ ਪਰਿਵਾਰਕ ਵਿਰੋਧੀ ਪ੍ਰਚਲਤ ਪ੍ਰਥਾ ਅਨੁਸਾਰ ਵਿਅਕਤੀ ਨੂੰ ਗੁਰੂ ਅਤੇ ਗੁਰੂ ਦੇ ਵੱਡੇ ਪੁੱਤਰ ਨੂੰ ਗੁਰਗੱਦੀ ਦਾ ਹੱਕਦਾਰ ਮੰਨਦੇ ਸਨ, ਪਰ ਗੁਰਬਾਣੀ ਇਸ ਪ੍ਰਥਾ ਦਾ ਖੰਡਨ ਕਰਦੀ ਸੀ ਅਤੇ ਇਸ ਦੇ ਵਿਰੁਧ ਸ਼ਬਦ ਨੂੰ ਗੁਰੂ ਮੰਨਦੀ ਸੀ, ਕਿਉਂਕਿ ਸ਼ਬਦ ਹੀ ਸਿਖਿਆ ਪ੍ਰਦਾਨ ਕਰਨ ਦਾ ਇਕੋ ਇੱਕ ਸਾਧਨ ਹੈ। ਗੁਰੂ ਸਾਹਿਬਾਨ ਦੇ ਪਰਿਵਾਰਕ ਵਿਰੋਧੀ ਸ਼ਬਦ ਅਤੇ ਗਿਆਨ ਨੂੰ ਗੁਰੂ ਮੰਨਣ ਤੋਂ ਇਨਕਾਰੀ ਸਨ। ਉਹ ਤਾਂ ਗੁਰਬਾਣੀ ਨਾਲੋਂ ਗੱਦੀ ਨੂੰ ਅਹਿਮ ਅਤੇ ਗੁਰਬਾਣੀ ਨੂੰ ਵਿਰਸੇ ਵਿਚ ਮਿਲਣ ਵਾਲੀ ਗੱਦੀ ਦਾ ਭਾਗ ਮੰਨਦੇ ਸਨ। ਜਨਮ ’ਤੇ ਆਧਾਰਤ ਹੋਣ ਕਾਰਨ ਗੁਰਗੱਦੀ ਨਿਰੋਲ ਹਿੰਦੂ ਜਾਤ-ਪਾਤ ਦਾ ਸੰਕਲਪ ਸੀ, ਜਿਸ ਨੂੰ ਗੁਰਬਾਣੀ ਪ੍ਰਵਾਨ ਨਹੀਂ ਸੀ ਕਰਦੀ। ਇਸ ਲਈ ਗੁਰੂ ਸਾਹਿਬਾਨ ਗੁਰੂ ਵਿਅਕਤੀ ਦਾ ਗਿਆਨਵਾਨ ਹੋਣਾ ਜ਼ਰੂਰੀ ਸਮਝਦੇ ਸਨ। ਇਸ ਸਿਧਾਂਤ ਨੂੰ ਮੁੱਖ ਰਖਦਿਆਂ ਗੁਰੂ ਨਾਨਕ ਸਾਹਿਬ ਨੇ ਜੋਤੀ ਜੋਤ ਸਮਾਉਣ ਸਮੇਂ ਗੁਰਬਾਣੀ ਸੰਚਾਰ ਦੀ ਜ਼ਿੰਮੇਵਾਰੀ ਭਾਈ ਲਹਿਣਾ ਯਾਨਿ ਗੁਰੂ ਅੰਗਦ ਸਾਹਿਬ ਨੂੰ ਸੌਂਪੀ। ਗੁਰੂ ਅੰਗਦ ਸਾਹਿਬ ਨੂੰ ਕਰਤਾਰਪੁਰ ਛੱਡ ਕੇ ਆਪਣਾ ਟਿਕਾਣਾ ਖਡੂਰ ਸਾਹਿਬ ਬਣਾਉਣਾ ਪਿਆ।

ਗੁਰੂ ਅੰਗਦ ਸਾਹਿਬ ਨੇ ਸੰਸਾਰ ਤੋਂ ਵਿਦਾਇਗੀ ਸਮੇਂ ਗੁਰਬਾਣੀ ਸੰਚਾਰ ਦੀ ਜ਼ਿੰਮੇਵਾਰੀ ਗੁਰੂ ਅਮਰਦਾਸ ਜੀ ਨੂੰ ਸੌਂਪੀ, ਜਿਸ ‘ਤੇ ਉਨ੍ਹਾਂ ਦਾ ਵੱਡਾ ਪੁੱਤਰ ਦਾਤੂ ਜੀ, ਜੋ ਗੁਰਗੱਦੀ ‘ਤੇ ਆਪਣਾ ਹੱਕ ਸਮਝਦਾ ਸੀ, ਬਹੁਤ ਨਾਰਾਜ਼ ਹੋ ਗਿਆ ਅਤੇ ਗੁਰੂ ਅਮਰਦਾਸ ਜੀ ਨਾਲ ਦੁਰਵਿਹਾਰ ਕਰਨ ਲੱਗ ਪਿਆ। ਗੁਰੂ ਅਮਰਦਾਸ ਜੀ ਨੂੰ ਖਡੂਰ ਸਾਹਿਬ ਛੱਡ ਕੇ ਗੋਇੰਦਵਾਲ ਸਾਹਿਬ ਨੂੰ ਗੁਰਬਾਣੀ ਸੰਚਾਰ ਦਾ ਕੇਂਦਰ ਬਣਾਉਣਾ ਪਿਆ। ਗੁਰੂ ਅਮਰਦਾਸ ਜੀ ਨੇ ਨਾਨਕ ਵਿਚਾਰਧਾਰਾ ਦੇ ਸੰਚਾਰ ਦੀ ਜ਼ਿੰਮੇਵਾਰੀ, ਭਾਈ ਜੇਠਾ ਜੀ, ਗੁਰੂ ਰਾਮਦਾਸ ਜੀ ਨੂੰ ਸੌਂਪੀ, ਜਿਸ ‘ਤੇ ਉਨ੍ਹਾਂ ਦਾ ਪੁੱਤਰ ਬਾਬਾ ਮੋਹਨ ਨਾਰਾਜ਼ ਹੋ ਗਿਆ। ਗੁਰੂ ਰਾਮ ਦਾਸ ਜੀ ਨੂੰ ਗੋਇੰਦਵਾਲ ਸਾਹਿਬ ਛੱਡ ਕੇ ਰਾਮਦਾਸਪੁਰ (ਅੰਮ੍ਰਿਤਸਰ) ਵਸਾਉਣਾ ਪਿਆ। ਗੁਰਮਤਿ ਦੀ ਵਧ ਰਹੀ ਮਾਨਤਾ ਅਤੇ ਪ੍ਰਭਾਵ ਨੇ ਬਾਬਾ ਸ੍ਰੀ ਚੰਦ ਨੂੰ ਆਪਣੇ ਉਦਾਸੀ ਮੱਤ ਨੂੰ ਗੁਰਮਤਿ ਪ੍ਰਚਾਰ ਦਾ ਸਹਿਯੋਗੀ ਬਣਾਉਣ ਦੀ ਪੇਸ਼ਕਸ਼ ਕਰ ਦਿੱਤੀ, ਜੋ ਗੁਰੂ ਜੀ ਨੇ ਪ੍ਰਵਾਨ ਕਰ ਲਈ। ਗੁਰੂ ਜੀ ਨੇ ਜੋਤੀ ਜੋਤ ਸਮਾਉਣ ਸਮੇਂ ਗੁਰਬਾਣੀ ਸੰਚਾਰ ਦੀ ਜ਼ਿੰਮੇਵਾਰੀ ਆਪਣੇ ਛੋਟੇ ਪੁੱਤਰ, ਅਰਜਨ ਦੇਵ ਜੀ ਨੂੰ ਸੌਂਪ ਦਿੱਤੀ, ਜਿਸ ‘ਤੇ ਉਨ੍ਹਾਂ ਦਾ ਵੱਡਾ ਪੁੱਤਰ ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦਾ ਜਾਨੀ ਦੁਸ਼ਮਣ ਬਣ ਗਿਆ। ਇਸ ਦੁਸ਼ਮਣੀ ਨੇ ਗੁਰੂ ਅਰਜਨ ਸਾਹਿਬ ਦੇ ਜੀਵਨ ਅਤੇ ਸਿੱਖ ਧਰਮ ਨੂੰ ਬਹੁਤ ਪ੍ਰਭਾਵਿਤ ਕੀਤਾ। ਵੱਡਾ ਪੁੱਤਰ ਹੋਣ ਕਾਰਨ ਪ੍ਰਿਥੀ ਚੰਦ ਗੁਰੂ ਪਦਵੀ ਅਤੇ ਦਰਬਾਰ ਸਾਹਿਬ ਦੀ ਜਾਇਦਾਦ ‘ਤੇ ਆਪਣਾ ਹੱਕ ਜਤਾਉਂਦਾ ਸੀ। ਪ੍ਰਿਥੀ ਚੰਦ ਦੇ ਪੁੱਤਰ, ਮੇਹਰਬਾਨ ਨੇ ਆਪਣੇ ਧਰਮ ਦਾ ਪ੍ਰਚਾਰ ਕਰਨ ਲਈ ਗੁਰੂ ਸਾਹਿਬਾਨ ਦੀ ਬਾਣੀ ਵਿਚ ਆਪਣੀਆਂ ਰਚਨਾਵਾਂ ਮਿਲਾ ਕੇ ਇੱਕ ਗ੍ਰੰਥ ਵੀ ਤਿਆਰ ਕਰ ਲਿਆ ਸੀ। ਗੁਰੂ ਅਰਜਨ ਸਾਹਿਬ ਨੇ ਵੀ ਨਾਨਕ ਬਾਣੀ ਅਤੇ ਚੋਣਵੇਂ ਭਗਤਾਂ ਦੀ ਬਾਣੀ ਦਾ ਗ੍ਰੰਥ ਤਿਆਰ ਕੀਤਾ, ਜੋ ਪੋਥੀ ਸਾਹਿਬ ਦੇ ਨਾਂ ਨਾਲ ਜਾਣਿਆ ਗਿਆ। ਗੁਰੂ ਅਰਜਨ ਸਾਹਿਬ ਦੇ ਸਮੇਂ ਗੁਰਮਤਿ ਪ੍ਰਚਾਰ ਬਹੁਤ ਪ੍ਰਫੁਲਤ ਹੋਇਆ, ਪਰ ਜਹਾਂਗੀਰ ਬਾਦਸ਼ਾਹ ਗੁਰੂ ਸਾਹਿਬ ਦੇ ਧਰਮ ਪ੍ਰਚਾਰ ਦਾ ਵਿਰੋਧੀ ਹੋ ਗਿਆ ਅਤੇ ਅਮੀਰ ਖੁਸਰੋ ਦੀ ਬਗਾਵਤ ਸਮੇਂ ਉਸ ਦੇ ਗੁਰੂ ਸਾਹਿਬ ਨਾਲ ਮੁਲਾਕਾਤ ਬਾਰੇ ਸ਼ਿਕਾਇਤ ਮਿਲਣ ‘ਤੇ ਮੁਗਲ ਸ਼ਾਸਨ ਨੇ ਗੁਰੂ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ।

ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਉਪਰੰਤ ਦਰਬਾਰ ਸਾਹਿਬ ‘ਤੇ ਪ੍ਰਿਥੀ ਚੰਦ ਦਾ ਕਬਜ਼ਾ ਹੋ ਗਿਆ। ਗੁਰੂ ਹਰਿਗੋਬਿੰਦ ਸਾਹਿਬ ਅਕਾਲ ਬੁੰਗਾ ਵਰਤਣ ਲੱਗ ਪਏ। ਗੁਰੂ ਸਾਹਿਬ ਦੇ ਰਿਸ਼ਤੇਦਾਰਾਂ ਵਲੋਂ ਮੁਰਤਜ਼ਾ ਖਾਨ ਨੂੰ ਅਕਾਲ ਬੁੰਗੇ ਦੀ ਕਿਲਾਬੰਦੀ ਕਰਨ ਦੀਆਂ ਸ਼ਿਕਾਇਤਾਂ ਮਿਲਣ ‘ਤੇ ਉਨ੍ਹਾਂ ਨੂੰ ਜਹਾਂਗੀਰ ਨੇ 7 ਸਾਲ ਗਵਾਲੀਆਰ ਕਿਲੇ ਵਿਚ ਕੈਦ ਰਖਿਆ। ਕੈਦ ਤੋਂ ਰਿਹਾ ਹੋਣ ‘ਤੇ ਵਿਰੋਧੀਆਂ ਨੇ ਉਨ੍ਹਾਂ ਨੂੰ ਫਜ਼ੂਲ ਜੰਗਾਂ ਵਿਚ ਉਲਝਾ ਲਿਆ ਤਾਂ ਜੋ ਗੁਰਮਤਿ ਦਾ ਪ੍ਰਚਾਰ ਬੰਦ ਕਰਵਾ ਕੇ ਗੁਰੂ ਪਦਵੀ ਨੂੰ ਹੀ ਵੰਗਾਰਿਆ ਜਾ ਸਕੇ, ਪਰ ਗੁਰੂ ਸਾਹਿਬ ਦਾ ਜੀਵਨ ਗੁਰਮਤਿ ਪ੍ਰਸਾਰ ਨੂੰ ਸਮਰਪਿਤ ਸੀ। ਉਨ੍ਹਾਂ ਜੰਗਾਂ ਤੋਂ ਕਿਨਾਰਾ ਕਰ ਲਿਆ ਅਤੇ ਯੋਜਨਾਬੱਧ ਢੰਗ ਨਾਲ ਗੁਰਮਤਿ ਪ੍ਰਚਾਰ ਅਰੰਭ ਦਿੱਤਾ, ਜਿਸ ‘ਤੇ ਗੁਰਮਤਿ ਦੇ ਸ਼ਰਧਾਲੂਆਂ ਵਿਚ ਬਹੁਤ ਵਾਧਾ ਹੋਇਆ। ਪ੍ਰਿਥੀ ਚੰਦ ਅਤੇ ਮੁਗਲ ਸ਼ਾਸਨ ਦੀ ਵਿਰੋਧਤਾ ਕਾਰਨ ਗੁਰੂ ਸਾਹਿਬ ਨੂੰ ਅੰਮ੍ਰਿਤਸਰ ਛੱਡਣਾ ਪਿਆ ਅਤੇ ਉਨ੍ਹਾਂ ਕੀਰਤਪੁਰ ਸਾਹਿਬ ਨੂੰ ਆਪਣਾ ਟਿਕਾਣਾ ਬਣਾ ਲਿਆ।

ਜੋਤੀ ਜੋਤ ਸਮਾਉਣ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਲਈ ਆਪਣੇ ਪੁੱਤਰਾਂ ਵਿਚੋਂ ਵਿਅਕਤੀ ਗੁਰੂ ਦੀ ਚੋਣ ਕਰਨੀ ਔਖੀ ਹੋ ਗਈ ਸੀ। ਸੂਰਜ ਮੱਲ ਦੇ ਵੱਡੇ ਪੁੱਤਰ ਧੀਰ ਮੱਲ ਨੇ ਪੋਥੀ ਸਾਹਿਬ ‘ਤੇ ਕਬਜ਼ਾ ਕੀਤਾ ਹੋਇਆ ਸੀ ਅਤੇ ਉਹ ਆਪਣੇ ਆਪ ਨੂੰ ਗੁਰੂ ਪਦਵੀ ਦਾ ਹੱਕਦਾਰ ਦੱਸਦਾ ਸੀ, ਪਰ ਗੁਰੂ ਜੀ ਨੇ ਉਦਾਸੀ ਮਤ ਦੇ ਵਿਸ਼ਵਾਸੀ ਬਾਬਾ ਗੁਰਦਿੱਤਾ ਜੀ ਦੇ ਛੋਟੇ ਪੁੱਤਰ ਹਰਿ ਰਾਏ ਜੀ ਨੂੰ ਗੁਰੂ ਥਾਪ ਦਿੱਤਾ। ਹਰਿ ਰਾਏ ਜੀ ਉਦਾਸੀ ਪਰਿਵਾਰ ਵਿਚੋਂ ਸਨ। ਗੁਰੂ ਹਰਿ ਰਾਏ ਜੀ ਨੇ ਜੋਤੀ ਜੋਤ ਸਮਾਉਣ ਸਮੇਂ ਆਪਣੇ ਛੋਟੇ ਪੁੱਤਰ, ਹਰਿ ਕਿਸ਼ਨ ਜੀ ਨੂੰ 5 ਸਾਲ ਦੀ ਉਮਰ ਵਿਚ ਗੁਰੂ ਥਾਪ ਦਿੱਤਾ। ਗੁਰੂ ਹਰਿ ਕਿਸ਼ਨ ਜੀ ਵੀ 3 ਸਾਲ ਬਾਅਦ ਜੋਤੀ ਜੋਤ ਸਮਾ ਗਏ ਅਤੇ ਗੁਰੂ ਦੀ ਚੋਣ ਸਿੱਖ ਸੰਗਤ ਨੂੰ ਕਰਨੀ ਪਈ। 22 ਸੋਢੀ ਗੁਰੂ ਪਦਵੀ ‘ਤੇ ਆਪਣਾ ਹੱਕ ਜਤਾਉਂਦੇ ਸਨ, ਪਰ ਸਿੱਖ ਸੰਗਤ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਛੋਟੇ ਪੁੱਤਰ ਤੇਗ ਬਹਾਦਰ ਜੀ ਨੂੰ ਗੁਰੂ ਚੁਣ ਲਿਆ। ਗੁਰੂ ਤੇਗ ਬਹਾਦਰ ਸਾਹਿਬ ਦੇ ਗੁਰੂ ਬਣਨ ‘ਤੇ ਧੀਰ ਮੱਲ ਗੁਰੂ ਸਾਹਿਬ ਦਾ ਦੁਸ਼ਮਣ ਬਣ ਗਿਆ। ਧੀਰ ਮੱਲ ਨੇ ਆਪਣੇ ਮਸੰਦ, ਸੀਂਹੇ ਤੋਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਮਾਰਨ ਲਈ ਗੋਲੀ ਚਲਵਾਈ। ਗੁਰੂ ਸਾਹਿਬ ਦੇ ਸ਼ਰਧਾਲੂਆਂ ਨੇ ਵੀ ਬਦਲਾ ਲੈਣ ਲਈ ਧੀਰ ਮੱਲ ‘ਤੇ ਹਮਲਾ ਕਰ ਦਿੱਤਾ। ਗੁਰਗੱਦੀ ਦੇ ਦਾਅਵੇਦਾਰਾਂ ਦੀਆਂ ਗੁਰੂ ਤੇਗ ਬਹਾਦਰ ਸਾਹਿਬ ਵਿਰੁਧ ਮੁਗਲ ਸ਼ਾਸਨ ਨੂੰ ਸ਼ਿਕਾਇਤਾਂ ਉਨ੍ਹਾਂ ਦੀ ਸ਼ਹੀਦੀ ਦਾ ਕਾਰਨ ਬਣ ਗਈਆਂ। ਉਨ੍ਹਾਂ ਦੀਆਂ ਸ਼ਿਕਾਇਤਾਂ ਅਤੇ ਸਾਜ਼ਿਸ਼ਾਂ ਨੇ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਉਦੋਂ ਤਕ ਜੰਗਾਂ ਵਿਚ ਉਲਝਾਈ ਰਖਿਆ, ਜਦੋਂ ਤਕ ਗੁਰਗੱਦੀ ਦੇ ਵਾਰਸ ਸਮਝੇ ਜਾਂਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾ ਹੋਈ। ਮੁਗਲ ਸ਼ਾਸਨ ਨਿਰਪੱਖ ਸੀ, ਪਰ ਗੁਰੂ ਸਾਹਿਬਾਨ ਦੇ ਪਰਿਵਾਰਕ ਵਿਰੋਧੀ ਗੁਰੂ ਸਾਹਿਬਾਨ ਦੀ ਵਧਦੀ ਪ੍ਰਸਿੱਧੀ ਨੂੰ ਮੁਗਲ ਸ਼ਾਸਨ ਲਈ ਖਤਰਾ ਦੱਸ ਕੇ ਸ਼ਾਸਨ ਨੂੰ ਗੁਰੂ ਸਾਹਿਬਾਨ ਦੇ ਵਿਰੁਧ ਕਰਨ ਵਿਚ ਸਫਲ ਹੋ ਗਏ ਸਨ। ਉਨ੍ਹਾਂ ਦੀਆਂ ਗੰਭੀਰ ਸ਼ਿਕਾਇਤਾਂ ਅਤੇ ਸਾਜ਼ਿਸ਼ਾਂ ਨੇ ਹੀ ਪਹਾੜੀ ਰਾਜਿਆਂ ਤੇ ਮੁਗਲ ਸ਼ਾਸਨ ਨੂੰ ਗੁਰੂ ਜੀ ਨਾਲ ਜੰਗਾਂ ਛੇੜਨ ਲਈ ਉਤਸ਼ਾਹਤ ਕੀਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਦੀ ਸ਼ਹੀਦੀ ਉਪਰੰਤ ਉਨ੍ਹਾਂ ਵਿਰੁਧ ਜੰਗ ਵੀ ਖਤਮ ਹੋ ਗਈ। ਗੁਰੂ ਸਾਹਿਬ ਨਿਪੁੰਨ ਫੌਜੀ ਕਮਾਂਡਰ ਅਤੇ ਸੰਗਠਕ ਹੁੰਦੇ ਹੋਏ ਗੁਰੂ ਪਦਵੀ ਨੂੰ ਸਭ ਤੋਂ ਅਹਿਮ ਸਮਝਦੇ ਸਨ ਅਤੇ ਗੁਰਮਤਿ ਗਿਆਨ ਦੀ ਸਿਖਿਆ ਦੇਣ ਅਤੇ ਉਸ ਦਾ ਪ੍ਰਸਾਰ ਕਰਨ ਨੂੰ ਆਪਣੇ ਜੀਵਨ ਦਾ ਮਨੋਰਥ ਮੰਨਦੇ ਸਨ। ਇਸੇ ਲਈ ਜੰਗ ਤੋਂ ਸੁਰਖਰੂ ਹੁੰਦੇ ਹੀ ਉਨ੍ਹਾਂ ਦਮਦਮੀ ਬੀੜ ਸੰਪਾਦਿਤ ਕਰਕੇ ਉਸ ਦੀ ਬਾਣੀ ਨੂੰ ਅਧਿਆਤਮਕ ਗਿਆਨ ਦੀ ਸਿਖਿਆ ਦੇਣ ਵਾਲਾ ਗੁਰੂ ਥਾਪ ਦਿੱਤਾ।

ਸਮਾਂ ਪੈਣ ਨਾਲ ਔਰੰਗਜ਼ੇਬ ਨੂੰ ਵੀ ਅਹਿਸਾਸ ਹੋ ਗਿਆ ਕਿ ਉਸ ਦੀ ਗੁਰੂ ਗੋਬਿੰਦ ਸਿੰਘ ਜੀ ਨਾਲ ਜੰਗ ਕਰਨੀ ਸਹੀ ਨਹੀਂ ਸੀ। ਉਸ ਨੇ ਗੁਰੂ ਸਾਹਿਬ ਨੂੰ ਮਿਲਣ ਦੀ ਇੱਛਾ ਨਾਲ ਉਨ੍ਹਾਂ ਨੂੰ ਅਹਿਮਦ ਨਗਰ ਸੱਦਿਆ, ਪਰ ਗੁਰੂ ਸਾਹਿਬ ਨਾਲ ਮਿਲਣ ਤੋਂ ਪਹਿਲੋਂ ਹੀ ਉਸ ਦੀ ਮੌਤ ਹੋ ਗਈ। ਨੰਦੇੜ ਵਿਚ ਗੁਰੂ ਜੀ ਦੀ ਮੁਲਾਕਾਤ ਬੰਦਾ ਬਹਾਦਰ ਨਾਲ ਹੋਈ। ਇਹ ਸਮਝਿਆ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਬੰਦਾ ਬਹਾਦਰ ਨੂੰ ਮੁਗਲਾਂ ਤੋਂ ਬਦਲਾ ਲੈਣ ਲਈ ਪੰਜਾਬ ‘ਤੇ ਹਮਲਾ ਕਰਨ ਲਈ ਆਖਿਆ ਸੀ। ਜੇ ਗੁਰੂ ਜੀ ਮੁਗਲਾਂ ਤੋਂ ਬਦਲਾ ਲੈਣਾ ਚਾਹੁੰਦੇ ਤਾਂ ਉਨ੍ਹਾਂ ਆਪ ਮੁਗਲਾਂ ‘ਤੇ ਹਮਲਾ ਕਰ ਦੇਣਾ ਸੀ, ਕਿਸੇ ਹੋਰ ਨੂੰ ਕਿਉਂ ਕਹਿਣਾ ਸੀ? ਗੁਰੂ ਸਾਹਿਬ ਨੇ ਉਸੇ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਦਮਦਮੀ ਬੀੜ ਦੀ ਸੰਪਾਦਨਾ ਕੀਤੀ ਸੀ, ਜਿਸ ਦੀ ਬਾਣੀ ਬਦਲੇ ਦੀ ਭਾਵਨਾ ਦਾ ਖੰਡਨ ਕਰਦੀ ਹੈ। ਕੀ ਉਨ੍ਹਾਂ ਗੁਰਬਾਣੀ ਉਪਦੇਸ਼ ਨੂੰ ਨਜ਼ਰ ਅੰਦਾਜ਼ ਕਰਕੇ ਮੁਗਲਾਂ ਤੋਂ ਬਦਲਾ ਲੈਣ ਲਈ ਆਖਿਆ ਹੋਵੇਗਾ? ਉਹ ਤੇ ਮੁਗਲ ਸ਼ਾਸਨ ਨਾਲ ਸੁਲ੍ਹਾ ਕਰਨ ਲਈ ਔਰੰਗਜ਼ੇਬ ਨੂੰ ਮਿਲਣ ਅਹਿਮਦ ਨਗਰ ਜਾਣ ਦਾ ਨਿਰਣਾ ਲੈ ਚੁਕੇ ਸਨ ਤਾਂ ਉਨ੍ਹਾਂ ਬੰਦਾ ਬਹਾਦਰ ਨੂੰ ਉਸੇ ਸ਼ਾਸਨ ‘ਤੇ ਹਮਲਾ ਕਰਨ ਲਈ ਕਿਉਂ ਕਹਿਣਾ ਸੀ? ਗੁਰੂ ਸਾਹਿਬ ਦਾ ਉਪਾਸ਼ਕ ਭਾਈ ਨੰਦ ਲਾਲ ਗੋਯਾ ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ ਦਾ ਉਸਤਾਦ ਸੀ। ਗੁਰੂ ਸਾਹਿਬ ਦੇ ਬਹਾਦਰ ਸ਼ਾਹ ਨਾਲ ਬਹੁਤ ਅੱਛੇ ਤਅਲੁਕਾਤ ਸਨ।

ਬੰਦਾ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਕਾਫੀ ਅਰਸੇ ਬਾਅਦ ਪੰਜਾਬ ਪਹੁੰਚਿਆ ਸੀ। ਉਸ ਨੇ ਪੰਜਾਬ ਵਿਚ ਮੁਗਲ ਫੌਜਾਂ ਨੂੰ ਕਈ ਥਾਂਵਾਂ ‘ਤੇ ਹਰਾਇਆ, ਪਰ ਅੰਤ ਵਿਚ ਉਸ ਦੀ ਹਾਰ ਹੋ ਗਈ ਅਤੇ ਉਸ ਨੂੰ ਬੰਦੀ ਬਣਾ ਕੇ ਸ਼ਹੀਦ ਕਰ ਦਿੱਤਾ ਗਿਆ। ਬੰਦਾ ਬਹਾਦਰ ਦੀ ਸ਼ਹੀਦੀ ਉਪਰੰਤ ਮੁਗਲ ਸ਼ਾਸਨ ਨੇ ਗੁਰਮਤਿ ਦੇ ਉਪਾਸ਼ਕਾਂ ਦੀ ਨਸਲਕੁਸ਼ੀ ਦਾ ਐਲਾਨ ਕਰ ਦਿੱਤਾ, ਪਰ ਉਹ ਐਲਾਨ ਗੁਰੂ ਸਾਹਿਬਾਨ ਦੇ ਵਿਰੋਧੀਆਂ, ਉਦਾਸੀਆਂ ਅਤੇ ਨਿਰਮਲਿਆਂ ‘ਤੇ ਲਾਗੂ ਨਹੀਂ ਸੀ ਹੁੰਦਾ, ਕਿਉਂਕਿ ਮੁਗਲ ਸ਼ਾਸਨ ਉਨ੍ਹਾਂ ਨੂੰ ਗੁਰਮਤਿ ਦੇ ਧਾਰਨੀ ਨਹੀਂ ਸਮਝਦਾ ਸੀ। ਦਰਬਾਰ ਸਾਹਿਬ ਤੇ ਅਕਾਲ ਬੁੰਗਾ ਉਤੇ ਗੁਰੂ ਸਾਹਿਬਾਨ ਦੇ ਵਿਰੋਧੀ ਤੇ ਉਦਾਸੀਏ ਕਬਜ਼ੇ ਸਨ, ਜੋ ਬਰਕਰਾਰ ਰਹੇ। ਉਦਾਸੀਆਂ ਅਤੇ ਨਿਰਮਲਿਆਂ ਨੇ ਗੁਰੂ ਸਾਹਿਬਾਨ ਵਲੋਂ ਸਥਾਪਤ ਧਰਮਸ਼ਾਲਾਵਾਂ ‘ਤੇ ਕਬਜ਼ੇ ਕਰ ਲਏ, ਉਨ੍ਹਾਂ ਨੂੰ ਗੁਰਦੁਆਰੇ ਬਣਾ ਦਿੱਤਾ ਅਤੇ ਮੁਗਲ ਸ਼ਾਸਨ ਦੀ ਹਮਾਇਤ ਕਰਨ ਲੱਗ ਪਏ। ਧਰਮਸ਼ਾਲਾਵਾਂ ਬੰਦ ਹੋਣ ਨਾਲ ਗੁਰੂ ਨਾਨਕ ਸਾਹਿਬ ਵਲੋਂ ਸ਼ੁਰੂ ਕੀਤਾ ਗੁਰਮਤਿ ਪ੍ਰਚਾਰ ਬੰਦ ਹੋ ਗਿਆ। ਗੁਰਮਤਿ ਦਾ ਪ੍ਰਚਾਰ ਬੰਦ ਹੋਣ ਨਾਲ ਉਦਾਸੀਆਂ ਨੇ ਗ੍ਰਹਿਸਥੀਆਂ ਨੂੰ ਵੀ ਆਪਣੇ ਮੱਤ ਵਿਚ ਸ਼ਾਮਲ ਕਰ ਲਿਆ ਅਤੇ ਗ੍ਰਹਿਸਥੀ ਉਦਾਸੀ ਮਤ ਨੂੰ ਸਿੱਖ ਧਰਮ ਵਜੋਂ ਪ੍ਰਚਾਰਨਾ ਸ਼ੁਰੂ ਕਰ ਦਿੱਤਾ। ਉਦਾਸੀਆਂ ਨੇ ਗੁਰੂ ਨਾਨਕ ਸਾਹਿਬ ਦਾ ਇਹ ਮੰਤਰ (ਮਾਤ੍ਰਾ) ਘੜ ਲਿਆ, “ਪ੍ਰਿਥਮ ਗੁਰੂ ਕੋ ਨਮਸਕਾਰ। ਸਗਲ ਜਗਤ ਜਾ ਕੇ ਆਧਾਰ। ਓਅੰਕਾਰ ਕੀ ਰਾਹ ਚਲਾਈ। ਸਤਿਗੁਰੁ ਹੋਏ ਆਪ ਸਹਾਈ। ਓਅੰ ਆਦਿ ਉਦਾਸੀ ਆਇ। ਉਦਾਸ ਧਰਮ ਕੀ ਰਾਹ ਚਲਾਏ…।” ਸਿੱਖ ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦੇ ਰਾਜ ਸਮੇਂ ਲਗਭਗ ਦੋ ਸੌ ਸਾਲ ਗੁਰਦੁਆਰਿਆਂ ਵਿਚ ਉਦਾਸੀਆਂ ਦੇ ਸਿੱਖ ਧਰਮ ਦਾ ਪ੍ਰਚਾਰ ਹੁੰਦਾ ਰਿਹਾ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ।

ਅੰਗਰੇਜ਼ਾਂ ਦੇ ਰਾਜ ਸਮੇਂ ਪੜ੍ਹੇ-ਲਿਖੇ ਸਿੱਖ ਉਦਾਸੀ ਮੱਤ ਦੀ ਸਨਾਤਨੀ ਸਿੱਖੀ ਤੋਂ ਸੰਤੁਸ਼ਟ ਨਹੀਂ ਸਨ। ਸਾਧਸਰਣ ਸਿੱਖ ਈਸਾਈ ਧਰਮ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਰਹੇ ਸਨ। ਆਰੀਆ ਸਮਾਜ ਵੀ ਆਪਣੇ ਧਰਮ ਦਾ ਜ਼ੋਰਦਾਰ ਪ੍ਰਚਾਰ ਕਰ ਰਿਹਾ ਸੀ। ਸਮੇਂ ਦੀ ਲੋੜ ਨੂੰ ਮੁੱਖ ਰਖਦਿਆਂ ਪੜ੍ਹੇ-ਲਿਖੇ ਸਿੱਖਾਂ ਨੇ ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ ਦਾ ਯੋਗ ਪ੍ਰਬੰਧ ਕਰਨ ਲਈ ਸ਼ਹਿਰਾਂ ਵਿਚ ਸਿੰਘ ਸਭਾਵਾਂ ਕਾਇਮ ਕਰਨ ਦਾ ਫੈਸਲਾ ਕਰ ਲਿਆ। ਲਾਹੌਰ ਅਤੇ ਅੰਮ੍ਰਿਤਸਰ ਵਿਚ ਸਿੰਘ ਸਭਾਵਾਂ ਦੇ ਵੱਡੇ ਕੇਂਦਰ ਸਥਾਪਤ ਹੋ ਗਏ। ਮਾਲਵੇ ਵਿਚ ਭਸੌੜ ਸਿੰਘ ਸਭਾ ਬਣ ਗਈ। ਸਿੰਘ ਸਭਾਵਾਂ ਦੇ ਨਾਲ ਚੀਫ ਖਾਲਸਾ ਦੀਵਾਨ ਵੀ ਸਥਾਪਤ ਹੋ ਗਏ, ਜਿਨ੍ਹਾਂ ਸਿਖਿਆ ਦੇ ਖੇਤਰ ਵਿਚ ਭਾਰੀ ਯੋਗਦਾਨ ਪਾਇਆ। ਭਾਵੇਂ ਸਿੰਘ ਸਭਾਵਾਂ ਦੀ ਕੋਈ ਇੱਕ ਸੰਯੁਕਤ ਸੰਸਥਾ ਨਾ ਬਣ ਸਕੀ, ਪਰ ਉਨ੍ਹਾਂ ਅਤੇ ਚੀਫ ਖਾਲਸਾ ਦੀਵਾਨਾਂ ਦੀਆਂ ਸੂਝਵਾਨ ਸੇਵਾਵਾਂ ਤੇ ਪ੍ਰਚਾਰ ਨੇ ਸਿੱਖਾਂ ਵਿਚ ਗੁਰਮਤਿ ਵਿਚਾਰਧਾਰਾ ਬਾਰੇ ਜਾਗ੍ਰਿਤੀ ਲੈ ਆਂਦੀ। ਭਟਕਣ ਵਿਚ ਪਏ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਜੁੜਨ ਲੱਗ ਪਏ। ਧਰਮਸ਼ਾਲਾਵਾਂ ਤੋਂ ਬਣੇ ਗੁਰਦੁਅਰਿਆਂ ਵਿਚ ਉਦਾਸੀ ਮੱਤ ਦੇ ਗੁਰਮਤਿ ਵਿਰੋਧੀ ਮਹੰਤਾਂ ਦੇ ਕਬਜ਼ੇ ਸਨ ਅਤੇ ਉਥੇ ਉਦਾਸੀ ਮੱਤ ਦੇ ਪ੍ਰਚਾਰ ਦੇ ਨਾਲ ਨਾਲ ਨਾਜਾਇਜ਼

(ਬਾਕੀ ਅਗਲੇ ਸਫੇ ’ਤੇ)

# ਸਿੱਖ ਧਰਮ ਵਿਚ ਪਰਸਪਰ ਵਿਰੋਧ ਕਿਉਂ ਹੈ?

*(ਪਿਛਲੇ ਸਫੇ ਦੀ ਬਾਕੀ)*

ਕਾਰਵਾਈਆਂ ਵੀ ਹੁੰਦੀਆਂ ਸਨ, ਜਿਸ ਤੋਂ ਸੂਝਵਾਨ ਸਿੱਖ ਬਹੁਤ ਦੁਖੀ ਸਨ। ਨਨਕਾਣਾ ਸਾਹਿਬ ਦੀ ਦੁਰਘਟਨਾ ਵਾਪਰਨ 'ਤੇ ਗੁਰਦੁਆਰਿਆਂ ਵਿਚ ਸੁਧਾਰ ਲਿਆਉਣ ਦੀ ਲਹਿਰ ਜ਼ੋਰ ਫੜ ਗਈ। ਗੁਰਦੁਆਰਾ ਸੁਧਾਰ ਲਹਿਰ ਉਦਾਸੀ ਮਹੰਤਾਂ ਦੇ ਵਿਰੁਧ ਸੀ, ਪਰ ਅੰਗਰੇਜ਼ ਸਰਕਾਰ ਮਹੰਤਾਂ ਦੀ ਹਮਾਇਤ ਵਿਚ ਸਿੱਖਾਂ ਦੇ ਸ਼ਾਂਤੀਪੂਰਵਕ ਰੋਸ 'ਤੇ ਤਸ਼ੱਦਦ ਕਰਨ ਲੱਗ ਪਈ।

ਮਹੰਤਾਂ ਦੀਆਂ ਜ਼ਿਆਦਤੀਆਂ ਅਤੇ ਸਰਕਾਰੀ ਤਸ਼ੱਦਦ ਦੇ ਬਾਵਜੂਦ ਸਿਦਕੀ ਸਿੱਖਾਂ ਵਲੋਂ ਅਰੰਭੀ ਗੁਰਦੁਆਰਾ ਸੁਧਾਰ ਲਹਿਰ ਸਫਲ ਹੋਈ। ਗੁਰਦੁਆਰਾ ਲਹਿਰ ਦਾ ਮਨੋਰਥ ਇਤਿਹਾਸਕ ਗੁਰਦੁਆਰਿਆਂ ਨੂੰ ਮਹੰਤਾ ਦੇ ਕਬਜ਼ੇ ਤੋਂ ਆਜ਼ਾਦ ਕਰਵਾ ਕੇ ਗੁਰਮਤਿ ਪ੍ਰਚਾਰ ਦੇ ਕੇਂਦਰ ਬਣਾਉਣਾ ਸੀ, ਪਰ ਸਿੱਖ ਲੀਡਰਾਂ ਨੇ ਗੁਰਦੁਆਰਿਆਂ ਵਿਚ ਸੁਧਾਰ ਲਿਆਉਣ ਦੀ ਥਾਂ ਗੁਰਦੁਆਰਾ ਕਾਨੂੰਨ ਬਣਾਉਣ ਲਈ ਸਹਿਮਤੀ ਬਣਾ ਲਈ। ਪੰਜਾਬ ਸਰਕਾਰ ਨੇ ਗੁਰਦੁਆਰਾਜ਼ ਐਕਟ 1925 ਪਾਸ ਕਰ ਦਿੱਤਾ ਅਤੇ ਸਾਰੇ ਇਤਿਹਾਸਕ ਗੁਰਦੁਆਰੇ ਸਰਕਾਰੀ ਕਾਨੂੰਨ ਦੇ ਅਧੀਨ ਹੋ ਗਏ। ਮਹੰਤ ਹਟਾ ਦਿੱਤੇ ਗਏ ਅਤੇ ਐਕਟ ਵਿਚ ਸਿੱਖਾਂ ਦੀਆਂ ਵੋਟਾਂ ਨਾਲ ਚੁਣੇ ਗੁਰਦੁਆਰਾ ਪ੍ਰਬੰਧਕਾਂ ਦੇ ਬੋਰਡ ਦੀ ਵਿਵਸਥਾ ਕਰ ਦਿੱਤੀ ਗਈ। ਐਕਟ ਨੇ ਗੁਰਦੁਆਰਾ ਪ੍ਰਬੰਧ ਦੇ ਕਰਤੱਵ ਅਤੇ ਨਿਯਮ ਨਿਰਧਾਰਤ ਕਰ ਦਿੱਤੇ। ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਵਲੋਂ ਚੁਣੇ ਬੋਰਡ ਦੇ ਅਧੀਨ ਹੋ ਗਿਆ, ਜਿਸ ਨੇ ਆਪਣਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖ ਲਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਰਤ ਦੇ ਗੁਰਦੁਆਰਾ ਕਾਨੂੰਨ ਦੀ ਉਪਜ ਹੈ। ਗੁਰਦੁਆਰਾ ਕਾਨੂੰਨ ਨਾਲ ਸਬੰਧਤ ਕੁਝ ਐਸੇ ਤੱਥ ਵੀ ਹਨ, ਜਿਨ੍ਹਾਂ ਬਾਰੇ ਸਿੱਖ ਜਗਤ ਵਿਚ ਜਾਣਕਾਰੀ ਦੀ ਘਾਟ ਹੈ। ਉਨ੍ਹਾਂ ਤੱਥਾਂ ਨੂੰ ਵਿਚਾਰਨ ਦੀ ਲੋੜ ਹੈ। ਉਨ੍ਹਾਂ ਦਾ ਵੇਰਵਾ ਕੁਝ ਇਸ ਤਰ੍ਹਾਂ ਹੈ:

(1) ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਦੀ ਪ੍ਰਬੰਧਕ ਹੈ, ਗੁਰਮਤਿ ਗਿਆਨ ਦਾ ਪ੍ਰਸਾਰ ਕਰਨ ਵਾਲੀ ਸੰਸਥਾ ਨਹੀਂ ਹੈ। ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਮਤਿ ਦੇ ਵਿਦਵਾਨ ਜਾਂ ਵਿਸ਼ੇਸ਼ਗ ਨਹੀਂ ਹਨ। ਪ੍ਰਬੰਧ ਗੁਰਮਤਿ ਨਹੀਂ ਹੈ। ਇਹ ਇੱਕ ਕਿੱਤਾ ਹੈ, ਜਿਸ ਦੀ ਯੂਨੀਵਰਸਿਟੀਆਂ ਵਿਚ ਸਿਖਿਆ ਦਿੱਤੀ ਜਾਂਦੀ ਹੈ। ਪ੍ਰਬੰਧ ਦੀ ਗੁਰਮਤਿ ਗਿਆਨ ਨਾਲ ਕੋਈ ਸਾਂਝ ਨਹੀਂ ਹੈ।

(2) ਸਿੱਖਾਂ ਨੂੰ ਵੋਟਾਂ ਪਾ ਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣਨ ਦਾ ਅਧਿਕਾਰ ਹੈ, ਪਰ ਉਸ ਦੇ ਕਰਤਵ ਅਤੇ ਅਧਿਕਾਰ ਨਿਰਧਾਰਤ ਕਰਨ ਦਾ ਹੱਕ ਨਹੀਂ ਹੈ। ਕਮੇਟੀ ਨੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਕੀ ਕਰਨਾ ਹੈ ਅਤੇ ਕਿਵੇਂ ਕਰਨਾ ਹੈ, ਇਹ ਸਰਕਾਰ ਦੇ ਕਾਨੂੰਨ ਨੇ ਨਿਰਧਾਰਤ ਕਰਨਾ ਹੈ।

(3) ਗੁਰੂ ਸਾਹਿਬਾਨ ਨੇ ਗੁਰਮਤਿ ਵਿਚਾਰਧਾਰਾ ਦੇ ਵਿਚਾਰ, ਸਿਖਿਆ ਅਤੇ ਪ੍ਰਸਾਰ ਲਈ ਧਰਮਸ਼ਾਲਾਵਾਂ ਸਥਾਪਤ ਕੀਤੀਆਂ ਸਨ। ਉਹ ਸੰਗਤ ਦੇ ਜੁੜ ਬੈਠਣ ਲਈ ਸੁਤੰਤਰ ਸਥਾਨ ਸਨ, ਗੁਰਦੁਆਰਿਆਂ ਵਾਂਗ ਸੰਸਥਾਗਤ ਸੰਸਥਾਵਾਂ ਨਹੀਂ ਸਨ। ਸ਼੍ਰੋਮਣੀ ਕਮੇਟੀ ਨੇ ਗੁਰਦੁਆਰਿਆਂ ਦੇ ਢਾਂਚੇ ਨੂੰ ਬਦਲ ਕੇ ਗੁਰਮਤਿ ਵਿਚਾਰ, ਸਿਖਿਆ ਅਤੇ ਪ੍ਰਸਾਰ ਦੀਆਂ ਧਰਮਸ਼ਾਲਾਵਾਂ ਬਣਾਉਣ ਦੀ ਥਾਂ ਗੁਰਦੁਆਰਿਆਂ ਵਿਚੋਂ ਮੂਰਤੀਆਂ ਹਟਾਉਣ, ਆਰਤੀਆਂ ਅਤੇ ਨਿਰੋਲ ਹਿੰਦੂ ਧਰਮ ਦੇ ਕਰਮ ਕਾਂਡ ਬੰਦ ਕਰਨ ਨੂੰ ਗੁਰਦੁਆਰਾ ਸੁਧਾਰ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਗੁਰਦੁਆਰੇ ਗੁਰੂ ਗ੍ਰੰਥ ਸਾਹਿਬ ਦੀ ਪੂਜਾ, ਪਾਠ ਅਤੇ ਕੀਰਤਨ ਕਰਨ ਅਤੇ ਸ਼ਰਧਾਲੂਆਂ ਦੀਆਂ ਇੱਛਾਵਾਂ ਪੂਰੀਆਂ ਕਰਨ ਵਾਲੀਆਂ ਸੰਸਥਾਵਾਂ ਹੀ ਬਣੇ ਰਹੇ।

(4) ਗੁਰਦੁਆਰਿਆਂ ਦੇ ਪ੍ਰਬੰਧ ਅਤੇ ਸੇਵਾਵਾਂ ਲਈ ਨਿਯੁਕਤ ਕੀਤੇ ਕਰਮਚਾਰੀਆਂ, ਪਾਠੀਆਂ, ਗ੍ਰੰਥੀਆਂ ਅਤੇ ਜਥੇਦਾਰਾਂ ਦੀਆਂ ਯੋਗਤਾਵਾਂ ਗੁਰਮਤਿ ਦੇ ਵਿਦਵਾਨਾਂ ਵਾਲੀਆਂ ਯੋਗਤਾਵਾਂ ਨਹੀਂ ਹਨ, ਉਨ੍ਹਾਂ ਨੂੰ ਗੁਰਮਤਿ ਦਾ ਗਿਆਨ ਨਹੀਂ ਹੈ।

(5) ਅਕਾਲ ਤਖਤ ਗੁਰਦੁਆਰਾ ਕਾਨੂੰਨ ਦੀ ਸੂਚੀ ਵਿਚ ਦਰਜ ਇੱਕ ਗੁਰਦੁਆਰਾ ਹੈ, ਜਿਸ ਦੇ ਜਥੇਦਾਰ ਨੂੰ ਸ਼੍ਰੋਮਣੀ ਕਮੇਟੀ ਨਿਯੁਕਤ ਕਰਦੀ ਹੈ। ਉਹ ਸਰਕਾਰੀ ਕਾਨੂੰਨ ਅਧੀਨ ਕੰਮ ਕਰ ਰਹੀ ਕਮੇਟੀ ਦਾ ਕਰਮਚਾਰੀ ਹੈ।

(6) ਚੋਣ ਪ੍ਰਣਾਲੀ ਨੇ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਰੰਗ ਚਾੜ੍ਹ ਦਿੱਤਾ ਹੈ, ਜਿਸ ਦੇ ਫਲਸਰੂਪ ਕਮੇਟੀ ਦੇ ਮੈਂਬਰਾਂ ਵਿਚ ਸਿਆਸਤ ਵਿਚ ਭਾਗ ਲੈਣ ਦੀ ਰੁਚੀ ਵਧ ਗਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਰਥਕ ਦਲੀਲ ਪੇਸ਼ ਕਰ ਸਕਦੇ ਹਨ ਕਿ ਆਰਿਆ ਧਰਮ ਅਤੇ ਹਿੰਦੂਤਵ ਨੂੰ ਸਮਰਪਿਤ ਸਰਕਾਰਾਂ ਦੇ ਕਾਨੂੰਨ ਅਧੀਨ ਹੁੰਦੇ ਹੋਏ ਵੀ ਕਮੇਟੀ ਨੇ ਸਿੱਖ ਪੰਥ ਵਿਚ ਏਕਤਾ ਬਰਕਰਾਰ ਰੱਖੀ, ਸਿੱਖਾਂ ਦੀ ਗਿਣਤੀ ਵਿਚ ਬਹੁਤ ਵਾਧਾ ਕੀਤਾ ਅਤੇ ਉਨ੍ਹਾਂ ਦੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪ੍ਰਤੀ ਸ਼ਰਧਾ ਵਧਾਈ; ਪਰ ਜਿਸ ਸਿੱਖ ਧਰਮ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਖਿਅਕ ਹੋਣ ਦਾ ਦਾਅਵਾ ਕਰ ਰਹੀ ਹੈ, ਉਸ ਦਾ ਆਧਾਰ ਗੁਰਮਤਿ ਨਹੀਂ, ਸਿੱਖ ਮਿਸਲਾਂ ਦੇ ਸਮੇਂ ਤੋਂ ਚਲੀ ਆ ਰਹੀ ਉਦਾਸੀਆਂ ਵਲੋਂ ਗ੍ਰਹਿਸਥੀਆਂ ਲਈ ਘੜੀ ਵਿਚਾਰਧਾਰਾ ਅਤੇ ਵਿਹਾਰ ਹੈ।

ਗੁਰਮਤਿ ਅਤੇ ਉਦਾਸੀਆਂ ਦੇ ਗ੍ਰਹਿਸਥੀ ਸਿੱਖ ਮੱਤ ਵਿਚ ਬਹੁਤ ਅੰਤਰ ਹੈ:

(1) ਗੁਰਮਤਿ ਗਿਆਨ ਹੈ ਅਤੇ ਉਦਾਸੀ ਮੱਤ ਵਿਹਾਰ ਹੈ।

(2) ਗੁਰਮਤਿ ਸ਼ਬਦ/ਗਿਆਨ ਨੂੰ ਗੁਰੂ ਮੰਨਦੀ ਹੈ, ਉਦਾਸੀ ਮੱਤ ਵਿਅਕਤੀ ਨੂੰ ਗੁਰੂ ਮੰਨਦਾ ਹੈ।

(3) ਗੁਰਮਤਿ ਅਧਿਆਤਮਕ ਗਿਆਨ ਦਾ ਵਿਚਾਰ, ਸਿਖਿਆ ਅਤੇ ਪ੍ਰਸਾਰ ਹੈ, ਜਦੋਂ ਕਿ ਉਦਾਸੀ ਮੱਤ ਉਨ੍ਹਾਂ ਦੀ ਬਣਾਈ ਧਾਰਮਿਕ ਰਹਿਤ ਦੀ ਪਾਲਣਾ ਕਰਨ ਵਾਲਾ ਅਨੁਸ਼ਾਸਨ ਹੈ।

(4) ਗੁਰਮਤਿ ਮਨ ਨੂੰ ਸ਼ਬਦ (ਗਿਆਨ) ਦੁਆਰਾ ਵਸ ਕਰਨ ਵਿਚ ਵਿਸ਼ਵਾਸ ਰੱਖਦੀ ਹੈ, ਉਦਾਸੀ ਮੱਤ ਪੁਰਾਤਨ ਕਾਲ ਤੋਂ ਚਲੀ ਆ ਰਹੀ ਪ੍ਰਥਾ ਅਨੁਸਾਰ ਸਰੀਰ ਦੇ ਅਨੁਸ਼ਾਸਨ ਨਾਲ ਮਨ ਸਾਧਣ ਵਿਚ ਵਿਸ਼ਵਾਸ ਰਖਦਾ ਹੈ।

(5) ਗੁਰਮਤਿ ਮਨੁੱਖ ਨੂੰ ਆਜ਼ਾਦ ਵਿਅਕਤੀ ਮੰਨਦੀ ਹੈ ਅਤੇ ਮਨੁੱਖਾਂ ਵਿਚ ਬਰਾਬਰੀ ਦੀ ਸਮਰਥਕ ਹੈ। ਉਦਾਸੀ ਮੱਤ ਹਿੰਦੂ ਧਰਮ ਦੀ ਜਾਤ-ਪਾਤ ਦਾ ਵਿਸ਼ਵਾਸੀ ਹੈ।

(6) ਗੁਰਮਤਿ ਗੁਰੂ ਨਾਨਕ ਦੀ ਵਿਚਾਰਧਾਰਾ ਹੈ, ਉਦਾਸੀ ਮੱਤ ਬ੍ਰਹਮਾ ਨੂੰ ਮੱਤ ਦਾ ਜਨਮਦਾਤਾ ਅਤੇ ਸਨਕਾਦਕ ਨੂੰ ਪਹਿਲਾ ਰਿਸ਼ੀ ਮੰਨਦਾ ਹੈ। ਸਿੱਖ ਧਰਮ ਵਿਚ ਬਾਬਾ ਸ੍ਰੀ ਚੰਦ ਨੂੰ ਉਦਾਸੀ ਮੱਤ ਦਾ ਜਨਮਦਾਤਾ ਮੰਨਿਆ ਜਾਂਦਾ ਹੈ।

(7) ਉਦਾਸੀਆਂ ਨੇ ਹਿੰਦੂ ਧਰਮ ਦੇ ਕਈ ਕਰਮ ਕਾਂਡਾਂ ਨੂੰ ਉਨ੍ਹਾਂ ਦੇ ਰੂਪ ਅਤੇ ਨਾਂ ਬਦਲ ਕੇ ਵਰਤਣ ਦੀ ਪ੍ਰਥਾ ਪਾ ਦਿੱਤੀ ਸੀ, ਜੋ ਹੁਣ ਤਕ ਪ੍ਰਚਲਤ ਹੈ।

(8) ਗੁਰਦੁਆਰਾ ਗੁਰਬਾਣੀ ਵਿਚ ਬਿਆਨ ਕੀਤੀ ਧਰਮ ਦਾ ਪ੍ਰਚਾਰ ਕਰਨ ਵਾਲੀ ਧਰਮਸ਼ਾਲਾ ਨਹੀਂ ਹੈ, ਇੱਕ ਸੰਗਠਕ ਸੰਸਥਾ ਹੈ। ਗੁਰਬਾਣੀ ਕਿਸੇ ਵੀ ਸੰਸਥਾ ਦੀ ਸਮਰਥਕ ਨਹੀਂ ਹੈ, ਮਨੁੱਖ ਦੀ ਨਿੱਜੀ ਆਜ਼ਾਦੀ ਦੀ ਹਾਮੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਿੱਖ ਧਰਮ ਨਾਲ ਗੁਰਦੁਆਰਾ ਪ੍ਰਬੰਧਕਾਂ ਵਾਲਾ ਰਿਸ਼ਤਾ ਹੈ, ਪਰ ਉਹ ਆਪਣੇ ਆਪ ਨੂੰ ਸਿੱਖ ਧਰਮ ਦੀ ਰਖਿਅਕ ਸਮਝਦੀ ਹੈ। ਸਿੱਖ ਧਰਮ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਗਿਆਨ 'ਤੇ ਆਧਾਰਤ ਹੈ। ਗੁਰਬਾਣੀ ਦੇ ਗਿਆਨ ਦੀ ਖੋਜ, ਸਿਖਿਆ, ਪ੍ਰਾਪਤੀ ਅਤੇ ਪ੍ਰਚਾਰ ਸਿੱਖ ਧਰਮ ਦੇ ਵਿਦਵਾਨਾਂ, ਧਰਮ ਸ਼ਾਸਤਰੀਆਂ, ਸੰਤਾਂ, ਭਗਤਾਂ ਅਤੇ ਗਿਆਨੀਆਂ ਦਾ ਕਾਰਜ ਖੇਤਰ ਹੈ। ਉਹ ਹੀ ਗੁਰਮਤਿ ਦਾ ਸਹੀ ਗਿਆਨ ਪ੍ਰਦਾਨ ਕਰਨ ਦੇ ਯੋਗ ਹੁੰਦੇ ਹਨ, ਪਰ ਗੁਰਮਤਿ ਦੇ ਵਿਦਵਾਨਾਂ ਦੀ ਆਜ਼ਾਦੀ ਅਤੇ ਪ੍ਰਸਿੱਧੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੂੰ ਰਾਸ ਨਹੀਂ ਆਉਂਦੀ। ਇਸ ਲਈ ਯੋਗਤਾ ਨਾ ਹੁੰਦੇ ਹੋਏ ਵੀ ਉਨ੍ਹਾਂ ਨੇ ਆਪਣੇ ਪ੍ਰਬੰਧਕੀ ਅਧਿਕਾਰਾਂ ਦੇ ਬਲ ਤੇ ਗੁਰਮਤਿ ਗਿਆਨ ਦੇ ਖੇਤਰ 'ਤੇ ਕਬਜ਼ਾ ਕਰ ਕੇ ਵਿਦਵਾਨਾਂ ਨੂੰ ਪੰਥ ਵਿਚੋਂ ਛੇਕਣ ਜਾਂ ਹਮਲਿਆਂ ਦੇ ਡਰਾਬੇ ਦੇ ਕੇ ਉਨ੍ਹਾਂ ਵਿਚ ਸਹਿਮ ਪੈਦਾ ਕੀਤਾ ਹੋਇਆ ਹੈ। ਸਿੱਖ ਮਿਸ਼ਨਰੀ ਸੰਸਥਾਵਾਂ ਨਾਲ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਦਾ ਵਿਹਾਰ ਸਹੀ ਨਹੀਂ ਹੈ। ਗੁਰਬਾਣੀ ਨੇ ਤਾਂ ਪ੍ਰਬੰਧਕਾਂ ਦੇ ਧਰਮ ਪ੍ਰਤੀ ਵਤੀਰੇ ਬਾਰੇ ਪਹਿਲੋਂ ਹੀ ਬਚਨ ਕਰ ਦਿੱਤਾ ਸੀ, "ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ॥" (ਪੰਨਾ 1124) ਪਰ ਸਿੱਖਾਂ ਨੇ ਉਸ ਨੂੰ ਨਜ਼ਰ ਅੰਦਾਜ਼ ਕਰ ਦਿੱਤਾ। ਐਸੇ ਮਾਹੌਲ ਵਿਚ ਕਮੇਟੀ ਵਲੋਂ ਮਾਨਤਾ ਪ੍ਰਾਪਤ ਰਵਾਇਤੀ ਸੰਤ ਪ੍ਰਥਾ ਪ੍ਰਫੁਲਤ ਹੋ ਰਹੀ ਹੈ।

ਜਿਹੜਾ ਧਰਮ ਦੋ ਵਖਰੀਆਂ ਵਿਚਾਰਧਾਰਾਵਾਂ 'ਤੇ ਟਿਕਿਆ ਹੋਵੇ, ਉਸ ਵਿਚ ਪਰਸਪਰ ਵਿਰੋਧ ਹੋਣਾ ਕੁਦਰਤੀ ਹੈ।

## ਪ੍ਰਤੀਕਰਮ

# 'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ'

**ਸੰਪਾਦਕ ਜੀ,**

ਸ. ਅਮਰਜੀਤ ਸਿੰਘ ਮੁਲਤਾਨੀ ਨੇ ਲੇਖਾਂ ਦੀ ਲੜੀ ਵਿਚੋਂ ਇੱਕ ਲੇਖ ਅਲੱਗ ਕਰਕੇ ਪ੍ਰਤੀਕਰਮ ਕਰ ਦਿੱਤਾ ਹੈ, ਮੁਬਾਰਕ! ਕਿਸੇ ਨੇ ਕਿਵੇਂ ਸੋਚਣਾ ਹੈ ਜਾਂ ਕਿਸ ਗੱਲ ਨੂੰ ਕਿਵੇਂ ਲੈਣਾ ਹੈ, ਪਰਸੀਵ ਕਰਨਾ ਹੈ, ਆਪੋ ਆਪਣੀ ਸਮਝ ਹੈ। ਇਹ ਸਲੋਕ ਗੁਰੂ ਅਮਰਦਾਸ ਜੀ ਦਾ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 951 'ਤੇ ਦਰਜ ਹੈ, ਜਿਸ ਦੇ ਅਰਥ ਵੀ ਗੁਰੂ ਗ੍ਰੰਥ ਸਾਹਿਬ ਦੀ ਸ਼ਬਦਾਰਥ ਦੀ ਤੀਜੀ ਪੋਥੀ ਵਿਚ ਨਾਲ ਹੀ ਦਿੱਤੇ ਹਨ,

ਬਾਬਾਣੀਆ ਕਹਾਣੀਆ
ਪੁਤ ਸਪੁਤ ਕਰੇਨਿ॥
ਜਿ ਸਤਿਗੁਰ ਭਾਵੈ
ਸੁ ਮੰਨਿ ਲੈਨਿ ਸੇਈ ਕਰਮ ਕਰੇਨਿ॥
ਜਾਇ ਪੁਛਹੁ ਸਿਮ੍ਰਿਤਿ ਸਾਸਤ ਬਿਆਸ ਸੁਕ
ਨਾਰਦ ਬਚਨ ਸਭ ਸ੍ਰਿਸਟਿ ਕਰੇਨਿ॥
ਸਚੈ ਲਾਇ ਸਚਿ ਲਗੇ
ਸਦਾ ਸਚੁ ਸਮਾਲੇਨਿ॥
ਨਾਨਕ ਆਏ ਸੇ ਪਰਵਾਣੁ
ਭਏ ਜਿ ਸਗਲੇ ਕੁਲ ਤਾਰੇਨਿ॥੧॥

ਸ਼ਬਦਾਰਥ ਦੇ ਅਰਥਾਂ ਵਾਲੇ ਪੰਨੇ 'ਤੇ ਨੀਚੇ ਨੋਟ ਲਿਖਿਆ ਹੈ, "ਜਿਹੜੀ ਚੰਗੀ ਔਲਾਦ ਹੁੰਦੀ ਹੈ, ਉਹ ਆਪਣੇ ਵੱਡਿਆਂ ਦੀਆਂ ਰਵਾਇਤਾਂ, ਜੋ ਗੁਰੂ ਆਸ਼ੇ ਅਨੁਕੂਲ ਹੋਣ, ਦੁਹਰਾਉਂਦੀ ਰਹਿੰਦੀ ਹੈ, ਪਰ ਜਿਹੜੇ ਮਾੜੇ ਪੁਰਸ਼ ਹੁੰਦੇ ਹਨ, ਉਹ ਆਪਣੀ ਮਤ 'ਤੇ ਹੀ ਚਲਦੇ ਹਨ ਅਤੇ ਝੂਠੇ ਕੁਸੱਤ ਵਿਚ ਪਏ ਹੋਏ ਆਪ ਵੀ ਡੁੱਬਦੇ ਹਨ ਤੇ ਆਪਣੇ ਸਾਕਾਂ-ਸਬੰਧੀਆਂ ਨੂੰ ਵੀ ਡੋਬਦੇ ਹਨ।" ਇਹ ਮੈਂ ਆਪਣੇ ਕੋਲੋਂ ਨਹੀਂ ਕਿਹਾ, ਸ਼ਬਦ ਗੁਰੂ ਅਮਰਦਾਸ ਜੀ ਦਾ ਹੈ ਅਤੇ ਅਰਥ ਸ਼ਬਦਾਰਥ ਦੀ ਪੋਥੀ ਤਿੰਨ ਵਿਚ ਸ਼ਬਦ ਦੇ ਨਾਲ ਹੀ ਦਿੱਤੇ ਹਨ।

5 ਅਗਸਤ 2020 ਨੂੰ ਰਾਮ ਮੰਦਿਰ ਦੀ ਨੀਂਹ ਰੱਖਣ ਦੇ ਸਮਾਗਮ 'ਤੇ ਬੋਲਦਿਆਂ ਗਿਆਨੀ ਇਕਬਾਲ ਸਿੰਘ ਨੇ ਕਿਹਾ ਸੀ ਕਿ ਅਸੀਂ (ਸਿੱਖ) ਲਵ-ਕੁਸ਼ ਦੀ ਔਲਾਦ ਹਾਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਰਮਾਇਣ ਦੀ ਰਚਨਾ ਕੀਤੀ। ਮੈਂ ਵਿਦਵਾਨ ਹੋਣ ਦਾ ਕਦੇ ਦਾਅਵਾ ਨਹੀਂ ਕੀਤਾ; ਮੈਂ ਸਿੱਖ ਧਰਮ ਦੀ ਵਿਦਿਆਰਥਣ ਹਾਂ ਤੇ ਰਹਾਂਗੀ ਅਤੇ ਵਿਦਿਆਰਥਣ ਹੋਣ ਦੇ ਨਾਤੇ ਮੈਨੂੰ ਇਹ ਦੋਵੇਂ ਬਿਆਨ ਹਜ਼ਮ ਨਹੀਂ ਹੋਏ। ਜਦੋਂ ਮੈਂ 'ਰੀਜ਼ਨ ਐਂਡ ਰੇਵੈਲੇਸ਼ਨ ਇਨ ਸਿਖਿਜ਼ਮ' ਤੇ ਪੀਐਚ.ਡੀ ਦੀ ਡਿਗਰੀ ਲਈ ਸੀ, ਉਸ ਦਿਨ ਤੋਂ ਮੰਨ ਲਿਆ ਸੀ ਕਿ ਸਿੱਖ ਧਰਮ ਨੂੰ ਵਿਚਾਰ ਰਾਹੀਂ ਸਮਝਣ ਦੀ ਕੋਸ਼ਿਸ਼ ਹੁਣ ਸ਼ੁਰੂ ਹੋਈ ਹੈ। ਮੇਰੇ ਲਈ ਪੀਐਚ.ਡੀ ਅੰਤ ਨਹੀਂ, ਸ਼ੁਰੂਆਤ ਸੀ, ਜੋ ਅੱਜ ਵੀ ਜਾਰੀ ਹੈ। ਸਾਡਾ ਪ੍ਰਾਇਮਰੀ ਸਰੋਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ ਅਤੇ ਗੌਣ ਸਰੋਤਾਂ ਵਿਚ ਭਾਈ ਗੁਰਦਾਸ ਨੂੰ ਮੈਂ ਸਿੱਖ ਧਰਮ ਦੇ ਪਹਿਲੇ ਥਿਆਲੋਜੀਅਨ ਮੰਨਦੀ ਹਾਂ। ਇਨ੍ਹਾਂ ਦੋਹਾਂ ਦਾ ਆਸਰਾ ਲੈ ਕੇ ਮੈਂ ਲੜੀਵਾਰ ਪੰਜ ਲੇਖਾਂ 'ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ', 'ਸਿੱਖ ਧਰਮ ਤੇ ਅਵਤਾਰਵਾਦ', 'ਜੈਸਾ ਸੇਵੈ ਤੈਸੋ ਹੋਇ', 'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ', 'ਸਭੇ ਸਾਝੀਵਾਲ ਸਦਾਇਨ' ਰਾਹੀਂ ਇਸ ਤੱਥ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਅਸੀਂ ਲਵ-ਕੁਸ਼ ਦੀ ਔਲਾਦ ਨਹੀਂ ਹਾਂ ਅਤੇ ਗੁਰੂ ਸਾਹਿਬਾਨ ਨੇ ਕਿਤੇ ਵੀ ਆਪਣੇ ਆਪ ਨੂੰ ਜਾਤ ਤੇ ਗੋਤ ਨਾਲ ਜੋੜ ਕੇ ਨਹੀਂ ਦੇਖਿਆ; ਘੱਟੋ ਘੱਟ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਤਾਂ ਨਹੀਂ। ਗੁਰੂ ਗੋਬਿੰਦ ਸਿੰਘ ਜਿਸ ਵਿਰਾਸਤ ਨੂੰ ਅੱਗੇ ਲੈ ਕੇ ਜਾਂਦੇ ਹਨ, ਉਹ ਉਨ੍ਹਾਂ ਨੂੰ ਗੁਰੂ ਨਾਨਕ ਪਾਤਿਸ਼ਾਹ ਪਾਸੋਂ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਹਰਗੋਬਿੰਦ, ਗੁਰੂ ਹਰਿਰਾਇ, ਗੁਰੂ ਹਰਕ੍ਰਿਸ਼ਨ ਤੋਂ ਹੁੰਦੀ ਹੋਈ ਗੁਰੂ ਤੇਗ ਬਹਾਦਰ ਰਾਹੀਂ ਮਿਲੀ, ਜਿਸ 'ਤੇ "ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ" ਵਚਨ ਸਹੀ ਢੁਕਦਾ ਹੈ।

ਇਸ ਨਾਤੇ (ਜਿਸ ਦਾ ਹਵਾਲਾ ਸਤੇ ਬਲਵੰਡ ਦੀ ਰਾਗੁ ਰਾਮਕਲੀ ਵਿਚ ਦਿੱਤੀ ਵਾਰ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਦਿੱਤਾ ਹੈ) ਇਸ ਵਿਰਾਸਤ ਵਿਚ ਗੁਰੂ ਅੰਗਦ ਦੇਵ ਗੁਰੂ ਨਾਨਕ ਦੇ ਪੁੱਤਰ ਹਨ ਅਤੇ ਗੁਰੂ ਅਮਰਦਾਸ ਗੁਰੂ ਅੰਗਦ ਦੇ ਪੁੱਤਰ ਤੇ ਗੁਰੂ ਨਾਨਕ ਦੇ ਪੋਤਰੇ ਹਨ; ਇਸ ਤਰ੍ਹਾਂ ਇਹ ਵਿਰਾਸਤ ਪੀੜ੍ਹੀ ਦਰ ਪੀੜ੍ਹੀ ਚੱਲਦੀ ਹੋਈ ਗੁਰੂ ਗੋਬਿੰਦ ਸਿੰਘ ਤੱਕ ਪਹੁੰਚਦੀ ਹੈ। ਇਸੇ ਵਿਰਾਸਤ ਦੇ ਸੰਦਰਭ ਵਿਚ ਗੁਰੂ ਅਮਰਦਾਸ ਦੇ ਉਸ ਸਲੋਕ ਦਾ ਹਵਾਲਾ ਦਿੱਤਾ ਹੈ, ਜਿਸ 'ਤੇ ਅਮਰਜੀਤ ਸਿੰਘ ਮੁਲਤਾਨੀ ਨੂੰ ਏਨੀ ਜ਼ਿਆਦਾ ਤਕਲੀਫ ਹੋਈ ਹੈ। ਇਹ ਲੇਖ ਇਕੱਲਵਾਂਝਾ ਨਹੀਂ ਹੈ, ਇਸ ਦਾ ਲੜੀਵਾਰ ਸੰਦਰਭ ਹੈ।

ਮੈਂ ਆਪਣੀ ਇਸ ਲੇਖ ਲੜੀ ਵਿਚ ਅਵਤਾਰਵਾਦ ਦਾ ਵੀ ਖੰਡਨ ਕੀਤਾ ਹੈ ਅਤੇ ਗੁਰੂ ਨਾਨਕ ਦੇ ਮਾਨਵ-ਬਰਾਬਰੀ ਦੇ ਸਿਧਾਂਤ ਦਾ ਵੀ ਜ਼ਿਕਰ ਕੀਤਾ ਹੈ। ਉਦਾਸੀਆਂ ਦੀ ਗੱਲ ਕਰਦਿਆਂ ਇਹ ਵੀ ਦੱਸਿਆ ਹੈ ਕਿ ਗੁਰੂ ਨਾਨਕ ਹਿੰਦੂ ਤੀਰਥਾਂ ਤੇ ਤੀਰਥ ਯਾਤਰਾ ਕਰਨ ਨਹੀਂ ਗਏ, ਉਨ੍ਹਾਂ ਨੇ ਧਰਮ ਨਾਲ ਜੁੜੇ ਪਖੰਡ ਅਤੇ ਕਰਮਕਾਂਡ ਨੂੰ ਨੰਗਿਆਂ ਕੀਤਾ।

ਮੈਨੂੰ ਨਹੀਂ ਪਤਾ ਕਿ ਗੁਰੂ ਨਾਨਕ ਵੱਲੋਂ ਖੇਤਾਂ ਵਿਚ ਕੰਮ ਕਰਨ ਦੀ ਗੱਲ ਕਰਕੇ ਮੈਂ ਗੁਰੂ ਨਾਨਕ ਨੂੰ ਕਰਾਮਾਤੀ ਕਿਵੇਂ ਸਿੱਧ ਕਰ ਦਿੱਤਾ? ਗੁਰੂ ਨਾਨਕ ਦੇ ਖੇਤ ਅਤੇ ਖੂਹ ਅੱਜ ਵੀ ਮੌਜੂਦ ਹਨ। ਸਾਖੀਆਂ ਵਿਚ ਤਾਂ ਇਹ ਵੀ ਪੜ੍ਹਦੇ ਤੇ ਸੁਣਦੇ ਆਏ ਹਾਂ ਕਿ ਭਾਈ ਲਹਿਣਾ ਜਦੋਂ ਪਹਿਲੀ ਵਾਰ ਕਰਤਾਰਪੁਰ ਗੁਰੂ ਨਾਨਕ ਨੂੰ ਮਿਲਣ ਆਏ ਤਾਂ ਰਸਤੇ ਵਿਚ ਗੁਰੂ ਨਾਨਕ ਆਪਣੇ ਖੇਤਾਂ ਵਿਚੋਂ ਸਿਰ 'ਤੇ ਪੰਡ ਚੁੱਕੀ ਆ ਰਹੇ ਸਨ ਤੇ ਭਾਈ ਲਹਿਣਾ ਗੁਰੂ ਨਾਨਕ ਤੋਂ ਹੀ ਗੁਰੂ ਨਾਨਕ ਦੇ ਦਰ ਦਾ ਰਾਹ ਪੁੱਛਦੇ ਹਨ, ਜਿਨ੍ਹਾਂ ਨੂੰ ਉਹ ਆਪਣੇ ਪਿੱਛੇ ਪਿੱਛੇ ਆਉਣ ਲਈ ਕਹਿੰਦੇ ਹਨ। ਭਾਈ ਲਹਿਣਾ ਨੂੰ ਅਸਚਰਜ ਹੁੰਦਾ ਹੈ, ਜਦੋਂ ਗੁਰੂ ਨਾਨਕ ਉਨ੍ਹਾਂ ਦੇ ਸਾਹਮਣੇ ਆ ਕੇ ਆਸਣ ਗ੍ਰਹਿਣ ਕਰਦੇ ਅਤੇ ਵਿਚਾਰ ਸਾਂਝੇ ਕਰਦੇ ਹਨ। ਇਹ ਵੀ ਸੁਣਿਆ ਤੇ ਪੜ੍ਹਿਆ ਹੈ ਕਿ ਗੁਰੂ ਨਾਨਕ ਸਾਹਿਬ ਨੇ ਗੁਰੁਗੱਦੀ ਸੌਂਪਣ ਤੋਂ ਪਹਿਲਾਂ ਯੋਗਤਾ ਦੀ ਪਰਖ ਕਰਨ ਲਈ ਵੀ ਪੈਮਾਨਾ ਕਿਰਤ ਅਤੇ ਸੇਵਾ ਨੂੰ ਰੱਖਿਆ ਸੀ। ਬਾਬੇ ਨਾਨਕ ਨੇ ਚਾਰ ਦਿਸ਼ਾਵਾਂ ਵਿਚ ਦੂਰ-ਦੁਰਾਡੇ ਮੁਲਕਾਂ ਵਿਚ ਚਾਰ ਉਦਾਸੀਆਂ ਕੀਤੀਆਂ ਅਤੇ ਹਰ ਥਾਂ ਲੋਕਾਂ ਨੂੰ ਉਪਦੇਸ਼ ਵੀ ਕਰਦੇ ਗਏ। ਕੀ ਉਨ੍ਹਾਂ ਨੂੰ ਸਫਰ ਨਾਲ ਥਕੇਵਾਂ ਨਹੀਂ ਸੀ ਹੁੰਦਾ? ਉਹ ਵੀ ਉਦੋਂ, ਜਦੋਂ ਆਵਾਜਾਈ ਦੇ ਪੁਖਤਾ ਸਾਧਨ ਨਹੀਂ ਸੀ ਹੁੰਦੇ? ਅਤੇ ਫਿਰ ਵੀ ਉਨ੍ਹਾਂ ਨੇ ਬਾਣੀ ਦਾ ਗਾਇਨ, ਵਿਚਾਰ-ਵਟਾਂਦਰਾ ਅਤੇ ਆਪਣੇ ਸਿਧਾਂਤਾਂ ਦਾ ਪ੍ਰਚਾਰ ਖੁੰਝਾਇਆ ਨਹੀਂ।

ਮੈਂ ਕਦੋਂ ਮਲਿਕ ਭਾਗੋ ਦੀ ਤਰਫਦਾਰੀ ਕੀਤੀ ਹੈ? ਮੇਰਾ ਤਾਂ ਇਹ ਮੰਨਣਾ ਹੈ ਕਿ ਸਿੱਖਾਂ ਵਿਚ ਗਿਰਾਵਟ ਹੀ ਉਦੋਂ ਆਉਣੀ ਸ਼ੁਰੂ ਹੋਈ, ਜਦੋਂ ਉਨ੍ਹਾਂ ਨੇ ਭਾਈ ਲਾਲੋਆਂ ਦਾ ਸਾਥ ਛੱਡ ਕੇ, ਕਿਰਤ ਦਾ ਸਾਥ ਛੱਡ ਕੇ ਨਵਾਬੀ ਦੇ ਤਾਜਾਂ ਨੂੰ ਕਬੂਲ ਕੀਤਾ ਅਤੇ ਮਲਿਕ ਭਾਗੋਆਂ ਦਾ ਸਾਥ ਦੇਣਾ ਸ਼ੁਰੂ ਕੀਤਾ। ਮੈਨੂੰ ਨਹੀਂ ਪਤਾ ਸ. ਮੁਲਤਾਨੀ ਨੂੰ ਖੇਤੀ ਕਰਨ ਦਾ ਕਿੰਨਾ ਕੁ ਤਜ਼ਰਬਾ ਹੈ, ਪਰ ਮੈਂ ਤਾਂ ਖੇਤੀਬਾੜੀ ਕਰਦੇ ਦਰਮਿਆਨੇ ਪਰਿਵਾਰ ਵਿਚ ਪਲ ਕੇ ਵੱਡੀ ਹੋਈ ਹਾਂ, ਅਜਿਹੇ ਪਰਿਵਾਰ, ਜਿਨ੍ਹਾਂ ਦੇ ਸਕੂਲ ਜਾਂਦੇ ਬੱਚੇ ਖੇਤਾਂ ਵਿਚ ਆਪਣੀ ਆਪਣੀ ਸਮਰੱਥਾ ਅਨੁਸਾਰ ਖੇਤੀ ਦੇ ਕੰਮਾਂ ਵਿਚ ਆਪਣੇ ਵੱਡਿਆਂ ਦਾ ਹੱਥ ਵਟਾਉਂਦੇ ਹੁੰਦੇ ਸੀ ਅਤੇ ਪੜ੍ਹਾਈ ਵਿਚ ਵੀ ਪਹਿਲੇ ਨੰਬਰਾਂ 'ਤੇ ਆਉਂਦੇ ਸੀ। ਉਦੋਂ ਰਵਾਇਤੀ ਫਸਲਾਂ-ਕਣਕ, ਮੱਕੀ, ਕਪਾਹ, ਕਮਾਦ ਆਦਿ ਬੀਜੀਆਂ ਜਾਂਦੀਆਂ ਸਨ, ਜਿਨ੍ਹਾਂ ਨੂੰ ਕਿਉਟਣ ਲਈ ਸਾਰੇ ਕਿਸਾਨੀ ਪਰਿਵਾਰ ਨੂੰ ਜੂਝਣਾ ਪੈਂਦਾ ਸੀ।

ਗੁਰੂ ਨਾਨਕ ਦਾ ਵਕਤ ਤਾਂ ਉਸ ਤੋਂ ਵੀ ਬਹੁਤ ਪਹਿਲਾਂ ਦਾ ਹੈ, ਪਰ ਜਦੋਂ ਮੈਂ ਖੇਤੀ ਵਿਚ ਪਲੀ ਹਾਂ, ਉਦੋਂ ਖੇਤੀ ਦਾ ਮਸ਼ੀਨੀਕਰਨ ਨਹੀਂ ਸੀ ਹੋਇਆ ਕਿ ਰਾਤ ਰਾਤ ਭਰ ਖੇਤਾਂ ਵਿਚ ਮਸ਼ੀਨਾਂ ਚੱਲਣ। 'ਸਾਰਾ ਦਿਨ' ਕੰਮ ਕਰਨ ਦਾ ਅਰਥ ਹੁੰਦਾ ਸੀ ਕਿ 'ਚੌਣੇ ਵੇਲੇ' ਨੂੰ ਕਿਸਾਨ ਖੇਤ ਦੇ ਕੰਮ ਮੁਕਾ ਕੇ ਘਰ ਆ ਜਾਂਦਾ ਸੀ। ਗੁਰੂ ਨਾਨਕ ਨੇ ਹਵਾ ਵਿਚੋਂ ਨਹੀਂ ਕਹਿ ਦਿੱਤਾ,

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠੁ ਦੇਖੁ॥੧॥

ਗੁਰੂ ਨਾਨਕ ਨੇ ਜੋ ਕੁਝ ਵੀ ਕਿਹਾ, ਆਪਣੀ ਸੁਰਤਿ ਦੇ ਅਨੁਭਵੀ ਪਲਾਂ ਵਿਚ ਸਤਿ ਦਾ ਜੋ ਅਨੁਭਵ ਕੀਤਾ, ਉਸ ਨੂੰ ਸ਼ਬਦ ਰਾਹੀਂ ਦੱਸਿਆ। ਬਾਕੀ ਮੈਂ ਕਿਸੇ ਬਹਿਸ ਵਿਚ ਨਹੀਂ ਪੈਣਾ ਚਾਹੁੰਦੀ। ਜੇ ਸਿੱਖ ਵਿਦਵਾਨ ਨਹੀਂ ਕੋਈ ਕੰਮ ਕਰ ਸਕੇ, ਸ. ਮੁਲਤਾਨੀ ਕਰ ਲੈਣ! ਬਾਬੇ ਨੇ ਤਾਂ ਹਰ ਬੰਦੇ ਨੂੰ ਹੱਕ ਦਿੱਤਾ ਹੈ ਕਿ ਉਹ ਸਰਬਤ ਦੇ ਭਲੇ ਲਈ ਜੋ ਵੀ ਕਰ ਸਕਦਾ ਹੈ, ਕਰੇ। ਗੁਰੂ ਨਾਨਕ ਨੇ ਤਾਂ ਅਧਿਆਤਮਕਤਾ ਅਤੇ ਧਰਮ ਨੂੰ ਸਿੱਧਾ ਕਿਰਤ ਨਾਲ ਜੋੜਦਿਆਂ ਇਹ ਵੀ ਕਿਹਾ ਹੈ,

ਗਿਆਨ ਵਿਹੂਣਾ ਗਾਵੈ ਗੀਤ॥
ਭੁਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨਿ ਪੜਾਏ॥
ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥੧॥

ਇਹ ਹੈ ਬਾਬੇ ਨਾਨਕ ਦੀ ਕਰਾਮਾਤ, ਜਿਹੜੀ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਕਰ ਕੇ ਦਿਖਾਈ ਅਤੇ ਕਰਨ ਲਈ ਕਿਹਾ, 'ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ।' ਕਿਰਤ ਨੂੰ ਪਹਿਲ ਦਿੱਤੀ ਹੈ।

*-ਡਾ. ਗੁਰਨਾਮ ਕੌਰ ਕੈਨੇਡਾ*

## ਸੰਪਾਦਕ ਦੀ ਡਾਕ

# ਪਾਠਕਾਂ ਦੀ ਭਾਵੁਕ ਸਾਂਝ ਕਰਕੇ ਹੀ ਪੰਜਾਬੀ ਚਿਰੰਜੀਵ

ਪਿਆਰੇ ਜੰਮੂ ਜੀ,
ਆਦਾਬ।

'ਪੰਜਾਬੀ ਟਾਈਮਜ਼' ਦੀ ਵਿਲੱਖਣਤਾ ਅਤੇ ਵਿਸ਼ੇਸ਼ਤਾ ਇਸ ਵਿਚ ਹੈ ਕਿ ਇਹ ਸਮਾਜ ਦੇ ਸਮੁੱਚੇ ਸਰੋਕਾਰਾਂ ਨੂੰ ਪ੍ਰਣਾਇਆ ਹੋਇਆ ਹੈ। ਸਰੋਕਾਰੀ ਰੰਗਾਂ ਦੀਆਂ ਪਰਤਾਂ ਫਰੋਲਦਾ, ਸੁਰਖ ਰੰਗ ਦੀ ਤਲਾਸ਼ ਵੀ ਬਣਦਾ ਅਤੇ ਇਸ 'ਚ ਰਚੀਆਂ ਪਲੱਤਣਾਂ ਦੀ ਪਰਖ ਵੀ ਕਰਦਾ ਹੈ। ਇਹ ਭਾਵੇਂ ਸ. ਜਤਿੰਦਰ ਪੰਨੂ ਦਾ ਅਜੋਕਾ ਰਾਜਨੀਤਕ ਵਿਸ਼ਲੇਸ਼ਣ ਹੋਵੇ, ਡਾ. ਗੁਰਨਾਮ ਕੌਰ ਕੈਨੇਡਾ ਤੇ ਡਾ. ਗੋਬਿੰਦਰ ਸਿੰਘ ਸਮਰਾਓ ਦੀਆਂ ਗੁਰਬਾਣੀ ਦੀਆਂ ਰਮਜ਼ਾਂ ਨੂੰ ਪਛਾਣਨ ਦੀ ਜੁਗਤ ਹੋਵੇ, ਡਾ. ਪ੍ਰਿਤਪਾਲ ਸਿੰਘ ਮਹਿਰੋਕ ਵਲੋਂ ਪੰਜਾਬੀ ਸਭਿਆਚਾਰ ਦਾ ਦਰਪਣ ਦਿਖਾਉਣਾ ਹੋਵੇ, ਪ੍ਰਿੰ. ਸਰਵਣ ਸਿੰਘ ਵਲੋਂ ਖੇਡ-ਜਗਤ ਦੇ ਵਰਕਿਆਂ ਨੂੰ ਫਰੋਲਣਾ ਹੋਵੇ ਜਾਂ ਸ. ਗੁਲਜ਼ਾਰ ਸਿੰਘ ਸੰਧੂ ਦੇ ਨਿੱਕ-ਸੁੱਕ ਵਿਚੋਂ ਮਾਣਕ-ਮੋਤੀਆਂ ਦੀ ਲਿਸ਼ਕੋਰ ਪ੍ਰਾਪਤ ਕਰਨਾ ਹੋਵੇ। ਤੁਸੀਂ ਵਧਾਈ ਦੇ ਪਾਤਰ ਹੋ, ਜਿਨ੍ਹਾਂ ਨੇ ਪੰਜਾਬੀ ਅਦਬ ਦੀਆਂ ਪ੍ਰਬੁੱਧ ਸ਼ਖਸੀਅਤਾਂ ਨੂੰ 'ਪੰਜਾਬ ਟਾਈਮਜ਼' ਰਾਹੀਂ ਪੰਜਾਬੀ ਪਾਠਕਾਂ ਨਾਲ ਜੋੜਿਆ ਹੈ।

'ਪੰਜਾਬੀ ਟਾਈਮਜ਼' ਦੇ ਪਿਛਲੇ ਅੰਕ ਵਿਚ ਪਾਠਕ ਇੰਦਰਜੀਤ ਮੰਗਾ ਵਲੋਂ ਲਿਖੇ ਪੱਤਰ ਨੇ ਮੈਨੂੰ ਬਹੁਤ ਹੀ ਭਾਵੁਕ ਕਰ ਦਿੱਤਾ। ਕਿਸੇ ਲਿਖਤ ਨਾਲ ਰੂਹ ਤੋਂ ਜੁੜਨਾ ਅਤੇ ਸ਼ਬਦ-ਸੰਚਾਰ ਵਿਚੋਂ ਜੀਵਨ-ਜੋਤ ਨੂੰ ਜਗਦੀ ਰੱਖਣ ਦਾ ਹੁਨਰ ਤੇ ਹਾਸਲ ਜਦ ਸ਼ਬਦ ਦੀ ਝੋਲੀ ਪੈਂਦਾ ਤਾਂ ਸ਼ਬਦਾਂ ਦੀ ਕਰਾਮਤੀ ਸ਼ਕਤੀ ਦੀ ਸਮਝ ਪੈਂਦੀ ਹੈ। ਮਾਸਟਰ ਗੁਰਬਚਨ ਸਿੰਘ ਵਰਗੇ ਪੰਜਾਬੀ ਪਾਠਕਾਂ ਕਰਕੇ ਹੀ ਪੰਜਾਬੀ ਬੋਲੀ ਸਦਾ ਚਿਰੰਜੀਵ ਹੈ ਤੇ ਰਹੇਗੀ। ਮੈਂ ਸਿਜਦਾ ਕਰਦਾ ਹਾਂ ਅਜਿਹੇ ਪਾਠਕਾਂ ਨੂੰ। ਆਸ ਹੈ, ਪੰਜਾਬੀ ਪਾਠਕ ਮੈਨੂੰ ਅਸ਼ੀਰਵਾਦ ਦਿੰਦੇ ਰਹਿਣਗੇ ਤਾਂ ਜੋ ਹੋਰ ਚੰਗਾ ਲਿਖ ਸਕਾਂ।

ਤੁਹਾਡੀ ਖੈਰੀਅਤ ਅਤੇ 'ਪੰਜਾਬ ਟਾਈਮਜ਼' ਦੀ ਪ੍ਰਫੁੱਲਤਾ ਲਈ ਦੁਆ ਕਰਦਾ ਹਾਂ।

*-ਡਾ. ਗੁਰਬਖਸ਼ ਸਿੰਘ ਭੰਡਾਲ*

# ਗੁਰਮੇਲ ਮਡਾਹੜ ਦੀ ਕਹਾਣੀ 'ਏਕਲਵਯ'

ਪੰਜਾਬੀ ਖੇਡ ਸਾਹਿਤ
13



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਗੁਰਮੇਲ ਮਡਾਹੜ ਆਲਰਾਊਂਡਰ ਸੰਗਰੂਰੀਆ ਸੀ। ਆਪਣੇ ਸ਼ਹਿਰ ਨੂੰ ਮੁੱਕੇਬਾਜ਼ਾਂ ਦਾ ਮੱਕਾ ਕਿਹਾ ਕਰਦਾ ਸੀ। ਉਹ ਕਵੀ, ਕਹਾਣੀਕਾਰ, ਨਾਵਲਕਾਰ, ਸ਼ਬਦ ਚਿੱਤਰਕਾਰ, ਸਫਰਨਾਮੀਆ, ਅਨੁਵਾਦਕ, ਸੰਪਾਦਕ, ਸਾਹਿਤ ਸਭੀਆ, ਸਮਾਜ ਸੇਵੀ ਅਤੇ ਪੰਜਾਬ ਪੱਧਰ ਦਾ ਮੁੱਕੇਬਾਜ਼ ਵੀ ਸੀ। ਉਸ ਨੇ ਪੰਜਾਬੀ, ਹਿੰਦੀ, ਉਰਦੂ ਤੇ ਗੁਜਰਾਤੀ ਵਿਚ ਸੌ ਦੇ ਕਰੀਬ ਕਿਤਾਬਾਂ ਛਪਵਾਈਆਂ। ਉਹ ਕਵੀ ਦਰਬਾਰਾਂ ਦਾ ਵੀ ਸ਼ਿੰਗਾਰ ਬਣਦਾ ਰਿਹਾ ਅਤੇ ਖੇਡ ਮੇਲਿਆਂ ਦੀਆਂ ਰੌਣਕਾਂ ਵਿਚ ਵੀ ਵਾਧਾ ਕਰਦਾ ਰਿਹਾ। ਉਸ ਨੂੰ ਦਰਜਨ ਦੇ ਕਰੀਬ ਸਾਹਿਤਕ ਮਾਣ ਸਨਮਾਨ ਮਿਲੇ। ਉਸ ਦੀਆਂ ਪੁਸਤਕਾਂ ਉਤੇ ਦਰਜਨ ਦੇ ਕਰੀਬ ਐੱਮ. ਫਿੱਲ ਥੀਸਸ ਲਿਖੇ ਗਏ। ਉਹ ਪਹਿਲੀ ਜੁਲਾਈ 1945 ਤੋਂ 28 ਨਵੰਬਰ 2011 ਤਕ ਜੀਵਿਆ ਅਤੇ ਆਪਣੀਆਂ ਵਿਸ਼ੇਸ਼ ਪੈੜਾਂ ਛੱਡ ਗਿਆ। ਉਹਦਾ ਨਾਂ 'ਗੁਰਮੇਲ' ਉਹਦੇ ਸੁਭਾਅ ਵਾਂਗ ਕੋਮਲ ਤੇ ਮੇਲ ਮਿਲਾਪ ਵਾਲਾ ਸੀ ਅਤੇ ਤਖੱਲਸ 'ਮਡਾਹੜ' ਉਹਦੀਆਂ ਖੜ੍ਹਵੀਆਂ ਮੁੱਛਾਂ ਵਰਗਾ ਖੜ੍ਹਵਾ। ਉਹ ਜਿੰਨਾ ਚਿਰ ਜੀਵਿਆ, ਟਹਿਕਦੇ ਫੁੱਲ ਵਾਂਗ ਜੀਵਿਆ ਤੇ ਮਹਿਕਾਂ ਵੰਡਦਾ ਅਚਨਚੇਤ ਅਲੋਪ ਹੋ ਗਿਆ। ਜਾਂਦਾ ਜਾਂਦਾ ਪੰਜਾਬੀ ਖੇਡ ਸਾਹਿਤ ਵਿਚ ਵੀ ਆਪਣਾ ਸੀਰ ਪਾ ਗਿਆ।

ਪੰਜਾਬੀ ਖੇਡ ਸਾਹਿਤ ਵਿਚ ਗਲਪੀ ਰੰਗ ਭਰਨ ਵਾਲਾ ਉਹ ਪਹਿਲਾ ਲੇਖਕ ਕਿਹਾ ਜਾ ਸਕਦੈ। ਉਸ ਨੇ ਵੱਖ ਵੱਖ ਭਾਸ਼ਾਵਾਂ ਦੀਆਂ ਬਿਹਤਰੀਨ ਖੇਡ ਕਹਾਣੀਆਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਅਤੇ 'ਸੰਸਾਰ ਦੀਆਂ ਪ੍ਰਸਿੱਧ ਖੇਡ ਕਹਾਣੀਆਂ' ਨਾਂ ਦਾ ਸੰਗ੍ਰਹਿ ਛਪਵਾਇਆ। ਉਸ ਨੇ ਰੂਸ, ਇੰਗਲੈਂਡ, ਕੈਨੇਡਾ, ਅਮਰੀਕਾ, ਪੁਰਤਗਾਲ, ਨਿਊਜ਼ੀਲੈਂਡ, ਫਰਾਂਸ, ਪਾਕਿਸਤਾਨ, ਜਰਮਨੀ, ਬਰਤਾਨੀਆ ਤੇ ਬ੍ਰਾਜ਼ੀਲ ਦੇ 21 ਲੇਖਕਾਂ ਦੀਆਂ 21 ਖੇਡ ਕਹਾਣੀਆਂ ਤੋਂ ਪੰਜਾਬੀ ਪਾਠਕਾਂ ਨੂੰ ਜਾਣੂੰ ਕਰਵਾਇਆ। 22ਵੀਂ ਕਹਾਣੀ ਉਸ ਨੇ ਆਪਣੀ ਲਿਖੀ ਸ਼ਾਮਲ ਕੀਤੀ। ਸੰਗ੍ਰਹਿ ਦੀਆਂ ਕਹਾਣੀਆਂ ਦੇ ਨਾਂ ਹੀ ਖੇਡ ਸ਼ਬਦਾਵਲੀ ਵਾਲੇ ਹਨ। ਮਸਲਨ ਖੂਨੀ ਮੈਚ, ਖਿਡਾਰੀ ਦਾ ਦਿਲ, ਸ਼ਤਰੰਜ ਦੀ ਚਾਲ, ਆਖਰੀ ਦੰਗਲ, ਆਖਰੀ ਦੌੜ, ਆਫ ਸਾਈਡ, ਇਕ ਖਿਡਾਰੀ ਦੀ ਡਾਇਰੀ 'ਚੋਂ, ਮੁਕਾਬਲਾ, ਸਭ ਤੋਂ ਵੱਡਾ ਪਹਿਲਵਾਨ, ਬਾਜ਼ੀ, ਹਾਰਿਆ ਹੋਇਆ ਆਦਮੀ, ਤੈਰਾਕੀ ਮੁਕਾਬਲੇ ਦਾ ਅੰਤ, ਟੇਕ ਆਫ, ਕ੍ਰਿਕਟ ਦਾ ਉਹ ਅਭੁੱਲ ਮੈਚ, ਹਜ਼ਾਰਵੇਂ ਗੋਲ 'ਤੇ ਅਤੇ ਵਿੰਬਲਡਨ ਵਿਚ ਬੱਲੇ ਤੇ ਦੱਲੇ। ਉਸ ਦੀ ਪੰਜਾਬੀ 'ਚ ਲਿਖੀ ਕਹਾਣੀ ਦਾ ਨਾਂ 'ਏਕਲਵਯ' ਹੈ ਜੋ, ਮਹਾਂ ਕਾਵਿ 'ਮਹਾਂਭਾਰਤ' ਦੇ ਮਿਥਿਹਾਸਕ ਪਾਤਰ ਗੁਰੂ ਦਰੋਣਾਚਾਰੀਆ ਦੇ ਅਨਿੰਨ ਸ਼ਿਸ਼ ਏਕਲਵਯ ਦੇ ਅੰਗੂਠਾ ਕੱਟ ਕੇ ਭੇਟ ਕਰਨ ਦੀ ਥਾਂ ਵਿਗਿਆਨਕ ਯੁਗ ਦੀ ਆਧੁਨਿਕ ਚੇਤਨਾ ਦਾ ਪਸਾਰ ਕਰਨ ਲਈ ਲਿਖੀ ਗਈ ਹੈ।

ਏਕਲਵਯ

ਅੱਜ ਦੇ ਮੁਕਾਬਲੇ ਵਿਚ ਤਾਂ ਉਸ ਨੇ ਕਮਾਲ ਹੀ ਕਰ ਦਿੱਤੀ ਸੀ। ਹਜ਼ਾਰਾਂ ਹੀ ਦਰਸ਼ਕਾਂ ਦੀ ਜ਼ਬਾਨ 'ਤੇ ਜੰਗ ਬਹਾਦਰ ਬਾਲਮੀਕੀ ਦਾ ਨਾਂ ਸੀ। ਪਹਿਲੇ ਦਿਨ ਜਦ ਉਹ ਰਿੰਗ ਵਿਚ ਉਤਰਿਆ ਸੀ ਤਾਂ ਕਈ ਖੇਡ ਪਾਰਖੂਆਂ ਨੇ ਉਸ ਦੇ ਸਰੀਰ ਦੇ ਪੱਠੇ ਦੇਖ ਕੇ ਭਵਿਸ਼ਵਾਣੀ ਕੀਤੀ ਸੀ ਕਿ ਇਹ ਮੁੰਡਾ ਇਸ ਵਾਰ ਜ਼ਰੂਰ ਸਰਬ-ਭਾਰਤੀ ਮੁੱਕੇਬਾਜ਼ੀ ਦੇ ਹੈਵੀ ਵੇਟ ਦਾ ਚੈਂਪੀਅਨ ਬਣੇਗਾ। ਉਸ ਦਾ ਸ਼ੇਰ ਦੀ ਤਰ੍ਹਾਂ ਛਾਤੀ ਤਾਣ ਕੇ ਪੂਰੇ ਸਵੈਮਾਣ ਨਾਲ ਰਿੰਗ ਵਿਚ ਵੜਨਾ, ਵਾਰਮ-ਅੱਪ ਹੋਣਾ, ਵਿਰੋਧੀ ਦੇ ਆਉਣ ਵੇਲੇ ਗੁੱਸੇ ਵਿਚ ਲਾਲ ਹੋ ਜਾਣਾ ਤੇ ਫੇਰ ਉਸ ਦਾ ਵਿਰੋਧੀ ਕੋਲ ਜਾ ਕੇ ਪੁੱਛਣਾ, "ਕਿਉਂ ਬਈ ਮਿੱਤਰਾ ਰਾਊਂਡ ਪੂਰਾ ਕਰਨਾ ਹੈ ਕਿ ਨਹੀਂ?"

ਪਹਿਲੀ ਨਜ਼ਰੇ ਤਾਂ ਉਸ ਦਾ ਫੁਕਰਾ ਹੋਣਾ ਹੀ ਸਿੱਧ ਕਰਦਾ ਸੀ, ਪਰ ਜਦ ਉਹ ਰੈਫਰੀ ਦੀ ਵਿਸਲ 'ਤੇ ਆਪਣੇ ਰੈੱਡ ਕਾਰਨਰ ਤੋਂ ਗਰੀਨ ਕਾਰਨਰ ਵੱਲ ਵਧਿਆ, ਮੁਸਕਰਾਇਆ, ਸੱਜੇ ਹੱਥ ਨਾਲ ਦੋ ਤਿੰਨ ਸਿੱਧੇ ਵਾਰ ਕਰਦਾ ਹੋਇਆ ਅੱਗੇ ਵਧਿਆ। ਮੌਕਾ ਦੇਖ ਕੇ ਵਿਰੋਧੀ ਨੇ ਉਸ ਵੱਲ ਪੂਰੇ ਜ਼ੋਰ ਦਾ ਮੁੱਕਾ ਚਲਾਇਆ, ਜਿਸ ਨੂੰ ਸਾਈਡ ਕੱਟ ਲਾ ਕੇ ਉਸ ਨੇ ਪਛਾੜ ਦਿੱਤਾ ਤੇ ਇਕ ਜ਼ਬਰਦਸਤ ਖੱਬਾ ਪੰਚ ਉਸ ਦੀ ਕਨਪਟੀ 'ਤੇ ਦੇ ਮਾਰਿਆ। ਪੰਚ ਪੈਂਦੇ ਹੀ ਉਹ ਕੱਟੇ ਹੋਏ ਦਰੱਖਤ ਵਾਂਗ ਢੇਰੀ ਹੋ ਗਿਆ। ਦਰਸ਼ਕ ਹੈਰਾਨ ਸਨ ਕਿ ਉਸ ਨੇ ਕਿਵੇਂ ਆਪਣੀ ਕਹਿਣੀ ਨੂੰ ਕਰਨੀ ਦੇ ਰੂਪ ਵਿਚ ਬਦਲ ਕੇ ਆਪਣੇ ਆਪ ਨੂੰ ਫੁਕਰਾ ਹੋਣ ਤੋਂ ਬਚਾ ਲਿਆ ਸੀ।

ਪੰਜਾਬ ਦੇ ਇਸ ਮੁੱਕੇਬਾਜ਼ ਜਗਜੀਤ ਸੇਖੋਂ ਨੂੰ ਬੁਰੀ ਤਰ੍ਹਾਂ ਹਰਾਉਣ ਦਾ ਕਾਰਨ ਉਸ ਦਾ ਨਿੱਜੀ ਝਗੜਾ ਵੀ ਸੀ, ਜਿਸ ਨੂੰ ਉਸ ਨੇ ਪੰਜਾਬ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿਚ ਬੁਰੀ ਤਰ੍ਹਾਂ ਖੜਕਾਇਆ ਸੀ। ਦਰਸ਼ਕਾਂ ਨੂੰ ਪੂਰੀ ਉਮੀਦ ਸੀ ਕਿ ਜੰਗ ਬਹਾਦਰ ਹੀ ਜਿੱਤੇਗਾ, ਪਰ ਉਨ੍ਹਾਂ ਦੀ ਉਦੋਂ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਜੱਜਾਂ ਨੇ ਫੈਸਲਾ ਉਸ ਦੇ ਵਿਰੁੱਧ ਸੁਣਾ ਦਿੱਤਾ ਸੀ। ਜੰਗ ਬਹਾਦਰ ਦੇ ਹੱਕ ਵਿਚ ਸੀਟੀਆਂ ਵੱਜੀਆਂ, ਸ਼ੋਰ ਪਿਆ। ਕੁਰਸੀਆਂ ਤਕ ਉਲਟਾਈਆਂ ਗਈਆਂ, ਪਰ ਫੈਸਲਾ ਅਟੱਲ ਰਿਹਾ ਸੀ। ਉਸ ਦਿਨ ਜੰਗ ਬਹਾਦਰ ਨੇ ਜਗਜੀਤ ਨੂੰ ਰੋ ਕੇ ਕਿਹਾ ਸੀ, "ਲੈ ਮਿੱਤਰਾ ਇਹ ਤਾਂ ਤੇਰਾ ਸ਼ਹਿਰ ਸੀ। ਮੇਜ਼ਬਾਨੀ ਦਾ ਫਾਇਦਾ ਉਠਾ ਗਿਐਂ...ਨੈਸ਼ਨਲ ਵਿਚ ਜੇ ਤੈਨੂੰ ਪਹਿਲਾ ਰਾਊਂਡ ਵੀ ਪੂਰਾ ਕਰਨ ਦੇ ਦਿੱਤਾ ਤਾਂ ਮੈਨੂੰ ਵੀ ਕਿਸੇ ਬਾਲਮੀਕੀ ਔਰਤ ਨੇ ਨਹੀਂ, ਕੁੱਤੀ ਨੇ ਜੰਮਿਆ ਹੋਵੇਗਾ।"

ਪੰਜਾਬ ਦੇ ਮੁੱਕੇਬਾਜ਼ ਨੂੰ ਹਰਾ ਕੇ ਉਸ ਦੇ ਮਨ ਨੂੰ ਬਹੁਤ ਤਸੱਲੀ ਹੋਈ ਸੀ, ਕਿਉਂਕਿ ਜਗਜੀਤ ਨੂੰ ਦਿੱਤੀ ਚਣੌਤੀ ਨੂੰ ਪੂਰਾ ਕਰਨ ਲਈ ਉਸ ਨੂੰ ਹਰਿਆਣਾ ਰਾਜ ਮੁੱਕੇਬਾਜ਼ੀ ਚੈਂਪੀਅਨਸ਼ਿਪ ਜਿੱਤਣੀ ਪਈ ਸੀ ਤੇ ਹਰਿਆਣੇ ਰਾਹੀਂ ਹੀ ਉਹ ਨੈਸ਼ਨਲ ਵਿਚ ਆਪਣੇ ਦੁਸ਼ਮਣ ਨਾਲ ਟੱਕਰ ਲੈ ਕੇ ਹਰਾ ਸਕਿਆ ਸੀ, ਜਿਸ ਕਰਕੇ ਉਹਦਾ ਹੌਸਲਾ ਬਹੁਤ ਵਧ ਗਿਆ ਸੀ।

ਉਸ ਤੋਂ ਬਾਅਦ ਉਸ ਨੇ ਜੋ ਵੀ ਮੁਕਾਬਲਾ ਲੜਿਆ ਸੀ, ਪਹਿਲਾਂ ਤਾਂ ਲੱਗਦੀ ਵਾਹ ਕਿਸੇ ਨੂੰ ਸਾਹਮਣੇ ਅੜਨ ਹੀ ਨਹੀਂ ਦਿੱਤਾ; ਸਿੱਧਾ ਨਾਕ ਆਊਟ ਕਰਦਾ ਰਿਹਾ, ਪਰ ਜੇ ਕੋਈ ਅੜ ਵੀ ਗਿਆ ਤਾਂ ਉਸ ਦੇ ਨਾਨੀ ਚੇਤੇ ਕਰਵਾ ਦਿੱਤੀ। ਅੱਗੇ ਨੂੰ ਮੁੱਕੇਬਾਜ਼ੀ ਮੁਕਾਬਲੇ ਤੋਂ ਤੋਬਾ ਕਰਾਉਣ ਤਕ ਗਿਆ।

ਜਿਥੇ ਦੋ ਕੋਚ ਜਾਂ ਕੁਝ ਖਿਡਾਰੀ ਇਕੱਠੇ ਹੁੰਦੇ, ਉਥੇ ਹੀ ਜੰਗ ਬਹਾਦਰ ਦੀ ਖੇਡ ਦੀ ਚਰਚਾ ਹੁੰਦੀ ਰਹਿੰਦੀ, ਪਰ ਨੈਸ਼ਨਲ ਕੋਚ ਮਿਸਟਰ ਬੋਪਾਰਾਏ ਨੂੰ ਉਸ ਨੂੰ ਦੇਖ ਕੇ ਕੁਝ ਯਾਦ ਆ ਰਿਹਾ ਸੀ। ਉਸ ਨੇ ਦਿਮਾਗ 'ਤੇ ਪੂਰਾ ਜ਼ੋਰ ਦਿੱਤਾ। ਛੇਤੇ ਆਇਆ, ਇਸ ਮੁੰਡੇ ਦੀ ਸ਼ਕਲ ਬਿਲਕੁਲ ਉਸ ਮੁੰਡੇ ਨਾਲ ਮਿਲਦੀ ਸੀ, ਜੋ ਉਸ ਨੂੰ ਕੁਲੈਕਟਰ ਸਾਹਿਬ ਦੀ ਕੋਠੀ ਵਿਚ ਅਕਸਰ ਮਿਲਿਆ ਕਰਦਾ ਸੀ। ਉਦੋਂ ਉਹ ਕੁਲੈਕਟਰ ਸਾਹਿਬ ਦੇ ਲੜਕੇ ਨੂੰ ਮੁੱਕੇਬਾਜ਼ੀ ਦੀ ਸਿੱਖਿਆ ਦੇਣ ਜਾਇਆ ਕਰਦਾ ਸੀ। ਉਹ ਚੌਦਾਂ ਪੰਦਰਾਂ ਸਾਲ ਦਾ ਮੁੰਡਾ ਅਕਸਰ ਸਵੇਰੇ ਆਪਣੇ ਪਿਉ ਦੇ ਨਾਲ ਕੋਠੀ ਵਿਚ ਝਾੜੂ ਦੇਣ ਆਉਂਦਾ। ਸਫਾਈ ਕਰਨ ਤੋਂ ਮਗਰੋਂ ਉਹ ਕਿੰਨਾ-ਕਿੰਨਾ ਚਿਰ ਉਥੇ ਹੀ ਬੈਠਾ ਉਸ ਨੂੰ ਕੋਚਿੰਗ ਦਿੰਦੇ ਨੂੰ ਦੇਖਦਾ ਰਹਿੰਦਾ। ਦੇਖਦੇ-ਦੇਖਦੇ ਉਹ ਕੁਲੈਕਟਰ ਸਾਹਿਬ ਦੀ ਤਿੰਨ ਸਾਲਾਂ ਦੀ ਉਥੇ ਦੀ ਠਹਰ ਦੇ ਦੌਰਾਨ ਪੂਰਾ ਜੁਆਨ ਹੋ ਗਿਆ ਸੀ।

"ਹਾਂ ਬਈ ਰਾਮ ਰੱਖਾ, ਮੁੰਡਾ ਤਾਂ ਤੇਰਾ ਵਾਕਿਆ ਈ ਬੜਾ ਜੁਆਨ ਹੋ ਗਿਐ ਪਰ ਇਸ ਨੂੰ ਖਾਣ ਪੀਣ ਨੂੰ ਕੀ ਦਿੰਨੈਂ?" ਇਕ ਦਿਨ ਕੁਲੈਕਟਰ ਸਾਹਿਬ ਨੇ ਰਾਮ ਰੱਖੇ ਤੋਂ ਪੁੱਛਿਆ ਸੀ। ਜਦ ਉਸ ਨੇ ਆਪਣੇ ਪੁੱਤ ਨੂੰ ਕਮੇਟੀ ਵਿਚ ਸਫਾਈ ਸੇਵਕ ਰਖਾਉਣ ਲਈ ਕੁਲੈਕਟਰ ਸਾਹਿਬ ਅੱਗੇ ਬੇਨਤੀ ਕੀਤੀ ਸੀ।

"ਮੈਂ ਗਰੀਬ ਕੀ ਖਾਣ ਨੂੰ ਦੇ ਸਕਦਾਂ ਸਾਹਬ... ਬੱਸ ਸੂਰ ਪਾਲਦਾ ਹੈ ਤੇ ਵੇਚ ਲੈਂਦਾ ਹੈ। ਇਕ ਦਾ ਆਚਾਰ ਪਾ ਲੈਂਦਾ ਹੈ। ਜਦ ਮੁੱਕ ਜਾਂਦਾ ਹੈ ਤਾਂ ਹੋਰ ਝਟਕ ਲੈਂਦਾ ਹੈ...।"

"ਦੁੱਧ ਫਰੂਟ?" ਉਸ ਨੇ ਪੁੱਛਿਆ ਸੀ।

"ਮੁੱਲ ਦੇ ਦੁੱਧ ਨਾਲ ਤਾਂ ਜੀ ਚਾਹ ਦਾ ਤੋੜਾ ਮਸਾਂ ਤੁਰਦੈ... ਫਰੂਟ ਸਾਡੀ ਕਿਸਮਤ ਵਿਚ ਕਿਥੇ?"

"ਅੱਛਾ ਜੇ ਇਸ ਨੂੰ ਨੌਕਰ ਕਰਵਾ ਦੇਈਏ ਫਿਰ ਤਾਂ ਫਰੂਟ ਲੈ ਕੇ ਮੁੰਡੇ ਨੂੰ ਦੇ ਦਿਆਂ ਕਰੇਂਗਾ?" ਕੁਲੈਕਟਰ ਸਾਹਿਬ ਦਾ ਸਵਾਲ ਸੁਣ ਕੇ ਰਾਮ ਰੱਖਾ ਇਕ ਵਾਰ ਤਾਂ ਕੁਝ ਪਲ ਚੁੱਪ ਰਿਹਾ, ਫਿਰ ਖੰਘੂਰਾ ਮਾਰ ਕੇ ਇੰਜ ਬੋਲਿਆ ਜਿਵੇਂ ਉਹ ਆਪਣੇ ਸੰਘ ਵਿਚੋਂ ਕੁਝ ਫਸਿਆ ਹੋਇਆ ਕੱਢ ਰਿਹਾ ਹੋਵੇ, "ਕੁੜੀ ਸਰ ਕੋਠੇ ਜਿੱਡੀ ਹੋਈ ਖੜ੍ਹੀ ਐ... ਉਹਦਾ ਵੀ ਕੁਛ ਕਰਨੈਂ ਜੀ...।" ਰਾਮ ਰੱਖੇ ਦਾ ਜਵਾਬ ਸੁਣ ਕੇ ਕੁਲੈਕਟਰ ਸਾਹਿਬ ਉਹਦੇ ਮੂੰਹ ਵੱਲ ਵੇਖਣ ਲੱਗ ਪਏ ਸੀ।

ਅਗਲੇ ਦਿਨ ਰਾਮ ਰੱਖਾ ਕੁਲੈਕਟਰ ਸਾਹਿਬ ਦੇ ਪੈਰੀਂ ਪਿਆ ਲਹਿ ਰਿਹਾ ਸੀ, "ਜਨਾਬ ਦੀ ਮਿਹਰਬਾਨੀ... ਤੁਸੀਂ ਸਾਡਾ ਮੁੰਡਾ ਕਿੱਤੇ ਉਤੇ ਲਾ ਦਿੱਤਾ...।"

ਉਸ ਤੋਂ ਬਾਅਦ ਉਸ ਨੇ ਮੁੰਡਾ ਕਦੇ ਨਹੀਂ ਸੀ ਦੇਖਿਆ, ਪਰ ਇਕ ਦਿਨ ਜਦ ਉਸ ਨੇ ਉਸ ਨੂੰ ਦੇਖਿਆ, ਉਦੋਂ ਉਹ ਹੈਰਾਨ ਹੀ ਰਹਿ ਗਿਆ ਸੀ। ਬਾਜ਼ਾਰ ਵਿਚ ਬਹੁਤ ਭਾਰੀ ਇਕੱਠ ਹੋਇਆ ਪਿਆ ਸੀ। ਉਸ ਨੇ ਭੀੜ ਚਾਰ ਕੇ ਅੱਗੇ ਵਧ ਕੇ ਕਾਰਨ ਜਾਣਨਾ ਚਾਹਿਆ। ਇਕ ਭੁੱਸਰੇ ਸਾਨ੍ਹ ਨਾਲ ਮੁੰਡਾ ਦੋ ਹੱਥ ਕਰ ਰਿਹਾ ਸੀ। ਸਾਨ੍ਹ ਉਹਦੇ ਵੱਲ ਭੱਜ ਕੇ ਪੈਂਦਾ। ਮੁੰਡਾ ਪਿੱਛੇ ਹਟਦਾ ਤੇ ਬੇਲਚੇ ਦਾ ਵਾਰ ਉਸ ਦੇ ਨੱਕ 'ਤੇ ਕਰ ਦਿੰਦਾ। ਸਾਨ੍ਹ ਮਾਰ ਖਾ ਕੇ ਇਕ ਵਾਰ ਰੁਕਦਾ, ਫੇਰ ਗੁੱਸਾ ਖਾ ਕੇ ਮੁੰਡੇ ਵੱਲ ਵਧਦਾ। ਮੁੰਡਾ ਫੇਰ ਜ਼ੋਰ ਦੀ ਵਾਰ ਕਰਦਾ। ਵਿਸ਼ਾਲ ਚੌੜੇ ਬਾਜ਼ਾਰ ਵਿਚ ਆਦਮੀ ਤੇ ਸਾਨ੍ਹ ਦੀ ਜੰਗ ਹੋ ਰਹੀ ਸੀ। ਕਹਿੰਦੇ ਹਨ, 'ਝੋਟੇ ਤੇ ਊਠ ਦਾ ਵੈਰ ਜਾਨ ਲੇਵਾ ਹੁੰਦਾ ਹੈ।' ਸਾਨ੍ਹ ਇਸ ਕਹਾਵਤ ਨੂੰ ਪੂਰੀ ਕਰ ਰਿਹਾ ਸੀ। ਮਨੁੱਖ ਨੂੰ ਸਾਰੀਆਂ ਸ਼ਕਤੀਆਂ 'ਤੇ ਕਬਜ਼ਾ ਕਰਨ ਦਾ ਮਾਣ ਹੈ, ਉਸ ਕੋਲ ਦਿਮਾਗ ਹੈ। ਉਹ ਵੀ ਆਪਣਾ ਕਬਜ਼ਾ ਨਹੀਂ ਸੀ ਛੱਡਣਾ ਚਾਹੁੰਦਾ। ਦਰਸ਼ਕਾਂ ਵਿਚੋਂ ਕੋਈ ਵੀ ਉਸ ਮੁੰਡੇ ਦੀ ਮਦਦ ਲਈ ਅੱਗੇ ਨਹੀਂ ਵਧ ਰਿਹਾ ਸੀ।

ਅਚਾਨਕ ਸਾਰੇ ਇਕੱਠ ਵਿਚ ਸ਼ੋਰ ਮੱਚ ਗਿਆ। ਮੁੰਡੇ ਦਾ ਬੇਲਚਾ ਤਿੰਨ ਥਾਂਵਾਂ ਤੋਂ ਟੁੱਟ ਗਿਆ। ਉਹ ਬਿਲਕੁਲ ਹਿੱਥਾ ਹੋ ਗਿਆ ਸੀ। ਸਾਨ੍ਹ ਫੇਰ ਟੱਕਰ ਲੈ ਕੇ ਉਸ ਵੱਲ ਵਧਿਆ। ਮੁੰਡਾ ਛਾਲ ਮਾਰ ਕੇ ਦੁਕਾਨ ਦੇ ਥੜ੍ਹੇ ਉਤੇ ਜਾ ਚੜ੍ਹਿਆ। ਇਸ ਵਾਰ ਉਸ ਨੇ ਪੂਰੇ ਜ਼ੋਰ ਨਾਲ ਖੱਬਾ ਮੁੱਕਾ ਸਾਨ੍ਹ ਦੇ ਨੱਕ 'ਤੇ ਮਾਰਿਆ ਤੇ ਸੱਜਾ ਸਿੰਗ ਦੇ ਹੇਠਾਂ ਪੁੜਪੁੜੀ ਵਿਚ। ਸਾਨ੍ਹ ਉਥੇ ਹੀ ਰੁਕ ਗਿਆ। ਇਸ ਤੋਂ ਬਾਅਦ ਉਸ ਨੇ ਦੋਹਾਂ ਪੁੜਪੁੜੀਆਂ ਵਿਚ ਖੱਬੇ ਸੱਜੇ ਮੁੱਕਿਆਂ ਦੀ ਬਾਰਸ਼ ਕਰ ਦਿੱਤੀ। ਸਾਨ੍ਹ ਨਾ ਅੱਗੇ ਹਿੱਲ ਰਿਹਾ ਸੀ, ਨਾ ਪਿੱਛੇ। ਜਿਵੇਂ ਉਹ ਸੁਧ ਬੁਧ ਗਵਾ ਬੈਠਾ ਹੋਵੇ। ਉਸ ਨੂੰ ਇਸ ਤਰ੍ਹਾਂ ਖੜ੍ਹਾ ਦੇਖ ਕੇ ਮੁੰਡਾ ਇਕ ਪਾਸੇ ਦੀ ਥੜ੍ਹੇ ਤੋਂ ਉਤਰਿਆ ਤੇ ਲੜਖੜਾਉਂਦਾ ਹੋਇਆ ਭੀੜ ਚੀਰ ਕੇ ਆਪਣੇ ਘਰ ਵੱਲ ਚੱਲ ਪਿਆ। ਸਾਨ੍ਹ ਉਥੇ ਹੀ ਖੜ੍ਹਾ ਸੀ। ਭੀੜ ਤਾੜੀਆਂ ਮਾਰ ਰਹੀ ਸੀ। ਉਹ ਅੱਗੇ ਵਧਿਆ। ਮੁੰਡੇ ਕੋਲ ਸਕੂਟਰ ਰੋਕਿਆ, "ਆ ਬੇਟਾ ਤੈਨੂੰ ਤੇਰੇ ਘਰ ਛੱਡ ਆਵਾਂ।" ਉਹ ਬੋਲਿਆ। ਮੁੰਡੇ ਨੇ ਮੁੜ ਕੇ ਦੇਖਿਆ। ਕੋਚ ਸਾਹਿਬ ਦੇ ਗੋਡੀਂ ਹੱਥ ਲਾਏ। ਉਸ ਦਾ ਸਾਹ ਫੁੱਲਿਆ ਹੋਇਆ ਸੀ। ਥਕੇਵਾਂ ਉਸ ਦੀਆਂ ਅੱਖਾਂ 'ਚੋਂ ਟਪਕ ਰਿਹਾ ਸੀ, ਪਰ ਉਸ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਉਸ ਨੂੰ ਉਹ ਆਦਮੀ ਆਪਣੇ ਸਕੂਟਰ 'ਤੇ ਬਹਿਣ ਲਈ ਕਹਿ ਰਿਹਾ ਹੈ, ਜਿਹੜਾ ਕੁਲੈਕਟਰ ਸਾਹਿਬ ਦੇ ਮੁੰਡੇ ਨੂੰ ਮੁੱਕੇਬਾਜ਼ੀ ਸਿਖਾਉਣ ਆਉਂਦਾ ਹੈ।

"ਆ ਬੈਠ...।" ਕਹਿ ਕੇ ਉਸ ਨੇ ਉਸ ਦੀ ਬਾਂਹ ਤੋਂ ਫੜ ਕੇ ਪਿਛਲੀ ਸੀਟ 'ਤੇ ਬੈਠਾ ਲਿਆ ਸੀ। ਮੁੰਡੇ ਦੇ ਰਾਹ ਦੱਸਣ ਅਨੁਸਾਰ ਸਕੂਟਰ ਉਸ ਦੇ ਘਰ ਵੱਲ ਚੱਲ ਪਿਆ। ਘਰ ਅੱਗੇ ਆ ਕੇ ਮੁੰਡੇ ਨੇ ਸਕੂਟਰ ਰੁਕਵਾਇਆ। ਉਥੇ ਉਸ ਨੂੰ ਉਤਾਰ ਕੇ ਉਸ ਨੇ ਮੁੜਨਾ ਚਾਹਿਆ, ਪਰ ਮੁੰਡੇ ਨੇ ਤਰਲੇ ਨਾਲ ਕਿਹਾ, "ਸਾਹਿਬ ਮੇਰੇ ਘਰ ਨਹੀਂ ਆਓਗੇ?"




"ਜ਼ਰੂਰ, ਕਿਉਂ ਨਹੀਂ?" ਉਹ ਇਕ ਬਹਾਦਰ ਮੁੰਡੇ ਦਾ ਦਿਲ ਨਹੀਂ ਤੋੜਨਾ ਚਾਹੁੰਦਾ ਸੀ। ਸਕੂਟਰ ਸਟੈਂਡ 'ਤੇ ਲਾ ਕੇ ਉਹ ਮੁੰਡੇ ਦੇ ਮਗਰ-ਮਗਰ ਕਮਰੇ ਅੰਦਰ ਚਲਾ ਗਿਆ। ਉਸ ਨੇ ਦੇਖਿਆ ਸਾਹਮਣੇ ਰੇਤ ਦਾ ਭਰਿਆ ਰੇਹ ਵਾਲਾ ਕੱਟਾ ਕਿੱਟ ਦੇ ਰੂਪ ਵਿਚ ਲਟਕ ਰਿਹਾ ਸੀ। ਉਸ ਉਤੇ ਹੀ ਲਾਲ ਰੰਗ ਦੇ ਗਲੱਵਜ਼ ਪਏ ਸਨ। ਉਸ ਨੇ ਦੀਵਾਰ ਨਿਗ੍ਹਾ ਮਾਰੀ, ਕੈਸ਼ੀਅਸ ਕਲੇ ਤੇ ਜੋਅ ਫਰੇਜ਼ੀਅਰ ਦੇ ਭੇੜ ਦੀ ਤਸਵੀਰ ਦਿਖਾਈ ਦੇ ਰਹੀ ਸੀ। ਇਕ ਪਾਸੇ ਅਖਬਾਰ ਵਿਚੋਂ ਕੱਟ ਕੇ ਚਿਪਕਾਈ ਤਸਵੀਰ ਵਿਚ ਏਸ਼ੀਆ ਦਾ ਚੈਂਪੀਅਨ ਕੌਰ ਸਿੰਘ ਮੁਸਕਰਾ ਰਿਹਾ ਸੀ ਤੇ ਦੂਜੇ ਪਾਸੇ ਉਸ ਦੀ ਆਪਣੀ ਤਸਵੀਰ ਲੱਗੀ ਹੋਈ ਸੀ।

"ਇਹ ਤਸਵੀਰ ਤੇਰੇ ਕੋਲ ਕਿਵੇਂ ਆਈ?" ਉਹ ਝੱਟ ਬੋਲ ਉਠਿਆ।

"ਕੁਲੈਕਟਰ ਸਾਹਿਬ ਦੇ ਕਾਕਾ ਜੀ ਤੋਂ ਲਈ ਸੀ, ਜਿਸ ਦਿਨ ਮੈਂ ਨੌਕਰੀ 'ਤੇ ਲੱਗਿਆ ਸੀ, ਉਸ ਤੋਂ ਇਕ ਦਿਨ ਪਹਿਲਾਂ।"

"ਤੈਂ ਕੀ ਕਰਨੀ ਸੀ?" ਉਸ ਨੇ ਫਜ਼ੂਲ ਜਿਹਾ ਸਵਾਲ ਕਰ ਦਿੱਤਾ।

"ਮੈਂ ਸਰ ਤੁਹਾਨੂੰ ਆਪਣਾ ਗੁਰੂ ਮੰਨਿਆ ਹੋਇਐ... ਤੁਹਾਡੀ ਤਸਵੀਰ ਤੋਂ ਹੁਕਮ ਲੈ ਕੇ ਹੀ ਮੈਂ ਆਪਣੀ ਮੁੱਕੇਬਾਜ਼ੀ ਦੀ ਤਿਆਰੀ ਕਰਦਾ ਹਾਂ।"

—

"ਸਰ ਮੈਂ ਵਾਰਮ ਅੱਪ ਹੋ ਜਾਵਾਂ...।" ਕੋਚ ਬੋਪਾਰਾਏ ਦੇ ਚੇਲੇ ਨੇ ਆ ਕੇ ਉਸ ਨੂੰ ਯਾਦਾਂ ਦੇ ਸਮੁੰਦਰ ਵਿਚੋਂ ਕੱਢ ਲਿਆਂਦਾ।

"ਹਾਂ।" ਉਹ ਉਭੜਵਾਹਾ ਬੋਲ ਉਠਿਆ।

ਦੂਜੇ ਪਾਸੇ ਜੰਗ ਬਹਾਦਰ ਨੇ ਬੈਗ 'ਚੋਂ ਬੋਪਾਰਾਏ ਦੀ ਤਸਵੀਰ ਕੱਢ ਕੇ ਪੁੱਛਿਆ, "ਸਰ ਮੈਂ ਵਾਰਮ ਅੱਪ ਹੋ ਜਾਵਾਂ?" ਤੇ ਆਪੇ ਹੀ ਤਸਵੀਰ ਦੀ ਥਾਂ ਉੱਤਰ ਦਿੱਤਾ, "ਹਾਂ।"

ਅਨਾਊਂਸਰ ਵੱਲੋਂ ਐਲਾਨ ਹੋਇਆ, "ਅਗਲੇ ਵੇਟ ਲਈ ਡੀ. ਵੀ. ਸਿੰਘ ਤੇ ਜੰਗ ਬਹਾਦਰ ਬਾਲਮੀਕੀ ਤਿਆਰ ਰਹਿਣ।"

ਦੋਵੇਂ ਮੁੱਕੇਬਾਜ਼ ਬਸਤਰਾਂ ਵਿਚ ਰਿੰਗ ਦੇ ਕੋਲ ਆ ਕੇ ਵਾਰਮ ਅੱਪ ਹੋਣ ਲੱਗ ਪਏ।

ਪਹਿਲਾ ਮੁਕਾਬਲਾ ਖਤਮ ਹੋਇਆ। ਫੈਸਲਾ ਸੁਣਾਇਆ ਗਿਆ। ਰਿੰਗ ਵਿਚ ਦੋਵੇਂ ਮੁੱਕੇਬਾਜ਼ ਪਹੁੰਚ ਕੇ ਆਪੋ ਆਪਣੇ ਖੂੰਜਿਆਂ ਵਿਚ ਇਕ ਦੂਜੇ ਵੱਲ ਪਿੱਠ ਕਰ ਕੇ ਵਾਰਮ ਅੱਪ ਹੋਣ ਲੱਗ ਪਏ।

"ਰੈੱਡ ਕਾਰਨਰ ਜੰਗ ਬਹਾਦਰ ਬਾਲਮੀਕੀ।" ਅਨਾਊਂਸਰ ਬੋਲਿਆ। ਬਾਲਮੀਕੀ ਸਿੱਧਾ ਖੜ੍ਹਾ ਹੋਇਆ, ਹੱਥ ਖੜ੍ਹਾ ਕੀਤਾ ਤੇ ਫਿਰ ਪਹਿਲੀ ਹਾਲਤ ਵਿਚ ਆ ਗਿਆ।

"ਗਰੀਨ ਕਾਰਨਰ ਡੀ. ਵੀ. ਸਿੰਘ।" ਅਨਾਊਂਸਰ ਦੇ ਐਲਾਨ ਨਾਲ ਡੀ. ਵੀ. ਸਿੰਘ ਸਿੱਧਾ ਹੋਇਆ। ਹੱਥ ਖੜ੍ਹਾ ਕੀਤਾ ਤੇ ਫਿਰ ਪਹਿਲੀ ਹਾਲਤ ਵਿਚ ਖੜ੍ਹ ਕੇ ਵਾਰਮ ਅੱਪ ਹੋਣ ਲੱਗ ਪਿਆ।

"ਬਾਕਸਰ...।" ਰੈਫਰੀ ਨੇ ਸੱਦਾ ਦਿੱਤਾ।

ਦੋਵੇਂ ਮੁੱਕੇਬਾਜ਼ ਰਿੰਗ ਦੇ ਵਿਚਕਾਰ ਰੈਫਰੀ ਕੋਲ ਚਲੇ ਗਏ। ਰੈਫਰੀ ਨੇ ਦੋਹਾਂ ਦੇ ਗਲੱਵਜ਼ ਚੈੱਕ ਕੀਤੇ। ਹੱਥ ਮਿਲਵਾਏ ਤੇ ਪਿੱਛੇ ਹਟ ਗਿਆ।

"ਡੀ. ਵੀ. ਸਾਹਿਬ ਪਹਿਲਾ ਰਾਊਂਡ ਪੂਰਾ ਕਰਨਾ ਹੈ ਜਾਂ ਨਹੀਂ?" ਜੰਗ ਬਹਾਦਰ ਨੇ ਆਦਤ ਅਨੁਸਾਰ ਉਸ ਨੂੰ ਪਛਾਣਦਿਆਂ ਪੁੱਛਿਆ।

"ਜੰਗੀ...ਆਪਣੇ ਬਾਰੇ ਸੋਚ ਕੀ ਸਲਾਹ ਹੈ?" ਡੀ. ਵੀ. ਸਿੰਘ ਨੇ ਵੀ ਆਪਣੇ ਸਫਾਈ ਸੇਵਕ ਦੇ ਲੜਕੇ ਨੂੰ ਪਛਾਣ ਲਿਆ ਸੀ।

"ਜੇ ਤੇਰੇ ਡੈਡੀ ਨੇ ਮੇਰਾ ਰੁਜ਼ਗਾਰ ਨਾ ਲਾਇਆ ਹੁੰਦਾ ਤਾਂ ਮੈਂ ਪਹਿਲੇ ਰਾਊਂਡ ਵਿਚ ਹੀ ਨਾਕ ਆਊਟ ਹੋ ਜਾਣਾ ਸੀ।"

"ਬਾਕਸਰ...।" ਰੈਫਰੀ ਨੇ ਫਿਰ ਇਸ਼ਾਰਾ ਕੀਤਾ। ਘੰਟੀ ਵੱਜੀ। ਦੋਵੇਂ ਮੁੱਕੇਬਾਜ਼ ਮੈਦਾਨ ਵਿਚ ਉਤਰ ਆਏ। ਡੀ. ਵੀ. ਗੁੱਸੇ ਵਿਚ ਆਇਆ ਪੂਰੀ ਤਾਕਤ ਨਾਲ ਵਾਰ ਕਰ ਰਿਹਾ ਸੀ। ਜੰਗ ਬਹਾਦਰ ਜਾਂ ਤਾਂ ਉਹਦੇ ਵਾਰ ਨੂੰ ਕੱਟ ਕਰ ਦਿੰਦਾ ਜਾਂ ਫਿਰ ਗੁਟਾਰ ਵਾਂਗੂੰ ਪੱਬਾਂ ਦੀ ਫੁਰਤੀ ਦਿਖਾ ਕੇ ਉਸ ਦੇ ਵਾਰ ਨੂੰ ਹਵਾ ਵਿਚ ਹੀ ਲਹਿਰਾ ਦਿੰਦਾ। ਲੋਕ ਹੈਰਾਨ ਸਨ ਕਿ ਜੰਗ ਬਹਾਦਰ ਅੱਜ ਰਖਸ਼ਸ ਖੇਡ ਕਿਉਂ ਖੇਡ ਰਿਹਾ ਹੈ, ਹਮਲਾ ਕਿਉਂ ਨਹੀਂ ਕਰ ਰਿਹਾ? ਏਨੇ ਵਿਚ ਰਾਊਂਡ ਪੂਰਾ ਹੋਣ ਦੀ ਘੰਟੀ ਵੱਜੀ। ਜੰਗ ਬਹਾਦਰ ਆਰਾਮ ਨਾਲ ਆਪਣੀ ਸੀਟ 'ਤੇ ਆ ਬੈਠਿਆ, ਪਰ ਡੀ. ਵੀ. ਸਿੰਘ ਕੁਝ ਥਕੇਵਾਂ ਮਹਿਸੂਸ ਕਰਦਾ ਹੋਇਆ ਆਰਾਮ ਸੀਟ ਤਕ ਪੁੱਜਿਆ। ਉਸ ਦੇ ਕੋਚ ਬੋਪਾਰਾਏ ਨੇ ਉਸ ਦੀਆਂ ਬਾਹਾਂ ਤੇ ਪੱਟਾਂ ਦੇ ਪੱਠਿਆਂ ਨੂੰ ਥਪਥਪਾ ਕੇ ਹਲਕਾ ਕੀਤਾ। ਹਦਾਇਤਾਂ ਦਿੱਤੀਆਂ। ਘੰਟੀ ਵੱਜੀ। ਦੋਵੇਂ ਮੁੱਕੇਬਾਜ਼ ਫਿਰ ਰਿੰਗ ਵਿਚਕਾਰ ਪੁੱਜ ਗਏ। ਡੀ. ਵੀ. ਸਿੰਘ ਨੇ ਸਾਰਾ ਜ਼ੋਰ ਉਸ ਨੂੰ ਪਿਛਾੜਨ 'ਤੇ ਲਾ ਦਿੱਤਾ। ਅੰਧਾ ਧੁੰਦ ਉਸ 'ਤੇ ਮੁੱਕੇ ਬਰਸਾਉਣੇ ਸ਼ੁਰੂ ਕਰ ਦਿੱਤੇ। ਜੰਗ ਬਹਾਦਰ ਉਸ ਦੇ ਮੁੱਕਿਆਂ ਦਾ ਬੜੇ ਹਲਕੇ-ਹਲਕੇ ਮੁੱਕਿਆਂ ਨਾਲ ਜਵਾਬ ਦਿੰਦਾ ਰਿਹਾ, ਸਿਰਫ ਪੁਆਇੰਟ ਲੈਣ ਲਈ। ਇਸ ਰਾਊਂਡ ਦੇ ਅੱਧ ਤਕ ਡੀ. ਵੀ. ਸਿੰਘ ਆਪਣੀ ਸ਼ਕਤੀ ਗੁਆ ਗਿਆ ਸੀ, ਪਰ ਜੰਗ ਬਹਾਦਰ ਉਸੇ ਤਰ੍ਹਾਂ ਉਸ ਉਤੇ ਮੁੱਕਿਆਂ ਦੀ ਵਾਛੜ ਕਰਦਾ ਰਿਹਾ। ਉਸੇ ਅੰਦਾਜ਼ ਵਿਚ।

ਘੰਟੀ ਵੱਜੀ। ਡੀ. ਵੀ. ਸਿੰਘ ਲੜਖੜਾਉਂਦਾ ਹੋਇਆ ਬੜੀ ਮੁਸ਼ਕਿਲ ਨਾਲ ਆਪਣੀ ਆਰਾਮ ਸੀਟ ਤਕ ਪੁੱਜ ਸਕਿਆ। ਇਸ ਵਾਰ ਉਸ ਦੇ ਕੋਚ ਦੀ ਥਾਂ ਇਕ ਹੋਰ ਕੋਚ ਉਹਦੇ ਪੱਠਿਆਂ ਦੀ ਸੇਵਾ ਕਰਨ ਲਈ ਆਇਆ ਸੀ। ਤੌਲੀਏ ਨਾਲ ਉਹਦਾ ਚਿਹਰਾ ਸਾਫ ਕੀਤਾ। ਹਵਾ ਦਿੱਤੀ। ਉਸ ਨੂੰ ਲੰਮੇ ਸਾਹ ਦਿਵਾ ਕੇ ਤਾਜ਼ਾ ਦਮ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਜੂਸ ਦੀਆਂ ਘੁੱਟਾਂ ਭਰਵਾਈਆਂ ਜਾ ਰਹੀਆਂ ਸਨ। ਉਧਰ ਜੰਗ ਬਹਾਦਰ ਦਾ ਛੋਟਾ ਭਰਾ ਉਹਦੇ ਪੱਠਿਆਂ ਦੀ ਸੇਵਾ ਕਰ ਰਿਹਾ ਸੀ। ਸਪੰਜ ਨਾਲ ਉਸ ਦਾ ਮੂੰਹ ਤਰ ਕਰਵਾਇਆ।

"ਵੈਰੀ ਗੁੱਡ ਜੰਗ ਬਹਾਦਰ।" ਕੋਚ ਬੋਪਾਰਾਏ ਨੇ ਆ ਕੇ ਕਿਹਾ।

"ਥੈਂਕ ਯੂ ਸਰ।" ਜੰਗ ਬਹਾਦਰ ਨੇ ਵੀ ਆਪਣੇ ਗੁਰੂ ਵੱਲ ਸਿਰ ਝੁਕਾ ਕੇ ਜਵਾਬ ਦਿੱਤਾ।

"ਤੈਂ ਮੈਨੂੰ ਪਛਾਣ ਲਿਐ?"

"ਹਾਂ ਸਰ।" ਉਸ ਨੇ ਬੈਠੇ ਬੈਠੇ ਨੇ ਹੀ ਬਾਂਹ ਲੰਮੀ ਕਰ ਕੇ ਕੋਚ ਬੋਪਾਰਾਏ ਦੇ ਗੋਡੇ ਹੱਥ ਲਾਇਆ।

"ਇਸ ਦਾ ਮਤਲਬ ਹੈ ਤੂੰ ਮੈਨੂੰ ਆਪਣਾ ਗੁਰੂ ਮੰਨਦਾ ਹੈਂ?"

"ਇਸ ਵਿਚ ਕੋਈ ਸ਼ੱਕ ਹੈ ਸਰ? ਮੇਰੀਆਂ ਸਾਰੀਆਂ ਜਿੱਤਾਂ ਤੁਹਾਡੇ ਕਰਕੇ ਹੀ ਤਾਂ ਹਨ।"

"ਫਿਰ ਆਪਣੇ ਗੁਰੂ ਨੂੰ ਗੁਰਦੱਖਸ਼ਣਾ ਨਹੀਂ

(ਬਾਕੀ ਅਗਲੇ ਸਫੇ 'ਤੇ)

# 1920: ਇਤਿਹਾਸਕ ਮੋੜ ਦਾ ਵਰ੍ਹਾ

*1920 ਵਾਲਾ ਵਰ੍ਹਾ ਭਾਰਤ, ਖਾਸ ਕਰਕੇ ਪੰਜਾਬ ਦੇ ਇਤਿਹਾਸ ਵਿਚ ਖਾਸ ਮੁਕਾਮ ਰੱਖਦਾ ਹੈ। ਉਸ ਵਕਤ ਸਿਆਸੀ-ਸਭਿਆਚਾਰਕ ਖੇਤਰਾਂ ਵਿਚ ਆਪਣਾ ਯੋਗਦਾਨ ਪਾਉਣ ਵਾਲੇ ਉਘੇ ਲਿਖਾਰੀ ਹੀਰਾ ਸਿੰਘ ਦਰਦ (1889-1965) ਨੇ ਇਸ ਵਰ੍ਹੇ ਦੇ ਪਿਛੋਕੜ ਬਾਰੇ ਗੱਲ ਆਪਣੇ ਇਸ ਲੇਖ ਵਿਚ ਕੀਤੀ ਹੈ। ਇਹ ਉਹੀ ਵਰ੍ਹਾ ਹੈ, ਜਿਸ ਦੇ ਨਵੰਬਰ ਅਤੇ ਦਸੰਬਰ ਮਹੀਨਿਆਂ ਵਿਚ ਕ੍ਰਮਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਹੋਈ। ਸਾਲ 2020 ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਸ਼ਤਾਬਦੀ ਵਰ੍ਹਾ ਹੈ। 'ਪੰਜਾਬ ਟਾਈਮਜ਼' ਦੇ ਆਉਂਦੇ ਅੰਕਾਂ ਵਿਚ ਅਸੀਂ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਅਹਿਮ ਲਿਖਤਾਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰਾਂਗੇ। -ਸੰਪਾਦਕ*




ਇਕ ਚਿੱਤਰਕਾਰ ਦੀ ਨਜ਼ਰ ਵਿਚ ਅਕਾਲੀ ਮਰਜੀਵੜਿਆਂ ਦਾ ਮਾਰਚ।

ਭਾਰਤ ਦੇ ਇਤਿਹਾਸ ਵਿਚ 1920 ਦਾ ਵਰ੍ਹਾ ਬੜੀ ਮਹਾਨਤਾ ਰੱਖਦਾ ਹੈ। ਇਹ ਮਹਾਨ ਇਤਿਹਾਸ ਵਰ੍ਹਾ ਹੈ। ਇਸ ਵਰ੍ਹੇ ਵਿਚ ਨਾ ਕੇਵਲ ਭਾਰਤ ਦੀ ਕੌਮੀ ਆਜ਼ਾਦੀ ਦੇ ਇਤਿਹਾਸ ਵਿਚ ਨਵਾਂ ਮੋੜ ਆਇਆ ਬਲਕਿ ਭਾਰਤ ਦੇ ਕਈ ਪਰਾਂਤਾਂ ਅਤੇ ਵਿਅਕਤੀਆਂ ਦੇ ਜੀਵਨ ਵਿਚ ਵੀ ਨਵੇਂ ਮੋੜ ਆਏ। ਮੇਰਾ ਆਪਣਾ ਜੀਵਨ ਇਸ ਵਰ੍ਹੇ ਤੋਂ ਨਵੀਆਂ ਲੀਹਾਂ ਉਤੇ ਪੈ ਗਿਆ ਸੀ।

ਪੰਜਾਬ ਵਿਚ ਸਿੱਖਾਂ ਦੀ ਗਿਣਤੀ ਭਾਵੇਂ ਘੱਟ ਹੈ ਪਰ ਇਨ੍ਹਾਂ ਦੀ ਰਾਜਸੀ, ਆਰਥਕ ਅਤੇ ਫੌਜੀ ਤੌਰ ਉਤੇ ਬੜੀ ਮਹਾਨਤਾ ਹੈ। ਇਸ ਵਰ੍ਹੇ ਤੋਂ ਸਿੱਖ ਇਤਿਹਾਸ ਦਾ ਵੀ ਕਾਂਟਾ ਬਦਲ ਗਿਆ। ਇਸ ਦੀ ਗੱਡੀ ਦੇ ਇੰਜਣ ਅਤੇ ਲਾਈਨਾਂ ਬਦਲ ਗਈਆਂ।

1849 ਵਿਚ ਸਿੱਖ ਰਾਜ ਦੇ ਖਾਤਮੇ ਮਗਰੋਂ ਸਿੱਖਾਂ ਵਿਚ ਰਾਜਸੀ, ਆਰਥਕ ਤੇ ਧਾਰਮਕ ਤੌਰ ਉਤੇ ਗਿਰਾਵਟ ਸ਼ੁਰੂ ਹੋ ਗਈ ਸੀ। ਵੀਹ ਕੁ ਵਰ੍ਹੇ ਮਗਰੋਂ ਜਦੋਂ ਪੰਜਾਬ ਵਿਚ ਸੁਧਾਰਕ ਲਹਿਰਾਂ ਚਲੀਆਂ ਤਾਂ ਇਸ ਦਾ ਅਸਰ ਸਿੱਖਾਂ ਉਤੇ ਵੀ ਪਿਆ। ਪਰ ਅੰਗਰੇਜ਼ ਸਾਮਰਾਜੀਆਂ ਨੇ ਸਿੱਖਾਂ ਨੂੰ



ਹੋਰ ਕੌਮਾਂ ਨਾਲੋਂ ਨਿਖੇੜ ਕੇ ਆਪਣੇ ਅਧੀਨ ਰੱਖਣ ਤੇ ਆਪਣੇ ਰਾਜਸੀ ਲਾਭਾਂ ਲਈ ਵਰਤਣ ਵਾਸਤੇ ਆਪਣੀ ਸਰਪਰਸਤੀ ਹੇਠਾਂ ਸਿੱਖ ਜਗੀਰਦਾਰਾਂ ਤੇ ਰਾਜਿਆਂ ਨੂੰ ਜੱਥੇਬੰਦ ਕੀਤਾ ਅਤੇ "ਕੁਦਰਤੀ ਲੀਡਰਾਂ"

**ਹੀਰਾ ਸਿੰਘ ਦਰਦ**

ਦੀ ਥੀਊਰੀ ਦਾ ਪਰਚਾਰ ਕਰਕੇ ਸਿੱਖ ਜਨਤਾ ਨੂੰ ਵੱਖਰੀ ਵਲਗਣ ਵਿਚ ਘੇਰ ਕੇ ਰੱਖਣ ਦਾ ਜਤਨ ਕੀਤਾ। ਸਿੱਖਾਂ ਵਿਚ ਮਜ਼ਹਬੀ ਤੇ ਵਿਦਿਅਕ ਲਹਿਰਾਂ ਚਲਾਉਣ ਤੇ ਉਹਨਾਂ ਦੀ ਲੀਡਰਸ਼ਿਪ ਅਸਥਾਪਨ ਕਰਨ ਵਿਚ ਬੜੀ ਮਦਦ ਕੀਤੀ। ਲਗਪਗ 7 ਵਰ੍ਹੇ ਇਹ ਲੀਡਰਸ਼ਿਪ ਸਿੱਖਾਂ ਵਿਚ ਧਰਮ ਤੇ ਵਿਦਿਆ ਪਰਚਾਰ ਕਰਕੇ ਅਤੇ ਪੜ੍ਹੇ ਲਿਖੇ ਸਿੱਖਾਂ ਨੂੰ ਨੌਕਰੀਆਂ ਪਰਾਪਤ ਕਰਨ ਵਿਚ ਮਦਦ ਕਰਕੇ ਆਪਣਾ ਰਸੂਖ ਕਾਇਮ ਰੱਖਦੀ ਰਹੀ। ਆਪਣੇ ਆਰਥਕ ਤੇ ਰਾਜਸੀ ਲਾਭਾਂ ਦੀ ਪੂਰੀ ਰਖਿਆ ਕਰਦੀ ਰਹੀ ਅਤੇ ਅੰਗਰੇਜ਼ੀ ਰਾਜ-ਭਗਤੀ, ਵਫਾਦਾਰੀ ਤੇ ਨਿਮਕ ਹਲਾਲੀ ਦਾ ਝੰਡਾ ਝੁਲਾਂਦੀ ਰਹੀ।

ਸਿੱਖਾਂ ਵਿਚ ਕਿਧਰੇ ਵੀ ਕੋਈ ਆਜ਼ਾਦੀ ਜਾਂ ਇਨਕਲਾਬੀ ਲਹਿਰ ਦੀ ਸੁੰਧਕ ਪੈਣ ਤੇ ਉਸ ਨੂੰ ਕੁਚਲਣ ਲਈ ਪੂਰੀ ਵਾਹ ਲਗਾਂਦੀ ਰਹੀ। 1920 ਵਿਚ ਇਸ ਲੀਡਰਸ਼ਿਪ ਦੇ ਵਿਰੁੱਧ ਸਿੱਖ ਜਨਤਾ ਵਿਚ ਇਕ ਤੂਫਾਨ ਪੈਦਾ ਹੋ ਗਿਆ ਅਤੇ ਇਸ ਦੇ ਪਾਏ ਰੱਸੇ-ਪੈੜੇ ਤੁੜਾ ਕੇ ਉਹ ਕੌਮੀ ਆਜ਼ਾਦੀ ਤੇ ਇਨਕਲਾਬੀ ਘੋਲ ਵਿਚ ਕੁੱਦ ਪਈ।

ਇਸੇ ਵਰ੍ਹੇ ਮੇਰੇ ਜੀਵਨ ਵਿਚ ਵੀ ਬਹੁਤ ਵੱਡਾ ਪਲਟਾ ਆਇਆ ਪਰ ਇਹ ਪਲਟਾ ਕੋਈ ਅਚਨ-ਚੇਤੀ ਨਹੀਂ ਸੀ। ਇਸ ਦਾ ਆਰਥਕ ਤੇ ਰਾਜਸੀ ਪਿਛੋਕੜ ਹੈ। ਮੇਰੀ ਉਮਰ ਇਸ ਸਮੇਂ ਲਗਪਗ 29 ਵਰ੍ਹੇ ਸੀ। ਘਰੋਗੀ ਤੇ ਨਿੱਜੀ ਜੀਵਨ ਦੀਆਂ ਮਜਬੂਰੀਆਂ ਨੇ ਮੈਨੂੰ 16 ਵਰ੍ਹੇ ਦੀ ਉਮਰ ਵਿਚ ਹੀ ਪੜ੍ਹਨਾ ਛੁਡਾ ਕੇ ਜੀਵਨ ਘੋਲ ਵਿਚ ਪਾ ਦਿੱਤਾ ਸੀ। ਦੋ ਕੁ ਵਰ੍ਹੇ ਮੈਂ ਨਿੱਕੀਆਂ ਮੋਟੀਆਂ ਪੇਟ ਪਾਲਣ ਜੋਗੀਆਂ ਨੌਕਰੀਆਂ ਕੀਤੀਆਂ ਤੇ ਕਦੀ ਬੇਕਾਰੀ ਦੇ ਧੱਕੇ ਖਾਂਦਾ ਰਿਹਾ। 1909 ਵਿਚ ਮੈਂ ਅਧਿਆਪਕੀ ਅਰਥਾਤ ਪੜ੍ਹਾਉਣ ਦੀ ਲਾਈਨ ਪਕੜ ਲਈ। ਬਾਰਾਂ ਵਰ੍ਹਿਆਂ ਤੋਂ ਮੈਂ ਵੱਖ-ਵੱਖ ਸਕੂਲਾਂ ਵਿਚ ਪੜ੍ਹਾਂਦਾ ਤੇ ਪੜ੍ਹਦਾ ਚਲਾ ਆ ਰਿਹਾ ਸਾਂ। ਇਨ੍ਹਾਂ ਦਿਨਾਂ ਵਿਚ ਮੈਂ ਸ. ਸੁਜਾਨ ਸਿੰਘ ਦੇ ਬਾਗ ਰਾਵਲਪਿੰਡੀ ਵਿਚ ਗਿਆਨੀ ਕਲਾਸ ਨੂੰ ਪੜ੍ਹਾਂਦਾ ਸਾਂ, ਨਾਲੇ ਹਰਦਿਤ ਸਿੰਘ ਲਾਇਬਰੇਰੀ ਦਾ ਲਾਇਬਰੇਰੀਅਨ ਸਾਂ। ਹੁਣ ਮੈਨੂੰ ਗੁਜ਼ਾਰੇ ਜੋਗੀ ਤਨਖਾਹ ਮਿਲ ਰਹੀ ਸੀ ਅਤੇ ਰਾਵਲਪਿੰਡੀ ਵਿਚ ਅਜਿਹੀਆਂ ਸਹੂਲਤਾਂ ਵੀ ਬਣ ਗਈਆਂ ਸਨ ਕਿ ਮੈਂ ਐਮ.ਏ. ਤਕ ਵਿਦਿਆ ਪਰਾਪਤ ਕਰਨ ਤੇ ਖੁਸ਼ਹਾਲ ਜੀਵਨ ਦੇ ਸੁਪਨੇ ਲੈਣ ਲੱਗ ਪਿਆ ਸਾਂ। ਪਰ 1919 ਵਿਚ ਮਾਰਸ਼ਲ ਲਾਅ ਦੇ ਕਾਰਨ ਪੰਜਾਬ ਵਿਚ ਵਰਤੀਆਂ ਕਹਿਰੀ ਘਟਨਾਵਾਂ ਮਗਰੋਂ 1920 ਵਿਚ ਰਾਜਸੀ ਲਹਿਰਾਂ ਦਾ ਅਜਿਹਾ ਹੜ੍ਹ ਆਇਆ ਕਿ ਉਹ ਮੈਨੂੰ ਵੀ ਰਾਵਲਪਿੰਡੀ ਤੋਂ ਉਖੇੜ ਕੇ ਲੈ ਆਇਆ ਅਤੇ ਮੇਰੀ ਵਿਦਿਆ ਪਰਾਪਤੀ ਦੀਆਂ ਖਾਹਸ਼ਾਂ ਲਈ ਬਾਹਰ ਦੀਆਂ ਸਰਕਾਰੀ ਯੂਨੀਵਰਸਟੀਆਂ ਦੀ ਬਜਾਏ ਜੇਹਲ ਖਾਨਿਆਂ ਦੀਆਂ ਯੂਨੀਵਰਸਟੀਆਂ ਬਣ ਗਈਆਂ।

ਉਨ੍ਹੀਂ ਸੌ ਵੀਹਵੇਂ ਵਰ੍ਹੇ ਦੀ ਇਤਿਹਾਸਕ ਤੇ ਇਨਕਲਾਬੀ ਮਹਾਨਤਾ ਕਿਸੇ ਖਾਸ ਲੀਡਰ ਦੇ ਵਿਅਕਤਿਤਵ ਜਾਂ ਗਰਹਿ ਚੱਕਰਾਂ ਦਾ ਨਤੀਜਾ ਨਹੀਂ ਸੀ। ਇਸ ਦੀ ਆਰਥਕ ਤੇ ਰਾਜਸੀ ਪਿਛੋਕੜ ਨੂੰ ਸਾਹਮਣੇ ਰੱਖ ਕੇ ਹੀ ਇਸ ਦੀ ਠੀਕ ਮਹਾਨਤਾ ਪਰਖੀ ਜਾ ਸਕਦੀ ਹੈ।

ਪਹਿਲੇ ਸਾਮਰਾਜੀ ਸੰਸਾਰ ਯੁੱਧ ਦੇ ਬਾਅਦ ਦੁਨੀਆਂ ਦੇ ਕਈ ਦੇਸ਼ਾਂ ਵਿਚ ਬੜੀਆਂ ਭਾਰੀਆਂ ਤਬਦੀਲੀਆਂ ਹੋਈਆਂ। ਰੂਸ ਵਿਚ ਜ਼ਾਰਸ਼ਾਹੀ ਖਤਮ ਹੋ ਗਈ। ਉਸ ਦੀ ਥਾਂ ਸੋਵੀਅਤ ਯੂਨੀਅਨ ਕਾਇਮ ਹੋਈ ਜਿਸ ਨੇ ਸਮਾਜਵਾਦਕ ਅਸੂਲਾਂ ਅਨੁਸਾਰ ਰਾਜਸੀ ਤੇ ਆਰਥਕ ਪ੍ਰਬੰਧ ਦੀ ਨੀਂਹ ਧਰ ਦਿੱਤੀ। ਇਸ ਦਾ ਅਸਰ ਦੂਰ-ਦੂਰ ਤਕ ਫੈਲਿਆ। ਜਰਮਨੀ, ਇਟਲੀ ਤੇ ਜਾਪਾਨ ਆਦਿ ਕਈ ਦੇਸ਼ਾਂ ਵਿਚ ਸਾਮਰਾਜਵਾਦੀਆਂ ਨੇ ਲੋਕ ਰਾਜ ਤੇ ਸਮਾਜਵਾਦ ਵਿਰੋਧੀ ਲਹਿਰਾਂ ਤੇਜ਼ ਕਰ ਦਿੱਤੀਆਂ ਜਿਨ੍ਹਾਂ ਨੇ ਮਗਰੋਂ ਫਾਸ਼ੀ ਡਿਕਟੇਟਰੀ ਦਾ ਰੂਪ ਧਾਰਨ ਕਰਕੇ, ਦੂਜੇ ਸੰਸਾਰ ਯੁੱਧ ਦੀ ਬੁਨਿਆਦ ਰੱਖ ਦਿੱਤੀ, ਪਰ ਇਸ ਦੇ ਉਲਟ ਗੁਲਾਮ ਤੇ ਅੱਧ-ਗੁਲਾਮ ਦੇਸ਼ਾਂ ਵਿਚ ਜਮਹੂਰੀ ਆਜ਼ਾਦੀ ਦੀਆਂ ਕੌਮੀ ਲਹਿਰਾਂ ਤੇਜ਼ ਹੋ ਗਈਆਂ ਅਤੇ ਸਮਾਜਵਾਦਕ ਵਿਚਾਰਾਂ ਨੇ ਇਨ੍ਹਾਂ ਉਤੇ ਇਨਕਲਾਬੀ ਰੰਗ ਚੜ੍ਹਾ ਦਿੱਤਾ।

ਭਾਰਤ ਲਗਪਗ ਪੌਣੇ ਦੋ ਸੌ ਵਰ੍ਹੇ ਤੋਂ ਬਰਤਾਨਵੀ ਹਕੂਮਤ ਦੀ ਗੁਲਾਮੀ ਦੀਆਂ ਬੇੜੀਆਂ ਵਿਚ ਨੂੜਿਆ ਹੋਇਆ ਸੀ। 1857 ਤਕ ਇਸ ਉਤੇ ਈਸਟ ਇੰਡੀਆ ਕੰਪਨੀ ਦੇ ਰਾਹੀਂ ਬਰਤਾਨਵੀ ਵਪਾਰੀ, ਕਾਰਖਾਨੇਦਾਰ ਤੇ ਪੂੰਜੀਪਤੀ ਰਾਜ ਕਰਦੇ ਰਹੇ ਤੇ ਇਥੋਂ ਦੀ ਆਰਥਕ ਲੁੱਟ ਖਸੁੱਟ ਨਾਲ ਆਪਣੇ ਖਜ਼ਾਨੇ ਭਰਦੇ ਰਹੇ। 1857 ਦੇ ਗਦਰ ਮਗਰੋਂ ਇਸ 'ਤੇ ਸਿੱਧੀ ਬਰਤਾਨਵੀ ਸਾਮਰਾਜ ਦੀ ਹਕੂਮਤ ਕਾਇਮ ਹੋ ਗਈ ਜਿਸ ਨੇ ਇਥੋਂ ਦੀ ਆਰਥਕ ਲੁੱਟ-ਖਸੁੱਟ ਦੇ ਕਾਰਨ ਭੁੱਖ ਨੰਗ, ਬੇਕਾਰੀ ਤੇ ਦੁੱਖ ਭਰੀ ਕੰਗਾਲੀ ਦਾ ਹੈ, ਪਰ ਦੂਜਾ ਪੱਖ ਨਵੀਂ ਪੱਛਮੀ ਸਭਿਅਤਾ ਤੇ ਕਲਚਰ ਨਾਲ ਮੇਲ ਜੋਲ ਵਧਣ ਕਰਕੇ ਸੁਧਾਰਕ ਲਹਿਰਾਂ, ਕੌਮੀ ਜਾਗਰਤੀ ਤੇ ਕੌਮੀ ਆਜ਼ਾਦੀ ਦੀਆਂ ਲਹਿਰਾਂ ਦਾ ਪੈਦਾ ਹੋਣਾ ਵੀ ਹੈ।

ਉਨੀਵੀਂ ਸਦੀ ਦੇ ਚੌਥੇ ਪਹਿਰੇ ਵਿਚ ਪਹਿਲਾਂ ਭਾਰਤ ਵਿਚ ਵਿਦਿਅਕ ਤੇ ਮਜ਼ਹਬੀ ਸੁਧਾਰਕ ਲਹਿਰਾਂ ਚਲੀਆਂ। ਇਨ੍ਹਾਂ ਲਹਿਰਾਂ ਦੇ ਆਗੂ ਵਧੇਰੇ ਮੱਧ ਸ਼੍ਰੇਣੀ ਜਾਂ ਜਗੀਰਦਾਰਾਂ ਵਿਚੋਂ ਪੜ੍ਹੇ ਲਿਖੇ ਲੋਕ ਸਨ ਜਿਨ੍ਹਾਂ ਦਾ ਅੰਗਰੇਜ਼ੀ ਰਾਜ ਅਤੇ ਇਸ ਦੇ ਨਿਆਂ ਉਤੇ ਭਰੋਸਾ ਸੀ। ਉਹ ਅੰਗਰੇਜ਼ੀ ਰਾਜ ਦੀ ਵਫਾਦਾਰੀ ਦੀ ਸਹੁੰ ਚੁੱਕ ਕੇ ਹਰ ਕੰਮ ਨੂੰ ਆਰੰਭ ਕਰਦੇ ਤੇ ਇਸ ਦੀ ਅਟੱਲਤਾ ਲਈ ਅਰਦਾਸੇ ਤੇ ਪ੍ਰਾਰਥਨਾਵਾਂ ਕਰਦੇ ਹੁੰਦੇ ਸਨ।

1885 ਵਿਚ ਕੌਮੀ ਰਾਜਸੀ ਜੱਥੇਬੰਦੀ ਸਰਬ ਹਿੰਦ ਕਾਂਗਰਸ ਦਾ ਜਨਮ ਹੋਇਆ। ਇਹ ਰਾਜਸੀ ਸੁਧਾਰਕ ਜੱਥੇਬੰਦੀ ਸੀ। ਨਵੀਂ ਪੜ੍ਹੀ ਲਿਖੀ ਮੱਧ ਸ਼੍ਰੇਣੀ ਦੇ ਲੋਕ ਇਸ ਦੇ ਆਗੂ ਸਨ। ਪੱਛਮੀ ਸਭਿਅਤਾ ਦੀ ਉਚਤਾ ਤੇ ਅੰਗਰੇਜ਼ੀ ਰਾਜ ਦੇ ਨਿਆਂ ਉਤੇ ਭਰੋਸਾ ਰੱਖ ਕੇ ਇਹ ਲੋਕ ਮਤਿਆਂ, ਡੈਪੂਟੇਸ਼ਨਾਂ ਤੇ ਬੇਨਤੀਆਂ ਨਾਲ ਕੁਝ ਰਾਜਸੀ ਸੁਧਾਰ ਤੇ ਰਿਆਇਤਾਂ ਮੰਗਦੇ ਰਹਿੰਦੇ ਸਨ। ਪਹਿਲੇ ਸੰਸਾਰ ਯੁੱਧ ਵਿਚ ਕਾਂਗਰਸ ਨੇ ਹਰ ਤਰ੍ਹਾਂ ਅੰਗਰੇਜ਼ਾਂ ਦੀ ਸਹਾਇਤਾ ਕੀਤੀ ਸੀ। ਬਰਤਾਨਵੀ ਰਾਜ ਦੇ ਜ਼ਿੰਮੇਵਾਰ ਆਗੂਆਂ ਨੇ ਭਾਰਤ ਨੂੰ ਜੰਗ ਦੇ ਖਾਤਮੇ ਮਗਰੋਂ ਆਜ਼ਾਦੀ ਦੇਣ ਦੇ ਵੀ ਲਾਰੇ ਦਿੱਤੇ ਸਨ। ਭਾਵੇਂ ਕਾਂਗਰਸ ਤੇ ਮਜ਼ਹਬੀ ਸੁਧਾਰਕ ਜਥੇਬੰਦੀਆਂ ਦੇ ਆਗੂਆਂ ਦਾ ਲੋਕਾਂ ਉਤੇ ਕਾਫੀ ਪਰਭਾਵ ਸੀ, ਪਰ ਰਾਜਸੀ ਜਬਰਾਂ, ਆਰਥਕ ਤੰਗੀਆਂ ਨੂੰ ਕਾਲੇ ਕੁਲੀ ਸਮਝ ਕੇ ਨਸਲੀ ਵਿਤਕਰੇ ਵਾਲੇ ਭੈੜੇ ਸਲੂਕਾਂ ਨੇ ਇਨਕਲਾਬੀ ਲਹਿਰਾਂ ਨੂੰ ਵੀ ਜਨਮ ਦੇ ਦਿੱਤਾ ਸੀ। ਕੁਝ ਮੱਧ ਸ਼੍ਰੇਣੀ ਦੇ ਪੜ੍ਹੇ ਲਿਖਿਆਂ ਨੇ ਭਾਰਤ ਵਿਚ ਖੁਫੀਆ ਸੁਸਾਇਟੀਆਂ ਬਣਾ ਕੇ ਬੰਬਾਂ ਪਸਤੌਲਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ ਸੀ। ਅਮਰੀਕਾ ਵਿਚ ਇਕ ਬੜੀ ਇਨਕਲਾਬੀ ਜੱਥੇਬੰਦੀ ਗਦਰ ਪਾਰਟੀ ਬਣ ਗਈ ਸੀ ਜਿਸ ਦੇ ਆਗੂ ਕਿਰਤੀ ਤੇ ਕਿਸਾਨ ਸ਼੍ਰੇਣੀ ਵਿਚੋਂ ਨਿਕਲੇ ਸਨ ਤੇ ਜਿਸ ਨੇ ਪਹਿਲੇ ਸੰਸਾਰ ਯੁੱਧ ਦੇ ਸਮੇਂ, ਭਾਰਤੀ ਫੌਜਾਂ ਨੂੰ ਨਾਲ ਲੈ ਕੇ ਫਰਵਰੀ 1915 ਈ: ਵਿਚ ਅੰਗਰੇਜ਼ੀ ਰਾਜ ਦਾ ਤਖਤਾ ਉਲਟਾਉਣ ਲਈ ਬੜੀ ਭਾਰੀ ਗੋਂਦ ਗੁੰਦੀ ਸੀ। ਕਈ ਕਾਰਨਾਂ ਕਰਕੇ ਭਾਵੇਂ ਇਹ ਕੋਸ਼ਿਸ਼ ਨਿਸਫਲ ਰਹੀ ਪਰ ਇਨ੍ਹਾਂ ਇਨਕਲਾਬੀ ਜਤਨਾਂ ਦਾ ਅਸਰ ਭਾਰਤ ਅਤੇ ਖਾਸ ਕਰਕੇ ਪੰਜਾਬ ਉਤੇ ਬੜਾ ਡੂੰਘਾ ਪਿਆ।

1918 ਵਿਚ ਪਹਿਲੇ ਸੰਸਾਰ ਯੁੱਧ ਦੇ ਖਤਮ ਹੋਣ ਮਗਰੋਂ ਅੰਗਰੇਜ਼ਾਂ ਵਲੋਂ ਆਪਣੇ ਕੀਤੇ ਇਕਰਾਰ ਭੁਲਾ ਕੇ ਆਜ਼ਾਦੀ ਦੀ ਥਾਂ ਰੋਲਟ ਐਕਟ ਦੇਣ, ਲੋਕਾਂ ਦੇ ਰੋਸ ਤੇ ਵਿਰੋਧਤਾ ਨੂੰ ਮਾਰਸ਼ਲ-ਲਾਅ ਦੇ ਅਤਿਆਚਾਰਾਂ ਨਾਲ ਦਬਾਉਣ ਅਤੇ ਜਲ੍ਹਿਆਂ ਵਾਲੇ ਬਾਗ ਵਰਗੇ ਖੂਨੀ ਸਾਕੇ ਬਣਾਉਣ ਨੇ ਅਤੇ ਯੁੱਧ ਮਗਰਲੇ ਆਰਥਕ ਮੰਦਵਾੜੇ ਤੇ ਕੌਮੀ ਤੇ ਕੌਮਾਂਤਰੀ ਅਸਰਾਂ ਨੇ ਭਾਰਤ ਵਿਚ ਅਜਿਹੇ ਹਾਲਾਤ ਤੇ ਸਮਾਨ ਪੈਦਾ ਕਰ ਦਿੱਤੀ ਕਿ ਇਥੇ ਦੇਸ਼ ਦੀ ਆਜ਼ਾਦੀ ਲਈ ਨਵੀਆਂ ਲੀਹਾਂ ਉਤੇ ਅੰਦੋਲਨ ਚਲਾਏ ਜਾਣ।

1920 ਵਿਚ ਹੇਠਾਂ ਲਿਖੀਆਂ ਮਹਾਨ ਘਟਨਾਵਾਂ ਹੋਈਆਂ ਜਿਹੜੀਆਂ ਇਸ ਵਰ੍ਹੇ ਨੂੰ ਇਤਿਹਾਸ ਵਿਚ ਇਤਿਹਾਸਕ ਮੋੜ ਦਾ ਵਰ੍ਹਾ ਬਣਾਉਂਦੀਆਂ ਹਨ-

1. 1920 ਦਾ ਸੰਨ ਚੜ੍ਹਨ ਤੋਂ ਕੇਵਲ ਚਾਰ ਪੰਜ ਦਿਨ ਪਹਿਲਾਂ ਅੰਮ੍ਰਿਤਸਰ ਵਿਚ ਕਾਂਗਰਸ ਦਾ ਮਹਾਨ ਸਮਾਗਮ ਹੋਇਆ। ਮਾਡਰੇਟ (ਨਰਮ ਖਿਆਲੀਏ) ਕਾਂਗਰਸੀ ਵੱਖਰੇ ਹੋ ਗਏ। ਉਨ੍ਹਾਂ ਵੱਖਰੀ ਲਿਬਰਲ ਲੀਗ ਬਣਾ ਲਈ। ਕੌਮੀ ਲਹਿਰ ਦੇ ਮੁਖੀ ਆਗੂ ਮਹਾਤਮਾ ਗਾਂਧੀ ਜੀ ਬਣ ਗਏ ਜਿਨ੍ਹਾਂ ਨੇ ਕਾਂਗਰਸ ਨੂੰ ਇਕ ਜਨਤਕ ਕੌਮੀ ਲਹਿਰ ਵਿਚ ਬਦਲ ਦੇਣ ਦਾ ਮੁੱਢ ਬੰਨ੍ਹ ਦਿੱਤਾ। ਸਭ ਗਰਮ ਖਿਆਲੀਏ ਕਾਂਗਰਸ ਵਿਚ ਆ ਗਏ।

2. ਇਨ੍ਹਾਂ ਹੀ ਦਿਨਾਂ ਵਿਚ ਸਿੱਖ ਲੀਗ ਦਾ ਪਹਿਲਾ ਰਾਜਸੀ ਸਮਾਗਮ ਅੰਮ੍ਰਿਤਸਰ ਵਿਚ ਹੋਇਆ ਜਿਸ ਵਿਚ ਕਾਂਗਰਸੀ ਆਗੂ ਵੀ ਸ਼ਾਮਲ ਹੋਏ ਜਿਸ ਤੋਂ ਸਿੱਖਾਂ ਨੂੰ ਰਾਜਸੀ ਤੇ ਕੌਮੀ ਲਹਿਰ ਵਿਚ ਹਿੱਸਾ ਲੈਣ ਦੀ ਜ਼ੋਰਦਾਰ ਪਰੇਰਨਾ ਮਿਲੀ।

3. ਮਈ 1920 ਵਿਚ ਸਿੱਖਾਂ ਦਾ ਪਹਿਲਾ ਰਾਜਸੀ ਰੋਜ਼ਾਨਾ ਅਖਬਾਰ 'ਅਕਾਲੀ' ਲਾਹੌਰ ਤੋਂ ਜਾਰੀ ਹੋਇਆ ਜਿਸ ਨੇ ਨਾ ਕੇਵਲ ਅਕਾਲੀ ਲਹਿਰ ਦੀ ਅਗਵਾਈ ਕੀਤੀ ਬਲਕਿ ਸਿੱਖ ਜਨਤਾ ਨੂੰ ਪੁਰਾਣੀ ਪਿਛਾਂਹ ਖਿੱਚੂ ਲੀਡਰਸ਼ਿਪ ਤੋਂ ਛੁਟਕਾਰਾ ਦੁਆ ਕੇ ਕੌਮੀ ਆਜ਼ਾਦੀ ਦੇ ਘੋਲ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹ ਦਿੱਤਾ।

4. ਸਤੰਬਰ 1920 ਵਿਚ ਕਾਂਕਰਸ ਦਾ ਉਚੇਰਾ ਸਮਾਗਮ ਕਲਕੱਤੇ ਵਿਚ ਲਾਲਾ ਲਾਜਪਤ ਰਾਇ ਦੀ ਪਰਧਾਨਗੀ ਹੇਠਾਂ ਹੋਇਆ ਜਿਸ ਵਿਚ ਨਾ-ਮਿਲਵਰਤਨ ਦਾ ਮਹਾਨ ਮਤਾ ਪਾਸ ਕੀਤਾ ਗਿਆ। ਇਸੇ ਵਰ੍ਹੇ ਦਸੰਬਰ ਵਿਚ ਕਾਂਕਰਸ ਦੇ ਸਾਲਾਨਾ ਸਮਾਗਮ ਨਾਗਪੁਰ ਵਿਚ ਵੀ ਇਹ ਮਤਾ ਭਾਰੀ ਬਹੁ-ਸੰਮਤੀ ਨਾਲ ਪਾਸ ਹੋਇਆ ਜਿਸ ਤੋਂ ਕੌਮੀ ਆਜ਼ਾਦੀ ਦੀ ਲਹਿਰ ਬਿਲਕੁਲ ਨਵੇਂ ਰਾਹ ਉਤੇ ਚਲ ਪਈ।

5. ਅਕਤੂਬਰ ਵਿਚ ਸਿੱਖ ਲੀਗ ਦਾ ਦੂਜਾ ਸਾਲਾਨਾ ਸਮਾਗਮ ਸਰਦਾਰ ਖੜਕ ਸਿੰਘ ਜੀ ਦੀ ਪਰਧਾਨਗੀ ਹੇਠਾਂ ਲਾਹੌਰ ਵਿਚ ਹੋਇਆ ਜਿਸ ਵਿਚ ਕਾਂਗਰਸੀ ਲੀਡਰ ਵੀ ਸ਼ਾਮਲ ਹੋਏ। ਨਾ-ਮਿਲਵਰਤਨ ਦਾ ਮਤਾ ਬੜੇ ਜੋਸ਼ ਖਰੋਸ਼ ਨਾਲ ਪਾਸ ਕੀਤਾ ਗਿਆ। ਸਿੱਖਾਂ ਦੀ ਪਿਛਾਂਹ ਖਿੱਚੂ ਲੀਡਰਸ਼ਿਪ ਨੂੰ ਲੱਕ ਤੋੜਵੀਂ ਹਾਰ ਹੋ ਗਈ। ਇਹ ਸਮਾਗਮ ਸਿੱਖਾਂ ਵਿਚ ਰਾਜਸੀ ਮੋੜ ਦਾ ਮੀਲ ਪੱਥਰ ਸੀ।

6. ਨਵੰਬਰ 1920 ਵਿਚ ਸ਼ਰੋਮਣੀ ਗੁਰਦੁਆਰਾ ਕਮੇਟੀ ਅਤੇ ਦਸੰਬਰ 1920 ਵਿਚ ਸ਼੍ਰੋਮਣੀ ਅਕਾਲੀ ਦਲ ਦੀਆਂ ਪ੍ਰਤੀਨਿਧ ਜੱਥੇਬੰਦੀਆਂ ਬਣੀਆਂ ਜਿਨ੍ਹਾਂ ਨੇ ਇਕ ਪਾਸੇ ਗੁਰਦੁਆਰਾ ਸੁਧਾਰ ਲਹਿਰ ਨੂੰ ਲੜਾਕੂ ਪੈਂਤੜੇ ਉਤੇ ਚਲਾਇਆ, ਦੂਜੇ ਪਾਸੇ ਸਿੱਖ ਜਨਤਾ ਨੂੰ ਆਜ਼ਾਦੀ ਦੇ ਘੋਲ ਵਿਚ ਹਿੱਸਾ ਪਾਉਣ ਲਈ ਉਤਸ਼ਾਹ ਦਿੱਤਾ।

7. ਇਸੇ ਵਰ੍ਹੇ ਵਿਚ ਅਕਾਲੀ ਲਹਿਰ ਤੇ ਕੌਮੀ ਲਹਿਰ ਦੇ ਉਭਾਰ ਨੂੰ ਵੇਖ ਕੇ ਹਕੂਮਤ ਨੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਆਪ ਹੀ ਚੜ੍ਹਾ ਦਿੱਤੀ, ਦਰਬਾਰ ਸਾਹਿਬ ਤੇ ਇਸ ਨਾਲ ਸੰਬੰਧਤ ਗੁਰਦੁਆਰਿਆਂ ਦੀ ਕਮੇਟੀ ਬਣਾ ਦਿੱਤੀ। ਖਾਲਸਾ ਕਾਲਜ ਸਿੱਖਾਂ ਦੇ ਹਵਾਲੇ ਕਰ ਦਿੱਤਾ ਤੇ ਕੁਝ ਹੋਰ ਗੁਰਦੁਆਰਿਆਂ ਉਤੇ ਵੀ ਸਿੱਖਾਂ ਦਾ ਕਬਜ਼ਾ ਹੋ ਗਿਆ।

ਇਹਨਾਂ ਮਹਾਨ ਘਟਨਾਵਾਂ ਨੇ ਜਿਥੇ ਭਾਰਤ ਦੀ ਕੌਮੀ ਆਜ਼ਾਦੀ ਦੀ ਲਹਿਰ ਵਿਚ ਅਤੇ ਸਿੱਖ ਪੰਥ ਵਿਚ ਨਵਾਂ ਮੋੜ ਪੈਦਾ ਕੀਤਾ, ਉਥੇ ਮੇਰੇ ਜੀਵਨ ਵਿਚ ਬਹੁਤ ਵੱਡਾ ਪਲਟਾ ਲੈ ਆਂਦਾ। ਇਸੇ ਕਰਕੇ ਮੈਂ ਇਸ ਨੂੰ ਇਤਿਹਾਸਕ ਮੋੜ ਦਾ ਵਰ੍ਹਾ ਕਹਿੰਦਾ ਹਾਂ।

## ਗੁਰਮੇਲ ਮਡਾਹੜ ਦੀ ਕਹਾਣੀ 'ਏਕਲਵਯ'

*(ਪਿਛਲੇ ਸਫੇ ਦੀ ਬਾਕੀ)*

ਦੇਵੇਂਗਾ?"

"ਮੇਰੀ ਜਾਨ ਤਕ ਹਾਜ਼ਰ ਹੈ ਸਰ।"

"ਇਸ ਦੀ ਲੋੜ ਨਹੀਂ...।"

"ਹੋਰ ਹੁਕਮ...?"

"ਬੱਸ... ਇਹ ਮੈਚ ਹਾਰ ਜਾ...ਅ...।"

ਇਸ ਤੋਂ ਪਹਿਲਾਂ ਕਿ ਉਹ ਕੋਈ ਉੱਤਰ ਦੇਵੇ, ਘੰਟੀ ਵੱਜ ਗਈ। ਉਹ ਉੱਠਿਆ। ਅੱਗੇ ਵਧਿਆ। ਤੜਾਕ ਕਰਦਾ ਮੁੱਕਾ ਉਸ ਦੇ ਜਬਾੜੇ 'ਤੇ ਪਿਆ। ਉਸ ਦੇ ਪੈਰ ਲੜਖੜਾ ਗਏ। ਸਿਰ ਕੂਹਣੀਆਂ ਵਿਚ ਦੇ ਕੇ ਪਲ ਭਰ ਲਈ ਆਰਾਮ ਕੀਤਾ। ਦਰਸ਼ਕ ਸਹਿਮ ਗਏ। ਰੈਫਰੀ ਨੇ ਇਕ ਦੋ ਤਿੰਨ ਗਿਣੇ। ਜੰਗ ਬਹਾਦਰ ਖੜ੍ਹਾ ਹੋ ਗਿਆ। ਮੁਕਾਬਲਾ ਫਿਰ ਸ਼ੁਰੂ ਹੋ ਗਿਆ। ਡੀ. ਵੀ. ਸਿੰਘ ਪੂਰੀ ਤਾਕਤ ਇਕੱਠੀ ਕਰ ਕੇ ਉਸ 'ਤੇ ਚੀਤੇ ਦੀ ਤਰ੍ਹਾਂ ਵਰ੍ਹਿਆ। ਜੰਗ ਬਹਾਦਰ ਨੇ ਪਾਸਾ ਵੱਟ ਲਿਆ। ਉਸ ਦਾ ਮੁੱਕਾ ਹਵਾ ਵਿਚ ਹੀ ਲਹਿਰਾ ਕੇ ਰਹਿ ਗਿਆ। ਉਸ ਦੇ ਜਵਾਬ ਵਿਚ ਜੰਗ ਬਹਾਦਰ ਨੇ ਇਕ ਜ਼ਬਰਦਸਤ ਪੰਚ ਉਸ ਦੀ ਠੀਕ ਨੱਕ ਦੀ ਘੋੜੀ 'ਤੇ ਜਮਾ ਦਿੱਤਾ। ਡੀ. ਵੀ. ਸਿੰਘ ਦੇ ਪੈਰ ਧਰਤੀ ਤੋਂ ਚੁੱਕੇ ਗਏ ਤੇ ਉਹ ਕਿਸੇ ਦਰੱਖਤ ਦੇ ਟੁੱਟੇ ਹੋਏ ਟਾਹਣੇ ਦੀ ਤਰ੍ਹਾਂ ਧਰਤੀ 'ਤੇ ਪਿੱਠ ਭਾਰ ਡਿੱਗ ਪਿਆ। ਜੰਗ ਬਹਾਦਰ ਵ੍ਹਾਈਟ ਕਾਰਨਰ ਵਿਚ ਚਲਿਆ ਗਿਆ। ਰੈਫਰੀ ਨੇ ਇਕ-ਦੋ-ਤਿੰਨ ਗਿਣਨੇ ਸ਼ੁਰੂ ਕਰ ਦਿੱਤੇ, ਪਰ ਜਦ ਡੀ. ਵੀ. ਸਿੰਘ ਦਸ ਗਿਣਨ ਤੋਂ ਬਾਅਦ ਵੀ ਨਾ ਉੱਠਿਆ ਤਾਂ ਰੈਫਰੀ ਨੇ ਉਸ ਨੂੰ ਉਠ ਕੇ ਰਿੰਗ ਤੋਂ ਬਾਹਰ ਲੈ ਜਾਣ ਦਾ ਇਸ਼ਾਰਾ ਕੀਤਾ। ਫੈਸਲੇ ਤੋਂ ਬਾਅਦ ਜੰਗ ਬਹਾਦਰ ਬਾਹਰ ਆਇਆ। ਆਪਣੇ ਕੋਚ ਵੱਲ ਵਧਿਆ, ਜੋ ਡੀ. ਵੀ. ਸਿੰਘ ਨੂੰ ਡਾਕਟਰੀ ਸਹਾਇਤਾ ਦਿਵਾ ਕੇ ਹੋਸ਼ ਵਿਚ ਲਿਆ ਰਿਹਾ ਸੀ। ਜੰਗ ਬਹਾਦਰ ਨੂੰ ਆਪਣੇ ਵੱਲ ਆਉਂਦਾ ਦੇਖ ਕੇ ਉਹ ਕ੍ਰੋਧ ਵਿਚ ਖੜ੍ਹਾ ਹੋ ਗਿਆ। ਉਸ ਦੀਆਂ ਅੱਖਾਂ ਅੱਗ ਬਰਸਾ ਰਹੀਆਂ ਸਨ ਤੇ ਚਿਹਰਾ ਤੰਦੂਰ ਵਾਂਗ ਭਖਿਆ ਹੋਇਆ ਸੀ।

ਜੰਗ ਬਹਾਦਰ ਬਿਜਲੀ ਦੀ ਫੁਰਤੀ ਨਾਲ ਅੱਗੇ ਵਧਿਆ। ਗੁਰੂ ਦੇ ਪੈਰੀਂ ਹੱਥ ਲਾਉਣੇ ਚਾਹੇ, ਪਰ ਗੁਰੂ ਪਿੱਛੇ ਹਟ ਗਿਆ। ਜੰਗ ਬਹਾਦਰ ਦੇ ਮਨ 'ਤੇ ਇਸ ਕਰਮ ਦਾ ਕੋਈ ਅਸਰ ਨਾ ਹੋਇਆ। ਉਸ ਨੇ ਹੱਥ ਜੋੜ ਕੇ ਕਿਹਾ, "ਮੁਆਫ ਕਰਨਾ ਸਰ... ਮੇਰੇ ਕਰਕੇ ਤੁਹਾਡਾ ਮਨ ਦੁਖੀ ਹੋਇਆ ਹੈ...।"

ਕੋਚ ਬੋਪਾਰਾਏ ਨੇ ਜੰਗ ਬਹਾਦਰ ਦੀ ਗੱਲ ਦਾ ਜਵਾਬ ਦੇਣ ਦੀ ਥਾਂ ਹੋਰ ਗੁੱਸਾ ਪ੍ਰਗਟ ਕਰਦਿਆਂ ਉਸ ਵੱਲ ਪਿੱਠ ਕਰ ਲਈ। ਆਖਰ ਜੰਗ ਬਹਾਦਰ ਨੂੰ ਵੀ ਗੁੱਸਾ ਆ ਗਿਆ ਪਰ ਉਹ ਆਪਣੇ ਜਜ਼ਬਾਤ 'ਤੇ ਕਾਬੂ ਪਾਉਂਦਾ ਹੋਇਆ ਫਿਰ ਬੜੀ ਅਧੀਨਗੀ ਨਾਲ ਬੋਲਿਆ, "ਸਰ ਮੈਂ ਕੋਈ ਮਹਾਂਭਾਰਤ ਦਾ ਪਾਤਰ ਏਕਵਲਯ ਨਹੀਂ, ਮੈਂ ਤਾਂ ਇੱਕੀਵੀਂ ਸਦੀ ਦਾ ਇਕ ਚੇਤੰਨ ਮਨੁੱਖ ਹਾਂ!"

# ਸੁਰਖ ਮੌਸਮਾਂ ਦੀ ਉਡੀਕ ਦਾ ਕਵੀ: ਕੁਲਵਿੰਦਰ

ਕੁਲਵਿੰਦਰ ਨਾ ਸਿਰਫ ਸਮਕਾਲੀ ਅਮਰੀਕੀ ਪੰਜਾਬੀ ਕਵਿਤਾ ਵਿਚ ਹੀ, ਸਗੋਂ ਸਮੁੱਚੀ ਪੰਜਾਬੀ ਕਵਿਤਾ ਦੇ ਪਿੜ ਵਿਚ ਗਜ਼ਲਕਾਰ ਦੇ ਤੌਰ 'ਤੇ ਇਕ ਚਰਚਿਤ ਨਾਮ ਹੈ। ਕੁਲਵਿੰਦਰ ਦੁਆਬੇ ਦੇ ਇਲਾਕੇ ਦਾ ਜੰਮਪਲ ਹੈ। ਉਸ ਦਾ ਜਨਮ 11 ਦਸੰਬਰ 1961 ਨੂੰ ਪਿੰਡ ਬੰਡਾਲਾ ਵਿਖੇ ਹੋਇਆ। ਉਸ ਨੇ 1983 ਵਿਚ ਅਮਰੀਕਾ ਵਿਖੇ ਪਰਵਾਸ ਧਾਰਨ ਕਰ ਲਿਆ। ਕੁਲਵਿੰਦਰ ਦੀ ਕਾਵਿ-ਸਾਧਨਾ ਦਾ ਸਫਰ ਲਗਭਗ ਪਿਛਲੇ ਤਿੰਨ ਦਹਾਕਿਆਂ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਤਿੰਨ ਦਹਾਕਿਆਂ ਵਿਚ ਉਸ ਨੇ ਸਿਰਫ ਦੋ ਗਜ਼ਲ-ਸੰਗ੍ਰਹਿਆਂ ਦੀ ਹੀ ਪ੍ਰਕਾਸ਼ਨਾ ਕੀਤੀ ਹੈ, 'ਬਿਰਛਾਂ ਅੰਦਰ ਉਗੇ ਖੰਡਰ' (2002) ਅਤੇ 'ਨੀਲੀਆਂ ਲਾਟਾਂ ਦਾ ਸੇਕ' (2009)। ਏਹੀ ਕਾਰਨ ਹੈ ਕਿ ਉਸ ਨੇ ਗਜ਼ਲ ਦੇ ਗੁਣਾਤਮਕ ਭਾਵ ਗਜ਼ਲ ਦੇ ਕਲਾਤਮਕ-ਪੱਖ ਵੱਲ ਵਧੇਰੇ ਧਿਆਨ ਦਿੱਤਾ ਹੈ। ਕੁਲਵਿੰਦਰ ਪੰਜਾਬੀ ਦੇ ਪ੍ਰਸਿੱਧ ਗਜ਼ਲਕਾਰ ਡਾ. ਜਗਤਾਰ ਦੇ ਗਵਾਂਢੀ ਪਿੰਡ ਦਾ ਜੰਮਪਲ ਹੈ। ਗਜ਼ਲ-ਰਚਨਾ ਦੀ ਚੇਟਕ ਵੀ ਉਸ ਨੂੰ ਡਾ. ਜਗਤਾਰ ਦੀਆਂ ਗਜ਼ਲਾਂ ਪੜ੍ਹ ਕੇ ਹੀ ਲੱਗੀ। ਇਸੇ ਲਈ ਮੁਢਲੇ ਪ੍ਰਭਾਵ ਵੀ ਉਸ ਨੇ ਡਾ. ਜਗਤਾਰ ਤੋਂ ਹੀ ਪ੍ਰਾਪਤ ਕੀਤੇ। ਕਵੀ ਦੀ



**ਪ੍ਰੋ. ਸੁਹਿੰਦਰ ਬੀਰ**

ਰਚਨਾਤਮਕਤਾ ਵਿਚ ਆਲੇ-ਦੁਆਲੇ ਦੀ ਜ਼ਿੰਦਗੀ ਦੇ ਪ੍ਰਭਾਵ ਤਾਂ ਨਿਰੰਤਰ ਪੈਂਦੇ ਰਹਿੰਦੇ ਹਨ, ਪਰ ਜੋ ਪ੍ਰਭਾਵ ਆਪਣੇ ਪਰਿਵਾਰਕ ਪਿਛੋਕੜ ਵਿਚੋਂ ਬਾਲ-ਮਨ ਦੀ ਤਖਤੀ ਉਪਰ ਪੈਂਦੇ ਹਨ, ਉਹ ਆਪਣੀ ਸਦੀਵੀ ਛਾਪ ਛੱਡ ਜਾਂਦੇ ਹਨ। ਇਨ੍ਹਾਂ ਵਿਚੋਂ ਕੁਝ ਪ੍ਰਭਾਵਾਂ ਵੱਲ ਕੁਲਵਿੰਦਰ ਨੇ ਸੰਕੇਤ ਵੀ ਕੀਤਾ ਹੈ, ਜਿਵੇਂ ਉਨ੍ਹਾਂ ਦੀ ਮਾਤਾ ਵੱਲੋਂ ਸ਼ਾਮ ਨੂੰ ਪਿੰਡ ਦੇ ਨੇੜੇ ਸਮਾਧ ਉਪਰ ਚਿਰਾਗਾਂ ਦਾ ਜਗਾਉਣਾ, ਬਿਰਖਾਂ ਦਾ ਸ਼ਾਮ ਨੂੰ ਸੁੱਤੇ ਹੋਣਾ।

ਪੁਰਾਣੇ ਸਮਿਆਂ ਵਿਚ ਸਾਡੇ ਬਜ਼ੁਰਗ ਪਿੰਡ, ਪਿੰਡ ਦੀ ਜ਼ਿੰਦਗੀ, ਰਸਮਾਂ-ਰਿਵਾਜਾਂ ਆਦਿ ਵਿਚ ਬਹੁਤ ਵਿਸ਼ਵਾਸ ਰੱਖਦੇ ਸਨ। ਇਸ ਕਰਕੇ ਉਨ੍ਹਾਂ ਦਾ ਪ੍ਰਕਿਰਤੀ ਅਤੇ ਸੰਸਕ੍ਰਿਤੀ ਨਾਲ ਵੀ ਬਹੁਤ ਲਗਾਓ ਹੁੰਦਾ ਸੀ। ਉਹ ਇਸ ਨੂੰ ਇਸ ਜੀਵੰਤ ਇਕਾਈ/ਹੋਂਦ ਵਜੋਂ ਹੀ ਮੰਨਦੇ ਸਨ। ਅਮਰੀਕਾ ਵਰਗੇ ਦੇਸ਼ਾਂ ਵਿਚ ਰੁੱਖਾਂ ਨੂੰ ਬਚਾਉਣ ਲਈ ਸੁਚੇਤ ਯਤਨ ਕੀਤੇ ਜਾਂਦੇ ਹਨ, ਪਰ ਆਧੁਨਿਕ ਸਮੇਂ ਵਿਚ ਅਸੀਂ ਭਾਰਤ ਵਿਚ ਰੁੱਖਾਂ ਨੂੰ ਪਿਆਰਨ ਵਾਲੀ ਪਰੰਪਰਾ ਬਰਕਰਾਰ ਨਹੀਂ ਰੱਖ ਸਕੇ। ਰੁੱਖਾਂ ਨੂੰ ਪਿਆਰਨ ਵਾਲੇ ਆਦਮ ਬਿੰਬ ਕੁਲਵਿੰਦਰ ਦੀ ਮਾਨਸਿਕਤਾ ਨੇ ਸੰਭਾਲੇ ਹੋਏ ਹਨ। ਕੁਲਵਿੰਦਰ ਦੀ ਖਾਸੀਅਤ ਅਤੇ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਹ ਕਿਸੇ ਇਕ ਵਿਚਾਰਧਾਰਾ ਨਾਲ ਪ੍ਰਤਿਬੱਧ ਰੂਪ ਵਿਚ ਬੱਝਾ ਹੋਇਆ ਨਹੀਂ ਹੈ। ਪਿਛਲੇ 30-35 ਸਾਲਾਂ ਵਿਚ ਕੌਮਾਂਤਰੀ ਪੱਧਰ 'ਤੇ ਜੋ ਵਿਚਾਰਧਾਰਾਵਾਂ ਸਾਹਮਣੇ ਆਈਆਂ ਹਨ, ਉਨ੍ਹਾਂ ਸਾਰੀਆਂ ਤੋਂ ਉਸ ਨੇ ਪ੍ਰਭਾਵ ਜ਼ਰੂਰ ਗ੍ਰਹਿਣ ਕੀਤੇ ਹਨ। ਸੋ ਇਸ ਤਰ੍ਹਾਂ ਜੇ ਉਹ ਇਕ ਪਾਸੇ ਆਪਣੇ ਬਚਪਨ ਵਿਚ ਪਰੰਪਰਾਗਤ ਜੀਵਨ-ਵਿਹਾਰ ਨਾਲ ਜੁੜਿਆ ਹੋਇਆ ਸੀ ਤਾਂ ਦੂਜੇ ਪਾਸੇ ਵਿਸ਼ਵ-ਵਿਆਪੀ ਚਿੰਤਨ ਨਾਲ ਸਾਂਝ ਪਾ ਕੇ ਕਰਤਾਰੀ ਪ੍ਰਤਿਭਾ ਦੀ ਛਾਪ ਲਾਉਂਦਾ ਹੈ।

ਉਸ ਦੀਆਂ ਦੋਵੇਂ ਪੁਸਤਕਾਂ ਦੇ ਸਿਰਲੇਖ ਦਾਰਸ਼ਨਿਕ ਗਹਿਰਾਈ ਵਾਲੇ ਹਨ। 'ਬਿਰਛਾਂ ਅੰਦਰ ਉਗੇ ਖੰਡਰ' ਸਿਰਲੇਖ ਸਾਰਤਰ ਦੀ ਉਸ ਫਿਲਾਸਫੀ ਵੱਲ ਇਸ਼ਾਰਾ ਕਰਦਾ ਹੈ, ਜਿਸ ਵਿਚ ਉਸ ਨੇ ਮਨੁੱਖ ਦੀ ਨਿਖੇਧਾਤਮਕ ਹੋਂਦ/ਨਿਹੋਂਦ ਦਾ ਜ਼ਿਕਰ ਕੀਤਾ ਹੈ। ਭਾਵ ਆਧੁਨਿਕ ਜੀਵਨ ਦੀ ਤੇਜ਼-ਤਰਾਰ ਮਸ਼ੀਨੀ ਜ਼ਿੰਦਗੀ ਨੇ ਮਨੁੱਖ ਨੂੰ ਹੱਡ ਮਾਸ ਦਾ ਪੁਤਲਾ ਬਣਾ ਦਿੱਤਾ ਹੈ, ਇਹ ਮਨੁੱਖ ਕਿਸੇ ਤਰ੍ਹਾਂ ਨਾਲ ਵੀ ਆਦਰਸ਼ਕ ਮਨੁੱਖ ਦਾ ਸਮਾਨਭਾਵੀ ਨਹੀਂ ਹੈ, ਸਗੋਂ ਆਪਣੀਆਂ ਹੀ ਖਾਹਿਸ਼ਾਂ/ਇੱਛਾਵਾਂ ਨੂੰ ਪੂਰਿਆਂ ਤਾਂ ਕੀ ਕਰਨਾ ਬਲਕਿ ਮਾਰ-ਮੁੱਕ ਕੇ ਜ਼ਿੰਦਗੀ ਬਸਰ ਕਰਨ ਵਾਲਾ ਮਨੁੱਖ ਹੈ, ਜਿਸ ਦੀ ਹੋਂਦ ਇਕ ਬਿੰਦੂ ਤੱਕ ਹੀ ਸਿਮਟ-ਸੁੰਗੜ ਕੇ ਰਹਿ ਜਾਂਦੀ ਹੈ। ਸੋ ਇਹ ਸਿਰਲੇਖ ਆਧੁਨਿਕ ਮਨੁੱਖ ਦੇ ਦੁਖਾਂਤ-ਬੋਧ ਨੂੰ ਚਿਤਰਨ ਵਾਲਾ ਹੈ।

ਦੂਜੀ ਪੁਸਤਕ ਦਾ ਸਿਰਲੇਖ 'ਨੀਲੀਆਂ ਲਾਟਾਂ ਦਾ ਸੇਕ' ਹੈ। ਇਹ ਨੀਲੀ ਲਾਟ ਭਾਵੇਂ ਵੇਖਣ ਵਾਲੇ ਬੰਦੇ ਨੂੰ ਦੀਵਿਆਂ ਦੀ ਜਗਦੀ ਹੋਈ ਬਾਹਰੀ ਲਾਟ ਦਾ ਭਰਮ ਪਾਉਂਦੀ ਹੈ, ਪਰ ਅਸਲ ਵਿਚ ਇਹ ਦੁਖਾਂਤਕ-ਬੋਧ ਨੂੰ ਜੀਅ ਰਹੀ ਆਤਮਾ ਦਾ ਹੀ ਇਕ ਕਿਸਮ ਦਾ ਵਿਰਲਾਪ ਹੈ। ਜਿਉਂ ਜਿਉਂ ਇਹ ਸੇਕ ਤੇਜ਼-ਤਰਾਰ ਹੁੰਦਾ ਜਾਂਦਾ ਹੈ, ਤਿਉਂ ਤਿਉਂ ਮਨੁੱਖੀ ਸਰੀਰ ਨੂੰ ਵਧੇਰੇ ਕਸ਼ਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਕਾਵਿਕ-ਸੱਚ ਸਿਰਫ ਕੁਲਵਿੰਦਰ-ਕਾਵਿ ਵਿਚ ਪ੍ਰਗਟ ਹੋਏ ਮਨੁੱਖ ਦਾ ਨਹੀਂ, ਸਗੋਂ ਆਧੁਨਿਕ ਮਨੁੱਖ ਦਾ ਹੈ। ਇਸ ਲਈ ਇਹ ਆਧੁਨਿਕ ਮਨੁੱਖ ਦਾ ਸਰਬਕਾਲੀ-ਸੱਚ ਬਣ ਕੇ ਸਾਹਮਣੇ ਆਉਂਦਾ ਹੈ ਅਤੇ ਆਧੁਨਿਕ ਕਵਿਤਾ ਦੇ ਉਘੜਵੇਂ ਥੀਮ ਵਜੋਂ ਉਜਾਗਰ ਹੁੰਦਾ ਹੈ। ਇਸ ਥੀਮ ਦੀ ਪੇਸ਼ਕਾਰੀ ਲਈ ਹਰਿਭਜਨ ਸਿੰਘ, ਜਸਵੰਤ ਸਿੰਘ ਨੇਕੀ, ਸ਼ਿਵ ਕੁਮਾਰ, ਰਵਿੰਦਰ ਰਵੀ, ਗੁਰੂਮੇਲ ਆਦਿ ਕਵੀਆਂ ਨੇ ਵੀ ਆਪਣਾ ਧਿਆਨ ਇਕਾਗਰ ਕੀਤਾ ਹੈ।

ਆਧੁਨਿਕ ਮਨੁੱਖ ਦੇ ਖੰਡਿਤ ਵਿਅਕਤਿਤਵ ਦੇ ਨਾਲ ਪੰਜਾਬ ਸੰਕਟ, ਪਰਵਾਸ, ਵਿਯੋਗ, ਬ੍ਰਹਿਮੰਡਕ ਚੇਤਨਾ ਦੇ ਥੀਮ ਸਮਾਨਾਂਤਰ ਰੂਪ ਵਿਚ ਕੁਲਵਿੰਦਰ-ਕਾਵਿ ਵਿਚ ਉਪਲਬਧ ਹੁੰਦੇ ਹਨ। ਕੁਲਵਿੰਦਰ ਨੇ ਜਿਸ ਕਾਵਿ-ਰੂਪ ਨੂੰ ਆਪਣੇ ਅਨੁਭਵ ਲਈ ਮਾਧਿਅਮ ਬਣਾਇਆ ਹੈ, ਉਹ ਗਜ਼ਲ ਦਾ ਕਾਵਿ-ਰੂਪ ਹੈ। ਗਜ਼ਲ ਕਾਵਿ-ਰੂਪ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਕ ਗਜ਼ਲ ਵਿਚ ਇਕ ਤੋਂ ਵੱਧ ਵਿਸ਼ੇ ਅਤੇ ਥੀਮ ਪੇਸ਼ ਕੀਤੇ ਜਾ ਸਕਦੇ ਹਨ, ਇਸ ਨੂੰ ਗੈਰ-ਮੁਸੱਲਸਲ ਗਜ਼ਲ ਕਿਹਾ ਜਾਂਦਾ ਹੈ ਅਤੇ ਜਿਸ ਗਜ਼ਲ ਵਿਚ ਇਕ ਹੀ ਥੀਮ ਆਦਿ ਤੋਂ ਅੰਤ ਤਕ ਨਿਭਾਇਆ ਜਾਵੇ, ਉਹ ਮੁਸੱਲਸਲ ਗਜ਼ਲ ਹੁੰਦੀ ਹੈ। ਕੁਲਵਿੰਦਰ ਦੀ ਗਜ਼ਲ ਦਾ ਦੌਰ ਪੰਜਾਬ ਸੰਕਟ ਦੇ ਕਾਲੇ ਦਿਨਾਂ ਦੇ ਨਾਲ ਹੀ ਅਰੰਭ ਹੁੰਦਾ ਹੈ, ਇਸ ਕਰਕੇ ਉਸ ਦੀ ਪੰਜਾਬ ਸੰਕਟ ਬਾਰੇ ਦ੍ਰਿਸ਼ਟੀ ਨੂੰ ਉਜਾਗਰ ਕਰਨਾ ਲਾਜ਼ਮੀ ਹੋਵੇਗਾ। ਹੇਠ ਲਿਖੇ ਸ਼ਿਅਰਾਂ ਵਿਚ ਪੰਜਾਬ ਸੰਕਟ ਦੀ ਪੇਸ਼ਕਾਰੀ ਹੋਈ ਹੈ:

ਬਿਰਖ ਸਭ ਸਹਿਮੇ ਖੜ੍ਹੇ  
ਪੱਤਾ ਵੀ ਇਕ ਹਿਲਦਾ ਨਾ ਸੀ,  
ਰਾਤ ਭਰ ਜੰਗਲ 'ਚ ਇਕ ਪੰਛੀ ਵੀ  
ਘਰ ਮੁੜਿਆ ਨਾ ਸੀ। (ਸਹਿਮ ਅਤੇ ਦੁੱਖ)

---

ਆਪਣੇ ਪਿੰਡ 'ਚ ਘੋਰ ਹਨੇਰਾ  
ਦੇਖ ਕੇ ਸੁੰਨ-ਮਸੁੰਨੀਆਂ ਥਾਂਵਾਂ,  
ਜੀਅ ਕਰਦੈ ਮੈਂ ਚੌਰਸਤੇ ਵਿਚ  
ਸੂਰਜ ਵਾਂਗੂੰ ਬਲਦਾ ਜਾਵਾਂ।  
(ਸੁੰਨ/ਸੂਰਜ ਬਣ ਕੇ ਬਲਣ ਦਾ ਰੁਮਾਂਸ)

---

ਉੱਠ, ਬੱਤੀ ਬਾਲ, ਕਰ ਅਰਦਾਸ  
ਸਭ ਦੀ ਖੈਰ ਮੰਗ,  
ਸ਼ਾਮ ਖਾਮੋਸ਼ੀ 'ਚ ਹੀ  
ਡੁੱਬੀ ਨਾ ਰਹਿ ਜਾਵੇ ਕਿਤੇ। (ਸ਼ੁੱਭ ਇੱਛਾ)

---

ਚੜ੍ਹੀ ਹੈ ਗਹਿਰ ਚੁਫੇਰੇ ਦਿਸੇ ਧੂੰਆਂ ਧੂੰਆਂ  
ਨ ਮੇਰੇ ਸ਼ਹਿਰ 'ਚ ਹੁਣ ਸ਼ਾਮ ਰੰਗਲੀ ਆਵੇ।  
(ਸੋਗ ਅਤੇ ਮਾਤਮ)

---

ਕਿਤੇ ਇਹ ਸਿਰਫ ਘਰਾਂ ਤੀਕ ਨਾ ਰਹੇ ਸੀਮਤ  
ਖੁਦਾ ਕਰੇ! ਕਿ ਮਨਾਂ ਤੀਕ ਰੋਸ਼ਨੀ ਆਵੇ। (ਸੂਝ)

---

ਸ਼ਹਿਰ ਦੀ ਅੰਨ੍ਹੀ ਹਵਾ ਨੂੰ ਕਹਿ ਦਿਓ  
ਹੁਣ ਅਸਾਡੇ ਦੀਵਿਆਂ ਬੁਝਣਾ ਨਹੀਂ।

---

ਘਰ ਦੇ ਚਿਰਾਗ ਰੋਜ਼ ਹਵਾਵਾਂ ਬੁਝਾਉਂਦੀਆਂ  
ਜੇਰੇ ਦੇ ਨਾਲ ਰੋਜ਼ ਪਰ ਮਾਂਵਾਂ ਜਗਾਉਂਦੀਆਂ। (ਆਸ਼ਾ)

---

ਮੰਨਿਆ ਇਸ ਸ਼ਹਿਰ ਦਾ, ਹਰ ਸ਼ਖਸ ਹੀ ਸੁਕਰਾਤ ਹੈ,  
ਦੇਖਣਾ ਇਹ ਹੈ ਕਿ ਏਥੇ ਕੌਣ ਪੀਂਦਾ ਜ਼ਹਿਰ ਹੈ?  
(ਸੁਕਰਾਤ ਦਾ ਅਸਲੀ ਚਿਹਰਾ)

---

ਕਿਸ ਤਰ੍ਹਾਂ ਦੀ ਰਾਤ ਕਿ ਜਿਸ ਦੀ ਨ ਸੀ ਕੋਈ ਸਵੇਰ,  
ਕਿਸ ਤਰ੍ਹਾਂ ਦੀ ਪੀੜ ਕਿ ਜਿਸ ਦੀ ਕੋਈ ਮਰਹਮ ਨਾ ਸੀ।  
(ਉਦਾਸੀ ਦੀ ਲੰਮੀ ਰਾਤ)

---


ਪੰਜਾਬ ਸੰਕਟ ਦਾ ਸਮਾਂ 1978 ਤੋਂ 1992 ਈ. ਤੱਕ ਦਾ ਹੈ। ਇਹ ਭਾਰਤ-ਪਾਕ ਵੰਡ ਪਿਛੋਂ ਦੂਜਾ ਵੱਡਾ ਦੁਖਾਂਤ ਸੀ। ਇਸ ਦੁਖਾਂਤ ਨੇ ਦੂਰ-ਦਰਾਜ਼ ਤਾਈਂ ਪੰਜਾਬੀ ਮਨ ਨੂੰ ਹਲੂਣਿਆ। ਗਰਮ-ਖਿਆਲੀ ਤਬਕਾ ਇਸ ਨੂੰ ਖਾਲਿਸਤਾਨ ਵੱਲ ਲਿਜਾਣਾ ਚਾਹੁੰਦਾ ਸੀ, ਪਰ ਪੰਜਾਬੀਅਤ ਦੀ ਸੋਚ ਵਾਲੇ ਬੁੱਧੀਜੀਵੀ ਇਸ ਦਾ ਸਟੇਟਸ ਕੋ ਹੀ ਰੱਖਣਾ ਚਾਹੁੰਦੇ ਸਨ। ਅਜਿਹੀ ਸੋਚ ਵਾਲੇ ਬੁਧੀਜੀਵੀਆਂ ਨੂੰ ਸ਼ਹਾਦਤ ਦਾ ਜਾਮ ਵੀ ਪੀਣਾ ਪਿਆ। ਇਸ ਸਾਰੇ ਰਾਜਸੀ ਵਾਤਾਵਰਨ ਵਿਚੋਂ ਪੰਜਾਬ ਦੀ ਉਦਾਸੀ ਨੂੰ ਪੇਸ਼ ਕਰਨ ਵਾਲੇ ਕੁਝ ਸਾਕਾਰ ਚਿੱਤਰ ਕੁਲਵਿੰਦਰ ਨੇ ਆਪਣੇ ਕਲਾਮ ਵਿਚ ਚਿਤਰੇ ਹਨ। ਆਪਣੀ ਰੂਹ ਦੀ ਗਹਿਰਾਈ ਵਿਚ ਉਤਰ ਕੇ ਉਹ ਲੋਕਾਈ ਦੀ ਖੈਰੀਅਤ ਲਈ ਸ਼ੁਭ-ਇੱਛਾ ਦਾ ਇਜ਼ਹਾਰ ਵੀ ਕਰਦਾ ਹੈ। ਇਹ ਸ਼ੁਭ-ਇੱਛਾ ਕੁਲਵਿੰਦਰ ਨੂੰ ਆਪਣੀ ਮਾਤਾ ਜੀ ਵੱਲੋਂ ਪ੍ਰਾਪਤ ਹੋਈ ਹੈ, ਜੋ ਚਿਰਾਗਾਂ ਦੇ ਸਮੇਂ ਹਰ ਘਰ ਵਿਚ ਦੀਵੇ ਜਗਦੇ ਰਹਿਣ ਦੀ ਅਰਦਾਸ ਕਰਦੀ ਹੈ:

ਮੇਰੇ ਬਚਪਨ ਦੇ ਦਿਨਾਂ ਵਿਚ ਮੇਰੀ ਮਾਂ ਪਿੰਡ ਤੋਂ ਬਾਹਰ ਇਕ ਸ਼ਹੀਦਾਂ ਦੀ ਮੜ੍ਹੀ 'ਤੇ ਅਕਸਰ ਦੀਵਾ ਜਗਾਉਣ ਜਾਇਆ ਕਰਦਾ ਸੀ। ਮੈਂ ਵੀ ਕਦੇ ਕਦੇ ਆਪਣੀ ਮਾਂ ਨਾਲ ਚਲੇ ਜਾਂਦਾ ਸੀ.... (ਨੀਲੀਆਂ ਲਾਟਾਂ ਦਾ ਸੇਕ, ਪੰਨਾ-21)

ਇਹ ਅਰਦਾਸ ਸਮੁੱਚੀ ਮਾਨਵ-ਜਾਤੀ ਲਈ ਕੀਤੀ ਜਾਂਦੀ ਹੈ ਅਤੇ ਆਪਣੇ ਮਨ ਦੀ ਸੱਚੀ-ਸੁੱਚੀ ਅਵਾਜ਼ ਨੂੰ ਪ੍ਰਗਟ ਕੀਤਾ ਜਾਂਦਾ ਹੈ। ਮਨ ਤਕ ਪਹੁੰਚ ਕੇ ਬੰਦਾ ਰੂਹ ਦੀ ਅਵਾਜ਼ ਨੂੰ ਸੁਣਦਾ ਹੈ।

ਇਸ ਜਹਾਨ ਵਿਚ ਸੱਚ ਦੀ ਅਵਾਜ਼ ਨੂੰ ਸੁਣਨ ਅਤੇ ਪ੍ਰਗਟ ਕਰਨ ਵਾਲੇ ਭਾਵੇਂ ਬਹੁਤ ਦਾਅਵੇਦਾਰ ਡੀਂਗਾਂ ਮਾਰਦੇ ਰਹਿੰਦੇ ਹਨ, ਪਰ ਹਕੀਕਤ ਵਿਚ ਸਮਾਂ ਹੀ ਦੱਸਦਾ ਹੈ ਕਿ ਕੌਣ ਸੱਚ ਦੇ ਰਸਤੇ 'ਤੇ ਤੁਰ ਕੇ ਜ਼ਹਿਰ ਦਾ ਪਿਆਲਾ ਪੀਂਦਾ ਹੈ। ਸਮੁੱਚੇ ਪੰਜਾਬੀਅਤ ਦੇ ਮੁਦਈਆਂ ਵਾਂਗ ਕੁਲਵਿੰਦਰ ਨੇ ਵੀ ਪੰਜਾਬ ਲਈ ਸ਼ੁਭ-ਇੱਛਾ ਜਾਹਰ ਕੀਤੀ ਹੈ। ਭਾਵੇਂ ਸਮੁੱਚਾ ਪੰਜਾਬ ਇਸ ਸੰਕਟ ਤੋਂ ਮੁਕਤ ਹੋ ਗਿਆ ਹੈ, ਪਰ ਇਸ ਦੇ ਜ਼ਖਮ ਏਨੇ ਗਹਿਰੇ ਹਨ ਕਿ ਅਜੇ ਵੀ ਮਨਾਂ ਵਿਚ ਰਿਸਦੇ ਰਹਿੰਦੇ ਹਨ।

ਕੁਲਵਿੰਦਰ-ਕਾਵਿ ਵਿਚ ਦੂਜੀ ਥੀਮਿਕ ਇਕਾਈ ਪਰਵਾਸੀ ਚੇਤਨਾ ਦੀ ਪੇਸ਼ ਹੋਈ ਹੈ। ਪਰਵਾਸ ਦਾ ਸਬੰਧ ਧਰਤੀ ਦੇ ਇਕ ਖਿੱਤੇ ਤੋਂ ਉਠ ਕੇ ਦੂਜੇ ਖਿੱਤੇ 'ਤੇ ਜਾ ਕੇ ਵਸੇਬਾ ਕਰਨਾ ਹੈ, ਹਿਜਰਤ ਕਰਨਾ, ਜੜ੍ਹਹੀਣ ਹੋਣਾ ਹੈ। ਆਪਣੀਆਂ ਜੜ੍ਹਾਂ ਦਾ ਲਗਾਓ, ਚਿੰਤਾ ਅਤੇ ਨਵੇਂ ਵਸੇਬੇ ਦੀਆਂ ਚੁਣੌਤੀਆਂ







ਕੁਲਵਿੰਦਰ ਦੀਆਂ ਵੱਖ ਵੱਖ ਤਸਵੀਰਾਂ

ਪਰਵਾਸੀ ਮਨੁੱਖ ਨੂੰ ਬੇਚੈਨ ਕਰਦੀਆਂ ਹਨ। ਪਰਵਾਸ ਦੀ ਛਿੱਲਤ ਹਰ ਪਰਵਾਸੀ ਦੇ ਕਲੇਜੇ ਵਿਚ ਚੁੱਭਦੀ ਰਹਿੰਦੀ ਹੈ। ਪਰਵਾਸ ਦਾ ਸੁਪਨਾ ਸੁਨਹਿਰੇ ਖਾਬ ਵਰਗਾ ਹੁੰਦਾ ਹੈ, ਪਰ ਪਰਵਾਸ ਇਸ ਤੋਂ ਬਿਲਕੁਲ ਉਲਟ। ਕੁਲਵਿੰਦਰ ਨੇ ਵੀ ਇਸ ਅਹਿਸਾਸ ਨੂੰ ਸੰਵੇਦਨਸ਼ੀਲ ਮਨ ਵਿਚੋਂ ਢਾਲ ਕੇ ਆਪਣੀ ਸ਼ਾਇਰੀ ਵਿਚ ਪ੍ਰਗਟ ਕੀਤਾ ਹੈ,

ਹਨੇਰੀ ਰਾਤ ਹੈ, ਜੰਗਲ ਹੈ, ਮੈਂ ਹਾਂ ਸਹਿਮਿਆ ਹੋਇਆ,  
ਮੈਂ ਕਿਥੇ ਆ ਗਿਆ ਹਾਂ, ਰੌਸ਼ਨੀ ਨੂੰ ਭਾਲਦਾ ਹੋਇਆ।

---

ਮੈਂ ਵੀ ਇਕ ਕੈਸੇ ਸਫਰ 'ਤੇ ਤੁਰ ਪਿਆ  
ਪਾਰ ਹੁਣ ਕਰਨਾ ਹੈ ਮੈਂ ਅੱਗ ਦੀ ਨਦੀ ਨੂੰ। (ਰੂਪਕ)

---

ਘਰੋਂ ਤੁਰਿਆਂ ਸਾਂ ਇਸ ਕਾਰਨ  
ਕਰਾਂਗਾ ਛਾਂ ਮੈਂ ਰਾਹੀਆਂ ਨੂੰ,  
ਗੁਆ ਬੈਠਾ ਮੈਂ ਸਤ ਕੇ ਥਲ 'ਚ  
ਪਰ ਆਪਣਾ ਹੀ ਪਰਛਾਵਾਂ।

---

ਘਰ, ਨਗਰ, ਰਿਸ਼ਤਾ ਵੀ ਹਰ ਇਕ  
ਕਬਰ ਪਿਉ ਦੀ, ਮਾਂ ਉਦਾਸ,  
ਦੇਸ ਛੱਡ ਆਇਆ ਹਾਂ ਕੀ ਕੀ  
ਉਸ ਕੁੜੀ ਦੇ ਨਾਲ ਨਾਲ।

---

ਦੂਰ ਤੋਂ ਤੱਕਿਆ ਤਾਂ ਸਾਬਤ ਨੇੜ ਤੋਂ ਜਦ ਦੇਖਿਆ,  
ਖੂਬਸੂਰਤ ਸ਼ਹਿਰ ਦਾ ਇਕ ਸ਼ਖਸ ਵੀ ਸਾਲਮ ਨਾ ਸੀ।

---

ਉਹ ਬਲਦੀ ਜੋਤ ਆਥਣ ਦਾ ਸਮਾਂ  
ਮਾਂ ਦੀ ਇਬਾਦਤ।  
ਸਫਰ ਵਿਚ ਯਾਦ ਮੈਨੂੰ ਘਰ ਦੀ  
ਮੁੜ ਮੁੜ ਆ ਰਹੀ ਸੀ।

ਪਰਵਾਸ ਦੇ ਰਸਤੇ ਨੂੰ ਪਾਰ ਕਰਨਾ ਹਨੇਰੀ ਰਾਤ ਨੂੰ ਜੰਗਲ ਵਿਚੋਂ ਗੁਜ਼ਰਨ ਵਾਂਗ ਹੈ। ਅਮਰੀਕੀ ਪਰਵਾਸ ਵਿਚ ਵਧੇਰੇ ਉਹ ਵਿਅਕਤੀ ਸ਼ਾਮਿਲ ਹਨ, ਜੋ ਮਨ ਚਾਹਿਆ ਬਨਵਾਸ ਲੈ ਕੇ ਆਏ ਹਨ। ਇਸ ਉੱਚ ਸ਼੍ਰੇਣੀ ਨੂੰ ਇਥੇ ਪਹੁੰਚ ਕੇ ਜ਼ਮੀਨੀ ਹਕੀਕਤ ਦਾ ਸਾਹਮਣਾ ਕਰਨਾ ਪਿਆ ਹੈ। ਇਸ ਹਕੀਕਤ ਨੇ ਭਾਵੇਂ ਇਨ੍ਹਾਂ ਪਰਵਾਸੀਆਂ ਨੂੰ ਸੰਘਰਸ਼ ਕਰਕੇ ਆਪਣੀ ਹੋਂਦ ਨੂੰ ਕਾਇਮ ਰੱਖਣ ਦਾ ਬਲ ਬਖਸ਼ਿਆ ਹੈ, ਪਰ ਇਕ ਵਾਰ ਤਾਂ ਇਨ੍ਹਾਂ ਜੜ੍ਹਹੀਣ ਵਿਅਕਤੀਆਂ ਨੂੰ ਖਲਾਅ ਵਿਚ ਲਟਕਾ ਕੇ ਅਜਨਬੀਅਤ ਦਾ ਭਾਗੀ ਬਣਾਇਆ। ਦੂਜੇ ਪਾਸੇ ਇਸ ਦੇ ਨਾਲ ਨਾਲ ਹੀ ਪਰਵਾਸੀ ਮਨੁੱਖ ਨੂੰ ਆਪਣੇ ਪ੍ਰਵਾਨਿਤ ਅਤੇ ਅਪ੍ਰਵਾਨਿਤ ਰਿਸ਼ਤਿਆਂ ਨੂੰ ਵੀ ਤਿਲਾਂਜਲੀ ਦੇਣੀ ਪਈ, ਇਨ੍ਹਾਂ ਦੇ ਵਿਛੜਨ ਦਾ ਤ੍ਰਾਸ ਰੂਹ ਨੂੰ ਬੇਚੈਨ ਕਰਦਾ ਹੈ। ਤੇਜ਼-ਤਰਾਰ ਰਫਤਾਰ ਵਾਲੇ ਮੁਲਕਾਂ ਵਿਚ ਵਸੇਬਾ ਕਰਨ ਲਈ ਤਨ ਦੀ ਆਹੂਤੀ ਦੇਣੀ ਪੈਂਦੀ ਹੈ ਅਤੇ ਮਨ ਵੀ ਬੇਚੈਨੀ ਦੀ ਅਵਸਥਾ ਵਿਚੋਂ ਗੁਜ਼ਰਦਾ ਹੈ। ਕੁਲਵਿੰਦਰ-ਕਾਵਿ ਵਿਚ ਇਨ੍ਹਾਂ ਸਾਰੀਆਂ ਵਿਸਤ੍ਰਿਤ ਪ੍ਰਸਥਿਤੀਆਂ ਦੀ ਸਾਰਥਕ ਪੇਸ਼ਕਾਰੀ ਹੋਈ ਹੈ।

ਹੁਣ ਤੱਕ ਕੁਲਵਿੰਦਰ-ਕਾਵਿ ਵਿਚ ਪੰਜਾਬ ਸੰਕਟ ਅਤੇ ਪਰਵਾਸੀ-ਚੇਤਨਾ ਬਾਰੇ ਵਿਚਾਰ ਕੀਤੀ ਗਈ ਹੈ। ਕੁਝ ਕੁ ਥੀਮ ਕੁਲਵਿੰਦਰ-ਕਾਵਿ ਵਿਚ ਅਜਿਹੇ ਹਨ, ਜੋ ਇਕ ਦੂਜੇ ਨਾਲ ਅੰਤਰ-ਸਬੰਧਿਤ ਹਨ। ਇਨ੍ਹਾਂ ਮੁੱਖ ਥੀਮਾਂ ਵਿਚ ਵਿਯੋਗ, ਖੰਡਿਤ ਹੋਂਦ, ਕ੍ਰਾਂਤੀ ਦਾ ਰੁਮਾਂਸ, ਸਾਧਾਰਨਤਾ ਵਿਚੋਂ ਅਸਾਧਾਰਨਤਾ ਦੀ ਪਛਾਣ, ਬ੍ਰਹਿਮੰਡਕ ਚੇਤਨਾ ਆਦਿ ਦੇ ਹਨ। ਕੁਲਵਿੰਦਰ-ਕਾਵਿ ਸਰਲਤਾ ਦਾ ਲਿਖਾਇਕ ਨਹੀਂ, ਸਗੋਂ ਜਟਿਲਤਾ ਦਾ ਧਾਰਨੀ ਹੈ। ਸਰਲਤਾ ਅਤੇ ਜਟਿਲਤਾ ਦੋ ਵਿਰੋਧੀ ਨੁਕਤੇ ਹਨ, ਪਰ ਅੱਜ ਦੇ ਮਨੁੱਖ ਨੇ ਇਨ੍ਹਾਂ ਦੋਹਾਂ ਧਰਾਤਲਾਂ ਉਪਰ ਹੀ ਆਪਣੀ ਟੇਕ ਰੱਖੀ ਹੋਈ ਹੈ, ਇਸੇ ਲਈ ਇਹ ਪ੍ਰਕਿਰਤੀ ਕਈ ਵਾਰ ਅਜਨਬੀਪਨ ਵੀ ਬਣ ਜਾਂਦੀ ਹੈ। ਦੁਨੀਆਂ ਵਿਚ ਜਿੰਨੀ ਵੀ ਕਵਿਤਾ ਲਿਖੀ ਗਈ ਹੈ, ਉਸ ਵਿਚ ਸਭ ਤੋਂ ਵਧੇਰੇ ਕਵਿਤਾ ਮਨੁੱਖੀ ਪਿਆਰ ਦੇ ਵਿਸ਼ੇ ਨਾਲ ਸਬੰਧਿਤ ਹੈ ਅਤੇ ਪਿਆਰ ਦੇ ਵਿਸ਼ੇ ਨਾਲ ਸਬੰਧਿਤ ਹੁੰਦਿਆਂ ਵੀ ਇਹ ਵਧੇਰੇ ਵਿਯੋਗ ਨਾਲ ਨਾਤਾ ਰੱਖਦੀ ਹੈ। ਪੰਜਾਬੀ ਕਵਿਤਾ ਦਾ ਤਾਂ ਆਦਿ ਬਿੰਦੂ ਹੀ ਵਿਯੋਗ ਨਾਲ ਸ਼ੁਰੂ ਹੁੰਦਾ ਹੈ। ਕੁਲਵਿੰਦਰ-ਕਾਵਿ ਵਿਚ ਵਿਯੋਗ ਦੇ ਇਹ ਨਮੂਨੇ ਹੇਠ ਲਿਖੇ ਹਨ:

ਮੈਂ ਘਰੋਂ ਤੁਰਿਆ ਤਾਂ ਰਾਹ ਵਿਚ  
ਪਲ ਕੁ ਭਰ ਇਕ ਅੱਗ ਮਿਲੀ ਸੀ,  
ਮੁੱਦਤਾਂ ਪਿੱਛੋਂ ਵੀ ਉਹ ਅੱਜ ਤੀਕ  
ਮਨ ਸੁਲਗਾ ਰਹੀ ਹੈ।

---

ਜੁਦਾ ਹੋਏ ਸੀ ਜਿਸ ਥਾਂ ਅਸੀਂ ਜੋ ਮੁੱਦਤਾਂ ਪਹਿਲਾਂ,  
ਅਜੇ ਤੀਕਰ ਵੀ ਚੀਕਾਂ ਨੇ ਉਸ ਖੰਡਰ ਵਿਚੋਂ ਸੁਣਦੀਆਂ।

---

ਉਹ ਮੇਰੀ ਜ਼ਿੰਦਗੀ 'ਚ ਪਲ ਕੁ ਭਰ ਸੀ, ਜਾਂ ਨਹੀਂ ਸੀ,  
ਮਗਰ ਮੈਂ ਕਿਉਂ ਉਹਦੇ ਬਾਰੇ ਹਮੇਸ਼ਾ ਸੋਚਦਾ ਹਾਂ!

---

ਚੁੱਪ ਨੇ ਪੌਣਾਂ, ਉਦਾਸੀ ਚਾਂਦਨੀ ਖਾਮੋਸ਼ ਝਾਂਜਰ,  
ਤੇਰੇ ਬਾਝੋਂ ਸ਼ਹਿਰ ਦੀ ਹਰ ਚੀਜ਼ ਹੀ ਪਥਰਾ ਗਈ ਸੀ।

---

ਵਿਅਕਤੀ ਦੇ ਜੀਵਨ ਦੀਆਂ ਖਾਹਿਸ਼ਾਂ ਵਿਚ ਵਿਅਕਤੀਗਤ, ਸਮਾਜਕ, ਸਭਿਆਚਾਰਕ, ਧਾਰਮਿਕ, ਕੌਮੀ, ਕੌਮਾਂਤਰੀ ਬੰਧਨ ਆਦਿ ਕਾਰਨ ਬਣਦੇ ਹਨ। ਅਧੂਰੇ ਸੁਪਨੇ ਅਤੇ ਖਾਹਿਸ਼ਾਂ ਮਨੁੱਖੀ ਅਵਚੇਤਨ ਵਿਚ ਦੱਬੇ ਜਾਂਦੇ ਹਨ, ਫਿਰ ਆਹਿਸਤਾ ਆਹਿਸਤਾ ਇਹ ਅਵਚੇਤਨ ਮਨ ਵਿਚ ਦੱਬੇ ਹੋਏ ਅਹਿਸਾਸ ਸਿਰਜਣਾਤਮਕਤਾ ਰਾਹੀਂ ਉਜਾਗਰ ਹੁੰਦੇ ਹਨ। ਰੁਮਾਂਟਿਕ ਕਵੀ ਵਾਰ ਵਾਰ ਵਿਛੜੇ ਪਲਾਂ ਨੂੰ ਵਾਪਸ ਬੁਲਾਉਂਦਾ ਹੈ ਅਤੇ ਆਪਣੀ ਹੋਂਦ ਦਾ ਪ੍ਰਗਟਾਵਾ ਪ੍ਰਕਿਰਤੀ ਦੇ ਰੂਪਕਾਂ ਰਾਹੀਂ ਕਰਦਾ ਹੈ। ਜਗਤ ਪ੍ਰਸਿੱਧ ਮਨੋਵਿਗਿਆਨੀ ਯਕ ਲਾਕਾਂ ਨੇ ਇਸ ਨੂੰ ਦਰਪਣ ਪੜਾਉ ਦੇ ਪ੍ਰਤੀਕ ਰਾਹੀਂ ਸਮਝਾਉਣ ਦਾ ਉਪਰਾਲਾ ਕੀਤਾ ਹੈ। ਇਨ੍ਹਾਂ ਰੂਪਕਾਂ, ਤਸ਼ਬੀਹਾਂ ਅਤੇ ਬਿੰਬਾਂ ਦੀ ਪ੍ਰਕਿਰਤੀ ਸਕਾਰਾਤਮਕ ਹੁੰਦੀ ਹੈ। ਕਵੀ ਆਪਣੇ ਅਸਤਿੱਤਵ ਨੂੰ ਇਨ੍ਹਾਂ ਰੂਪਕਾਂ ਦੇ ਦਰਪਣ ਰਾਹੀਂ ਵੇਖਦਾ ਹੈ। ਪੰਜਾਬੀ ਦੇ ਵਧੇਰੇ ਕਵੀਆਂ ਵਿਚ ਸਕਾਰਾਤਮਕ ਮਾਨਸਿਕਤਾ ਨੂੰ ਚਿਤਰਨ ਦੇ ਵਿਪਰੀਤ ਨਿਖੇਧਾਤਮਕ ਮਾਨਸਿਕਤਾ ਦਾ ਪ੍ਰਗਟਾਵਾ ਵਧੇਰੇ ਹੋਇਆ ਹੈ। ਕੁਲਵਿੰਦਰ ਦੀਆਂ ਗਜ਼ਲਾਂ ਵਿਚ ਵੀ ਮਨੁੱਖੀ ਅਸਤਿੱਤਵ ਦੇ ਨਿਖੇਧਾਤਮਕ ਬਿੰਬ ਥਾਂ ਪਰ ਥਾਂ ਮਿਲਦੇ ਹਨ:

ਸੁਲਗਦੀ ਰਾਤ ਹੈ, ਬਲਦਾ ਬਿਰਖ ਤਾਰਾ ਟੁੱਟਦਾ ਹੋਇਆ,  
ਮੈਂ ਖੁਦ ਵੀ ਹੋ ਗਿਆ ਟੁਕੜੇ ਇਹ ਮੰਜ਼ਰ ਦੇਖਦਾ ਹੋਇਆ।

---

ਨਾ ਐਵੇਂ ਹੋਂਦ ਨੂੰ ਪਰਖੋ ਗੁਆਚ ਜਾਵੋਗੇ  
ਬੜਾ ਅਜੀਬ ਹੈ ਮੇਰੀ ਇਹ ਹੋਂਦ ਦਾ ਜੰਗਲ।

---

ਕੀ ਪਤਾ ਸੀ ਇਸ ਤਰ੍ਹਾਂ ਦਾ ਦਿਨ ਵੀ ਇਕ ਦਿਨ ਆਏਗਾ,  
ਮੈਨੂੰ ਮੇਰਾ ਆਪਣਾ ਪਰਛਾਵਾਂ ਹੀ ਛੱਡ ਜਾਵੇਗਾ।

---

ਬਰਫ ਬਣ ਕੇ ਹੀ ਪਰਤਿਆ ਘਰ ਨੂੰ  
ਅੱਗ ਬਣ ਕੇ ਸੀ ਨਿਕਲਿਆ ਸ਼ਾਇਦ।

---

*(ਬਾਕੀ ਅਗਲੇ ਸਫੇ 'ਤੇ)*

## ਚਲਦੇ-ਚਲਦੇ

# ਤਰੀ ਵਾਲੀ ਭਿੰਡੀ



**ਸੰਤੋਖ ਮਿਨਹਾਸ**
ਫੋਨ: 559-283-6376

ਸਿੱਧੂ ਦਮਦਮੀ ਦਾ ਫੋਨ ਆਇਆ, "ਮਿਨਹਾਸ ਆਪਾਂ ਪਰਵਾਸੀ ਮੀਡੀਆ 'ਤੇ ਗੱਲਬਾਤ ਕਰਨੀ ਹੈ, ਤੂੰ ਜ਼ੂਮ ਐਪ ਲੋਡ ਕਰ ਲਵੀਂ। ਮੇਰੇ ਨਾਲ ਵਿਦੇਸ਼ ਵਿਚੋਂ ਇੱਕ ਦੋ ਹੋਰ ਵੀ ਦੋਸਤ ਜੁੜਨਗੇ।"

ਮੈਂ ਸੋਚ ਰਿਹਾ ਸਾਂ, ਵਿਸ਼ਵ ਇੱਕ ਗਲੋਬਲ ਪਿੰਡ ਹੈ। ਅਸੀਂ ਕਿਤੇ ਵੀ ਬੈਠੇ ਹੋਈਏ, ਇੱਕ ਦੂਜੇ ਨਾਲ ਜੁੜੇ ਹੋਏ ਹਾਂ। ਆਪਣੇ ਕੰਮ-ਕਾਜ ਕਰਕੇ ਇੱਕ ਦੂਜੇ ਨੂੰ ਪ੍ਰਭਾਵਤ ਵੀ ਕਰਦੇ ਹਾਂ, ਪਰ ਕੁਝ ਕੁ ਸਥਾਨਕ ਪ੍ਰਸਥਿਤੀਆਂ ਕਾਰਨ ਥੋੜ੍ਹਾ-ਬਹੁਤ ਫਰਕ ਹੋ ਸਕਦਾ ਹੈ, ਮੁਢਲੇ ਢਾਂਚੇ ਦੀ ਉਸਾਰੀ ਵਿਚ ਬਹੁਤਾ ਅੰਤਰ ਨਹੀਂ ਹੁੰਦਾ।

ਮੀਡੀਆ ਕੋਈ ਵੀ ਹੋਵੇ-ਦੇਸੀ ਜਾਂ ਵਿਦੇਸ਼ੀ, ਉਸ ਦਾ ਆਪਣਾ ਇੱਕ ਮਿਆਰ ਹੁੰਦਾ ਹੈ। ਜਦੋਂ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ 'ਤੇ ਝਾਤ ਮਾਰਦੇ ਹਾਂ ਤਾਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਇਸ ਕਿੱਤੇ ਨਾਲ ਜੁੜੇ ਬਹੁਤੇ ਬੰਦਿਆਂ ਨੇ ਇਸ ਕੰਮ ਨੂੰ ਇਖਲਾਕੀ ਤੌਰ 'ਤੇ ਨਹੀਂ ਅਪਨਾਇਆ ਹੋਇਆ। ਨਿਜੀ ਮੁਫਾਦ ਤੇ ਗਰਜਾਂ ਦੀ ਪੂਰਤੀ ਹੀ ਉਨ੍ਹਾਂ ਦਾ ਮਕਸਦ ਹੈ। ਇਸ ਤਰ੍ਹਾਂ ਦੇ ਬਾਜ਼ਾਰੂ ਕਿਸਮ ਦੇ ਲੋਕਾਂ ਦੇ ਇਸ ਕਿੱਤੇ ਵਿਚ ਸ਼ਾਮਲ ਹੋਣ ਨਾਲ ਮੀਡੀਆ ਆਪਣਾ ਮਿਆਰ ਕਾਇਮ ਨਹੀਂ ਰੱਖ ਸਕਿਆ। ਜਿਨ੍ਹਾਂ ਦਾ ਮੁੱਖ ਟੀਚਾ ਪੈਸਾ ਹੈ, ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ ਲੋਕਾਂ ਪ੍ਰਤੀ ਸਾਡਾ ਕੀ ਫਰਜ਼ ਹੈ?

ਜੇ ਅਸੀਂ ਪਰਵਾਸੀ ਮੀਡੀਆ ਦੀ ਗੱਲ ਕਰੀਏ ਤਾਂ ਇਸ ਖੇਤਰ ਵਿਚ ਉਹ ਲੋਕ ਸ਼ਾਮਲ ਹਨ, ਜਿਨ੍ਹਾਂ ਨੂੰ ਇਸ ਕਿੱਤੇ ਦੀਆਂ ਮਾਣ ਮਰਿਆਦਾਵਾਂ ਦਾ ਉਕਾ ਹੀ ਗਿਆਨ ਨਹੀਂ। ਉਹ ਇਸ ਕਿੱਤੇ ਨੂੰ ਹੋਰਾਂ ਕੰਮਾਂ ਵਾਂਗ ਹੀ ਲੈਂਦੇ ਹਨ, ਜਿਨ੍ਹਾਂ ਦਾ ਮੁੱਖ ਮਕਸਦ ਮੁਨਾਫਾ ਹੁੰਦਾ ਹੈ। ਅਸੀਂ ਲੋਕਾਂ ਨੂੰ ਕੀ ਪਰੋਸ ਰਹੇ ਹਾਂ? ਇਸ ਦਾ ਕੀ ਨੁਕਸਾਨ ਹੈ ਜਾਂ ਫਾਇਦਾ? ਇਸ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ ਹੁੰਦਾ, ਪਰ ਕੁਝ ਲੋਕ ਹੀ ਹਨ, ਜਿਨ੍ਹਾਂ ਦਾ ਪਿਛੋਕੜ ਚੰਗੇ ਮੀਡੀਆ ਅਦਾਰਿਆਂ ਨਾਲ ਰਿਹਾ ਹੈ, ਉਨ੍ਹਾਂ ਨੇ ਮਿਆਰ ਹੇਠਾਂ ਡਿੱਗਣ ਨਹੀਂ ਦਿੱਤਾ। ਉਂਜ ਇਹ ਊਠ ਨੂੰ ਜੀਰਾ ਦੇਣ ਵਾਲੀ ਗੱਲ ਹੈ, ਪਰ ਜੇ ਦੇਖੀਏ ਤਾਂ ਇਹ ਗੱਲ ਇਕੱਲੇ ਪਰਵਾਸੀ ਮੀਡੀਆ 'ਤੇ ਹੀ ਨਹੀਂ ਢੁਕਦੀ, ਸਾਰਾ ਆਵਾ ਹੀ ਊਤਿਆ ਪਿਆ ਹੈ।

ਜਦੋਂ ਮੈਂ ਪਿੱਛਲ ਝਾਤ ਮਾਰਦਾ ਹਾਂ ਤੇ ਸੋਚਦਾ ਹਾਂ। ਸਮਾਂ ਆਪਣੀ ਚਾਲੇ ਤੁਰ ਰਿਹਾ ਹੈ। ਇਸ ਤਰ੍ਹਾਂ ਲੱਗ ਰਿਹਾ ਹੈ, ਜਿਵੇਂ ਥੋੜ੍ਹੇ ਸਮੇਂ ਵਿਚ ਹੀ ਕਈ ਯੁੱਗ ਬੀਤ ਗਏ ਹੋਣ। ਆਧੁਨਿਕ ਸਮੇਂ ਦੀ ਰਫਤਾਰ ਨਾਲ ਭੱਜਣਾ ਮਨੁੱਖ ਲਈ ਮੁਹਾਲ ਹੁੰਦਾ ਜਾ ਰਿਹਾ ਹੈ। ਵਿਗਿਆਨ ਹਰ ਰੋਜ਼ ਹੈਰਾਨਕੁਨ ਵਸਤਾਂ ਸਾਡੇ ਲਈ ਪਰੋਸ ਰਿਹਾ ਹੈ। ਅੱਜ ਹੋਰ, ਕੱਲ ਹੋਰ ਵਾਲੀ ਸਥਿਤੀ ਦਾ ਬੰਦੇ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਮਨੁੱਖੀ ਸੋਚ-ਵਿਚਾਰ ਤੇ ਰਹਿਣ-ਸਹਿਣ ਵਿਚ ਢੇਰ ਤਬਦੀਲੀ ਆਈ ਹੈ।

ਛੋਟੇ ਹੁੰਦੇ ਸਾਂ, ਜਦੋਂ ਦੀਵੇ ਲਾਲਟੈਨ ਦੀ ਥਾਂ ਬਿਜਲੀ ਦੇ ਲਾਟੂ ਨੇ ਲਈ। ਸਾਰਾ ਟੱਬਰ ਪੱਬਾਂ ਭਾਰ ਹੋ ਗਿਆ, ਜਿਵੇਂ ਸਾਰੀ ਉਮਰ ਦਾ ਹਨੇਰਾ



ਢੋਹ ਲਿਆ ਹੋਵੇ। ਮਨੁੱਖ ਦੇ ਕੰਮ ਕਾਰ ਵਿਚ ਫੁਰਤੀ ਆਈ। ਜਦੋਂ ਰੇਡੀਓ ਬਾਰੇ ਸੁਣਿਆ ਕਿ ਛੋਟੇ ਜਿਹੇ ਡੱਬੇ ਵਿਚ ਬੰਦੇ ਬੋਲਦੇ ਐ ਤਾਂ ਸੱਚ ਨਾ ਆਵੇ ਕਿ ਇਹ ਕਿਵੇਂ ਹੋ ਸਕਦਾ! ਫਿਰ ਘਰ ਘਰ ਰੇਡੀਓ ਸੁਣਿਆ ਜਾਣ ਲੱਗਾ। ਅਜੇ ਰੇਡੀਓ ਦਾ ਚਾਅ ਮੱਠਾ ਨਹੀਂ ਸੀ ਪਿਆ, ਟੈਲੀਵਿਜ਼ਨ ਨੇ ਆ ਦਸਤਕ ਦਿੱਤੀ। ਤਸਵੀਰਾਂ ਬੋਲਣ ਲੱਗ ਪਈਆਂ। ਫੋਨ ਟੇਬਲ ਤੋਂ ਉਠ ਕੇ ਮਨੁੱਖ ਦੀ ਜੇਬ ਵਿਚ ਆ ਗਿਆ। ਸੌ ਮੀਟਰ ਦੀ ਦੌੜ ਵਾਂਗ ਇੱਕ ਮੋਬਾਇਲ ਫੋਨ ਵਿਚ ਇੰਨੀ ਤੇਜ਼ੀ ਨਾਲ ਫੀਚਰ ਆ ਗਏ ਕਿ ਉਸ ਨੇ ਬਹੁਤ ਸਾਰੀਆਂ ਵਸਤਾਂ ਦੀ ਕਦਰ ਹੀ ਘਟਾ ਦਿੱਤੀ ਹੈ। ਇੱਕੋ ਸਮੇਂ ਕੈਮਰਾ, ਰੇਡੀਓ, ਟੈਲੀਵਿਜ਼ਨ, ਫਿਲਮਾਂ, ਬੈਂਕ, ਅਖਬਾਰ, ਕਿਤਾਬ ਹੋਰ ਸੈਕੜੇ ਨਿੱਤ ਕਾਰ-ਵਿਹਾਰ ਵਿਚ ਆਉਣ ਵਾਲੀਆਂ ਵਸਤਾਂ ਬੰਦੇ ਦੀ ਜੇਬ ਵਿਚ ਹਨ।

ਹੁਣ ਸਵਾਲ ਇਸ ਆਧੁਨਿਕ ਤਕਨੀਕ ਦੀਆਂ ਮਿਲੀਆਂ ਸਹੂਲਤਾਂ ਦੀ ਸਹੀ ਵਰਤੋਂ ਜਾਂ ਦੁਰਵਰਤੋਂ ਦਾ ਹੈ। ਇਹ ਛੋਟਾ ਜਿਹਾ ਸੰਦ ਦੁਨੀਆਂ ਦੇ ਹਰ ਖੇਤਰ ਨੂੰ ਪ੍ਰਭਾਵਤ ਕਰ ਰਿਹਾ ਹੈ। ਮਨੁੱਖ ਇਸ ਦੀ ਵਰਤੋਂ ਦਾ ਇੰਨਾ ਆਦੀ ਹੋ ਗਿਆ ਹੈ ਕਿ ਇੱਕ ਮਿੰਟ ਵੀ ਆਪਣੀ ਕੁੱਛੜ ਤੋਂ ਹੇਠਾਂ ਨਹੀਂ ਉਤਾਰਦਾ। ਜਦੋਂ ਕਿਸੇ ਚੀਜ਼ ਦੀ ਬਹੁਲਤਾਂ ਹੋ ਜਾਵੇ ਤਾਂ ਵਿਗਾੜ ਦੀ ਗੁੰਜਾਇਸ਼ ਬਣੀ ਰਹਿੰਦੀ ਹੈ। ਇਹੀ ਹਾਲ ਇਸ ਤਕਨੀਕ ਦੀ ਵਰਤੋਂ ਦਾ ਹੈ। ਨਵੀਂ ਚੀਜ਼ ਦਾ ਚਾਅ ਹਰ ਇੱਕ ਬੰਦੇ ਨੂੰ ਹੁੰਦਾ ਹੈ, ਪਰ ਇਸ ਦੇ ਨਤੀਜਿਆਂ ਤੋਂ ਬਹੁਤੇ ਲੋਕ ਅਨਜਾਣ ਹੁੰਦੇ ਹਨ, ਜਿਸ ਦਾ ਫਲ ਸਾਨੂੰ ਬਾਅਦ ਵਿਚ ਭੁਗਤਣਾ ਪੈਂਦਾ ਹੈ।

ਹਰ ਸਮੇਂ ਮੀਡੀਏ ਦਾ ਬਹੁਤ ਵੱਡਾ ਰੋਲ ਰਿਹਾ ਹੈ। ਇਹ ਨਿੱਤ ਦਿਹਾੜੇ ਸੰਸਾਰ ਭਰ ਵਿਚ ਵਾਪਰ ਰਹੀਆਂ ਚੰਗੀਆਂ-ਮਾੜੀਆਂ ਖਬਰਾਂ 'ਤੇ ਆਪਣਾ ਧਿਆਨ ਰੱਖਦਾ ਹੈ। ਇਸੇ ਲਈ ਲੋਕ ਇਹ ਉਮੀਦ ਰੱਖਦੇ ਹਨ ਕਿ ਮੀਡੀਆ ਨਿਰਪੱਖ ਤੇ ਆਜ਼ਾਦ ਹੋਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਹਰ ਗੱਲ ਦੀ ਸਹੀ ਸਹੀ ਜਾਣਕਾਰੀ ਮਿਲੇ। ਇਹ ਮੀਡੀਆ ਦਾ ਮੁਢਲਾ ਫਰਜ਼ ਹੈ, ਪਰ ਅੱਜ ਦਾ ਮੀਡੀਆ ਆਪਣੇ ਕਰਤੱਵ ਤੋਂ ਥਿੜਕ ਗਿਆ ਹੈ।

ਅੱਜ ਮੰਡੀ ਤੇ ਸਿਆਸਤ-ਦੋਵੇਂ ਮਿਲ ਗਏ ਹਨ। ਵਪਾਰੀ ਹਰ ਚੀਜ਼ ਦਾ ਮੁੱਲ ਲਾਉਣ ਜਾਣਦਾ ਹੈ। ਹੁਣ ਬਾਜ਼ਾਰ ਤੇ ਸਿਆਸਤ ਦਾ ਗੱਠਜੋੜ ਹੀ ਤੈਅ ਕਰਦਾ ਹੈ ਕਿ ਲੋਕਾਂ ਨੂੰ ਕੀ ਪਰੋਸਿਆ ਜਾਣਾ ਹੈ। ਇਸ ਖਤਰਨਾਕ ਰੁਝਾਨ ਨੇ ਲੋਕਾਂ ਦੇ ਅਸਲੀ ਮੁੱਦਿਆਂ ਨੂੰ ਦਰਕਿਨਾਰ ਕਰ ਦਿੱਤਾ ਹੈ। ਮੰਡੀ ਤੇ ਸਿਆਸਤ ਨੂੰ ਕਿਸ ਗੱਲ ਵਿਚ ਲਾਭ ਹੈ, ਉਹ ਸਾਡੇ ਸਾਹਮਣੇ ਉਹੀ ਸ਼ੈਅ ਪੇਸ਼ ਕਰਦਾ ਹੈ। ਇਸ ਗੰਦਲੇ ਮਾਹੌਲ ਵਿਚ ਬੇਭਰੋਸਗੀ ਦਾ ਆਲਮ ਇੰਨਾ ਹੈ ਕਿ ਆਮ ਮਨੁੱਖ ਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਸੱਚ-ਝੂਠ ਕੀ ਹੈ? ਇਹ ਭੰਬਲਭੂਸੇ ਵਾਲੀ ਸਥਿਤੀ ਲੁਟੇਰੀ ਜਮਾਤ ਨੂੰ ਰਾਸ ਆਉਂਦੀ ਹੈ।

ਸੂਚਨਾ ਪ੍ਰਸਾਰਨ ਵਿਚ ਪ੍ਰਿੰਟ ਮੀਡੀਏ ਤੇ ਇਲੈਕਟ੍ਰਾਨਿਕ ਮੀਡੀਏ ਦਾ ਵੱਡਾ ਰੋਲ ਮੰਨਿਆ ਜਾਂਦਾ ਹੈ। ਹੁਣ ਸ਼ੋਸ਼ਲ ਮੀਡੀਆ ਦੇ ਸ਼ਾਮਲ ਹੋਣ ਨਾਲ ਮੀਡੀਆ ਦਾ ਪਹਿਲਾ ਵਾਲਾ ਮੁਹਾਂਦਰਾਂ ਬਦਲ ਗਿਆ ਹੈ। ਇਸ ਮੀਡੀਏ ਦੇ ਰੋਲ ਨੇ ਸੰਸਾਰ ਪੱਧਰ 'ਤੇ ਬਹੁਤ ਵੱਡੀਆਂ ਤਬਦੀਲੀਆਂ ਨੂੰ ਜਨਮ ਦਿੱਤਾ ਹੈ। ਜੇ ਅਸੀਂ ਆਪਣੇ ਹੀ ਦੇਸ਼ ਦੇ ਮੀਡੀਏ ਵੱਲ ਝਾਤ ਮਾਰੀਏ ਤਾਂ ਇਸ ਨੇ 'ਗੋਦੀ' ਮੀਡੀਆ ਨੂੰ ਸਿੱਧੀ ਟੱਕਰ ਦਿੱਤੀ ਹੈ।

ਅੱਜ ਸ਼ੋਸ਼ਲ ਮੀਡੀਏ ਦੇ ਬਹੁਤ ਸਾਰੇ ਸਾਧਨ ਉਪਲਬਧ ਹਨ। ਜਿਵੇਂ ਫੇਸਬੁਕ, ਵੱਟਸ ਐਪ, ਟਵਿਟਰ, ਇੰਸਟਾਗਰਾਮ, ਯੂ-ਟਿਊਬ ਆਦਿ ਜਿਨ੍ਹਾਂ ਨੇ ਮਨੁੱਖੀ ਜੀਵਨ ਨੂੰ ਬਹੁਤ ਪ੍ਰਭਾਵਤ ਕੀਤਾ ਹੈ। ਅੱਜ ਬਹੁਤ ਸਾਰੇ ਲੋਕ ਖਾਸ ਕਰਕੇ ਨੌਜਵਾਨ ਪੀੜ੍ਹੀ ਇਨ੍ਹਾਂ ਸਾਧਨਾਂ ਦੀ ਖੁੱਲ੍ਹ ਕੇ ਵਰਤੋਂ ਕਰਨ ਲੱਗ ਪਈ ਹੈ। ਹਰ ਰੋਜ਼ ਬੜਾ ਕੁਝ ਨਵਾਂ ਵੇਖਣ ਨੂੰ ਮਿਲ ਰਿਹਾ ਹੈ। ਇਸ ਦੀ ਵਰਤੋਂ ਨੇ ਆਮ ਮਨੁੱਖ ਦੇ ਨਿੱਜੀ ਜੀਵਨ ਨੂੰ ਬਹੁਤ ਪ੍ਰਭਾਵਤ ਕੀਤਾ ਹੈ।

ਜਦੋਂ ਕਿਸੇ ਚੀਜ਼ ਦੀ ਵਰਤੋਂ ਹਰ ਇੱਕ ਬੰਦੇ ਦੇ ਹੱਥ ਵਿਚ ਆ ਜਾਵੇ ਤਾਂ ਉਸ ਦੇ ਮਿਆਰ ਵਿਚ ਊਣਤਾ ਆ ਹੀ ਜਾਂਦੀ ਹੈ। ਇਸੇ ਲਈ ਚੰਗਾ ਘੱਟ ਤੇ ਕੱਚੇ ਪਿਲੇ ਦਾ ਖਿਲਾਰਾ ਵੱਧ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਨੂੰ ਵਰਤ ਕੌਣ ਰਿਹਾ ਹੈ। ਜਿਸ ਦੇ ਹੱਥ ਵਿਚ ਸਮਾਰਟ ਫੋਨ ਹੈ, ਉਹ ਆਪਣੇ ਆਪ ਨੂੰ ਮੀਡੀਆ ਪਰਸਨ ਸਮਝਣ ਲੱਗ ਪਿਆ ਹੈ। ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਕਾਹਲ ਕਰਕੇ ਬਿਨਾ ਕਿਸੇ ਛਾਣਬੀਣ ਜਾਂ ਵਿਚਾਰਨ ਦੇ, ਖਬਰ ਜਾਂ ਗੱਲ ਨੂੰ ਨਸ਼ਰ ਕਰ ਦਿੱਤਾ ਜਾਂਦਾ ਹੈ, ਜਿਸ ਨਾਲ ਸਮਾਜ ਵਿਚ ਵਿਗਾੜ ਪੈਦਾ ਹੋਣ ਦਾ ਡਰ ਬਣਿਆ ਰਹਿੰਦਾ ਹੈ।

ਮੰਡੀ ਯੁੱਗ ਨੇ ਆਪਣੇ ਮੁਨਾਫੇ ਦੇ ਪਾਸਾਰ ਲਈ ਹਰ ਸਾਧਨ ਨੂੰ ਆਪਣੇ ਹੱਥ ਦਾ ਖਿਡਾਉਣਾ ਬਣਾ ਲਿਆ ਹੈ। ਬਾਜ਼ਾਰ ਲੁੱਟ ਦਾ ਕੋਈ ਵੀ ਕੋਨਾ ਆਪਣੀ ਅੱਖ ਤੋਂ ਉਹਲੇ ਨਹੀਂ ਹੋਣ ਦਿੰਦਾ। ਆਪਣੇ ਇਰਾਦੇ ਦੀ ਪੂਰਤੀ ਲਈ ਉਸ ਨੇ ਵੱਡਾ ਜਾਲ ਸੁੱਟ ਦਿੱਤਾ ਹੈ। ਬੰਦੇ ਨੂੰ ਲਾਲਚ ਦੀ ਬੋਟੀ ਦਾ ਦਿਖਾਵਾ ਦੇ ਕੇ ਆਪਣੀ ਕੁੜਿੱਕੀ ਦਾ ਕਾਰਿੰਦਾ ਬਣਾ ਲਿਆ ਹੈ। ਇਸੇ ਲਈ ਉਹ ਇਨ੍ਹਾਂ ਸਾਧਨਾਂ ਦੀ ਖੁੱਲ੍ਹ ਕੇ ਵਰਤੋਂ ਕਰ ਰਿਹਾ ਹੈ। ਉਹ ਸਮਾਜਕ, ਆਰਥਕ ਮਸਲੇ ਭੁੱਲ ਕੇ ਮਸਨੂਈ ਰੰਗ ਵਿਚ ਸ਼ਿੰਗਾਰਿਆ ਪਿਆ ਹੈ।

ਇੱਕ ਦਿਨ ਮੈਂ ਆਪਣੇ ਦੋਸਤ ਦੇ ਘਰ ਬੈਠਾ ਸਾਂ। ਉਹ ਆਪਣੇ ਘਰ ਦੀਆਂ ਹੋਰ ਗੱਲਾਂ ਤੋਂ ਬਾਅਦ ਆਪਣੀ ਘਰ ਵਾਲੀ ਦੀ ਤਾਰੀਫ ਕਰਨ ਲੱਗਾ, "ਮੇਰੀ ਪਤਨੀ ਅੱਜ ਕੱਲ ਫੂਡ ਚੈਨਲ ਬਹੁਤ ਵੇਖਦੀ ਹੈ। ਉਸ ਨੇ ਬਹੁਤ ਸਾਰੀਆਂ 'ਰੈਸਪੀਆਂ' ਸਿੱਖ ਲਈਆਂ ਹਨ। ਰਸੋਈ ਦੀ ਬਹੁਤ ਮਾਹਰ ਹੋ ਗਈ ਹੈ। ਹੁਣ ਤਾਂ ਇਸ ਨੇ ਆਪ ਵੀ ਖਾਣੇ ਦੀਆਂ ਬਹੁਤ ਸਾਰੀਆਂ 'ਰੈਸਪੀਆਂ' ਤਿਆਰ ਕਰ ਲਈਆ ਹਨ। 'ਤਰੀ ਵਾਲੀ ਭਿੰਡੀ' ਇਹ ਬਹੁਤ ਵਧੀਆ ਬਣਾਉਂਦੀ ਹੈ।"

ਮੈਂ ਆਪਣਾ ਹਾਸਾ ਮਸਾਂ ਰੋਕਦਿਆਂ ਕਿਹਾ, "ਫਿਰ ਤਾਂ ਭਰਜਾਈ 'ਤਰੀ ਵਾਲੇ ਕਰੇਲੇ' ਵੀ ਬਣਾ ਲੈਂਦੀ ਹੋਵੇਗੀ!"

ਹੁਣ ਇਹੀ ਹਾਲ ਸਾਡੇ ਮੀਡੀਏ ਦਾ ਹੈ। ਅੱਜ ਸਾਨੂੰ ਸੈਂਕੜੇ ਚੈਨਲ ਹਰ ਰੋਜ਼ ਵੇਖਣ ਨੂੰ ਮਿਲ ਰਹੇ ਹਨ। ਕੋਈ ਭਾਰ ਘਟਾਉਣ ਦੇ ਨੁਸਖੇ ਦੱਸ ਰਿਹਾ ਹੈ, ਕੋਈ ਦੇਸੀ ਦਵਾਈਆਂ ਦੇ ਫਾਇਦੇ ਦੱਸ ਰਿਹਾ। ਕੋਈ ਕੋਲੈਸਟਰੋਲ ਦੇ ਨੁਕਸਾਨ ਬਾਰੇ ਤਬਸਰਾ ਕਰ ਰਿਹਾ, ਕੋਈ ਖਾਣਾ ਬਣਾਉਣ ਦੇ ਢੰਗ ਦੱਸ ਰਿਹਾ। ਕੋਈ ਕੁੱਤਿਆਂ-ਬਿੱਲੀਆਂ ਦੇ ਰੱਖਣ ਦੇ ਲਾਭ ਬਾਰੇ ਰਾਗ ਅਲਾਪ ਰਿਹਾ, ਕੋਈ ਘੋੜਿਆਂ ਦੇ ਸ਼ੌਕੀਨਾਂ ਬਾਰੇ ਵੀਡੀਓ ਪਾ ਰਿਹਾ। ਕੋਈ ਟੀਟੂ ਸ਼ਟਰਾਂ ਵਾਲੇ ਦੀ ਇੰਟਰਵਿਊ ਕਰ ਰਿਹਾ ਹੈ। ਹੁਣ ਘਰ ਘਰ ਗਾਉਣ ਵਾਲੇ, ਕਲਾਕਾਰ, ਲੇਖਕ ਪੈਦਾ ਹੋ ਗਏ ਹਨ, ਜਿਨ੍ਹਾਂ ਦੇ ਕੂੜ ਕਬਾੜ ਨਾਲ ਸਾਰਾ ਸ਼ੋਸ਼ਲ ਮੀਡੀਆ ਭਰਿਆ ਪਿਆ ਹੈ।

ਮੇਰੇ ਘਰ ਦੇ ਨਾਲ ਇੱਕ ਪਾਰਕ ਹੈ। ਸ਼ਾਮ ਨੂੰ ਕਈ ਪੰਜਾਬੀ ਬਜ਼ੁਰਗ ਇੱਕਠੇ ਬੈਠ ਕੇ ਹਾਸਾ ਠੱਠਾ ਕਰ ਲੈਂਦੇ ਹਨ। ਇੱਕ ਦਿਨ ਮਾਸਟਰ ਬਲਕਾਰ ਸਿੱਧੂ ਨੇ ਪੰਜਗਰਾਂਈ ਵਾਲੇ ਮਹਿੰਦਰ ਸਿੰਹੁ ਨੂੰ ਕਿਹਾ, "ਨੰਬਰਦਾਰਾ! ਅੱਜ ਕੱਲ ਤਾਂ ਨਵੇਂ ਨਵੇਂ ਪਕਵਾਨ ਖਾਨੈਂ।"

"ਬੁੜ੍ਹਿਆਂ ਨੂੰ ਕੌਣ ਪਰੋਸਦਾ ਮੰਨ!" ਨੰਬਰਦਾਰ ਨੇ ਗੱਲ ਨੂੰ ਸਾਂਝਾ ਕਰਦਿਆ ਕਿਹਾ।

"ਤੇਰੀ ਨੂੰਹ ਤਾਂ ਆਵਦੇ ਟੀ. ਵੀ. 'ਤੇ ਰੋਜ ਲੋਕਾਂ ਨੂੰ ਨਵੇਂ ਨਵੇਂ ਖਾਣੇ ਬਣਾਉਣਾ ਦੱਸਦੀ ਐ।" ਮਾਸਟਰ ਨੇ ਚੋਭ ਨੂੰ ਹੋਰ ਤਿੱਖਾ ਕੀਤਾ।

"ਸੁਆਹ ਖੇਹ ਦੱਸਦੀ ਐ, ਘਰੇ ਤਾਂ ਕਦੇ ਚਾਹ ਦੀ ਘੁੱਟ ਨਹੀਂ ਬਣਾਈ। ਸੁਣ ਲੈ ਫਿਰ, ਤੇਰੀ ਤਾਈ ਜਦੋਂ ਕੋਈ ਦਾਲ-ਭਾਜੀ ਬਣਾਉਂਦੀ ਸੀ ਤਾਂ ਦੂਰੋਂ ਹੀ ਪਤਾ ਲੱਗ ਜਾਂਦਾ ਸੀ ਕਿ ਕਾਹਦੀ ਦਾਲ-ਭਾਜੀ ਬਣੀ ਐ। ਅੱਜ ਕੱਲ ਦੀਆਂ ਖੌਰੇ ਕੀ ਕੀ ਪਾਈ ਜਾਂਦੀਆਂ, ਪਤਾ ਹੀ ਨਹੀਂ ਲੱਗਦਾ-ਕੀ ਰਿੱਝਿਆ, ਕੀ ਬਣਿਆ? ਇਨ੍ਹਾਂ ਟੀ. ਵੀ. ਵਾਲੀਆਂ ਨੇ ਸਾਡੇ ਰਵਾਇਤੀ ਖਾਣਿਆਂ ਦਾ ਵੀ ਸਤਿਆਨਾਸ ਕਰ ਦਿੱਤਾ।"

ਮੈਂ ਸਾਰੀ ਗੱਲ ਕੋਲ ਬੈਠਾ ਸੁਣ ਰਿਹਾ ਸਾਂ। ਪੱਤਰਕਾਰੀ ਦੇ ਖੇਤਰ ਵਿਚ ਬੜੇ ਸੁਲਝੇ, ਸਿਆਣੇ ਤੇ ਈਮਾਨਦਾਰ ਤਰਜਬੇਕਾਰ ਵਿਆਕਤੀ ਦੀ ਲੋੜ ਹੁੰਦੀ ਹੈ, ਪਰ ਇਸ ਖੇਤਰ ਵਿਚ ਬਹੁਤ ਸਾਰੇ ਕੱਚ-ਘਰੜ ਲੋਕ ਸ਼ਾਮਲ ਹੋ ਗਏ ਹਨ, ਜਿਨ੍ਹਾਂ ਨੂੰ ਇਸ ਖੇਤਰ ਦਾ ਉਕਾ ਹੀ ਗਿਆਨ ਨਹੀਂ ਹੈ। ਮੀਡੀਏ ਦਾ ਕੀ ਫਰਜ਼ ਹੈ ਜਾਂ ਕੀ ਮਰਿਆਦਾ ਹੈ, ਇਸ ਗੱਲੋਂ ਕੋਰੇ ਹਨ। ਇਨ੍ਹਾਂ ਦੀਆਂ ਆਪਹੁਦਰੀਆਂ ਤੇ ਅਣਜਾਣਤਾ ਨੇ ਇਸ ਖੇਤਰ ਨੂੰ ਬਹੁਤ ਨੀਵੇਂ ਥਾਂ ਲੈ ਆਂਦਾ ਹੈ। ਅਜੋਕੇ ਯੁੱਗ ਦੇ ਗਿਆਨ ਤੇ ਵਿਗਿਆਨ ਦੀ ਤਰੱਕੀ ਨਾਲ ਹੋਣਾ ਤਾਂ ਇਹ ਚਾਹੀਦਾ ਸੀ ਕਿ ਮੀਡੀਆ ਉਪਰ ਲੋਕਾਂ ਦਾ ਵਿਸ਼ਵਾਸ ਦ੍ਰਿੜ ਹੁੰਦਾ, ਪਰ ਕੂੜੇ ਕਬਾੜ ਦੇ ਵੱਧ ਜਾਣ ਕਾਰਨ ਲੋਕਾਂ ਦੀ ਬੇਰੁਖੀ ਦਾ ਵੱਧ ਜਾਣਾ ਕੁਦਰਤੀ ਹੈ। ਇਸ ਬੇਲਗਾਮ ਮੀਡੀਆ ਨੇ ਚੰਗੇ ਤੇ ਮਿਆਰੀ ਮੀਡੀਏ ਨੂੰ ਭਾਰੀ ਸੱਟ ਮਾਰੀ ਹੈ।

ਜੇ ਸਾਰੇ ਮੀਡੀਏ ਨੂੰ ਤਰਕ ਦੀ ਕਸਵੱਟੀ 'ਤੇ ਪਰਖੀਏ ਤਾਂ ਸਿੱਟਾ ਇਹੀ ਨਿਕਲਦਾ ਹੈ ਕਿ ਮੇਰੇ ਦੋਸਤ ਦੀ ਘਰ ਵਾਲੀ ਵਾਂਗੂ ਸਭ 'ਤਰੀ ਵਾਲੀ ਭਿੰਡੀ' ਹੀ ਬਣਾ ਰਹੇ ਹਨ।

###

# ਸੁਰਖ ਮੌਸਮਾਂ ਦੀ ਉਡੀਕ ਦਾ ਕਵੀ: ਕੁਲਵਿੰਦਰ

*(ਪਿਛਲੇ ਸਫੇ ਦੀ ਬਾਕੀ)*

ਉਹ ਮਲਬੇ ਹੇਠ ਬੇਸ਼ਕ ਦਫਨ ਹੋ ਚੁੱਕਿਆ ਹੈ ਚਿਰ ਤੋਂ,
ਅਜੇ ਤੀਕ ਚੀਕ ਉਸ ਦੀ ਸੁਣ ਰਹੀ ਹੈ ਖੰਡਰਾਂ ਵਿਚੋਂ।

---

ਆਪਾਂ ਰੰਗਾਂ ਤੋਂ ਕੀ ਲੈਣਾ ਆਪਾਂ ਮਹਿਕਾਂ ਤੋਂ ਕੀ ਲੈਣਾ,
ਆਪਣੇ ਮੱਥੇ 'ਤੇ ਲਿਖਿਆ ਸੜਦੇ ਫੁੱਲਾਂ ਦਾ ਸਿਰਨਾਵਾਂ।

---

ਤੁਸੀਂ ਸੋਚੋ ਤਾਂ ਇਕ ਬਿੰਦੂ ਜਿਹੇ
ਹੋ ਏਸ ਧਰਤੀ 'ਤੇ,
ਤੇ ਇਹ ਧਰਤੀ ਵੀ ਇਕ ਬਿੰਦੂ ਜਿਹੀ
ਹੈ ਨੀਲ ਅੰਬਰ ਵਿਚ।

ਮੁਕਾਬਲੇ ਦੇ ਯੁੱਗ ਵਿਚ ਰਹਿੰਦਿਆਂ ਬੰਦੇ ਦੀ ਹੋਂਦ ਬਹੁਤ ਹੀ ਨਿਗੁਣੀ ਬਣ ਚੁਕੀ ਹੈ। ਅਸਤਿੱਤਵੀ ਦ੍ਰਿਸ਼ਟੀਕੋਣ ਅਨੁਸਾਰ ਮਨੁੱਖ ਉਹ ਨਹੀਂ, ਜੋ ਸੋਚਦਾ ਹੈ, ਸਗੋਂ ਉਹ ਹੈ, ਜੋ ਉਹ ਜਿਉਂਦਾ ਹੈ। ਕਿਰਕੇਗਾਰਦ, ਸਾਰਤਰ, ਦਾਸਤੋਵਸਕੀ, ਕਾਮੂ ਆਦਿ ਵਿਸ਼ਵ ਪ੍ਰਸਿੱਧ ਲੇਖਕਾਂ ਨੇ ਅਸਤਿੱਤਵੀ ਹੋਂਦ ਬਾਰੇ ਸਾਹਿਤ ਦੀ ਰਚਨਾ ਕੀਤੀ ਹੈ। ਪੰਜਾਬੀ ਵਿਚ 'ਸਿਮਰਿਤੀ ਦੇ ਕਿਰਨ ਤੋਂ ਪਹਿਲਾਂ' (ਜ. ਸ. ਨੇਕੀ), 'ਨ ਧੁੱਪੇ ਨ ਛਾਂਵੇਂ' (ਹਰਿਭਜਨ ਸਿੰਘ), 'ਮੈਂ ਤੇ ਮੈਂ' (ਸ਼ਿਵ ਕੁਮਾਰ), 'ਆਪਣਾ ਆਪਣਾ ਆਕਾਸ਼' (ਅਜਾਇਬ ਕਮਲ) ਆਦਿ ਲੇਖਕਾਂ ਨੇ ਅਸਤਿੱਤਵੀ ਦ੍ਰਿਸ਼ਟੀ ਤੋਂ ਕਾਵਿ-ਰਚਨਾਵਾਂ ਦੀ ਰਚਨਾ ਕੀਤੀ ਹੈ। ਹਰਿਭਜਨ ਸਿੰਘ ਨੇ 'ਰੁੱਖ ਤੇ ਰਿਸ਼ੀ' ਵਿਚ ਆਮ ਮਨੁੱਖ ਦੀ ਹੈਸੀਅਤ ਵਿਚ ਅਸਾਧਾਰਨਤਾ ਦੇ ਬੀਜ ਅਤੇ ਵਿਅਕਤੀ ਵਿਸ਼ੇਸ਼ ਭਾਵ ਰਿਸ਼ੀ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ। ਇਸੇ ਪ੍ਰਭਾਵ ਅਧੀਨ ਕੁਲਵਿੰਦਰ-ਕਾਵਿ ਵਿਚ ਵੀ ਬੰਦੇ ਦੀ ਇਹ ਨਿਗੁਣੀ ਜਿਹੀ ਨਿਖੇਧਾਤਮਕ ਹੋਂਦ ਇਕ ਪਾਸੇ ਆਪਣੀ ਹਸਤੀ ਨੂੰ ਖਤਮ ਕਰ ਚੁਕੀ ਹੈ ਅਤੇ ਦੂਜੇ ਪਾਸੇ ਇਹ ਇਨਕਲਾਬੀ ਚਿਹਨਾਂ ਰਾਹੀਂ ਨਵੇਂ ਸਰੂਪ ਵਿਚ ਪ੍ਰਗਟ ਹੋ ਰਹੀ ਹੈ। ਅੱਜ ਦਾ ਮਨੁੱਖ ਗਲੋਬਲ ਮੰਡੀ ਅਤੇ ਖਪਤ ਦੇ ਯੁੱਗ ਵਿਚ ਰਹਿ ਰਿਹਾ ਹੈ। ਰਿਸ਼ਤੇ-ਨਾਤੇ, ਪਿਆਰ-ਮੁਹੱਬਤ ਅਤੇ ਮਾਨਵੀ-ਸੁਹਿਰਦਤਾ ਵਰਗੇ ਜੀਵਨ ਮੁੱਲ ਆਪਣੇ ਮੂਲ ਧਰਾਤਲਾਂ ਤੋਂ ਤਿਲਕ ਕੇ ਪਿੱਠ ਭੂਮੀ ਵਿਚ ਚਲੇ ਗਏ ਹਨ, ਮਾਨੋ ਸੁਹਿਰਦਤਾ ਦਾ ਕਾਲ ਹੀ ਪਿਆ ਹੋਇਆ ਹੈ ਅਤੇ ਹਰ ਸੀਨੇ ਵਿਚ ਸੁਆਰਥ ਦੀ ਅੱਗ ਬਲ ਰਹੀ ਹੈ। ਸੋ ਅਜਿਹੀਆਂ ਅਮਾਨਵੀ ਸਥਿਤੀਆਂ ਵਿਚ ਉਹ ਪ੍ਰਗਤੀਵਾਦੀ ਸੰਕਲਪਾਂ ਦੀ ਪੁਨਰ ਸਿਰਜਣਾ ਕਰਦਾ ਹੈ। ਉਸ ਨੂੰ ਯਥਾਰਥਕ ਹਾਲਤ ਦਾ ਗਹਿਰਾ ਗਿਆਨ ਹੈ, ਇਸ ਦੇ ਬਾਵਜੂਦ ਹਨੇਰੇ ਜੰਗਲਾਂ ਵਿਚ ਉਹ ਇਕ-ਅੱਧ ਦੀਵਾ ਜਗਾਉਣ ਦੀ ਪਹਿਲ ਕਰਦਾ ਹੈ।

ਮੈਂ ਨਹੀਂ ਸੂਰਜ ਕਿ ਹਰ ਸ਼ਾਮ ਨੂੰ
ਢਲਦਾ ਰਹਾਂਗਾ,
ਮੈਂ ਬੜਾ ਨਿੱਕਾ ਜਿਹਾ ਦੀਵਾ ਹਾਂ
ਪਰ ਬਲਦਾ ਰਹਾਂਗਾ।

---

ਤੁਸੀਂ ਸੁੱਕਾ ਜਿਹਾ ਪੱਤਰ
ਸਮਝ ਕੇ ਹੀ ਨਾ ਲੂਹ ਦੇਣਾ,
ਛਪੇ ਹੋਏ ਨੇ ਲੱਖਾਂ ਰੰਗ ਹੀ
ਇਸ ਖੁਸ਼ਕ ਪੱਤਰ ਵਿਚ।

---

ਮੈਂ ਸ਼ਾਮ ਵੇਲੇ ਦੁਆ ਹਾਂ ਕਰਦਾ
ਉਦਾਸ ਬਸਤੀ 'ਚ ਬੀਜ ਪੁੰਗਰਣ,
ਕਿ ਮਰਨੋਂ ਪਹਿਲਾਂ ਹਰੇਕ ਘਰ ਵਿਚ
ਮੈਂ ਸੂਹੇ ਫੁੱਲਾਂ ਨੂੰ ਦੇਖਣਾ ਹੈ।

---

ਇਕ ਪਰਿੰਦਾ ਪਿੰਜਰੇ ਦੀ
ਕੈਦ ਵਿਚ ਹੀ ਮਰ ਗਿਆ ਹੈ,
ਮਰ ਕੇ ਵੀ ਪਰ ਉਸ ਦੀਆਂ
ਅੱਖਾਂ 'ਚ ਅੰਬਰ ਦਿਸ ਰਹੇ ਨੇ।

---

ਜ਼ਿੰਦਗੀ ਲੜਨਾ ਅਜੇ ਹੈ
ਸੁਰਖ ਮੌਸਮ ਵਾਸਤੇ,
ਵਕਤ ਜਦ ਹੋਇਆ ਤਾਂ
ਤੇਰੀ ਜ਼ੁਲਫ ਸੁਲਝਾਵਾਂਗਾ ਮੈਂ।

---

ਬਦਲ ਦਿਆਂਗਾ ਕਦੇ ਬਰਫ ਨੂੰ
ਮੈਂ ਚਿਣਗਾਂ ਵਿਚ,
ਮੈਂ ਬਰਫ ਵਿਚ ਕਦੇ
ਸੂਰਜ ਲਿਆ ਦਿਖਾਵਾਂਗਾ।

---

ਹੈ ਕਮ ਏਥੇ ਹਜ਼ਾਰਾਂ
ਸੂਰਜਾਂ ਦੀ ਰੋਸ਼ਨੀ ਵੀ,
ਇਸ ਉੱਜੜੇ ਘਰ 'ਚ
ਇਕ ਦੀਵਾ ਜਗਾ ਕੇ ਕੀ ਕਰੋਗੇ?

---

ਅੰਤ ਦਰਵਾਜ਼ੇ ਦੀਆਂ
ਵਿਰਲਾਂ 'ਚੋਂ ਨਿਕਲੀ ਰੋਸ਼ਨੀ,
ਬੰਦ ਕਮਰੇ ਵਿਚ ਸੂਰਜ ਨੇ
ਛੁਪੇ ਰਹਿਣਾ ਨਾ ਸੀ।

ਕੁਲਵਿੰਦਰ-ਕਾਵਿ ਵਿਚੋਂ ਇਕ ਆਦਰਸ਼ਵਾਦੀ ਮਨੁੱਖ ਦੀ ਝਾਤ ਪੈਂਦੀ ਹੈ। ਮਨੁੱਖ ਦੇ ਸੁਨਹਿਰੇ ਭਵਿੱਖ ਲਈ ਉਹ ਸੰਘਰਸ਼ਸ਼ੀਲ ਹੈ। ਕੋਈ ਸਮਾਂ ਸੀ ਜਦ ਪਿਆਰ ਕਵਿਤਾ ਨੂੰ ਪ੍ਰਗਤੀਵਾਦੀ ਕਵਿਤਾ ਦੇ ਵਿਰੋਧ ਵਿਚ ਦਰਸਾਇਆ ਜਾਂਦਾ ਸੀ। ਫਿਰ ਇਕ ਸਮਾਂ ਅਜਿਹਾ ਵੀ ਆਇਆ, ਜਦੋਂ ਪਿਆਰ ਕਵਿਤਾ ਨੂੰ ਪ੍ਰਗਤੀਵਾਦੀ ਕਵਿਤਾ ਦੇ ਸਹਿਯੋਗ ਵਿਚ ਰੱਖ ਕੇ ਵੇਖਿਆ ਗਿਆ। ਸੋ ਪਿਆਰ ਕਵਿਤਾ ਨੂੰ ਕਿਸੇ ਤਰ੍ਹਾਂ ਨਾਲ ਵੀ ਨਿਖੇਧਾਤਮਕ-ਕਵਿਤਾ ਦੇ ਤੌਰ ਨਹੀਂ ਦੇਖਿਆ ਜਾਣਾ ਚਾਹੀਦਾ।

ਸਮਕਾਲੀ ਦੌਰ ਦੇ ਮਨੁੱਖ ਦੀ ਮੂਲ ਸਮੱਸਿਆ ਇਹ ਹੈ ਕਿ ਇਸ ਦੀ ਇਕ ਪਾਸੇ ਹੋਂਦ ਲਘੂ ਹੈ, ਏਨੀ ਲਘੂ ਕਿ ਘਰ ਵਾਲੀ ਦੇ ਕੂੜਾ ਸੁੱਟਣ ਸਮੇਂ ਵੀ ਮਨੁੱਖ ਲੁਕਦਾ ਫਿਰਦਾ ਹੈ (ਹਰਿਭਜਨ ਸਿੰਘ), ਇਸ ਦੇ ਨਾਲ ਹੀ ਇਹ ਲਘੂ ਮਨੁੱਖ ਮਾਨਵੀ ਬਿਰਤੀ ਤੋਂ ਪਾਸਾ ਪਰਤ ਰਿਹਾ ਹੈ ਅਤੇ ਖੁਦਗਰਜ਼ੀ ਦੇ ਜੰਜਾਲ ਵਿਚ ਘਿਰ ਰਿਹਾ ਹੈ, ਸੰਵੇਦਨਸ਼ੀਲ ਕਵੀ ਨੇ ਇਸ ਮਨੁੱਖ ਦਾ ਕਾਇਆ ਕਲਪ ਕਰਕੇ ਸੰਘਰਸ਼ ਲਈ ਤਿਆਰ ਕਰਨਾ ਹੈ, ਜਿਸ ਨਾਲ ਸਮਾਜਵਾਦੀ ਵਿਵਸਥਾ ਕਾਇਮ ਕੀਤੀ ਜਾ ਸਕੇ। ਕੁਲਵਿੰਦਰ ਨੂੰ ਗਜ਼ਲ ਦੇ ਰੂਪਾਕਾਰਕ-ਵਿਧਾਨ ਦੀ ਪੂਰੀ ਸੂਝ ਹੈ। ਜਿਹੜਾ ਫਲਸਫਾ ਉਹ ਪੇਸ਼ ਕਰ ਰਿਹਾ ਹੈ, ਇਹ ਕਿਸੇ ਇਕ ਚਿੰਤਕ ਵਿਚ ਕਦੇ ਪੇਸ਼ ਨਹੀ ਹੋਇਆ। ਕੁਲਵਿੰਦਰ ਦੀ ਖਾਸੀਅਤ ਇਹ ਹੈ ਕਿ ਉਸ ਨੇ ਸਾਰੇ ਫਲਸਫਿਆ ਨੂੰ ਇਕੱਠਿਆਂ ਕਰਕੇ ਨਵੇਂ ਸਮਾਜਵਾਦੀ ਨਿਜ਼ਾਮ ਦੀ ਕਲਪਨਾ ਲਈ ਵਰਤਿਆ ਹੈ। ਉਹ ਸੁਰਖ ਮੌਸਮਾਂ ਦੀ ਉਡੀਕ ਦਾ ਕਵੀ ਹੈ।

ਕੁਲਵਿੰਦਰ ਲਈ ਆਉਣ ਵਾਲੇ ਸਮੇਂ ਵਿਚ ਕੁਝ ਚੁਣੌਤੀਆਂ ਵੀ ਹਨ। ਇਹ ਚੁਣੌਤੀਆਂ ਪੂਰਵਲੀ ਕਾਵਿ ਪਰੰਪਰਾ ਵਿਚੋਂ ਆਏ ਥੀਮਿਕ-ਪਾਸਾਰਾਂ, ਮੋਟਿਫਾਂ ਅਤੇ ਰੂਪਕਾਂ ਦੀਆਂ ਹਨ। ਕੁਲਵਿੰਦਰ ਪੁਰਾਣੇ ਰੂਪਕਾਂ ਦੀ ਆਪਣੇ ਕਾਵਿ ਵਿਚ ਵਰਤੋਂ ਕਰ ਸਕਦਾ ਹੈ, ਪਰ ਉਸ ਦੀ ਵਰਤੋਂ ਲਈ ਉਸ ਨੂੰ ਹੋਰ ਸੁਚੇਤ ਹੋਣਾ ਪਵੇਗਾ। ਇਸ ਨਾਲ ਇਕ ਤਾਂ ਕੁਲਵਿੰਦਰ ਦੀ ਕਾਵਿ ਵਿਲੱਖਣਤਾ ਕਾਇਮ ਹੋਵੇਗੀ ਅਤੇ ਦੂਜਾ ਉਹ ਆਪਣੇ ਕਾਵਿ ਵਿਚ ਮੌਲਿਕ ਮੁਹਾਵਰੇ ਦੀ ਸਿਰਜਣਾ ਕਰਨ ਦੇ ਵੱਧ ਯੋਗ ਹੋ ਸਕੇਗਾ।

# ਗਦਰ ਪਾਰਟੀ ਦਾ ਝੰਡਾ

**ਜਲੰਧਰ ਵਿਚ ਗਦਰੀ ਬਾਬਿਆਂ ਦੇ ਮੇਲੇ 'ਤੇ ਵਿਸ਼ੇਸ਼**

*ਹਿੰਦੋਸਤਾਨ ਦੀ ਆਜ਼ਾਦੀ ਦੇ ਸੰਗਰਾਮ ਵਿਚ ਗਦਰੀਆਂ ਦਾ ਬੜਾ ਅਹਿਮ ਸਥਾਨ ਹੈ। ਇਨ੍ਹਾਂ ਜਿਉੜਿਆਂ ਨੇ ਹਥਿਆਰਬੰਦ ਘੋਲ ਰਾਹੀਂ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਖਦੇੜਨ ਬਾਰੇ ਸੋਚਿਆ ਸੀ। ਜਿਉਂ ਹੀ ਸੰਸਾਰ ਜੰਗ ਦਾ ਬਿਗਲ ਵੱਜਿਆ, ਗਦਰੀਆਂ ਨੇ ਖੜ੍ਹੇ ਪੈਰ ਰਣਨੀਤੀ ਘੜੀ ਅਤੇ ਹਿੰਦੋਸਤਾਨ ਵਲ ਚਾਲੇ ਪਾ ਦਿੱਤੇ। ਇਨ੍ਹਾਂ ਗਦਰੀਆਂ ਦੀ ਯਾਦ ਵਿਚ ਜਲੰਧਰ ਦੇ ਦੇਸ਼ਭਗਤ ਯਾਦਗਾਰ ਹਾਲ ਵਿਚ ਹਰ ਸਾਲ 'ਮੇਲਾ ਗਦਰੀ ਬਾਬਿਆਂ ਦਾ' ਭਰਦਾ ਹੈ। ਐਤਕੀਂ ਇਹ ਮੇਲਾ 31 ਅਕਤੂਬਰ ਅਤੇ 1 ਨਵੰਬਰ ਨੂੰ ਲੱਗ ਰਿਹਾ ਹੈ। ਇਸ ਮੌਕੇ ਅਸੀਂ ਗੁਰੁਮੇਲ ਸ. ਸਿੱਧੂ ਦਾ ਇਹ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

ਗਦਰ ਪਾਰਟੀ ਦੇ ਪ੍ਰਧਾਨ ਸੋਹਣ ਸਿੰਘ ਭਕਨਾ ਜੇਲ੍ਹ ਵਿਚ ਸਨ। ਉਨ੍ਹਾਂ ਦੀ ਘਾਟ ਕਰਕੇ ਨਵੇਂ ਲੀਡਰ ਦੀ ਲੋੜ ਸੀ। ਸਬਬ ਨਾਲ ਜਨਵਰੀ 1915 ਵਿਚ ਰਾਸ ਬਿਹਾਰੀ ਬੋਸ ਦੀ ਅਗਵਾਈ ਮਿਲ ਗਈ। ਇਹ ਉਹੋ ਬੋਸ ਸੀ ਜਿਸ ਨੇ 1912 ਵਿਚ ਲੌਰਡ ਹਾਰਡਿੰਗ 'ਤੇ ਦਿੱਲੀ ਵਿਖੇ ਬੰਬ ਸੁੱਟਣ ਵਿਚ ਹਿੱਸਾ ਲਿਆ ਸੀ। ਬੋਸ ਦੀ ਸਰਪ੍ਰਸਤੀ ਹੇਠ ਗਦਰੀਆਂ ਨੇ ਲਹਿਰ ਖਾਤਰ ਡਾਕੇ ਮਾਰੇ ਅਤੇ ਗੱਡੀਆਂ ਲੁੱਟੀਆਂ। ਅਫਰਾ-ਤਫਰੀ ਮਚਾਉਣ ਲਈ ਰੇਲਾਂ ਨੂੰ ਪਟੜੀਆਂ ਤੋਂ ਉਤਾਰਨ ਦੀਆਂ ਵਾਰਦਾਤਾਂ ਕੀਤੀਆਂ। ਇਰਾਦਾ ਅਤੇ ਵਿਸ਼ਵਾਸ ਪੱਕਾ ਹੋਣ ਉਪਰੰਤ 21 ਫਰਵਰੀ, 1915 ਨੂੰ ਬਗਾਵਤ ਸ਼ੁਰੂ ਕਰਨ ਦੀ ਵਿਉਂਤ ਬਣਾਈ। ਫਰਵਰੀ (1915) ਦੇ ਦੂਜੇ ਹਫਤੇ ਉਤਰੀ ਭਾਰਤ ਦੀਆਂ ਛਾਉਣੀਆਂ ਵਿਚ ਸੰਪਰਕ ਵਾਲੇ

ਗੁਰੁਮੇਲ ਸ. ਸਿੱਧੂ

ਹਿੰਦੋਸਤਾਨੀ ਫੌਜੀਆਂ ਨੂੰ ਸਾਰੀ ਸਕੀਮ ਬਾਰੇ ਆਗਾਹ ਕੀਤਾ। ਵਿਉਂਤ ਅਨੁਸਾਰ ਲਾਹੌਰ ਦੀ ਕੈਵਿਲਰੀ ਦੇ ਘੋੜ ਸਵਾਰ ਫੌਜੀ ਉਸ ਦਿਨ ਬਗਾਵਤ ਕਰਕੇ ਮੀਆਂਮੀਰ ਸ਼ਹਿਰ ਦੇ ਅਸਲ੍ਹੇਖਾਨੇ ਨੂੰ ਲੁੱਟਣਗੇ। ਇਹ ਵਾਰਦਾਤ ਦਿੱਲੀ, ਫਿਰੋਜ਼ਪੁਰ, ਰਾਵਲਪਿੰਡੀ ਅਤੇ ਮੇਰਠ ਦੀਆਂ ਛਾਉਣੀਆਂ ਦੇ ਫੌਜੀਆਂ ਲਈ ਬਗਾਵਤ ਲਈ ਹਰੀ ਝੰਡੀ ਹੋਵੇਗੀ। ਲਹਿਰ ਦੇ ਮੁੱਖ ਆਗੂਆਂ ਨੂੰ ਇਸ ਸਕੀਮ ਦੀ ਪੈਰਵੀ ਕਰਨ ਲਈ ਇਲਾਕੇ ਵੰਡੇ ਗਏ। ਕਰਤਾਰ ਸਿੰਘ ਸਰਾਭਾ ਨੂੰ ਫਿਰੋਜ਼ਪੁਰ, ਪਿੰਗਲੇ ਨੂੰ ਦਿੱਲੀ ਤੇ ਮੇਰਠ, ਡਾ. ਮਥਰਾ ਸਿੰਘ ਨੂੰ ਜਿਹਲਮ ਅਤੇ ਰਾਵਲਪਿੰਡੀ ਦੇ ਇਲਾਕੇ ਸੰਭਾਲੇ ਗਏ। ਹੋਤੀ ਮਰਦਾਨ ਤੇ ਪਰਮਾਨੰਦ ਨੂੰ ਪਿਸ਼ਾਵਰ ਦਾ ਇੰਚਾਰਜ ਬਣਾਇਆ ਗਿਆ। ਕਈ ਹੋਰਨਾਂ ਨੂੰ ਅੰਬਾਲਾ, ਲਖਨਊ, ਬਨਾਰਸ (ਹੁਣ ਵਾਰਾਣਸੀ), ਦੀਨਾਪੁਰ ਅਤੇ ਫੈਜ਼ਾਬਾਦ ਵਿਚ ਭੇਜਿਆ ਗਿਆ। ਇਨ੍ਹਾਂ ਇਲਾਕਿਆਂ 'ਤੇ ਕਬਜ਼ਾ ਕਰਕੇ ਗਦਰ ਪਾਰਟੀ ਦਾ ਝੰਡਾ ਲਹਿਰਾਉਣ ਦਾ ਆਦੇਸ਼ ਦਿੱਤਾ। ਹੁਣ ਸਵਾਲ ਪੈਦਾ ਹੋਇਆ ਕਿ ਝੰਡੇ ਦੀ ਰੂਪਰੇਖਾ ਕਿਹੋ ਜਿਹੀ ਹੋਵੇ?

ਹਿੰਦੋਸਤਾਨ ਦੀ ਆਜ਼ਾਦੀ ਦੇ ਝੰਡੇ ਦੀ ਪਹਿਲੀ ਰੂਪਰੇਖਾ ਮੈਡਮ ਭੀਖਾਜੀ ਕਾਮਾ ਨੇ 22 ਅਗਸਤ, 1907 ਨੂੰ ਬਣਾਈ ਸੀ। ਝੰਡੇ ਨੂੰ ਕੌਮਾਂਤਰੀ ਸੋਸ਼ਲਿਸਟ ਕਾਨਫਰੰਸ, ਸਟੱਟਗਾਰਡ (ਜਰਮਨੀ) ਮੌਕੇ ਲਹਿਰਾਇਆ ਸੀ। ਇਸ ਦੇ ਤਿਨ ਰੰਗ ਸਨ- ਹਰਾ, ਪੀਲਾ ਤੇ ਲਾਲ ਜੋ ਕ੍ਰਮਵਾਰ ਇਸਲਾਮ, ਹਿੰਦੂ ਅਤੇ ਬੁੱਧ ਧਰਮਾਂ ਦੇ ਸੂਚਕ ਸਨ। ਹਰੇ ਰੰਗ ਉਤੇ ਅੱਠ ਕਮਲ (ਫੁੱਲ), ਬ੍ਰਿਟਿਸ਼ ਰਾਜ ਦੇ ਅੱਠ ਪ੍ਰਾਂਤਾਂ ਦੇ ਸੂਚਕ ਸਨ। ਪੀਲੇ ਰੰਗ 'ਤੇ ਬੰਦੇਮਾਤ੍ਰਮ ਲਿਖਿਆ ਸੀ ਅਤੇ ਲਾਲ ਰੰਗ 'ਤੇ ਖੱਬੇ ਪਾਸੇ ਈਦ ਦਾ ਚੰਦ ਅਤੇ ਸੱਜੇ ਪਾਸੇ ਸੂਰਜ ਦਾ ਚਿੰਨ੍ਹ ਸੀ ਜੋ ਹਿੰਦੂ ਤੇ ਇਸਲਾਮ ਧਰਮਾਂ ਦੇ ਅਨੁਆਈ ਸਨ।

ਹਿੰਦੋਸਤਾਨ ਦੇ ਮੌਜੂਦਾ ਝੰਡੇ ਦੀ ਪਹਿਲੀ ਰੂਪਰੇਖਾ 1921 ਵਿਚ ਪਿੰਗਲੇ ਵੈਂਕੱਈਆ ਨੇ ਬਣਾ ਕੇ ਗਾਂਧੀ ਜੀ ਨੂੰ ਪੇਸ਼ ਕੀਤਾ ਸੀ। ਇਸ ਵਿਚ ਹਰਾ ਅਤੇ ਪੀਲਾ ਰੰਗ ਸਨ ਜੋ ਇਸਲਾਮ ਅਤੇ ਹਿੰਦੂ ਧਰਮ ਦੇ ਸੂਚਕ ਸਨ। ਗਾਂਧੀ ਨੇ ਇਨ੍ਹਾਂ ਦੋ ਰੰਗਾਂ ਵਿਚਕਾਰ ਦੂਜੇ ਧਰਮਾਂ ਨੂੰ ਮਾਨਤਾ ਦੇਣ ਲਈ ਚਿੱਟੇ ਰੰਗ ਦੀ ਫਾਟ ਪਾ ਕੇ ਵਿਚਕਾਰ 24 ਅਰਾਂ ਵਾਲਾ ਅਸ਼ੋਕ ਚੱਕਰ ਸਜਾ ਦਿੱਤਾ। ਚੱਕਰ ਜੀਵਨ-ਗਤੀ ਦਾ ਸੂਚਕ ਹੈ, ਅਰ ਇਨਸਾਨ ਦੇ ਗੁਣਾਂ ਨੂੰ ਪ੍ਰਗਟ ਕਰਦੇ ਹਨ।

ਗਦਰ ਪਾਰਟੀ ਦੇ ਝੰਡੇ ਬਾਰੇ ਲੋਕਾਂ ਨੂੰ ਪਤਾ ਨਹੀਂ ਕਿ ਇਹ ਕਿਸ ਨੇ, ਕਦੋਂ ਅਤੇ ਕਿਉਂ ਬਣਾਇਆ। ਝੰਡਾ ਬਣਾਉਣ ਦੀ ਗੱਲ 1914 ਵਿਚ ਤੁਰੀ ਸੀ ਕਿ 'ਗਦਰ' ਅਖ਼ਬਾਰ ਦੇ ਸਰਵਰਕ 'ਤੇ ਪਾਰਟੀ ਦਾ ਝੰਡਾ ਛਾਪਿਆ ਜਾਵੇ। ਲਾਲਾ ਹਰਦਿਆਲ ਨੇ ਹਾਮੀ ਨਹੀਂ ਭਰੀ ਸੀ। ਝੰਡੇ ਬਾਰੇ ਗਦਰ ਦੇ ਪਾਠਕਾਂ ਤੋਂ ਪੁੱਛਿਆ ਗਿਆ ਤੇ ਉਨ੍ਹਾਂ ਦੀ ਰਾਏ 'ਗਦਰ' ਦੇ ਜਨਵਰੀ 1914 ਦੇ ਨੰਬਰ-7 ਵਿਚ ਛਾਪੀ ਗਈ:

"ਸਾਨੂੰ ਇਹ ਬਾਤ ਰੰਦੀ ਸੀ ਮਲੂਮ ਹੁੰਦੀ ਹੈ, ਹਿੰਦੋਸਤਾਨੀ ਕੌਮ ਨੂੰ, ਦੁਨੀਆ ਵਿਚ ਕੋਈ ਕੌਮ ਭੀ ਨਹੀਂ ਜਾਣਦੀ ਕਿ ਕਿਹੜੇ ਬਾਗ ਦੀ ਮੂਲੀ ਹੈ। ਨਾ ਸਾਡਾ ਰਾਜ ਹੈ ਨਾ ਸਾਡਾ ਝੰਡਾ ਹੈ, ਰਾਜ ਤੋਂ ਬਗੈਰ ਝੰਡਾ ਕੈਸਾ। ਗਦਰ ਕਰਕੇ ਪਹਿਲਾਂ ਆਪਣਾ ਰਾਜ ਲਵੋ ਤਾਂ ਫੇਰ ਆਪੇ ਹੀ ਝੁਲੇਗਾ ਰਾਜ 'ਤੇ। ਪੈਹਲਾਂ ਝੰਡਾ ਕੈਮ ਕਰਨਾ ਤਾਂ ਐਂਵੇਂ ਬਾਧੂ ਰੌਲਾ ਹੀ ਹੈ। ਤੰਦ ਨਾ ਤਾਣੀ ਜੁਲਾਹੇ ਨਾਲ ਡਾਂਗੋ ਡਾਂਗੀ ਵਾਲੀ



ਗਦਰ ਪਾਰਟੀ ਦਾ ਝੰਡਾ।

ਗੱਲ ਹੋਵੇਗੀ। ਕੋਈ ਕਹੇਗਾ ਐਸਾ ਝੰਡਾ ਹੋਵੇ ਕੋਈ ਹੋਰ ਕਹੇਗਾ ਵੈਸਾ। ਸਾਡੀ ਸਮਝ ਵਿਚੋਂ ਗਦਰ ਤੋਂ ਪੈਹਲੇ ਝੰਡਾ ਕੈਮ ਕਰਨਾ ਠੀਕ ਨਹੀਂ ਹੋਵੇਗਾ। ਪੈਹਲੇ ਗਦਰ ਕਰਕੇ ਅੰਗਰੇਜ਼ਾਂ ਨੂੰ ਕੱਢੋ, ਝੰਡਾ ਤਾਂ ਫੇਰ ਆਪੇ ਹੀ ਝੁਲੇਗਾ।"

ਪ੍ਰਚਲਤ ਰਾਏ ਇਹ ਹੈ ਕਿ ਅਮਰੀਕਾ ਤੋਂ ਹਿੰਦੋਸਤਾਨ ਨੂੰ ਰਵਾਨਾ ਹੋਣ ਵੇਲੇ ਕਿ ਇਸ ਝੰਡੇ ਦੀ ਰੂਪਰੇਖਾ ਕਰਤਾਰ ਸਿੰਘ ਸਰਾਭਾ ਨੇ ਤਿਆਰ ਕੀਤੀ ਸੀ। ਇਸ ਵਿਚ ਨੀਲੇ ਅਤੇ ਪੀਲੇ ਰੰਗਾਂ ਦੀਆਂ ਦੋ ਫਾਟਾਂ ਸਨ ਜੋ ਕ੍ਰਮਵਾਰ ਮੁਸਲਮਾਨ ਅਤੇ ਹਿੰਦੂ ਭਾਈਚਾਰੇ ਦੀ ਸੋਚ ਨੂੰ ਸਮਰਪਿਤ ਸਨ। ਗਦਰੀਆਂ ਨੇ ਇਸ ਝੰਡੇ ਹੇਠਾਂ ਖੜ੍ਹ ਕੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਦਾ ਪ੍ਰਣ ਲਿਆ ਸੀ।

ਦੇਸ਼ ਪਰਤਣ ਤੋਂ ਬਾਅਦ, ਆਜ਼ਾਦੀ ਲੜਨ ਦੀ ਤਾਰੀਖ ਮਿਥਣ ਵੇਲੇ, ਪਾਰਟੀ ਦੇ ਪੱਕੇ ਝੰਡੇ ਬਾਰੇ ਮਤਾ ਪਾਸ ਕੀਤਾ ਕਿ ਗਦਰੀਆਂ ਦੇ ਪੁਰਾਣੇ ਝੰਡੇ ਵਿਚ ਲਾਲ ਰੰਗ ਦੀ ਫਾਟ ਦਰਜ ਕੀਤੀ ਜਾਵੇ ਤੇ ਉਤੇ ਦੋ ਗਲੇ ਮਿਲਦੀਆਂ ਤਲਵਾਰਾਂ ਸਜਾਈਆਂ ਜਾਣ। ਲਾਹੌਰ ਸਾਜ਼ਿਸ਼ ਕੇਸ ਦੇ ਸਰਕਾਰੀ ਵਕੀਲ ਪੈਟਮੈਨ ਨੇ ਕਿਹਾ ਕਿ ਕਰਤਾਰ ਸਿੰਘ ਸਰਾਭਾ ਨੇ ਇਸ ਝੰਡੇ ਦੀ ਰੂਪ-ਰੇਖਾ ਬਣਾਈ ਸੀ। ਪੀਲਾ ਰੰਗ ਸਿੱਖ, ਨੀਲਾ ਮੁਸਲਮਾਨ ਅਤੇ ਲਾਲ ਹਿੰਦੂ ਧਰਮਾਂ ਦੀ ਪ੍ਰਤੀਨਿਧਤਾ ਕਰਦੇ ਹਨ। ਤਲਵਾਰ ਪੰਜਾਬ ਦੀ ਜੁਝਾਰੂ ਪਰੰਪਰਾ ਦਾ ਚਿੰਨ੍ਹ ਹੈ, ਇਸ ਲਈ ਉਸ ਵੇਲੇ ਦੇ ਹਥਿਆਰਬੰਦ ਸੱਤਿਆਗ੍ਰਹਿ ਲਈ ਝੰਡੇ ਵਿਚ ਪ੍ਰਤੀਕ ਵਜੋਂ ਵਰਤਿਆ ਗਿਆ ਮਾਲੂਮ ਹੁੰਦਾ ਹੈ। ਫਲਸਰੂਪ, ਗਦਰ ਪਾਰਟੀ ਦਾ ਦੋ ਤਲਵਾਰਾਂ ਵਾਲਾ ਤਿਰੰਗਾ ਝੰਡਾ ਹੋਂਦ ਵਿਚ ਆਇਆ।

ਬੜੀਆਂ ਘਾਲਣਾਂ ਤੋਂ ਬਾਅਦ ਗਦਰ ਪਾਰਟੀ ਦਾ ਆਪਣਾ ਝੰਡਾ ਤਿਆਰ ਹੋ ਗਿਆ। ਪਾਰਟੀ ਨੇ ਫੈਸਲਾ ਕੀਤਾ ਕਿ 21 ਫਰਵਰੀ, 1914 ਨੂੰ ਗਦਰ ਦੀ ਕਾਮਯਾਬੀ ਤੋਂ ਬਾਅਦ ਇਹ ਝੰਡਾ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓ'ਡਵਾਇਰ ਦੇ ਦਫਤਰ ਉਤੇ ਝੁਲਾਇਆ ਜਾਵੇਗਾ। ਉਸ ਸਮੇਂ ਪਾਰਟੀ ਕੋਲ ਤਜਵੀਜ਼ ਕੀਤਾ ਝੰਡਾ ਤਿਆਰ ਨਹੀਂ ਸੀ। ਰਾਸ ਬਿਹਾਰੀ ਬੋਸ ਨੇ ਝੰਡੇ ਦੀ ਲੋੜ ਨੂੰ ਮਹਿਸੂਸ ਕਰਦਿਆਂ ਫੌਰੀ ਝੰਡਾ ਬਣਾਉਣ ਦੀ ਸਲਾਹ ਦਿੱਤੀ। ਝੰਡਾ ਬਣਾਉਣ ਦੀ ਜ਼ਿੰਮੇਵਾਰੀ ਕਰਤਾਰ ਸਿੰਘ ਸਰਾਭਾ ਨੇ ਸਾਂਭ ਲਈ ਤੇ ਸਾਈਕਲ ਚੁੱਕ ਕੇ ਬਾਜ਼ਾਰ ਗਿਆ ਤੇ ਝੰਡੇ ਦੇ ਤਿੰਨਾਂ ਰੰਗਾਂ ਦੇ ਥਾਨ ਖਰੀਦ ਲਿਆਇਆ। ਗਦਰੀਆਂ ਨੇ ਰਲ-ਮਿਲ ਕੇ ਝੰਡੇ ਤਿਆਰ ਕਰ ਲਏ। ਬ੍ਰਿਟਿਸ਼ ਸਰਕਾਰ ਦੇ ਜਾਸੂਸੀ ਮਹਿਕਮੇ ਦੀ ਰਿਪੋਰਟ ਅਨੁਸਾਰ, "ਰਾਸ ਬਿਹਾਰੀ ਬੋਸ ਦੀ ਸਲਾਹ ਨਾਲ ਬਹੁਤ ਸਾਰੇ ਝੰਡੇ ਤਿਆਰ ਕਰ ਲਏ। ਰੰਗਦਾਰ ਕਪੜਿਆਂ ਦੇ ਟੋਟੇ ਕਰਤਾਰ ਸਿੰਘ ਸਰਾਭਾ ਨੇ ਖਰੀਦ ਕੇ ਲਿਆਂਦੇ ਤੇ ਗਦਰੀਆਂ ਨੇ ਰਲ-ਮਿਲ ਕੇ ਝੰਡੇ ਸੀਤੇ ਸਨ।"

ਕਿਰਪਾਲ ਸਿੰਘ ਅਤੇ ਅਮਰ ਸਿੰਘ ਵਰਗੇ ਮੁਖਬਰਾਂ ਦੀਆਂ ਗਵਾਹੀਆਂ ਤੋਂ ਵੀ ਇਹੋ ਜ਼ਾਹਿਰ ਹੁੰਦਾ ਹੈ ਕਿ ਕਰਤਾਰ ਸਿੰਘ ਸਰਾਭਾ ਵੱਖ-ਵੱਖ ਰੰਗਾਂ ਦੇ ਥਾਨ ਲਈ ਜਾਂਦਾ ਉਨ੍ਹਾਂ ਨੂੰ ਲਾਹੌਰ ਦੇ ਮੋਚੀ ਗੇਟ 'ਤੇ ਮਿਲਿਆ ਸੀ। ਮੁਕੱਦਮੇ ਦੀ ਸੁਣਵਾਈ ਸਮੇਂ ਕਪੜੇ ਵੇਚਣ ਵਾਲੀ 'ਧਾਲੀਵਾਲ ਏਜੰਸੀ' ਦੇ ਨੌਕਰ ਕਾਹਨ ਚੰਦ ਨੂੰ ਝੰਡੇ ਦੇ ਨੀਲੇ ਰੰਗ ਦਾ ਕਪੜਾ ਦਿਖਾ ਕੇ ਜਦ ਅਦਾਲਤ ਨੇ ਪੁੱਛਿਆ ਤਾਂ ਉਸ ਨੇ ਜੁਆਬ ਦਿੱਤਾ, "ਇਨਕਲਾਬੀ ਝੰਡੇ ਵਿਚ ਉਸ ਕੱਪੜੇ ਦਾ ਹਿੱਸਾ ਮੈਂ ਪਛਾਣਦਾ ਹਾਂ ਜਿਹੜਾ ਮੈਂ ਕਰਤਾਰ ਸਿੰਘ ਸਰਾਭੇ ਨੂੰ 15 ਅਤੇ 17 ਫਰਵਰੀ ਨੂੰ ਵੇਚਿਆ ਸੀ।"

ਗਦਰੀ ਬਾਬੇ ਝੰਡੇ ਨਾਲ ਲੈ ਕੇ ਛਾਉਣੀਆਂ 'ਤੇ ਹਮਲੇ ਕਰਨ ਲਈ ਰਵਾਨਾ ਹੋ ਗਏ। ਪਰਮਾਨੰਦ ਝਾਂਸੀ ਪੇਸ਼ਾਵਰ ਨੂੰ, ਡਾ. ਮਥਰਾ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਜਿਹਲਮ ਨੂੰ, ਕਰਤਾਰ ਸਿੰਘ ਸਰਾਭਾ ਫਿਰੋਜ਼ਪੁਰ ਨੂੰ, ਸੁੱਚਾ ਸਿੰਘ ਅੰਬਾਲੇ ਵੱਲ ਚਲੇ ਗਏ। ਝੰਡੇ ਬਾਰੇ ਉਪਰੋਕਤ ਵਾਕਫੀ ਵਰਿਆਮ ਸਿੰਘ ਸੰਧੂ ਦੀ ਮੁਲਵਾਨ ਪੁਸਤਕ 'ਗਦਰੀ ਜਰਨੈਲ ਕਰਤਾਰ ਸਿੰਘ ਸਰਾਭਾ' (2015) ਵਿਚ ਦਰਜ ਹੈ।

*(ਹਾਲ ਹੀ ਵਿਚ ਛਪੀ 876 ਸਫਿਆਂ ਦੀ ਵੱਡ-ਆਕਾਰੀ ਪੁਸਤਕ 'ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ: ਗਦਰੀ ਲਹਿਰਾਂ ਦੀ ਹਿੱਸੇਦਾਰੀ' ਵਿਚੋਂ)*

# ਗਦਰ ਦੀ ਕਵਿਤਾ

## ਬਣੀ ਸਿਰ ਸ਼ੇਰਾਂ ਦੇ...

ਹਿੰਦ ਦੇ ਬਹਾਦਰੋ ਕਿਉਂ ਬੈਠੇ ਚੁੱਪ ਜੀ।
ਅੱਗ ਲੱਗੀ ਦੇਸ, ਨਾ ਸਹਾਰੋ ਧੁੱਪ ਜੀ।
ਬੁਝਣੀ ਇਹ ਤਾਂ ਹੀ ਹੈ ਸਰੀਰ ਤੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

ਸਿਰ ਦਿਤੇ ਬਾਝ ਨਹੀਂ ਕੰਮ ਸਰਨਾ।
ਯੁਧ ਵਿਚ ਪਵੇਗਾ ਜ਼ਰੂਰ ਮਰਨਾ।
ਪਾਵੋ ਲਲਕਾਰ ਸ਼ੇਰਾਂ ਵਾਂਗ ਗੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

ਹੱਥ ਸ਼ਮਸ਼ੀਰ, ਕੁੱਦ ਪਓ ਮੈਦਾਨ ਜੀ।
ਮਾਰ ਮਾਰ ਵੈਰੀਆਂ ਦੇ ਲਾਹੋ ਘਾਣ ਜੀ।
ਵੈਰੀਆਂ ਦਾ ਆਓ ਲਹੂ ਪੀਏ ਰੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

ਮਾਰ ਲਈਏ ਵੈਰੀ, ਮਰ ਜਾਈਏ ਆਪ ਜਾਂ।
ਕਾਇਰਤਾ, ਗਰੀਬੀ, ਮਿਟ ਜਾਏ ਤਾਪ ਜਾਂ।
ਪਾ ਲਈਏ ਸ਼ਹੀਦੀ, ਸਿੰਘ ਸ਼ੇਰ ਸੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

ਰਖੋ ਨਾ ਫਿਕਰ ਵੀਰੋ ਮਰਨ-ਜੀਣ ਦੀ।
ਧਾਰੋ ਨੀਤ ਵੈਰੀਆਂ ਦਾ ਲਹੂ ਪੀਣ ਦੀ।
'ਜਾਨ ਨਾ ਪਿਆਰੀ' ਮੂੰਹੋਂ ਬੋਲੋ ਗੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

ਪਿਛਲੀ ਕਲੰਕੀ ਸਾਰੀ ਚੁੱਕੀ ਜਾਊਗੀ।
ਹੋਊਗੀ ਆਜ਼ਾਦੀ, ਨਸਲ ਸੁੱਖ ਪਾਊਗੀ।
'ਬੰਦੇ ਮਾਤਰਮ' ਸਾਰੇ ਬੋਲੋ ਗੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

## ਬਾਬੇ ਨਾਨਕ ਦਾ ਸੁਨੇਹਾ

ਬਾਬੇ ਨਾਨਕ ਸਮਝ ਸੰਸਾਰ ਨੂੰ
ਇਕ ਸੌਖਾ ਰਾਹ ਚਲਾਇਆ।
ਕਰਮ ਹੀ ਧਰਮ ਹੈ, ਕਹਿ ਕੇ
ਧਰਤੀ ਨੂੰ ਧਰਮਸਾਲ ਬਣਾਇਆ।

ਵਿਚ ਧਰਮਸਾਲ ਦੇ ਕਿਵ ਰਹਿਣਾ,
ਕਿਵ ਚਲਣਾ ਹੈ, ਸਭ ਸਮਝਾਇਆ।
ਨਿਰੰਕਾਰ ਨੂੰ ਆਕਾਰ ਕਹਿ ਕੇ
ਵੱਖਰੇ ਰੱਬ ਦਾ ਭਰਮ ਮਿਟਾਇਆ।

ਘਰ ਛੱਡ ਜੰਗਲ ਬਹਿਣ ਨੂੰ
ਉਨ੍ਹਾਂ ਬੁਰਾ ਮਨਾਇਆ।
ਗ੍ਰਹਿਸਥ ਧਾਰ ਕਿਰਤ ਕਰਨ ਨੂੰ
ਉਨ੍ਹਾਂ ਉਤਮ ਦਰਸਾਇਆ।

ਜਪ ਤਪ ਕਰ ਚੁੱਪ ਰਹਿਣ ਨੂੰ
ਉਨ੍ਹਾਂ ਵਿਅਰਥ ਬਤਾਇਆ।
ਨਾਮ ਹੀ ਸਭ ਤੋਂ ਉਤਮ ਹੈ,
ਇਹੋ ਸਭ ਨੂੰ ਸਮਝਾਇਆ।

ਨਾਮ ਹੁਕਮ ਹੈ ਸੱਚ ਦਾ,
ਜਿਸ ਵਿਚ ਸਭ ਬ੍ਰਹਿਮੰਡ ਦਿਖਾਇਆ।
ਸੱਚ ਬਿਨ ਕੁਝ ਵੀ ਥਿਰ ਨਹੀਂ,
ਇਹ ਵੀ ਬਾਣੀ ਵਿਚ ਸਮਝਾਇਆ।

ਆਵਾਗਵਨ ਵਿਚ ਪਈ ਸੋਚ ਨੂੰ,
ਉਨ੍ਹਾਂ ਮੁਕਤ ਕਰਾਇਆ।
ਜੰਮਣ-ਮਰਨ ਦੇ ਭੇਦ,
ਉਨ੍ਹਾਂ ਖੋਲ੍ਹ ਸਮਝਾਇਆ।

ਪਸ਼ੂ ਬਿਰਤੀਆਂ ਭੋਗ ਰਹੇ ਮਨੁੱਖ ਨੂੰ
ਉਨ ਸਚਿਆਰ ਬਣਾਇਆ।
ਪਰਮ ਜਿਸ ਸਮਝਿਆ ਬਾਬੇ ਨਾਨਕ ਨੂੰ,
ਉਹ ਮੁੜ ਜੋਨ ਨਾ ਆਇਆ।

*-ਗਿਆਨੀ ਪਰਮਿੰਦਰਜੀਤ ਸਿੰਘ ਸ਼ਿਕਾਗੋ*
*ਫੋਨ: 347-251-0149*

## ਡੇਉਢਾਂ

ਇਹ ਮੌਕਾ ਹੈ ਗਦਰ ਕਰਨ ਦਾ,
ਇਸ ਤੇ ਹੋਰ ਨਾ ਲੋੜੇ, ਸੁਸਤੀ ਛੋੜੋ।
ਵਿਚ ਸ਼ਕੰਜੇ ਜ਼ਾਲਮ ਫਸਿਆ ਹੁਣ,
ਇਸ ਦਾ ਸਿਰ ਤੋੜੋ, ਖੋਪੜੀ ਫੋੜੋ।
ਸ਼ੇਰ ਵਾਂਗ ਗਜ ਇਨ੍ਹਾਂ ਦੀ ਗਰਦਨ,
ਪਕੜ ਮਰੋੜੋ, ਲਹੂ ਨਿਚੋੜੋ।
ਲੈ ਕੇ ਸ਼ਸਤਰ ਰਣਭੂਮੀ ਵਿਚ ਆਵੋ,
ਜੇ ਕੁਝ ਲੋੜੋ, ਪਿੱਠ ਨਾ ਮੋੜੋ।

ਉਠੋ ਸ਼ੇਰੋ ਦੁਸ਼ਮਨ ਦੇ ਘਰ ਹੋਵਨ,
ਵੈਣ ਸਿਆਪੇ, ਆਪੇ ਧਾਪੇ।
ਭਾਈਆਂ ਨਾਲੋਂ ਭਾਈ ਬਿਛੋੜੇ,
ਜੋੜੇ ਕਰੋ ਕਲਾਪੇ, ਦੁਖ ਬਿਆਪੇ।
ਇਕ ਇਕ ਘਰ ਦੇ ਨੌਂ ਨੌਂ ਮਾਰੋ,
ਬੈਠੇ ਰੋਵਨ ਮਾਪੇ, ਵਿਚ ਬੁਢਾਪੇ।
ਮਜ਼ਾ ਹਿੰਦ ਪਰ ਜ਼ੁਲਮ ਕਰਨ ਦਾ,
ਫਿਰ ਜ਼ਾਲਮ ਨੂੰ ਜਾਪੇ, ਹਟਸੀ ਆਪੇ।

ਦਿਸਦੇ ਸ਼ੇਰਾਂ ਵਾਂਗ ਗਭਰੂ ਚਲੋ,
ਦਿਖਾਓ ਜੁਆਨੀ, ਵਿਚ ਮਦਾਨੀ।
ਹਿੰਦੋਸਤਾਨ ਆਜ਼ਾਦ ਕਰ ਲਿਆ,
ਜਾਂ ਕੀਤੀ ਕੁਰਬਾਨੀ, ਦਿਲ ਵਿਚ ਠਾਨੀ।
ਹਿੰਦੀ ਬਣੇ ਸਪੂਤ ਮਾਤ ਦੇ,
ਬਨ ਗਏ ਯੂਰਪ ਸਾਨੀ, ਛੋੜ ਨਦਾਨੀ।
ਦੋਹੀਂ ਪਾਸੀਂ ਲੋਭ ਦਿਸ ਰਿਹਾ,
ਇਸ ਵਿਚ ਮਾਰੇ ਭਾਨੀ, ਤੁਖਮ ਸਤਾਨੀ।

ਸਖਤ ਗਿਰ ਗਿਆ ਜੀਵਨ ਸਾਡਾ,
ਇਸ ਤੋਂ ਚੰਗਾ ਮਰਨਾ, ਦੁਖ ਨਹੀਂ ਕਰਨਾ।
ਦੇ ਦੇ ਧਮਕੀ ਰਿਹਾ ਡਰਾ ਹੁਣ,
ਇਸ ਤੇ ਨਹੀਂ ਡਰਨਾ, ਥਰ ਥਰ ਕਰਨਾ।
ਕਾਇਰਾਂ ਵਾਂਗ ਪਿਠ ਨਾ ਦੇਣਾ,
ਪੈਰ ਅਗੇ ਨੂੰ ਧਰਨਾ, ਮੂਲ ਨਾ ਡਰਨਾ।
ਬਾਝ ਗਦਰ ਦੇ ਸਾਡਾ ਯਾਰੋ,
ਬਿਲਕੁਲ ਕਾਜ ਨਾ ਸਰਨਾ, ਪੈਸੀ ਕਰਨਾ।

## ਗਦਰੀਆਂ ਦੇ ਕੰਮ ਤੇ ਗੁਣ

ਤਾਰੀਖ ਦਸਿਆ ਜਗਤ ਤੇ ਪਿਛਾਂ ਖਿਚੂ,
ਮੋਹਰੇ ਜਾਂਵਦੇ ਇਕ ਸੰਤੋੜ ਗਦਰੀ।
ਭਰਮ ਭੰਡ ਅਗਯਾਨਤਾ ਦਰਤ ਸੁਟਣ,
ਛੱਡਣ ਜ਼ੁਲਮ ਦੀ ਘੰਡ ਮਰੋੜ ਗਦਰੀ।
ਨਵੀਂ ਜ਼ਿੰਦਗੀ ਦੇਣ ਸਮਾਜ ਤਾਈਂ,
ਸਮਝਣ ਕਰਨ ਜੋ ਸਮੇਂ ਦੀ ਲੋੜ ਗਦਰੀ।
ਆਪ ਹੋਣ ਆਜ਼ਾਦ, ਛਡੌਣ ਖਾਤਰ,
ਦਿੰਦੇ ਪਿੰਜਰੇ ਭੰਨ ਤਰੋੜ ਗਦਰੀ।

## ਗਦਰੀ ਦੀ ਦ੍ਰਿੜਤਾ

ਨਹੀਂ ਝਿਝਕ ਗੰਭੀਰ ਅਟੱਲ ਡਾਢਾ,
ਵਧਦਾ ਵਲ ਨਸ਼ਾਨੇ ਦੇ ਜਾਏ ਗਦਰੀ।
ਨਹੀਂ ਜਾਣਦਾ ਅਟਕ ਰੁਕਾਵਟਾਂ ਕੀ?
ਦੁਨੀਆਂ ਚੀਰ ਪਹਾੜ ਸਧਾਏ ਗਦਰੀ।
ਲਖਾਂ ਦੈਂਤ ਫਰੌਨ ਤੇ ਪਾਦਸ਼ਾਹੀਆਂ,
ਫੋਰੇ ਅਖ ਦੇ ਵਿਚ ਮਿਟਾਏ ਗਦਰੀ।
ਜ਼ਾਰ ਕਿੰਗ ਸੁਲਤਾਨ ਤੇ ਸ਼ਾਹ ਕੈਜ਼ਰ,
ਜਿਨ ਭੂਤ ਸ਼ੈਤਾਨ ਨਵਾਏ ਗਦਰੀ।
ਰਾਜੇ ਖਾਨ ਅਮੀਰ ਨਵਾਬ ਢਾ ਕੇ,
ਲੀਕਾਂ ਨਕ ਦੇ ਨਾਲ ਕਢਾਏ ਗਦਰੀ।
ਸਿੱਕੇ ਬੰਦ ਕਰ ਝੰਡੀਆਂ ਪਾੜ ਸੁਟੇ,
ਢਾਏ ਮਹਿਲ ਤੇ ਤਖ਼ਤ ਉਲਟਾਏ ਗਦਰੀ।
ਅਰਸ਼ੋਂ ਲਾਹਕੇ ਝੋਏ ਪਟੱਕ ਮਾਰੇ,
ਝਾੜੂ ਹੱਥ ਦੇ ਗਲੀ ਹੁੰਜਾਏ ਗਦਰੀ।
ਮਾਣਸ ਖਾਣਿਆਂ ਤਾਈਂ ਅਜ਼ਾਦ ਕੇਵਲ,
ਕੀਤੇ ਜ਼ੁਲਮ ਦਾ ਮਜ਼ਾ ਚਖਾਏ ਗਦਰੀ।

## ਉਠੋ ਜਟੋ ਪੁਟੋ ਜੜ੍ਹ

ਉਠੋ ਜਟੋ ਪੁਟੋ ਜੜ੍ਹ ਜ਼ਾਲਮਾਂ ਫਰੰਗੀਆਂ ਦੀ,
ਮਿਲੂਗਾ ਜ਼ਰੂਰ ਫਲ ਕੀਤੀਓ ਕਮਾਈ ਦਾ।
ਲੁਟੋਂ ਕੁਟੋਂ ਛੁਟੋ ਤਾਂ ਹੀ ਫਰੰਗੀਆਂ ਤੋਂ,
ਹੋਵੋ ਸਾਵਧਾਨ ਜਿਵੇਂ ਨਾਗ ਹਥ ਪਾਈ ਦਾ।
ਸ਼ੁਰੂ ਕੰਮ ਜੁਟੋ ਘੁਟੋ ਗਲ ਜਾ ਫਰੰਗੀਆਂ ਦਾ,
ਬੋਲੀਏ ਨਾ ਬੁਟੋਂ ਕੰਮ ਕਰੀਏ ਸਫਾਈ ਦਾ।
ਕਟੋ ਸਿਰ ਕਪੋ ਕਰੋ ਹਲਾ ਪਰ ਵੈਰੀਆਂ ਦੇ,
ਇਟ ਦੇ ਜਵਾਬ ਵਿਚ ਪਥਰ ਚਲਾਈ ਦਾ।
ਜਿਥੇ ਆਵੇ ਹਥ ਤੇ ਪਟਕ ਮੂੰਹ ਤੇ ਵਟ ਮਾਰੋ,
ਫਰੰਗੀ ਦਾ ਇਲਾਜ ਨਹੀਂ ਸ਼ਾਂਤੀ ਪਾਈ ਦਾ।
ਹਿੰਦ ਵਾਲੇ ਸੇਵਕਾ ਫਰੰਗੜੇ ਨਾ ਸੂਤ ਔਣਾ,
ਤਲਨੇ ਲਈ ਕੜਾਹਾ ਕਿਉਂ ਨਹੀਂ ਤਾਈ ਦਾ।

## ਹਿੰਦੀਆਂ ਦਾ ਫਰਜ਼

ਸੋਹਣਾ ਵਕਤ ਹਿੰਦੀ ਜਥੇਬੰਦ ਹੋ ਕੇ,
ਫੁੱਟ ਚੰਦਰੀ ਨੂੰ ਦੇਸੋਂ ਕੱਢ ਦੇਈਏ।
ਲਹੂ ਹਿੰਦ ਦਾ ਪੀਵੇ ਬੇਦਰਦ ਜ਼ਾਲਮ,
ਨੱਕ ਭੈੜੀ ਸਰਕਾਰ ਦਾ ਵੱਢ ਦੇਈਏ।
ਹਿੰਦੂ ਮੁਸਲਮ ਈਸਾਈ ਤੇ ਸਿੱਖ ਸਾਰੇ,
ਖੈਹੜਾ ਏਸ ਦੁਖਦਾਈ ਦਾ ਛੱਡ ਦੇਈਏ।
ਇਕ ਮੁੱਠ ਹੋ ਕੇ ਹਿੰਦੋਸਤਾਨ ਖਾਤਰ,
ਮਜ਼੍ਹਬੀ ਝਗੜਿਆਂ ਨੂੰ ਕਰ ਅੱਡ ਦੇਈਏ।
ਕੌਮੀ ਸੇਵਕਾਂ ਦੇ ਫਰਮਾਨ ਮੰਨ ਕੇ,
ਮੁਲਕ ਆਪਣਾ ਤੁਸੀਂ ਅਜ਼ਾਦ ਕਰ ਲਓ।
ਭਰਤੀ ਹੋ ਕੇ ਗਦਰ ਦੀ ਫੌਜ ਅੰਦਰ,
ਛੇਤੀ ਹਿੰਦੀਓ ਭਾਰਤ ਅਬਾਦ ਕਰ ਲਓ।
ਅਜ਼ਾਦੀ ਲੈਣ ਦਾ ਸਮਾਂ ਆ ਗਿਆ ਨੇੜੇ,
ਹਿੰਦ ਵਾਸੀਓ ਜ਼ਾਲਮ ਬਰਬਾਦ ਕਰ ਲਓ।
ਦੁਖ ਭੁਖ ਦਾ ਭੂਤ ਵਲੈਤ ਜਾਊ,
ਜੇ ਗਦਰ ਦੀ ਸਾਰੇ ਬੁਲੰਦ ਕਰ ਲਓ।

# ਬੇਘਰਿਆਂ ਅਤੇ ਬੇਦਰਿਆਂ ਦਾ ਸੰਸਾਰ: ਦਿ ਰੂਫ

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਟਲੀ ਦੇ ਸਰਕਰਦਾ ਫਿਲਮਸਾਜ਼ ਵਿਤੋਰੀਓ ਦਿ ਸੀਕਾ ਦੀ ਫਿਲਮ 'ਰੂਫ' ਬਾਰੇ ਚਰਚਾ ਕੀਤੀ ਗਈ ਹੈ ਜੋ ਕਾਮਿਆਂ ਬਾਰੇ ਸਰਕਾਰ ਦੀ ਕੁਹਜੀ ਪਹੁੰਚ ਬਿਆਨਦੀ ਹੈ।***






*ਫਿਲਮ 'ਦਿ ਰੂਫ' ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਇਕ ਦ੍ਰਿਸ਼।*

ਫਿਲਮ 'ਰੂਫ' ਅਰਥਾਤ 'ਛੱਤ' ਫਿਲਮਸਾਜ਼ ਵਿਤੋਰੀਓ ਦਿ ਸੀਕਾ ਦੀ ਮਹੱਤਵਪੂਰਨ ਐਪਰ ਅਣਗੌਲੀ ਫਿਲਮ ਹੈ। ਫਿਲਮ ਜੰਗ ਅਤੇ ਫਾਸ਼ੀਵਾਦ ਦੇ ਦੁਵੱਲੇ ਸਦਮਿਆਂ ਅਤੇ ਬਰਬਾਦੀ ਵਿਚੋਂ ਗੁਜ਼ਰ ਰਹੇ ਮੁਲਕ ਵਿਚ ਅਜਿਹੇ ਪ੍ਰੇਮੀ ਜੋੜੇ ਦੀ ਕਹਾਣੀ ਹੈ ਜਿਹੜੇ ਨਿੱਕੇ ਜਿਹੇ ਨਿੱਘੇ ਘਰ ਦੀ ਤਲਾਸ਼ ਵਿਚ ਹਨ। ਉਨ੍ਹਾਂ ਦਾ ਜੰਗ ਦੇ ਦਿਨਾਂ ਵਿਚ ਹੀ ਬਹੁਤ ਰੁਲ-ਖੁਲ ਕੇ ਮਿੰਨਤਾਂ ਤਰਲਿਆਂ ਨਾਲ ਵਿਆਹ ਹੋਇਆ ਹੈ ਅਤੇ ਉਹ ਦੋਵੇਂ ਬੇਰੁਜ਼ਗਾਰ ਹਨ। ਹਾਲਤ ਅਜਿਹੀ ਹੈ ਕਿ ਉਨ੍ਹਾਂ ਲਈ ਰਹਿਣ ਦਾ ਕੋਈ ਬੰਦੋਬਸਤ ਨਾ ਹੋਣ ਦੀ ਸੂਰਤ ਵਿਚ ਸੜਕ 'ਤੇ ਹੀ ਡੇਰਾ ਲਾਉਣ ਦੀ ਨੌਬਤ ਆਉਣ ਵਾਲੀ ਹੈ। ਉਹ ਕੁਝ ਦਿਨ ਲਗਾਤਾਰ ਆਪਣੇ ਦੋਸਤਾਂ-ਮਿੱਤਰਾਂ ਦੇ ਟਿਕਾਣਿਆਂ 'ਤੇ ਰਹਿੰਦੇ ਹਨ ਪਰ ਉਨ੍ਹਾਂ ਲਈ ਕਿਸੇ ਵੀ ਹਾਲਤ ਵਿਚ ਛੱਤ ਦਾ ਇੰਤਜ਼ਾਮ ਕਰਨਾ ਬੇਹੱਦ ਜ਼ਰੂਰੀ ਹੋ ਚੁੱਕਿਆ ਹੈ।

ਫਿਲਮ ਦਾ ਮੁੱਖ ਕਿਰਦਾਰ ਨਤਾਲੇ ਘਰ ਬਣਾਉਣ ਵਾਲੀ ਕੰਪਨੀ ਵਿਚ ਸਹਾਇਕ ਦੇ ਤੌਰ 'ਤੇ ਕੰਮ ਕਰਦਾ ਹੈ। ਰੋਜ਼ ਕੰਧਾਂ ਵਿਚ ਇੱਟਾਂ ਚਿਣਦੇ ਹੋਏ ਉਸ ਦਾ ਦਿਲ ਕਰਦਾ ਹੈ ਕਿ ਉਹ ਕਿਸੇ ਦਿਨ ਇੱਦਾਂ ਹੀ ਆਪਣੇ ਘਰ ਦੀ ਨੀਂਹ ਰੱਖੇ ਅਤੇ ਫਿਰ ਰੀਝ ਨਾਲ ਘਰ ਦਾ ਸੁਪਨਾ ਸਾਕਾਰ ਕਰੇ। ਸਾਰੇ ਸ਼ਹਿਰ ਵਿਚ ਜਗਾਹ-ਜਗਾਹ ਉਸਾਰੀ ਦਾ ਕੰਮ ਚੱਲ ਰਿਹਾ ਹੈ ਅਤੇ ਪੂਰੇ ਸ਼ਹਿਰ ਵਿਚ ਮਲਬੇ ਦੇ ਛੋਟੇ-ਵੱਡੇ ਢੇਰ ਲੱਗੇ ਹੋਏ ਹਨ। ਇਹ ਮਿੱਟੀ-ਘੱਟਾ ਲੋਕਾਂ ਦੇ ਫੇਫੜਿਆਂ ਅਤੇ ਗੁਰਦਿਆਂ ਨੂੰ ਨਕਾਰਾ ਕਰ ਰਿਹਾ ਹੈ। ਸ਼ਹਿਰ ਵਿਚ ਹਰ ਚੀਜ਼ ਵਿਚ ਤਰੇੜਾਂ ਹਨ। ਕੋਈ ਦੀਵਾਰ ਸਾਬਤੀ ਨਹੀਂ। ਕੰਧਾਂ ਤੋਂ ਗਿਰਦੇ ਪਲੱਸਤਰਾਂ ਤੇ ਨਿੱਤ-ਦਿਨ ਭੁਰਦੀਆਂ ਛੱਤਾਂ ਦਾ ਲੋਕਾਂ ਦੇ ਦਿਲੋਂ-ਦਿਮਾਗ 'ਤੇ ਕੀ ਅਸਰ ਹੋ ਰਿਹਾ, ਇਹ ਸਭ ਸੋਚਣ ਦਾ ਨਾ ਤਾਂ ਸਰਕਾਰ ਕੋਲ ਕੋਈ ਸਮਾਂ ਹੈ ਅਤੇ ਨਾ ਹੀ ਅਜਿਹੀ ਸੂਖਮ ਰਮਜ਼ਾਂ ਦੀ ਸਮਾਜ ਨੂੰ ਕੋਈ ਪਰਵਾਹ ਹੈ। ਹਰ ਜਣੇ ਅਤੇ ਜਣੀ ਲਈ ਘਰ ਮੁਹੱਈਆ ਹੋਣਾ ਕਿਵੇਂ ਸਿਆਸੀ ਸਵਾਲ ਹੋਣ ਦੇ ਨਾਲ-ਨਾਲ ਮਨੁੱਖੀ ਹਕੂਕ ਦਾ ਮਸਲਾ ਵੀ ਬਣਦਾ ਹੈ, ਇਸ ਬਾਰੇ ਬਹਿਸਾਂ-ਗੋਸ਼ਟੀਆਂ ਅਤੇ ਬੌਧਿਕ ਹਲਕਿਆਂ ਦੀ ਚੁੱਪ ਬੇਘਰਾਂ ਦੀ ਬੇਵਸੀ ਦਾ ਲਗਾਤਾਰ ਮਜ਼ਾਕ ਉਡਾਉਂਦੀ ਹੈ।

ਇਹ ਸਾਰੀਆਂ ਅਲਾਮਤਾਂ ਕਿਸੇ ਸਮਾਜ ਦੇ ਜੜ੍ਹੋਂ ਉਖੜੇ ਹੋਣ ਦੀਆਂ ਨਿਸ਼ਾਨੀਆਂ ਹਨ। ਦੂਜੀ ਸੰਸਾਰ ਜੰਗ ਤੋਂ ਬਾਅਦ ਸ਼ੁਰੂ ਹੋਇਆ ਇਹ ਬੇਢੱਬਾ ਤੇ ਕੁਚੱਜਾ 'ਵਿਕਾਸ' ਦਾ ਪਹੀਆ ਤਾਂ ਕਿਤੇ ਰੁਕਣ ਦਾ ਨਾਮ ਹੀ ਨਹੀਂ ਲੈ ਰਿਹਾ। ਇਸ ਨੂੰ ਮਹਿਸੂਸ ਕਰਨ ਲਈ ਆਪਣੇ ਘਰਾਂ, ਦਫਤਰਾਂ, ਕਾਰਖਨਿਆਂ ਅਤੇ ਫੈਕਟਰੀਆਂ ਦੀਆਂ ਖਿੜਕੀਆਂ ਅਤੇ ਝੀਤਾਂ ਵਿਚੋਂ ਬਾਹਰ ਝਾਕੋ। ਹਰ ਜਗਾਹ ਕੁਝ ਉਸਰ ਰਿਹਾ ਹੈ ਪਰ ਲੋਕਾਂ ਦੇ ਮਨ ਅੰਦਰੋਂ ਢਹਿ ਰਹੇ ਹਨ। ਇਨ੍ਹਾਂ ਘਰਾਂ ਦੀ ਉਸਾਰੀ ਵਿਚ ਲੱਗੇ ਕਾਮਿਆਂ ਕੋਲ ਕੁਝ ਦੇਰ ਰੁਕ ਕੇ ਦੇਖੋ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਨਿਕੰਮੇ ਤੇ ਨਿਪੁੰਸਕ ਸਿਆਸੀ ਤੇ ਸਮਾਜਿਕ ਪ੍ਰਬੰਧ ਨੇ ਆਪਣੇ ਘਰਾਂ ਤੋਂ ਉਜਾੜ ਦਿੱਤਾ ਹੈ। ਇਨ੍ਹਾਂ ਉਚੀਆਂ ਅਤੇ ਖੂਬਸੂਰਤ ਇਮਾਰਤਾਂ ਦੀਆਂ ਪਿਛਲੀਆਂ ਹਨੇਰੀਆਂ ਨੁੱਕਰਾਂ ਤੇ ਝਾਤੀ ਮਾਰੋ। ਤੁਹਾਨੂੰ ਟੱਬਰਾਂ ਦੇ ਟੱਬਰ ਬਿਨਾ ਕਿਸੇ ਬਿਜਲੀ-ਪਾਣੀ ਤੇ ਜ਼ਰੂਰੀ ਸਹੂਲਤਾਂ ਤੋਂ ਸਿਰਫ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਦੇ ਨਜ਼ਰ ਆਉਣਗੇ। ਕੌਣ ਹਨ ਇਹ ਲੋਕ? ਸ਼ਹਿਰਾਂ ਵਿਚ ਕੋਈ ਕਿਉਂ ਨਹੀਂ ਸਵਾਲ ਕਰਦਾ ਕਿ ਇਨ੍ਹਾਂ ਨਾਗਰਿਕਾਂ ਦੇ ਬੱਚੇ ਸਕੂਲਾਂ ਵਿਚ ਦਾਖਿਲ ਕਿਉਂ ਨਹੀਂ ਕੀਤੇ ਜਾਂਦੇ? ਬਿਮਾਰੀ, ਗਰਭਕਾਲ, ਬੁਢਾਪਾ ਅਤੇ ਅਜਿਹੀਆਂ ਹੋਰ ਹਾਲਤਾਂ ਵਿਚ ਇਹ ਲੋਕ ਕੀ ਕਰਦੇ ਹਨ? ਇਨ੍ਹਾਂ ਉਪਰ ਕਿਹੜੇ ਕਿਰਤ-ਕਾਨੂੰਨ ਲਾਗੂ ਹੁੰਦੇ ਹਨ? ਇਨ੍ਹਾਂ ਦੀ ਲਗਾਤਾਰ ਚੱਲਦੀ 'ਬੇਘਰੀ' ਦਾ ਕੋਈ ਪੱਕਾ ਹੱਲ ਕਿਉਂ ਨਹੀਂ ਨਿਕਲ ਸਕਦਾ? ਸਭ ਤੋਂ ਵੱਡਾ ਸਵਾਲ ਤਾਂ ਇਹ ਵੀ ਬਣਦਾ ਹੈ ਕਿ ਜੇਕਰ ਇਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਸਹੂਲਤ ਜਾਂ ਪ੍ਰਬੰਧ ਦੇਣ ਲਈ ਸਰਕਾਰ ਤੇ ਸਮਾਜ 'ਜ਼ਿੰਮੇਵਾਰ' ਨਹੀਂ ਤਾਂ ਇਨ੍ਹਾਂ ਦੀ ਕਿਰਤ ਦੀ ਲੁੱਟ ਅਤੇ ਔੜਾਂ-ਥੁੜਾਂ ਨਾਲ ਨੱਕੋ-ਨੱਕ ਭਰੀ ਜ਼ਿੰਦਗੀ ਲਈ ਜਵਾਬਦੇਹ ਕੌਣ ਹੈ?

ਇਸ ਸਾਰੇ ਬਿਰਤਾਂਤ ਦਾ ਦੂਜਾ ਸਿਰਾ ਵੀ ਕੁਝ ਸੁਖਾਵਾਂ ਨਹੀਂ। ਇਨ੍ਹਾਂ ਬੇਘਰੇ ਅਤੇ ਗਰੀਬੀ ਦੀ ਚੱਕੀ ਵਿਚ ਪਿਸ ਰਹੇ ਲੋਕਾਂ ਦੇ ਲਹੂ ਨਾਲ ਬਣਾਏ ਘਰਾਂ-ਮਕਾਨਾਂ ਵਿਚ 'ਵੱਸਦਿਆਂ' ਨਾਲ ਵੀ ਕੋਈ ਭਾਣਾ ਜ਼ਰੂਰ ਵਰਤਿਆ ਹੈ। ਉਹ ਸੜਕਾਂ ਤੇ ਸੁੱਤੇ ਬੇਘਰਾਂ ਤੇ ਗੰਦੀਆਂ ਬਸਤੀਆਂ ਵਿਚ ਰਹਿੰਦੇ ਇਨਸਾਨਾਂ ਨੂੰ ਆਪਣੇ 'ਮਰੇ ਹੋਏ ਦਿਲਾਂ-ਦਿਮਾਗਾਂ' ਵਿਚੋਂ ਅਤੇ ਆਪਣੀਆਂ ਸੋਚਾਂ ਤੇ ਚੇਤਿਆਂ ਵਿਚੋਂ ਮਨਫੀ ਕਰ ਚੁੱਕੇ ਹਨ। ਉਨ੍ਹਾਂ ਨੂੰ ਕੰਬਖਤ ਵਹਿਮ ਹੋ ਗਿਆ ਹੈ ਕਿ ਉਹ ਤਾਂ 'ਵਿਸ਼ੇਸ਼' ਹਨ। ਖੈਰ! ਚਮਕਦੇ ਸ਼ੀਸ਼ਿਆਂ ਅਤੇ ਟਾਈਲਾਂ ਵਾਲੇ ਫਰਸ਼ਾਂ ਵਿਚੋਂ ਆਪਣਾ ਅਕਸ ਤਲਾਸ਼ਦੇ ਲਿੱਪੇ-ਪੋਚੇ ਚਿਹਰੇ ਇੰਨੇ ਉਦਾਸ ਤੇ ਵੈਰਾਗੇ ਹੋਏ ਕਿਉਂ ਹਨ? ਉਸਾਰੀ ਦੇ ਸਾਰੇ ਸ਼ੋਰ-ਸ਼ਰਾਬੇ ਵਿਚੋਂ ਘਰ ਦੀ 'ਸਿਰਜਣਾ' ਦਾ ਨਿੱਘ ਤਾਂ ਕਦੋਂ ਦਾ ਕਿਰ ਗਿਆ ਹੈ। ਥੋੜ੍ਹਾ-ਥੋੜ੍ਹਾ ਜੋੜ ਕੇ ਘਰ ਬਣਾਉਣ ਦਾ ਰੂਹਦਾਰ ਅਮਲ ਠੇਕੇਦਾਰਾਂ ਤੇ ਦਲਾਲਾਂ ਦੀਆਂ ਜੁੱਤੀਆਂ ਥੱਲੇ ਰੁਲ ਚੁੱਕਿਆ ਹੈ। ਘਰ ਹੁਣ ' ਦੇਖਣ-ਦਿਖਾਉਣ' ਵਾਲੀਆਂ ਰੰਗਦਾਰ ਚੀਜ਼ਾਂ ਦਾ ਅਜਾਇਬ ਘਰ ਬਣਦੇ ਜਾ ਰਹੇ ਹਨ। ਸਭ ਤੋਂ ਡਰਾਵਣੀ ਗੱਲ ਇਹ ਹੈ ਕਿ ਇਨ੍ਹਾਂ ਘਰਾਂ ਵਿਚ ਜਿਊਣ ਵਾਲਿਆਂ ਨੂੰ ਸਾਰੀਆਂ ਸੁੱਖ-ਸਹੂਲਤਾਂ ਦੇ ਬਾਵਜੂਦ ਗਰਮੀ-ਸਰਦੀ-ਬਸੰਤ-ਪੱਤਝੜ ਵਾਲੀ ਕੁਦਰਤ ਤੋਂ ਡਰ ਲੱਗਦਾ ਹੈ। ਘਰਾਂ ਵਿਚ ਮਨਸੂਈ ਆਵਾਜ਼ਾਂ ਤੋਂ ਬਿਨਾ ਜਿਊਣਾ ਅਸੰਭਵ ਹੁੰਦਾ ਜਾ ਰਿਹਾ ਹੈ। ਇਸ ਦੀ ਵਿਆਖਿਆ ਕਰਨ ਲਈ ਤੁਸੀਂ ਪਿਛਲੇ ਸਾਲਾਂ ਵਿਚ ਏ.ਸੀਜ਼, ਟੀ.ਵੀ., ਰੇਡੀਓ, ਮੋਬਾਈਲਾਂ ਤੇ ਹੀਟਰਾਂ ਦੀ ਵਿਕਰੀ ਦੇ ਅੰਕੜੇ ਦੇਖੋ।

ਬਹਰਹਾਲ ਇਸ ਫਿਲਮ 'ਛੱਤ' ਵਿਚਲਾ ਜੋੜਾ ਅਜੇ ਤੱਕ ਸੁਫਨਿਆਂ ਅਤੇ ਪਿਆਰ ਦੀ ਭਾਸ਼ਾ ਜਾਣਦਾ ਹੈ। ਉਨ੍ਹਾਂ ਦਾ ਆਪਸੀ ਰਿਸ਼ਤਾ ਕਿਸੇ ਵੀ ਥਾਂ ਨੂੰ 'ਘਰ' ਵਿਚ ਬਦਲ ਦੇਣ ਦੀ ਸਮਰੱਥਾ ਰੱਖਦਾ ਹੈ। ਉਹ ਆਪਣੇ ਦੋਸਤਾਂ ਤੇ ਅਜਨਬੀਆਂ ਦੀ ਸਹਾਇਤਾ ਨਾਲ ਛੱਤ ਉਸਾਰ ਹੀ ਲੈਂਦੇ ਹਨ।





*ਫਿਲਮ 'ਦਿ ਰੂਫ' ਦੀ ਇਕ ਝਲਕ ਅਤੇ (ਸੱਜੇ) ਫਿਲਮਸਾਜ਼ ਵਿਤੋਰੀਓ ਦਿ ਸੀਕਾ।*

# ਅਦਾਕਾਰਾ ਕਾਜੋਲ ਦਾ ਕੱਜਲਾ



ਕਾਜੋਲ ਦੀ ਬਹੁਤ ਚਰਚਿਤ ਫਿਲਮ 'ਦਿਲਵਾਲੇ ਦੁਲਹਨੀਆ ਲੇ ਜਾਏਂਗੇ' ਨੂੰ ਬਣਿਆਂ ਪੂਰੇ 25 ਸਾਲ, ਭਾਵ ਚੱਪਾ ਸਦੀ ਹੋ ਗਈ ਹੈ। ਇਹ ਫਿਲਮ ਲੋਕ-ਮਨਾਂ ਉਤੇ ਇੰਨਾ ਅਸਰ ਕਰ ਰਹੀ ਹੈ ਕਿ ਅੱਜ ਵੀ ਜਾਪਦਾ ਹੈ ਜਿਵੇਂ ਹੁਣੇ ਹੀ ਬਣਾ ਕੇ ਰਿਲੀਜ਼ ਕੀਤੀ ਗਈ ਹੋਵੇ। ਇਸ ਬਾਰੇ ਚਰਚਾ ਕਰਦਿਆਂ ਕਾਜੋਲ ਦਾ ਕਹਿਣਾ ਹੈ ਕਿ ਜਦੋਂ ਇਸ ਫਿਲਮ ਦੀ ਸ਼ੂਟਿੰਗ ਹੋ ਰਹੀ ਸੀ ਤਾਂ ਪੂਰੀ ਟੀਮ ਨੂੰ ਲੱਗ ਰਿਹਾ ਸੀ ਕਿ ਉਹ ਕੋਈ ਬਹੁਤ ਵਧੀਆ ਫਿਲਮ ਬਣਾ ਰਹੇ ਹਨ। ਉਂਜ, ਉਦੋਂ ਕਿਸੇ ਨੇ ਵੀ ਇਹ ਨਹੀਂ ਸੋਚਿਆ ਸੀ ਕਿ ਇਹ ਫਿਲਮ ਪੌਪ ਸਭਿਆਚਾਰ 'ਤੇ ਆਪਣਾ ਸਦੀਵੀ ਅਸਰ ਛੱਡ ਜਾਵੇਗੀ ਅਤੇ ਅਗਲੀ ਪੀੜ੍ਹੀ ਨੂੰ ਵੀ ਇੰਨਾ ਜ਼ਿਆਦਾ ਪ੍ਰਭਾਵਿਤ ਕਰੇਗੀ।

ਅੱਜਕੱਲ੍ਹ ਦੇ ਰਿਵਾਜ਼ ਅਨੁਸਾਰ ਆਪਣੇ ਸੰਖੇਪ ਨਾਂ 'ਡੀ.ਡੀ.ਐਲ.ਜੇ.' ਵਜੋਂ ਜਾਣੀ ਜਾਂਦੀ ਇਸ ਫਿਲਮ ਨੂੰ ਯਾਦ ਕਰਦਿਆਂ ਕਾਜੋਲ ਨੇ ਕਿਹਾ ਕਿ ਉਸ ਦੇ ਕਿਰਦਾਰ ਸਿਮਰਨ ਅਤੇ ਫਿਲਮ ਵਿਚ ਨਾਇਕ ਦੀ ਭੂਮਿਕਾ ਅਦਾ ਕਰਨ ਵਾਲੇ ਅਦਾਕਾਰ ਸ਼ਾਹਰੁਖ ਖਾਨ ਦੇ ਕਿਰਦਾਰ ਰਾਜ ਵਿਚਲਾ ਰੋਮਾਂਸ ਇਸ ਫਿਲਮ ਨੂੰ ਸਮੇਂ ਦੀ ਸੀਮਾ ਤੋਂ ਪਾਰ ਲੈ ਗਿਆ ਹੈ। ਉਸ ਨੇ ਕਿਹਾ, "ਮੈਨੂੰ ਤਾਂ ਲੱਗਦਾ ਹੈ ਕਿ 'ਡੀ.ਡੀ.ਐਲ.ਜੇ.' ਸਦੀਵੀ ਹੈ ਕਿਉਂਕਿ ਹਰ ਕੋਈ ਕਿਤੇ ਨਾ ਕਿਤੇ ਸਿਮਰਨ ਅਤੇ ਰਾਜ ਵਿਚੋਂ ਆਪਣੇ-ਆਪ ਨੂੰ ਦੇਖਦਾ ਹੈ। ਲੋਕਾਂ ਨੂੰ ਇਹ ਦੋਵੇਂ ਹੀ ਕਿਰਦਾਰ ਬੇਹੱਦ ਪਸੰਦ ਆਏ ਹਨ। ਲੋਕਾਂ ਨੇ ਹੁਣ ਤੱਕ ਇਨ੍ਹਾਂ ਕਿਰਦਾਰਾਂ ਨੂੰ ਪਸੰਦ ਕੀਤਾ ਹੈ ਅਤੇ ਇਹ ਅਜਿਹੀਆਂ ਚੀਜ਼ਾਂ ਵਿਚ ਸ਼ਾਮਲ ਹੈ ਜਿਨ੍ਹਾਂ ਨੂੰ ਤੁਸੀਂ ਹਮੇਸ਼ਾ ਪਸੰਦ ਕਰਦੇ ਹੋ ਅਤੇ ਆਸ ਹੈ ਕਿ ਲੋਕ ਇਸ ਨੂੰ ਅੱਗੇ ਨੂੰ ਵੀ ਪਸੰਦ ਕਰਦੇ ਰਹਿਣਗੇ।"

46 ਵਰ੍ਹਿਆਂ ਦੀ ਅਦਾਕਾਰਾ ਕਾਜੋਲ ਨੇ ਕਿਹਾ ਕਿ ਸ਼ੁਰੂ ਵਿਚ ਉਸ ਨੂੰ ਸਿਮਰਨ ਦਾ ਕਿਰਦਾਰ ਥੋੜ੍ਹਾ ਅਕਾਊ ਲੱਗਿਆ ਸੀ ਪਰ ਹੌਲੀ-ਹੌਲੀ ਉਸ ਨੂੰ ਕਿਰਦਾਰ ਦੀ ਸਮਝ ਆ ਗਈ। ਯਾਦ ਰਹੇ ਕਿ ਇਹ ਫਿਲਮ ਨਿਰਦੇਸ਼ਕ ਵਜੋਂ ਆਦਿੱਤਿਆ ਚੋਪੜਾ ਦੀ ਪਹਿਲੀ ਫਿਲਮ ਸੀ ਅਤੇ ਇਸ ਦਾ ਨਿਰਮਾਣ ਸੀਨੀਅਰ ਫਿਲਮਸਾਜ਼ ਯਸ਼ ਚੋਪੜਾ ਨੇ ਕੀਤਾ ਸੀ।

ਚੇਤੇ ਰਹੇ ਕਿ ਕਾਜੋਲ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 1992 ਵਿਚ ਰਿਲੀਜ਼ ਹੋਈ ਫਿਲਮ 'ਬੇਖੁਦੀ' ਤੋਂ ਕੀਤੀ ਸੀ। ਇਸ ਫਿਲਮ ਵਿਚ ਉਸ ਤੋਂ ਇਲਾਵਾ ਕਮਲ ਸਰਦਾਨਾ, ਤਨੂਜਾ, ਵਿਜੈਇੰਦਰ ਘਟਗੇ, ਕੁਲਭੂਸ਼ਨ ਖਰਬੰਦਾ, ਰਾਜਿੰਦਰਨਾਥ ਅਤੇ ਫਰੀਦਾ ਜਲਾਲ ਵੀ ਸਨ। ਇਹ ਫਿਲਮ ਰਾਹੁਲ ਰਵੇਲ ਨੇ ਨਿਰਦੇਸ਼ਤ ਕੀਤੀ ਸੀ ਜੋ ਕੋਈ ਖਾਸ ਜਲਵਾ ਨਹੀਂ ਦਿਖਾ ਸਕੀ ਪਰ ਅਗਲੇ ਹੀ ਸਾਲ ਆਈ ਫਿਲਮ 'ਬਾਜ਼ੀਗਰ' ਨੇ ਧੁੰਮਾਂ ਪਾ ਦਿੱਤੀਆਂ ਅਤੇ ਉਸ ਦੀ ਸ਼ਾਹਰੁਖ ਖਾਨ ਨਾਲ ਫਿਲਮੀ ਜੋੜੀ ਬਣਨ ਦਾ ਰਾਹ ਵੀ ਬਣ ਗਿਆ। ਬਾਅਦ ਵਿਚ ਤਾਂ ਇਹ ਜੋੜੀ ਖੂਬ ਹਿਟ ਰਹੀ। 'ਡੀ.ਡੀ.ਐਲ.ਜੇ.' ਫਿਲਮ ਤਾਂ ਇੰਨੀ ਹਿੱਟ ਸੀ ਕਿ ਜਦੋਂ ਇਕ ਵਕਫੇ ਤੋਂ ਬਾਅਦ 2015 ਵਿਚ ਕਾਜੋਲ ਦੀ ਫਿਲਮਾਂ ਵਿਚ ਮੁੜ ਵਾਪਸੀ ਹੋਈ ਤਾਂ ਫਿਲਮ ਦਾ ਨਾਮ 'ਦਿਲਵਾਲੇ' ਰੱਖਿਆ ਗਿਆ। 2020 ਵਿਚ ਉਸ ਦੀਆਂ ਦੋ ਫਿਲਮਾਂ 'ਤੰਨਾਜੀ' ਅਤੇ 13 ਮਿੰਟ ਦੀ ਫਿਲਮ 'ਦੇਵੀ' ਰਿਲੀਜ਼ ਹੋਈਆਂ। ਹੁਣ ਉਹ ਨੈਟਫਲੈਕਸ ਪ੍ਰਾਜੈਕਟ 'ਤ੍ਰਿਭੰਗਾ' ਵਿਚ ਰੁਝੀ ਹੋਈ ਹੈ। ***-ਆਮਨਾ ਕੌਰ***

# Golden State Realty

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ
ਲੋਨ ਲੈ ਕੇ ਦੇਣ ਲਈ ਮਸ਼ਹੂਰ

**Real Estate and Loans Under One Roof**

ਪਿਛਲੇ 33 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

Call us before visiting new model homes to save big time.

**Time to buy new home in Tracy, Manteca, Lothrop and Stockton**

***Lot For Sale:*** *Ready to built lot for sale 34552 Karina Ct., Hayward, CA. Gated community with great view. Asking Price: $459k*

Pinnacle Award Winner 2014, 2015, 2016 & 2017
Grand Master Award Winner 2012, 2013, 2018 & 2019

## *Call for Listing Special 2020*

# Ph: 510-304-9292 or 408-666-8279



**Anmol Singh Gill**
REALTOR
Bre. # 02062952



**Jaswinder (Jassi) Gill**
M.Sc (PAU)
CA BRE# 00966763
Broker/Owner/Notary



**Harjot Singh Gill**
REALTOR
Bre. # 02036421
Ph: 408.413.8350



**Rakesh Pabla**
REALTOR
Lic no: 01507068
Ph: 408.531.5464

**Fremont Office:**
86 Pilgrim Loop, Fremont CA 94539
Tel: 510-440-9292

## Stay Home, Stay Safe

Visit us @ www.jassigill.com for hot listings

## Recent Sales

1. 3121 Jerrold Zanzi Ln., Tracy, CA 95377
2. 188 Briarwood Dr., Hayward, CA 94544
3. 13028 Water Street, San Jose, CA 95111
4. 4563 Wheeler Dr., Fremont, CA 94538
5. 8804 Bryden Way, Sacramento, CA 95826
6. 4096 Partridge Dr., San Jose, CA 95121
7. 4022 Nunes Dr., San Jose, CA 95131
8. 33784 Sinsbury Way, Union City, CA 94588
9. 1472 Parkington Ln., Tracy, CA 95377
10. 3715 Horner St., Union City, CA 94587
11. 18470 Murphy Springs Ct., Morgan Hill, CA 95037
12. 195 Valley Park Cir, San Jose, CA 95139

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# Purchase Loan and Refinance

15 & 30 Yr Fixed Rates Are Still Better!!! 5/1, 7/1 ARM are also attractive Refinance Now At Zero Cost

**Call Sukhveer (Sukhi) Gill** **Ph: 510-207-9067** CA BRE Lic.#01180969
DHMS, Loan Broker NMLS# 352095